ੴ ਸਤਿਗੁਰ ਪ੍ਰਸਾਦਿ ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤ੍ਰ ਬਾਣੀ

ਸ੍ਰੀ ਜਾਪੁ ਸਾਹਿਬ ਅਤੇ ਅਕਾਲ ਉਸਤਤਿ

ਸਟੀਕ



ਟੀਕਾਕਾਰ-
ਪੰਡਿਤ ਨਰੈਣ ਸਿੰਘ ਜੀ ਗਿਆਨੀ

੧ੴ ਸਤਿਗੁਰ ਪ੍ਰਸਾਦਿ ॥

ਨ੍ਰਿਗੁਨ ਬ੍ਰਹਮ ਦੇ ਸ੍ਰਗੁਨ ਸਰੂਪ ਸਤਿਗੁਰੂ ਜੀ ਦੀ (ਪ੍ਰਸਾਦਿ) ਕ੍ਰਿਪਾ ਹੋਵੇ ॥*

ਇਸੇ ਅਰਥ ਨੂੰ ਸਿੱਧ ਕਰਨ ਲਈ ਭਾਈ ਗੁਰਦਾਸ ਜੀ ਨੇ ਕਿਹਾ ਹੈ :—

'ਏਕਾ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸ ਬਹਾਲਿਆ।' (ਵਾਰ ੩)

ਅਤੇ ਸ੍ਰੀ ਮੁਖਵਾਕ ਹੈ—'ਗੁਰੂ ਨਾਨਕ ਦੇਵ ਗੋਬਿੰਦ ਰੂਪ'।

ਇਸੇ ਸਿਧਾਂਤ ਨੂੰ ਲੈ ਕੇ ਸ੍ਰੀ ਦਸਮੇਸ਼ ਸ੍ਵਾਮੀ ਜੀ ਨੇ ਸਭ ਤੋਂ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬ੍ਰਹਮ ਕਥਨ ਕਰਕੇ ਵਸਤੂ ਨਿਰਦੇਸ਼ ਮੰਗਲ ਕੀਤਾ ਹੈ।

ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪਦ ਅਰਥ : ਸ੍ਰੀ= ਸੋਭਾ ਸੰਜੁਗਤ। ਵਾਹਿਗੁਰੂ= ਮਨ, ਬਾਣੀ ਦੀ ਪਹੁੰਚ ਤੋਂ ਪਰੇ, ਸੁਧ ਬ੍ਰਹਮ। ਫਤਹ= ਜਿੱਤ, ਜੈ।

ਅਰਥ : ਸੋਭਾ ਸੰਜੁਗਤ ਨਿਰੰਕਾਰ ਜੀ ਦੀ ਜੈ ਹੋਵੇ।

ਭਾਵ : ਪਹਿਲੇ 'ਸਤਿਗੁਰੂ' ਜੀ ਦਾ ਮੰਗਲ ਕਰ ਕੇ ਫਿਰ ਨਿਜ ਇਸ਼ਟ 'ਸੁਧ ਬ੍ਰਹਮ' ਦਾ ਮੰਗਲ ਕੀਤਾ ਹੈ। ਕਿਉਂਕਿ 'ਬ੍ਰਹਮ' ਨੂੰ ਜਣਾਉਣ ਵਾਲੇ ਸਤਿਗੁਰੂ ਜੀ ਬ੍ਰਹਮ ਤੋਂ ਪ੍ਰਿਥਮ ਪੂਜਨੇ ਯੋਗ ਹਨ। ਇਸੇ ਕਰਕੇ 'ਵਾਹਿਗੁਰੂ' ਜੀ ਦੇ ਵਸਤੂ ਨਿਰਦੇਸ਼ ਮੰਗਲ ਤੋਂ ਪਹਿਲੇ 'ਨਿਜ ਗੁਰੂ ਜੀ' ਦਾ ਮੰਗਲ ਕੀਤਾ ਹੈ।

॥ ਜਾਪੁ ॥

ਸ੍ਰੀ ਮੁਖਵਾਕ ਪਾਤਿਸਾਹੀ ੧੦ ॥

ਪਦ ਅਰਥ : ਜਾਪੁ= ਗੁਪਤ ਰੂਪ ਨਾਲ ਸਿਮਰਨ ਕੀਤੇ ਜਾਣ ਵਾਲੇ ਨੂੰ 'ਮੰਤ੍ਰ' ਅਤੇ ਬੈਖਰੀ ਬਾਨੀ ਨਾਲ ਸਿਮਰਨ ਕੀਤੇ ਜਾਣ ਵਾਲੇ ਦਾ ਨਾਮ 'ਜਾਪੁ' ਹੈ। (੨) ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ 'ਜਪੁ' ਬਾਣੀ ਹੈ, ਉਸੇ ਤਰ੍ਹਾਂ ਦਸਮ ਗੁਰੂ ਜੀ ਦੀ ਰਚਨਾ ਦੇ ਆਰੰਭ ਵਿਚ ਜੋ ਬਾਣੀ ਹੈ, ਉਸ ਦਾ ਨਾਮ 'ਜਾਪੁ' ਹੈ। ਸ੍ਰੀ= ਪਵਿਤ੍ਰ। ਮੁਖਵਾਕ= ਮੂੰਹ ਤੋਂ ਉਚਾਰਨ ਕੀਤੇ ਹੋਏ ਬਚਨ, ਉਪਦੇਸ਼, ਬਾਣੀ। ਪਾਤਿਸਾਹੀ= ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਮਹਲਾ' ਆਇਆ ਹੈ, ਉਸੇ ਤਰ੍ਹਾਂ ਇਥੇ 'ਪਾਤਿਸਾਹੀ' ਬਚਨ ਕਿਹਾ ਹੈ।

ਅਰਥ : ਸ੍ਰੀ ਦਸਮ ਸਤਿਗੁਰੂ ਜੀ ਦੀ ਉਚਾਰਨ ਕੀਤੀ ਹੋਈ ਬਾਣੀ 'ਜਾਪੁ'। ਜੋ ਗੁਰਸਿਖਾਂ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਬਾਣੀ ਵਿਚੋਂ ਇਕ ਬਾਣੀ ਹੈ। ਇਸ ਦੇ ਪਾਠ ਕਰਨ ਦੀ ਸਤਿਗੁਰੂ ਜੀ ਦੀ ਖ਼ਾਸ

** ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਵਿਚ ਵਿਸਥਾਰ ਨਾਲ ਅਰਥ ਵਿਚਾਰ ਵੇਖੋ।*

ਆਗਿਆ ਹੈ । ਜੈਸਾ ਕਿ :—

'ਬਿਨੁ ਜਪੁ ਜਾਪੁ ਜਪੈ ਬਿਨਾਂ ਜੋ ਜੇਵੈ ਪ੍ਰਸਾਦਿ॥
ਸੋ ਬਿਸਟਾ ਕਾ ਕਿਰਮ ਹੋਇ ਜਨਮ ਗਵਾਵੈ ਬਾਦ॥' (ਰਹਿਤਨਾਮਾ)

(੨) ਅੰਮ੍ਰਿਤ ਤਿਆਰ ਕਰਨ ਸਮੇਂ ਦੀਆਂ ਪੰਜਾਂ ਬਾਣੀਆਂ ਵਿਚੋਂ ਇਹ ਜਾਪੁ ਬਾਣੀ ਦੂਜੇ ਨੰਬਰ ਉਤੇ ਗਿਣੀ ਜਾਂਦੀ ਹੈ ।

ਛਪੈ ਛੰਦ ॥ ਤ੍ਵ ਪ੍ਰਸਾਦਿ ॥

ਅਰਥ : 'ਤ੍ਵ ਪ੍ਰਸਾਦਿ' ਦਾ ਅਰਥ ਹੈ 'ਤੇਰੀ ਕ੍ਰਿਪਾ ਹੋਵੇ'। ਦਸਮੇਸ਼ ਸ੍ਵਾਮੀ ਜੀ ਦਾ ਇਹ ਕਥਨ ਤਕੀਆ ਕਲਾਮ ਸੀ, ਅਰਥਾਤ ਆਪ ਹਰ ਸਮੇਂ ਅਤੇ ਹਰ ਹਾਲਤ ਵਿਚ ਨਿਰੰਕਾਰ ਜੀ ਪਾਸੋਂ ਇਹੀ ਮੰਗਦੇ ਸਨ, 'ਤੇਰੀ ਕ੍ਰਿਪਾ ਹੋਵੇ'।

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥

ਪਦ ਅਰਥ : ਚੱਕ੍ਰ= ਹੱਥ ਦੀ ਤਲੀ ਜਾਂ ਪੈਰ ਦੇ ਤਲਵੇ ਵਿਚ ਘੇਰੀ ਹੋਈ ਥਾਂ ਤੇ ਮਹੀਨ-ਮਹੀਨ ਲਕੀਰਾਂ ਦੇ ਨਿਸ਼ਾਨ । ਜਿਸ ਤੋਂ ਸਾਮੁੰਦ੍ਰੀਕ ਦੇ ਮੱਤ ਨਾਲ ਅਨੇਕ ਤਰ੍ਹਾਂ ਦੇ ਬੁਰੇ-ਭਲੇ ਨਤੀਜੇ ਕਢੇ ਜਾਂਦੇ ਹਨ । ਚਿਹਨ*= ਚਿੰਨ੍ਹ, ਨਿਸ਼ਾਨ, ਜਿਸ ਤਰ੍ਹਾਂ ਵਿਸ਼ਨੂੰ ਦੇ ਸੰਖ ਚਕ੍ਰਾਦਿਕ । ਬਰਨ= ਬ੍ਰਾਹਮਣ, ਖਤ੍ਰੀ, ਵੈਸ਼ ਤੇ ਸੂਦ੍ਰ ਆਦਿਕ। ਜਾਤਿ= ਇੱਕ-ਇੱਕ ਵਰਨ ਵਿਚ ਕਈ-ਕਈ ਜਾਤਾਂ ਕਲਪਤ ਕੀਤੀਆਂ ਹੋਈਆਂ ਹਨ, ਜਿਸ ਤਰ੍ਹਾਂ ਬ੍ਰਾਹਮਣ ਵਰਨ ਵਿਚ ਗੌੜ, ਸਾਰਸ੍ਵਤ, ਕਨੌਜ ਆਦਿਕ ਅਨੇਕਾਂ ਜਾਤਾਂ ਹਨ। ਪਾਤਿ= ਬਿਰਾਦਰੀ। ਇਕ-ਇਕ ਜਾਤ ਦੀਆਂ ਕਈ-ਕਈ ਬਿਰਾਦਰੀਆਂ ਮੰਨੀਆਂ ਜਾਂਦੀ ਹਨ । ਇਹ ਬਿਰਾਦਰੀਆਂ ਕਈ ਤਾਂ 'ਕੰਮ' ਤੋਂ ਬਣੀਆਂ ਹਨ ਅਤੇ ਕਈ ਖ਼ਾਨਦਾਨ ਦੇ ਸੰਬੰਧ ਤੋਂ । ਜਿਸ ਤਰ੍ਹਾਂ ਲੱਕੜੀ ਦਾ ਕੰਮ ਕਰਨ ਵਾਲੇ ਸਾਰੇ ਹੀ ਤਰਖਾਣ ਹਨ, ਪਰ ਉਨ੍ਹਾਂ ਸਭਨਾਂ ਦੀ 'ਰਾਮਗੜੀਆ' ਬਿਰਾਦਰੀ ਇਕ ਹੋਣ ਤੇ ਵੀ ਵਖੋ ਵੱਖ ਕੁਲਾਂ ਦੀਆਂ ਅਨੇਕਾਂ ਬਿਰਾਦਰੀਆਂ ਕਹੀਆਂ ਹਨ ।

ਅਰਥ : ਜਿਸ ਦਾ ਚਿੰਨ੍ਹ, ਚਕ੍ਰ, ਵਰਨ, ਜਾਤੀ, ਬਿਰਾਦਰੀ (ਆਦਿ ਕੁਝ ਵੀ) ਨਹੀਂ ਹੈ।

ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

ਪਦ ਅਰਥ : ਰੂਪ= ਕਿਸੇ ਪਦਾਰਥ ਦਾ ਉਹ ਗੁਣ, ਜਿਸ ਦਾ ਬੋਧ ਵੇਖਣ ਵਾਲੇ ਨੂੰ ਅੱਖਾਂ ਦ੍ਵਾਰੇ ਹੁੰਦਾ ਹੈ। ਸ਼ਕਲ, ਸੂਰਤ, ਅਕਾਰ। (੨) ਪਦਾਰਥਾਂ ਵਿੱਚ ਅੱਖਾਂ ਇਕ ਖ਼ਾਸ ਸ਼ਕਤੀ ਹੁੰਦੀ ਹੈ, ਜਿਸ ਨਾਲ ਉਨ੍ਹਾਂ ਦਾ ਇਸ ਤਰ੍ਹਾਂ ਨਾਲ ਵਿਕ੍ਰਿਤ ਹੁੰਦਾ ਹੈ, ਕਿ ਜਦ ਉਹ ਅੱਖਾਂ ਤੇ ਲੱਗਦਾ ਹੈ, ਤਦ ਵੇਖਣ ਵਾਲੇ ਨੂੰ ਉਸ ਪਦਾਰਥ ਦੀ ਸ਼ਕਲ ਸੂਰਤ ਦਾ ਗਿਆਨ ਹੋ ਜਾਂਦਾ ਹੈ, ਇਸ ਸ਼ਕਤੀ ਦਾ ਨਾਮ ਵੀ 'ਰੂਪ' ਹੈ। ਰੰਗ= ਕਾਲਾ, ਪੀਲਾ, ਲਾਲ, ਸਬਜ਼, ਨੀਲਾ ਆਦਿਕ । ਰੇਖ= ਹੱਥ, ਪੈਰ ਆਦਿਕ ਅੰਗਾਂ ਦੀਆਂ ਲਕੀਰਾਂ । ਸਾਮੁੰਦ੍ਰੀਕ ਅਨੁਸਾਰ ਜਿਨ੍ਹਾਂ ਦੇ ਅਨੇਕਾਂ ਸ਼ੁਭ ਅਸ਼ੁਭ ਫਲ ਮੰਨੇ ਜਾਂਦੇ ਹਨ । ਭੇਖ= ਭੇਸ, ਲਿਬਾਸ, ਆਪਣੇ ਆਪ ਨੂੰ ਲੋਕਾਂ ਤੋਂ ਭਿੰਨ ਜ਼ਾਹਰ ਕਰਨ ਲਈ ਜੋ ਪਹਿਰਾਵਾ ਬਣਾਇਆ ਜਾਂਦਾ ਹੈ, ਉਸ ਦਾ ਨਾਮ ਭੇਖ ਜਾਂ ਭੇਸ ਹੈ । ਕਿ= ਕੈਸਾ ?

** ਮੇਰੀ ਟੀਕਾ ਕੀਤੀ ਹੋਈ 'ਨਾਭਾ ਭਗਤ ਮਾਲ-ਸਟੀਕ' ਦਾ ਦੂਜਾ ਛਪਜ ਟੀਕਾ ਪੜ੍ਹੋ।*

ਅਰਥ : (ਉਸ ਦੇ) ਰੂਪ ਰੰਗ ਰੇਖ ਭੇਖ ਨੂੰ ਕੋਈ ਨਹੀਂ ਕਹਿ ਸਕਦਾ, ਜੋ ਕੈਸਾ ਹੈ ?

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥

ਪਦ ਅਰਥ : ਅਚਲ= ਨਾ ਹਿੱਲਣਾ । ਮੂਰਤਿ= ਸ੍ਵਰੂਪ ਹੈ । ਅਨਭਉ= (ਅਨ+ਭਉ) ਨਹੀਂ ਹੈ ਡਰ, ਭੈ ਤੋਂ ਰਹਿਤ । (੨) ਅਨਭਵ, ਸੁਤੇ ਗਿਆਨ । ਉਹ ਗਿਆਨ ਜੋ ਕਿਸੇ ਸੰਸਕਾਰ ਦਾ ਮੁਥਾਜ ਨਾ ਹੋਵੇ। ਪ੍ਰਕਾਸ= ਪ੍ਰਕਾਸ਼ਕ ਹੈ । ਅਮਿਤੋਜਿ= (ਅਮਿਤ+ਓਜ= ਬਲ) ਬੇ-ਹਿਸਾਬ ਬਲ ਵਾਲਾ, ਮਹਾਨ ਬਲ ਵਾਲਾ। ਕਹਿੱਜੈ= ਕਿਹਾ ਜਾਂਦਾ ਹੈ।

ਅਰਥ : ਅਚਲ (ਹੋਣਾ ਹੀ ਉਸਦਾ) ਸਰੂਪ ਹੈ, ਸੁਤੇ ਗਿਆਨ ਦਾ ਪ੍ਰਕਾਸ਼ਕ ਹੈ ਅਤੇ ਅਮਿੱਤ ਬਲ ਵਾਲਾ ਕਿਹਾ ਜਾਂਦਾ ਹੈ ।

ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥

ਪਦ ਅਰਥ : ਇੰਦ੍ਰ= ਦੇਵਤਿਆਂ ਦੇ ਰਾਜੇ ਦਾ ਨਾਮ ਹੈ । ਇੰਦ੍ਰਾਣ= ਇੰਦ੍ਰ ਹੈ ।

ਅਰਥ : ਕ੍ਰੋੜਾਂ ਇੰਦਰਾਂ ਦਾ ਇੰਦਰ ਹੈ, ਅਤੇ ਸ਼ਾਹਾਂ ਦਾ ਵੀ ਸ਼ਾਹ ਗਿਣਿਆ ਜਾਂਦਾ ਹੈ।

ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਨ ਤ੍ਰਿਣ ਕਹਤ ॥

ਪਦ ਅਰਥ : ਤ੍ਰਿਭਵਣ= ਤਿੰਨ ਲੋਕ-ਸ੍ਵਰਗ, ਮਾਤ ਤੇ ਪਤਾਲ । ਮਹੀਪ= (ਮਹੀ+ਪ) ਪ੍ਰਿਥਵੀ ਪਤ, ਰਾਜਾ । ਸੁਰ= ਦੇਵਤੇ, ਪੁਰਾਣਾਂ ਵਿਚ ਇਨ੍ਹਾਂ ਨੂੰ ਸ੍ਵਰਗ ਵਾਸੀ ਮੰਨਿਆ ਜਾਂਦਾ ਹੈ । ਨਰ= ਮਨੁੱਖ । ਅਸੁਰ= ਦੈਂਤ, ਰਾਖਸ਼ । ਨੇਤ= (ਨ+ਇਤਿ) ਬੇਅੰਤ ।

ਅਰਥ : ਤਿੰਨਾਂ ਲੋਕਾਂ ਵਿਚ ਵੱਸਣ ਵਾਲੇ ਦੇਵਤੇ, ਮਨੁੱਖ ਤੇ ਦੈਂਤਾਂ ਦਾ ਰਾਜਾ ਹੈ, ਅਤੇ ਬਣਾਂ ਦੇ ਕੱਖ (ਭੀ ਉਸ ਨੂੰ) ਬੇਅੰਤ-ਬੇਅੰਤ ਕਹਿੰਦੇ ਹਨ ।

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥੧॥

ਪਦ ਅਰਥ : ਕਰਮ ਨਾਮ= ਕ੍ਰਿਯਾ ਤੋਂ ਬਣੇ ਹੋਏ ਨਾਮ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਅਰੰਭ ਦੇ ਮੂਲ ਮੰਤਰ ਦਾ ਅਰਥ ਪੜ੍ਹੋ।

ਅਰਥ : (ਹੇ ਵਾਹਿਗੁਰੂ !) ਤੇਰੇ ਸਾਰੇ ਨਾਮਾਂ ਨੂੰ ਕੌਣ ਕਥਨ ਕਰ ਸਕਦਾ ਹੈ ? (ਕੋਈ) ਸ਼ੁਭ ਮੱਤ ਵਾਲਾ (ਹੀ ਤੇਰੇ) ਕਰਮ ਨਾਮਾਂ ਨੂੰ ਕਥਨ ਕਰ ਸਕਦਾ ਹੈ ॥੧॥

ਭਾਵ : 'ਸ੍ਰੀ ਵਾਹਿਗੁਰੂ ਜੀ ਕੀ ਫਤਹ' ਮੰਗਲ ਰੂਪ ਰਚਨਾ ਵਿਚ ਜਿਸ ਦਾ ਨਾਮ 'ਵਾਹਿਗੁਰੂ' ਕਥਨ ਕੀਤਾ ਹੈ । ਉਸ ਦਾ ਸੁਧ ਸਰੂਪ ਇਸ ਛੰਦ ਵਿਚ ਕਥਨ ਕਰ ਕੇ ਸਪਸ਼ਟ ਕੀਤਾ ਹੈ । ਕਿ ਸਿੱਖ ਮਤ ਵਿਚ ਜਿਸ ਨੂੰ 'ਵਾਹਿਗੁਰੂ' 'ਬ੍ਰਹਮ' ਜਾਂ ਅਕਾਲ ਪੁਰਖ ਆਦਿਕ ਨਾਮ ਨਾਲ ਸੰਬੋਧਨ ਕੀਤਾ ਜਾਂਦਾ ਹੈ, ਜਾਂ ਇਉਂ ਕਹੋ ਕਿ ਸਿੱਖ ਜਿਸ ਕਰਤਾਰ ਦੇ ਪੂਜਕ ਹਨ, ਉਸ ਦੇ ਇਹ ਵਿਸ਼ੇਸ਼ਣ ਹਨ। ਜਿਸ ਦੇ ਵਿਚ ਇਹ ਗੁਣ ਘਟਦੇ ਹਨ, ਉਸ ਦਾ ਨਾਮ 'ਵਾਹਿਗੁਰੂ' ਹੈ ।

ਭੁਜੰਗ ਪ੍ਰਯਾਤ ਛੰਦ ॥

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤੰ ਅਰੂਪੇ ॥ ਨਮਸਤੰ ਅਨੂਪੇ ॥੨॥

ਪਦ ਅਰਥ : ਅਕਾਲੇ= (ਅ=ਨਹੀਂ+ਕਾਲ । ਮੌਤ+ਏ= ਹੇ) । ਕਾਲ ਤੋਂ ਰਹਿਤ । ਨਮਸਤ੍ਵੰ= (ਨਮ+ਅਸ+ਤ੍ਵੰ) ਤੈਨੂੰ ਨਮਸਕਾਰ ਹੈ । ਅਨੂਪੇ= (ਅਨ+ਉਪ+ਏ) ਹੇ ਉਪਮਾ ਤੋਂ ਰਹਿਤ।

ਅਰਥ : ਹੇ ਨਾ ਮਰਣ ਵਾਲੇ ! ਤੈਨੂੰ ਨਮਸਕਾਰ ਹੈ । ਹੇ ਕ੍ਰਿਪਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ। ਹੇ ਰੂਪ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ ਉਪਮਾ ਤੋਂ ਰਹਿਤ ! ਤੈਨੂੰ ਨਮਸਕਾਰ ਹੈ ॥੨॥

ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥

ਪਦ ਅਰਥ : ਅਕਾਏ= (ਅ+ਕਾਯ=ਦੇਹ) ਹੇ ਦੇਹ ਤੋਂ ਰਹਿਤ। ਅਜਾਏ= (ਅ+ਜਾਇ) ਜੁਗਾਂ ਤੋਂ ਰਹਿਤ।

ਅਰਥ : ਹੇ ਭੇਖ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ ਹਿਸਾਬ ਤੋਂ ਪਰੇ ! ਤੈਨੂੰ ਨਮਸਕਾਰ ਹੈ । ਹੇ ਦੇਹ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ ਜਗ੍ਹਾਂ ਤੋਂ ਰਹਿਤ ! ਤੈਨੂੰ ਨਮਸਕਾਰ ਹੈ ॥੩॥

ਭਾਵ : ਵਾਹਿਗੁਰੂ ਦੀ ਚਤੁਰਭੁਜ ਆਦਿਕ ਕੋਈ ਦੇਹ ਨਹੀਂ ਹੈ ਅਤੇ ਨਾ ਹੀ ਖੀਰ ਸਮੁੰਦਰ ਜਾਂ ਬੈਕੁੰਠ ਆਦਿਕ ਕੋਈ ਖ਼ਾਸ ਜਗ੍ਹਾ ਉਸ ਦੇ ਰਹਿਣ ਵਾਲੀ ਹੈ ।

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥

ਪਦ ਅਰਥ : ਅਗੰਜ= (ਅ+ਗੰਜ=ਨਿਰਾਦਰ) ਨਿਰਾਦਰ ਤੋਂ ਰਹਿਤ । ਅਭੰਜ= (ਅ+ਭੰਜ= ਝੁਕਣਾ) ਨਾ ਝੁਕਣ ਵਾਲਾ । ਅਨਾਮੇ= (ਅਨ+ਆਮ=ਰੋਗ) ਰੋਗ ਰਹਿਤ । ਅਠਾਮ= (ਅ+ਠਾਮ=ਆਸਰਾ) ਆਸਰੇ ਤੋਂ ਰਹਿਤ ।

ਅਰਥ : (ਹੇ ਨਿਰਾਦਰ ਤੋਂ ਰਹਿਤ !) ਤੈਨੂੰ ਨਮਸਕਾਰ ਹੈ । ਹੇ (ਕਿਸੇ ਅਗੇ) ਨਾ ਝੁਕਣ ਵਾਲੇ ! ਤੈਨੂੰ ਨਮਸਕਾਰ ਹੈ । ਹੇ ਰੋਗ ਰਹਿਤ ! ਤੈਨੂੰ ਨਮਸਕਾਰ ਹੈ । ਹੇ ਆਸਰੇ ਤੋਂ ਰਹਿਤ ! ਤੈਨੂੰ ਨਮਸਕਾਰ ਹੈ ॥੪॥

ਭਾਵ : ਵਾਹਿਗੁਰੂ ਦਾ ਨਿਰਾਦਰ ਕੋਈ ਨਹੀਂ ਕਰ ਸਕਦਾ, ਉਹ ਕਿਸੇ ਅੱਗੇ ਝੁਕਦਾ ਨਹੀਂ ਹੈ। ਉਸ ਨੂੰ ਆਧਿ, ਬਿਆਧਿ ਆਦਿ ਰੋਗ ਨਹੀਂ ਹਨ, ਅਤੇ ਨਾ ਹੀ ਕਿਸੇ ਦੇ ਆਸਰੇ ਰਹਿੰਦਾ ਹੈ ।

ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥
ਨਮਸਤੰ ਅਨਾਮੰ ॥ ਨਮਸਤੰ ਅਧਾਮੰ ॥੫॥

ਪਦ ਅਰਥ : ਅਕਰਮ= (ਅ+ਕਰਮ) ਕ੍ਰਿਆ ਰਹਿਤ, ਅਕ੍ਰਿਯ। ਅਧਰਮ= (ਅ+ਧਰਮ) ਕਿਸੇ ਚੀਜ਼ ਜਾਂ ਦੇਹ ਦੀ ਉਹ ਵ੍ਰਿਤਿ ਜੋ ਉਸ ਵਿਚ ਸਦਾ ਰਹੇ, ਉਸ ਤੋਂ ਕਦੇ ਵੀ ਅਲੱਗ ਨਾ ਹੋਵੇ, ਪ੍ਰਕ੍ਰਿਤ, ਸੁਭਾਵ, ਜਿਹਾ ਕਿ ਅੱਖਾਂ ਦਾ (ਧਰਮ ਵੇਖਣਾ ਆਦਿਕ) ਸੁਭਾਵ ਤੋਂ ਰਹਿਤ ।

ਅਰਥ : ਹੇ ਅਕ੍ਰੈ ! ਤੈਨੂੰ ਨਮਸਕਾਰ ਹੈ। ਹੇ ਸੁਭਾਵ ਤੋਂ ਰਹਿਤ। ਤੈਨੂੰ ਨਮਸਕਾਰ ਹੈ। ਹੇ ਨਾਮ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਘਰ ਤੋਂ ਰਹਿਤ। ਤੈਨੂੰ ਨਮਸਕਾਰ ਹੈ ॥੫॥

ਭਾਵ : ਵਾਹਿਗੁਰੂ ਵਿਚ ਕ੍ਰਿਆ ਨਹੀਂ ਹੈ, ਉਸ ਵਿਚ ਧਰਮ ਦੀ ਗੰਮਤਾ ਨਹੀਂ ਹੈ, ਨਾ ਹੀ ਵਿਸ਼ਨ, ਕ੍ਰਿਸ਼ਨ ਆਦਿਕ ਕੋਈ ਖ਼ਾਸ ਨਾਮ ਅਤੇ ਘਰ ਹੈ।

ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥
ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥

ਅਰਥ : ਹੇ ਨਾ ਜਿੱਤੇ ਜਾਣ ਵਾਲੇ ! ਤੈਨੂੰ ਨਮਸਕਾਰ ਹੈ। ਹੇ ਨਾ ਡਰਨ ਵਾਲੇ ! ਤੈਨੂੰ ਨਮਸਕਾਰ ਹੈ। ਹੇ (ਕਿਸੇ ਉਤੇ) [ਬਾਹੇ] ਸਵਾਰੀ ਨਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ। ਹੇ (ਕਿਸੇ ਤੋਂ) ਨਾ ਢਹਿਣ ਵਾਲੇ ! ਤੈਨੂੰ ਨਮਸਕਾਰ ਹੈ ॥੬॥

ਭਾਵ : ਵਾਹਿਗੁਰੂ ਨੂੰ ਕੋਈ ਜਿੱਤ ਨਹੀਂ ਸਕਦਾ, ਉਹ ਕਿਸੇ ਦਾ ਡਰ ਨਹੀਂ ਮੰਨਦਾ। ਨਾ ਹੀ ਉਸ ਦੀ ਗਰੁੜ ਆਦਿਕ ਕੋਈ ਖ਼ਾਸ ਸਵਾਰੀ ਹੈ, ਨਾ ਹੀ ਕੋਈ ਉਸ ਨੂੰ ਡੇਗ ਸਕਦਾ ਹੈ।

ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥
ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥

ਪਦ ਅਰਥ : ਅਨੀਲ= ਉੱਜਲ। ਅਨਾਦ (ਅਨ+ਆਦ) ਮੁੱਢ ਰਹਿਤ। ਅਛੇਦੇ= (ਅ+ਛੇਦ= ਕੱਟਣਾ) ਨਾ ਕੱਟੇ ਜਾਣ ਵਾਲਾ। ਅਗਾਧ= (ਗਾਧ=ਥਾਹ) ਜਿਸ ਦੀ ਥਾਹ ਨਹੀਂ ਹੈ, ਮਹਾਨ ਗੰਭੀਰ।

ਅਰਥ : ਹੇ ਉੱਜਲ ! ਤੈਨੂੰ ਨਮਸਕਾਰ ਹੈ। ਹੇ ਮੁੱਢ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਅਖੰਡ ! ਤੈਨੂੰ ਨਮਸਕਾਰ ਹੈ। ਹੇ ਮਹਾਂ ਗੰਭੀਰ ! ਤੈਨੂੰ ਨਮਸਕਾਰ ਹੈ ॥੭॥

ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥
ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥

ਪਦ ਅਰਥ : ਅਗੰਜ= (ਅ= ਕੀਰਤੀ+ਗੰਜ= ਸਮੂਹ, ਢੇਰ) ਕੀਰਤੀ ਪੁੰਜ। ਅਭੰਜ= (ਭੰਜ= ਭੱਜਣਾ) ਨਾ ਭੱਜਣ ਵਾਲਾ। ਉਦਾਰ= ਸਖੀ, ਦਾਤਾ। ਅਪਾਰ= (ਪਾਰ= ਅੰਤ) ਅੰਤ ਰਹਿਤ।

ਅਰਥ : ਹੇ ਕੀਰਤੀ ਪੁੰਜ ! ਤੈਨੂੰ ਨਮਸਕਾਰ ਹੈ। ਹੇ ਨਾ ਭੱਜਣ ਵਾਲੇ ! ਤੈਨੂੰ ਨਮਸਕਾਰ ਹੈ। ਹੇ ਦਾਤੇ ! ਤੈਨੂੰ ਨਮਸਕਾਰ ਹੈ। ਹੇ ਬੇਅੰਤ ! ਤੈਨੂੰ ਨਮਸਕਾਰ ਹੈ ॥੮॥

ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥
ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥

ਪਦ ਅਰਥ : ਅਭੂਤ= (ਭੂਤ=ਤੱਤ) ਤੱਤ੍ਰ ਤੋਂ ਰਹਿਤ। ਅਜੂਪ= (ਅਜ= ਬ੍ਰਹਮਾ+ਊਪ= ਉੱਪਰ) ਬ੍ਰਹਮਾ ਤੋਂ ਉੱਪਰ। ਸੁ= ਸ਼ੁਭ, ਪਵਿਤ੍ਰ। (੨) ਉਸ।

ਅਰਥ : ਉਸ ਇੱਕ ਨੂੰ ਨਮਸਕਾਰ ਹੈ। ਹੇ ਅਨੇਕਾਂ ਰੂਪ ! ਤੈਨੂੰ ਨਮਸਕਾਰ ਹੈ। ਹੇ ਤੱਤ੍ਵਾਂ ਦੀ ਰਚਨਾ

ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਬ੍ਰਹਮਾ ਤੋਂ ਵੱਡੇ ! ਤੈਨੂੰ ਨਮਸਕਾਰ ਹੈ ॥੯॥

ਭਾਵ : ਵਾਹਿਗੁਰੂ 'ਇਕ' ਹੁੰਦਾ ਹੋਇਆ ਵੀ ਅਨੇਕਾਂ ਰੂਪ ਹੈ, ਉਸ ਦੇ ਅਨੇਕਾਂ ਸਰੂਪ ਤੱਤਾਂ ਤੋਂ ਪੈਦਾ ਨਹੀਂ ਹੋਏ ਅਤੇ ਉਨ੍ਹਾਂ ਨੂੰ ਬ੍ਰਹਮਾ ਨੇ ਪੈਦਾ ਨਹੀਂ ਕੀਤਾ, ਇਸ ਲਈ ਉਹ 'ਅਭੂਤ' ਤੇ 'ਅਜੂਪ' ਹੈ।

ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥
ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥

ਪਦ ਅਰਥ : ਨ੍ਰਿ= ਰਹਿਤ। ਭਰਮ= ਭੁਲੇਖਾ, ਭੁੱਲ। ਦੇਸ= ਵਰਤ।

ਅਰਥ : ਕਰਮਾਂ ਤੋਂ ਰਹਿਤ ਨੂੰ ਨਮਸਕਾਰ ਹੈ। ਨਾ ਭੁੱਲਣ ਵਾਲੇ ਨੂੰ ਨਮਸਕਾਰ ਹੈ। ਦੇਸ ਤੋਂ ਰਹਿਤ ਨੂੰ ਨਮਸਕਾਰ ਹੈ। ਭੇਖਾਂ ਤੋਂ ਪਰੇ ਨੂੰ ਨਮਸਕਾਰ ਹੈ ॥੧੦॥

ਭਾਵ : ਵਾਹਿਗੁਰੂ ਦਾ ਵਜਕਤੀਵਾਨ ਹੋਣਾ, ਕਰਮ-ਜਾਲ ਦੇ ਬੰਧਨ ਵਿਚ ਨਹੀਂ ਹੈ, ਅਤੇ ਨਾ ਉਸ ਦੇ ਚੋਜ ਭੁਲੇਖੇ ਵਿਚ ਹਨ, ਉਹ ਕਿਸੇ ਇਕ ਦੇਸ ਦਾ ਵਾਸੀ ਵੀ ਨਹੀਂ ਹੈ ਅਤੇ ਨਾ ਹੀ ਕਿਸੇ ਭੇਸ ਦੇ ਅੰਤਰਗਤ ਹੈ।

ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥
ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੧॥

ਪਦ ਅਰਥ : ਕਾਮ= ਵਾਸ਼ਨਾ। ਧਾਤ= ਮਾਯਾ। ਘਾਤ= ਨਾਸ।

ਅਰਥ : ਹੇ ਨਾਸ ਰਹਿਤ ! ਤੈਨੂੰ ਨਮਸਕਾਰ ਹੈ। ਹੇ ਵਾਸ਼ਨਾ ਰਹਿਤ ! ਤੈਨੂੰ ਨਮਸਕਾਰ ਹੈ। ਹੇ ਮਾਯਾ ਰਹਿਤ ! ਤੈਨੂੰ ਨਮਸਕਾਰ ਹੈ। ਹੇ ਨਾਸ ਰਹਿਤ ! ਤੈਨੂੰ ਨਮਸਕਾਰ ਹੈ ॥੧੧॥

ਨਮਸਤੰ ਨ੍ਰਿਧੂਤੇ ॥ ਨਮਸਤੰ ਅਭੂਤੇ ॥
ਨਮਸਤੰ ਅਲੋਕੇ ॥ ਨਮਸਤੰ ਅਸੋਕੇ ॥੧੨॥

ਪਦ ਅਰਥ : ਨ੍ਰਿਧੂਤੇ= (ਧੂਤ= ਹਿੱਲਣਾ) ਅਚੱਲ। ਅਭੂਤ= (ਭੂਤ= ਸ਼ਬਦ, ਸਰਪਰ ਆਦਿਕ) ਪੰਜ ਵਿਸ਼ੈ। ਯਥਾ—'ਪੰਚ ਭੂਤ ਸਬਲ ਹੈ ਦੇਹੀ' (ਨਟ ਮ: ੪)। ਅਲੋਕ= (ਲੋਕ= ਵੇਖਣਾ) ਅਗੋਚਰ।

ਅਰਥ : ਹੇ ਨਾ ਹਿੱਲਣ ਵਾਲੇ ! ਤੈਨੂੰ ਨਮਸਕਾਰ ਹੈ। ਹੇ ਪੰਜਾਂ ਵਿਸ਼ਿਆਂ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਨਾ ਦਿੱਸਣ ਵਾਲੇ ! ਤੈਨੂੰ ਨਸਮਕਾਰ ਹੈ। ਹੇ ਸ਼ੋਕ ਰਹਿਤ ! ਤੈਨੂੰ ਨਸਮਕਾਰ ਹੈ ॥੧੨॥

ਨਮਸਤੰ ਨ੍ਰਿਤਾਪੇ ॥ ਨਮਸਤੰ ਅਥਾਪੇ ॥
ਨਮਸਤੰ ਤ੍ਰਿਮਾਨੇ ॥ ਨਮਸਤੰ ਨਿਧਾਨੇ ॥੧੩॥

ਪਦ ਅਰਥ : ਤ੍ਰਿਮਾਨ (ਤ੍ਰਿ= ਤਿੰਨ—ਬ੍ਰਹਮਾ, ਵਿਸ਼ਨ ਤੇ ਸ਼ਿਵ+ਮਾਨ= ਪੂਜਯ) ਤਿੰਨਾਂ ਕਰਕੇ ਪੂਜਣ ਯੋਗ। ਨਿਧਾਨ= ਨਿਧਿ, ਭੰਡਾਰ। ਨਿਰਤਾਪ= (ਤਾਪ= ਦੁੱਖ) ਦੁੱਖ ਰਹਿਤ।

ਅਰਥ : ਹੇ ਦੁੱਖਾਂ ਤੋਂ ਰਹਿਤ ! ਤੈਨੂੰ ਨਮਸਕਾਰ ਹੈ। ਹੇ ਨਾ ਥਾਪੇ ਜਾਣ ਵਾਲੇ ! ਤੈਨੂੰ ਨਮਸਕਾਰ ਹੈ। ਹੇ ਤਿੰਨਾਂ ਦੇਵਤਿਆਂ ਦੇ ਪੂਜਣੇ ਯੋਗ ! ਤੈਨੂੰ ਨਮਸਕਾਰ ਹੈ। ਹੇ ਭੰਡਾਰ ਰੂਪ ! ਤੈਨੂੰ ਨਮਸਕਾਰ ਹੈ ॥੧੩॥

ਨਮਸਤੰ ਅਗਾਹੇ ॥ ਨਮਸਤੰ ਅਬਾਹੇ ॥

ਨਮਸਤੰ ਤ੍ਰਿਬਰਗੇ ॥ ਨਮਸਤੰ ਅਸਰਗੇ ॥੧੪॥

ਪਦ ਅਰਥ : ਅਗਾਹੇ= (ਗਾਹੇ= ਗ੍ਰਾਹਯ) ਨਾ ਫੜੇ ਜਾਣ ਯੋਗ । ਅਬਾਹੇ= (ਵਾਹ= ਵਾਯੂ) ਪ੍ਰਾਣਾਂ ਤੋਂ ਰਹਿਤ । ਤ੍ਰਿਬਰਗ= ਧਰਮ ਅਰਥ ਤੇ ਕਾਮ । (੨) ਤਿੰਨ ਰੂਪ । ਅਸਰਗ= (ਸਰਗ= ਉਤਪਤਿ) ਉਤਪਤਿ ਰਹਿਤ ।

ਅਰਥ : ਹੇ ਨਾ ਫੜੇ ਜਾਣ ਵਾਲੇ ! ਤੈਨੂੰ ਨਮਸਕਾਰ ਹੈ । ਹੇ ਪ੍ਰਾਣ ਸ਼ਕਤੀ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ ਤਿੰਨ ਰੂਪ ! ਤੈਨੂੰ ਨਮਸਕਾਰ ਹੈ । ਹੇ ਜਨਮ ਰਹਿਤ ! ਤੈਨੂੰ ਨਸਸਕਾਰ ਹੈ ॥੧੪॥

ਨਮਸਤੰ ਪ੍ਰਭੋਗੇ ॥ ਨਮਸਤੰ ਸੁਜੋਗੇ ॥

ਨਮਸਤੰ ਅਰੰਗੇ ॥ ਨਮਸਤੰ ਅਭੰਗੇ ॥੧੫॥

ਪਦ ਅਰਥ : ਪ੍ਰਭੋਗੇ= (ਪ੍ਰ= ਉੱਤਮ+ਭੋਗ= ਫਲ+ਏ= ਦੇਣ ਵਾਲੇ) ਉੱਤਮ ਫਲ ਦੇਣ ਵਾਲੇ । ਸੁਜੋਗੇ= ਸੁਯੋਗਜ, ਸਭ ਤਰ੍ਹਾਂ ਲਾਇਕ । ਅਰੰਗ= ਰੰਗ ਰਹਿਤ, ਅਵਰਣ ।

ਅਰਥ : ਹੇ ਉੱਤਮ ਫਲ ਦੇਣ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸੁਯੋਗਜ ! ਤੈਨੂੰ ਨਮਸਕਾਰ ਹੈ । ਹੇ ਅਵਰਣ ! ਤੈਨੂੰ ਨਮਸਕਾਰ ਹੈ । ਹੇ ਅਟੁੱਟ ! ਤੈਨੂੰ ਨਮਸਕਾਰ ਹੈ ॥੧੫॥

ਨਮਸਤੰ ਅਗੰਮੇ ॥ ਨਮਸਤਸਤੁ ਰੰਮੇ ॥

ਨਮਸਤੰ ਜਲਾਸਰੇ ॥ ਨਮਸਤੰ ਨਿਰਾਸਰੇ ॥੧੬॥

ਪਦ ਅਰਥ : ਅਗੰਮ= ਬੁਧੀ ਦੀ ਪਹੁੰਚ ਤੋਂ ਪਰੇ । ਨਮਸਤਸਤੁ= (ਨਮਸਤੁ+ਭਯੋ+ਅਸਤੁ) ਨਮਸਕਾਰ ਹੋਵੇ । ਰੰਮ= (ਰਮਜ) ਮਨੋਹਰ । ਜਲਾਸਰੇ= ਸਮੁੰਦਰ, ਜਲ ਦਾ ਆਸਰਾ ।

ਅਰਥ : ਹੇ ਅਚਿੰਧਜ ! ਤੈਨੂੰ ਨਮਸਕਾਰ ਹੈ । ਹੇ ਮਨੋਹਰ ! ਤੈਨੂੰ ਨਮਸਕਾਰ ਹੋਵੇ ! ਹੇ ਸਮੁੰਦਰ ਰੂਪ ! ਤੈਨੂੰ ਨਮਸਕਾਰ ਹੈ । ਹੇ ਆਸਰੇ ਤੋਂ ਰਹਿਤ । ਤੈਨੂੰ ਨਮਸਕਾਰ ਹੈ ॥੧੬॥

ਨਮਸਤੰ ਅਜਾਤੇ ॥ ਨਮਸਤੰ ਅਪਾਤੇ ॥

ਨਮਸਤੰ ਅਮਜਬੇ ॥ ਨਮਸਤਸਤੁ ਅਜਬੇ ॥੧੭॥

ਅਰਥ : ਹੇ ਜਾਤੀ ਰਹਿਤ ! ਤੈਨੂੰ ਨਮਸਕਾਰ ਹੈ । ਹੇ ਬਿਰਾਦਰੀ ਰਹਿਤ ! ਤੈਨੂੰ ਨਮਸਕਾਰ ਹੈ । ਹੇ ਮਜ਼ਬ ਰਹਿਤ ! ਤੈਨੂੰ ਨਮਸਕਾਰ ਹੈ । ਹੇ (ਅਜਬੇ) ਅਚਰਜ ਰੂਪ ! ਤੈਨੂੰ ਨਮਸਕਾਰ ਹੈ ॥੧੭॥

ਅਦੇਸੰ ਅਦੇਸੇ ॥ ਨਮਸਤੰ ਅਭੇਸੇ ॥

ਨਮਸਤੰ ਨ੍ਰਿਧਾਮੇ ॥ ਨਮਸਤੰ ਨ੍ਰਿਬਾਮੇ ॥੧੮॥

ਪਦ ਅਰਥ : ਅਦੇਸੰ (ਅ+ਦੇਸ+ਅੰ) ਆਯਾ ਹੈ ਦੇਸਾਂ ਵਿਚ । (ਬਾਮ= ਇਸਤਰੀ) ਇਸਤਰੀ ਤੋਂ ਰਹਿਤ, ਭਾਵ ਪੁਰਖ ਰੂਪ, ਪ੍ਰਕ੍ਰਿਤੀ ਰਹਿਤ ।

ਅਰਥ : ਹੇ ਸਰਬ ਵਿਆਪੀ ! ਤੈਨੂੰ ਨਮਸਕਾਰ ਹੈ । ਹੇ ਭੇਖਾਂ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ

ਘਰ ਰਹਿਤ ! ਤੈਨੂੰ ਨਮਸਕਾਰ ਹੈ । ਹੇ ਪ੍ਰਕ੍ਰਿਤੀ ਰਹਿਤ ! ਤੈਨੂੰ ਨਮਸਕਾਰ ਹੈ ॥੧੮॥

ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥
ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥

ਅਰਥ : ਹੇ ਸਭ ਦੇ ਕਾਲ ਰੂਪ ! ਤੈਨੂੰ ਨਮਸਕਾਰ ਹੈ । ਹੇ ਸਭਨਾਂ ਉਤੇ ਦਯਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਾਰੇ ਰੂਪਾਂ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਭਨਾਂ ਦੇ ਰਾਜੇ ! ਤੈਨੂੰ ਨਮਸਕਾਰ ਹੈ ॥੧੯॥

ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥
ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥

ਪਦ ਅਰਥ : ਸਰਬ ਕਾਲ= ਵਾਹਿਗੁਰੂ ਦਾ ਨਾਮ ਹੈ ।

ਅਰਥ : ਹੇ ਸਭ ਨੂੰ ਖਪਾਉਣ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਭ ਨੂੰ ਸਥਿਰ ਕਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਰਬ ਦੇ ਕਾਲ ਰੂਪ ! ਤੈਨੂੰ ਨਮਸਕਾਰ ਹੈ । ਹੇ ਸਰਬ ਪਾਲਕ ! ਤੈਨੂੰ ਨਮਸਕਾਰ ਹੈ ॥੨੦॥

ਨਮਸਤਸਤੁ ਦੇਵੈ ॥ ਨਮਸਤੰ ਅਭੇਵੈ ॥
ਨਮਸਤੰ ਅਜਨਮੇ ॥ ਨਮਸਤੰ ਸੁਬਨਮੇ ॥੨੧॥

ਪਦ ਅਰਥ : ਦੇਵ= (ਕਰਮ ਫਲ ਪ੍ਰਦਾਤਾ) ਵਾਹਿਗੁਰੂ ਪਾਰਬ੍ਰਹਮ । ਅਭੇਵ= (ਭੇਵ= ਭੇਦ, ਅੰਤਰਾ) ਭੇਦ ਰਹਿਤ, ਜਿਸ ਦਾ ਭੇਦ ਨਾ ਪਾਇਆ ਜਾਵੇ । (੨) ਪੜਦੇ ਤੋਂ ਰਹਿਤ । ਸੁਬਨਮੇ= ਸੂਅਨ+ਮਯ) ਪੁਤ੍ਰ ਰੂਪ, ਸੰਤਾਨ ਰੂਪ।

ਅਰਥ : ਹੇ ਕਰਮ ਫਲ ਦੇਣ ਵਾਲੇ ! ਤੈਨੂੰ ਨਮਸਕਾਰ ਹੈ । ਭੇਦ ਰਹਿਤ ! ਤੈਨੂੰ ਨਮਸਕਾਰ ਹੈ । ਹੇ ਜਨਮ ਰਹਿਤ ! ਤੈਨੂੰ ਨਮਸਕਾਰ ਹੈ । ਪੁਤ੍ਰ ਰੂਪ ! ਤੈਨੂੰ ਨਮਸਕਾਰ ਹੈ (ਅਰਥਾਤ ਉਹ ਆਪ ਜਨਮ ਤੋਂ ਰਹਿਤ ਤੇ ਸੰਤਾਨ ਸਰੂਪ ਹੈ) ॥੨੧॥

ਨਮੋ ਸਰਬ ਗਉਨੇ ॥ ਨਮੋ ਸਰਬ ਭਉਨੇ ॥
ਨਮੋ ਸਰਬ ਰੰਗੇ ॥ ਨਮੋ ਸਰਬ ਭੰਗੇ ॥੨੨॥

ਪਦ ਅਰਥ : ਗਉਨ= (ਗੌਣ) ਸਹਾਇਕ । ਭਉਨ= ਭਵਨ, ਸੰਸਾਰ।

ਅਰਥ : ਹੇ ਸਰਬ ਦੇ ਸਹਾਇਕ ! ਤੈਨੂੰ ਨਮਸਕਾਰ ਹੈ । ਹੇ ਸਰਬ ਜਗਤ ਰੂਪ ! ਤੈਨੂੰ ਨਮਸਕਾਰ ਹੈ। ਹੇ ਸਰਬ ਰੰਗਾਂ ਵਾਲੇ ! ਤੈਨੂੰ ਨਮਸਕਾਰ ਹੈ। ਹੇ ਸਰਬ ਦੇ ਨਾਸ ਕਰਤਾ ! ਤੈਨੂੰ ਨਮਸਕਾਰ ਹੈ ॥੨੨॥

ਨਮੋ ਕਾਲ ਕਾਲੇ ॥ ਨਮਸਤਸਤੁ ਦਿਆਲੇ ॥
ਨਮਸਤੰ ਅਬਰਨੇ ॥ ਨਮਸਤੰ ਅਮਰਨੇ ॥੨੩॥

ਪਦ ਅਰਥ : ਅਬਰਨੇ= ਨਾ ਕਥਨ ਕੀਤੇ ਜਾਣ ਯੋਗ, ਅਕਥਨੀਯ । ਅਮਰਨੇ= ਅਮਰਪਣਾ, ਮੌਤ ਦਾ ਅਭਾਵ, ਚਿਰੰਜੀਵ ।

ਅਰਥ : ਹੇ ਕਾਲ ਦੇ ਵੀ ਕਾਲ ! ਤੈਨੂੰ ਨਮਸਕਾਰ ਹੈ । ਹੇ ਸਭਨਾਂ ਉਤੇ ਦਯਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਕਥਨੀ ਤੋਂ ਪਰੇ । ਤੈਨੂੰ ਨਮਸਕਾਰ ਹੈ । ਹੇ ਚਿਰੰਜੀਵੀ ! ਤੈਨੂੰ ਨਮਸਕਾਰ ਹੈ ॥੨੩॥

ਨਮਸਤੰ ਜਰਾਰੰ ॥ ਨਮਸਤੰ ਕ੍ਰਿਤਾਰੰ ॥

ਨਮੋ ਸਰਬ ਧੰਧੇ ॥ ਨਮੋਸਤ ਅਬੰਧੇ ॥੨੪॥

ਪਦ ਅਰਥ : ਜਰਾਰ= (ਜੱਰਾਰ) ਬਹਾਦਰ ਵੀਰ । ਕ੍ਰਿਤਾਰ (ਕ੍ਰਿੰਤਨਕਾਰ) ਕੱਟਣ ਵਾਲਾ । ਧੰਧੇ= ਵਿਹਾਰ ।

ਅਰਥ : ਹੇ ਬਹਾਦਰ ਸੂਰਮੇ ! ਤੈਨੂੰ ਨਮਸਕਾਰ ਹੈ । ਹੇ ਕੱਟਣ ਵਾਲੇ ! ਤੈਨੂੰ ਨਮਸਕਾਰ ਹੈ। ਹੇ ਸਾਰੇ ਵਿਹਾਰ ਰੂਪ ! ਤੈਨੂੰ ਨਮਸਕਾਰ ਹੈ । ਹੇ ਬੰਧਨਾਂ ਤੋਂ ਰਹਿਤ ! ਤੈਨੂੰ ਨਮਸਕਾਰ ਹੈ ॥੨੪॥

ਨਮਸਤੰ ਨ੍ਰਿਸਾਕੇ ॥ ਨਮਸਤੰ ਨ੍ਰਿਬਾਕੇ ॥

ਨਮਸਤੰ ਰਹੀਮੇ ॥ ਨਮਸਤੰ ਕਰੀਮੇ ॥੨੫॥

ਪਦ ਅਰਥ : ਨ੍ਰਿਸਾਕੇ= ਸਾਕਾਗੀਰੀ ਤੋਂ ਰਹਿਤ । ਨ੍ਰਿਬਾਕੇ= (ਬਾਕ= ਡਰ) ਡਰ ਤੋਂ ਰਹਿਤ । ਰਹੀਮੇ= ਰਹਿਮ (ਦਯਾ) ਕਰਨ ਵਾਲਾ । ਕਰੀਮੇ= ਬਖ਼ਸ਼ਸ਼ ਕਰਨ ਵਾਲਾ।

ਅਰਥ : ਹੇ ਸਾਕਾਦਾਰੀ ਤੋਂ ਰਹਿਤ ! ਤੈਨੂੰ ਨਮਸਕਾਰ ਹੈ । ਹੇ ਨਾ ਡਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਦਯਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਬਖ਼ਸ਼ਿੰਦ ! ਤੈਨੂੰ ਨਮਸਕਾਰ ਹੈ ॥੨੫॥

ਨਮਸਤੰ ਅਨੰਤੇ ॥ ਨਮਸਤੰ ਮਹੰਤੇ ॥

ਨਮਸਤਸਤੁ ਰਾਗੇ ॥ ਨਮਸਤੰ ਸੁਹਾਗੇ ॥੨੬॥

ਪਦ ਅਰਥ : ਮਹੰਤ= ਵੱਡੇ ਬਜ਼ੁਰਗ । ਰਾਗੇ= ਰਾਗ, ਪ੍ਰੇਮ । ਸੁਹਾਗ= ਅਨੰਦ । (੨) ਪਤੀ।

ਅਰਥ : ਹੇ ਅਨੰਤ ਰੂਪ ! ਤੈਨੂੰ ਨਮਸਕਾਰ ਹੈ । ਹੇ ਵੱਡੇ ਬਜ਼ੁਰਗ ! ਤੈਨੂੰ ਨਮਸਕਾਰ ਹੈ। ਹੇ ਪ੍ਰੇਮ ਰੂਪ ! ਤੈਨੂੰ ਨਮਸਕਾਰ ਹੈ । ਹੇ ਸ੍ਵਾਮੀ ! ਤੈਨੂੰ ਨਮਸਕਾਰ ਹੈ ॥੨੬॥

ਨਮੋ ਸਰਬ ਸੋਖੰ ॥ ਨਮੋ ਸਰਬ ਪੋਖੰ ॥

ਨਮੋ ਸਰਬ ਕਰਤਾ ॥ ਨਮੋ ਸਰਬ ਹਰਤਾ ॥੨੭॥

ਪਦ ਅਰਥ : ਸੋਖੰ= ਸੁਕਾਨ ਵਾਲਾ । ਪੋਖੰ= ਭਰਨ ਵਾਲਾ ।

ਅਰਥ : ਹੇ ਸਭਨਾਂ ਨੂੰ ਸੁਕਾਨ ਵਾਲੇ ! ਤੈਨੂੰ ਨਮਸਕਾਰ ਹੈ। ਹੇ ਸਭ ਨੂੰ ਭਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਭ ਨੂੰ ਕਰਨ ਵਾਲੇ ! ਤੈਨੂੰ ਨਮਸਕਾਰ ਹੈ । ਹੇ ਸਭ ਦੇ ਨਾਸ ਕਰਨ ਵਾਲੇ ! ਤੈਨੂੰ ਨਮਸਕਾਰ ਹੈ ॥੨੭॥

ਨਮੋ ਜੋਗ ਜੋਗੇ ॥ ਨਮੋ ਭੋਗ ਭੋਗੇ ॥

ਨਮੋ ਸਰਬ ਦਿਆਲੇ ॥ ਨਮੋ ਸਰਬ ਪਾਲੇ ॥੨੮॥

ਪਦ ਅਰਥ : ਜੋਗੇ= ਜੁੜਿਆ ਹੋਇਆ । ਭੋਗੇ= ਭੋਗਨ ਵਾਲਾ । ਭੋਗ= ਪਦਾਰਥ।

ਅਰਥ : ਹੇ ਜੋਗ ਵਿਚ ਜੁੜੇ ਹੋਏ ! ਤੈਨੂੰ ਨਮਸਕਾਰ ਹੈ। ਹੇ ਭੋਗਾਂ ਨੂੰ ਭੋਗਨ ਵਾਲੇ ! ਤੈਨੂੰ ਨਮਸਕਾਰ

ਹੈ। ਹੇ ਸਭਨਾਂ ਉਤੇ ਦਯਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ। ਹੇ ਸਭ ਦੀ ਪਾਲਣਾ ਕਰਨ ਵਾਲੇ ! ਤੈਨੂੰ ਨਮਸਕਾਰ ਹੈ ॥੨੮॥

ਚਾਚਰੀ ਛੰਦ॥ ਤ੍ਵ ਪ੍ਰਸਾਦਿ॥

ਅਰੂਪ ਹੈਂ॥ ਅਨੂਪ ਹੈਂ॥ ਅਜੂ ਹੈਂ॥ ਅਭੂ ਹੈਂ॥੨੯॥

ਪਦ ਅਰਥ : ਜੂ= ਜਨਮ। ਭੂ= ਪਵਨ, ਸ੍ਵਾਸ।

ਅਰਥ : ਤੂੰ ਰੂਪ ਤੋਂ ਰਹਿਤ ਹੈਂ। ਉਪਮਾ ਤੋਂ ਰਹਿਤ ਹੈਂ। ਜਨਮ ਤੋਂ ਰਹਿਤ ਹੈਂ। ਸਵਾਸ ਤੋਂ ਰਹਿਤ ਹੈਂ ॥੨੯॥

ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥੩੦॥

ਅਰਥ : ਲੇਖੇ ਤੋਂ ਰਹਿਤ ਹੈਂ। ਸ਼ਕਲ ਤੋਂ ਰਹਿਤ ਹੈਂ। ਨਾਮ ਤੋਂ ਰਹਿਤ ਹੈਂ। ਕਾਮਨਾ ਤੋਂ ਰਹਿਤ ਹੈਂ ॥੩੦॥

ਅਧੇ ਹੈਂ॥ ਅਭੇ ਹੈਂ॥ ਅਜੀਤ ਹੈਂ॥ ਅਭੀਤ ਹੈਂ॥੩੧॥

ਪਦ ਅਰਥ : ਅਧੇ= ਜੋ ਕਿਸੇ ਦਾ ਧਾਰਨ ਨਹੀਂ ਕੀਤਾ ਹੋਇਆ। ਅਭੇ= ਨਾ ਡਰਨ ਯੋਗ। ਅਭੀਤ= (ਭੀਤ= ਪੜਦਾ) ਪੜਦੇ ਤੋਂ ਰਹਿਤ, ਪ੍ਰਗਟ।

ਅਰਥ : (ਤੂੰ) ਆਸਰੇ ਤੋਂ ਬਿਨਾਂ ਹੈਂ। ਡਰਨ ਤੋਂ ਰਹਿਤ ਹੈਂ। ਜਿੱਤਿਆ ਨਹੀਂ ਜਾਂਦਾ ਅਤੇ ਪ੍ਰਗਟ ਹੈਂ ॥੩੧॥

ਤ੍ਰਿਮਾਨ ਹੈਂ॥ ਨਿਧਾਨ ਹੈਂ॥ ਤ੍ਰਿਬਰਗ ਹੈਂ॥ ਅਸਰਗ ਹੈਂ॥੩੨॥

ਪਦ ਅਰਥ : ਤ੍ਰਿਮਾਨ= (ਮਾਨ= ਸ਼ਕਤੀ) ਤ੍ਰਿਧਾ ਸ਼ਕਤੀ। ਨਿਧਾਨ= (ਨਿਦਾਨ) ਆਦਿ ਕਾਰਣ। ਤ੍ਰਿਬਰਗ= (ਵਰਗ= ਝੁੰਡ, ਤਿੰਨ ਝੁੰਡ—ਦੇਵਤੇ, ਮਨੁੱਖ ਤੇ ਦੈਂਤ)। ਅਸਰਗ= (ਸਰਗ= ਸੰਕਲਪ) ਸੰਕਲਪ ਰਹਿਤ।

ਅਰਥ : ਤੂੰ ਹੀ ਤਿੰਨ ਸ਼ਕਤੀ-ਲਛਮੀ, ਪਾਰਬਤੀ ਤੇ ਸਾਵਿਤ੍ਰੀ ਹੈਂ। ਤੂੰ ਹੀ ਜਗਤ ਦਾ ਆਦਿ ਕਾਰਣ ਹੈਂ। ਤੂੰ ਹੀ ਤਿੰਨੇ ਗ੍ਰੋਹ ਜਾਂ ਤਿੰਨ ਝੁੰਡ ਦੇਵਤੇ, ਮਨੁੱਖ ਤੇ ਦੈਂਤ ਹੈਂ। ਤੂੰ ਸੰਕਲਪ ਤੋਂ ਰਹਿਤ ਹੈਂ ॥੩੨॥

ਅਨੀਲ ਹੈਂ॥ ਅਨਾਦਿ ਹੈਂ॥ ਅਜੇ ਹੈਂ ॥ ਅਜਾਦਿ ਹੈਂ॥੩੩॥

ਪਦ ਅਰਥ : ਅਨਾਦਿ= (ਨਾਦ= ਫੁਰਨਾ) ਅਫੁਰ। ਅਜੇ= (ਜੇ= ਜਿੱਤਣਾ) ਨਾ ਜਿੱਤੇ ਜਾਣ ਵਾਲਾ। ਅਜਾਦਿ= (ਅਜ= ਬ੍ਰਹਮਾ+ਆਦਿ= ਮੁੱਢ) ਬ੍ਰਹਮਾ ਦਾ ਕਰਤਾ।

ਅਰਥ : ਗਿਣਤੀ ਤੋਂ ਰਹਿਤ ਹੈਂ। ਅਫੁਰ ਹੈਂ। ਅਜਿੱਤ ਹੈਂ ਅਤੇ ਬ੍ਰਹਮਾ ਆਦਿਕਾਂ ਦਾ ਵੀ ਕਰਤਾ ਹੈਂ ॥੩੩॥

ਅਜਨਮ ਹੈਂ॥ ਅਬਰਨ ਹੈਂ॥ ਅਭੂਤ ਹੈਂ॥ ਅਭਰਨ ਹੈਂ॥੩੪॥

ਪਦ ਅਰਥ : ਅਭਰਨ= ਭੂਸ਼ਨ, ਗਹਿਣਾ।

ਅਰਥ : ਜਨਮ ਤੋਂ ਰਹਿਤ ਹੈਂ। ਵਰਣ ਤੋਂ ਰਹਿਤ ਹੈਂ। ਤੱਤਾਂ ਦੀ ਅੰਸ ਨਹੀਂ ਹੈਂ ਅਤੇ ਸ਼ਿੰਗਾਰ ਰੂਪ

ਹੈਂ ॥੩੪॥

ਭਾਵ : ਜੰਮਿਆ ਨਹੀਂ ਹੈ, ਬ੍ਰਾਹਮਣ ਆਦਿਕ ਵਰਣ ਤੇਰਾ ਕੋਈ ਨਹੀਂ ਹੈ, ਤੇਰੀ ਦੇਹ ਤੱਤ੍ਵਾਂ ਦਾ ਕਾਰਯ ਨਹੀਂ ਹੈ ਅਤੇ ਸਭ ਦੀ ਸੁਹੱਪਨਤਾ ਹੈਂ ।

ਅਗੰਜ ਹੈਂ ॥ ਅਭੰਜ ਹੈਂ ॥ ਅਜੂਝ ਹੈਂ ॥ ਅਝੰਝ ਹੈਂ ॥੩੫॥

ਪਦ ਅਰਥ : ਅਗੰਜ= (ਗੰਜ= ਰੋਗ) ਰੋਗ ਰਹਿਤ । ਅਜੂਝ= (ਜੂਝ= ਜੂਝਨਾ) ਜਿਸ ਨਾਲ ਜੁੱਧ ਨਾ ਕੀਤਾ ਜਾਏ । ਅਝੰਝ= (ਝੰਝ= ਕੰਬਨਾ) ਅਡੋਲ ।

ਅਰਥ : (ਤੂੰ) ਦੁੱਖਾਂ ਤੋਂ ਰਹਿਤ ਹੈਂ । ਭੱਜਣ ਵਾਲਾ ਨਹੀਂ ਹੈਂ । ਤੇਰੇ ਨਾਲ ਕੋਈ ਲੜ ਨਹੀਂ ਸਕਦਾ ਅਤੇ ਤੂੰ ਅਡੋਲ ਹੈਂ ॥੩੫॥

ਅਮੀਕ ਹੈਂ ॥ ਰਫ਼ੀਕ ਹੈਂ ॥ ਅਧੰਧ ਹੈਂ ॥ ਅਬੰਧ ਹੈਂ ॥੩੬॥

ਪਦ ਅਰਥ : ਅਮੀਕ= ਅਥਾਹ । ਰਫ਼ੀਕ= ਹਮਰਾਹੀ, ਸਾਥੀ ਭਾਵ ਦੋਸਤ, ਮਿੱਤਰ । ਅਧੰਧ= (ਬਖੇੜਾ) ਧੰਧਿਆਂ ਤੋਂ ਰਹਿਤ । ਅਬੰਧ= (ਅਬਧਯ) ਕਿਸੇ ਤੋਂ ਨਾ ਮਰਨ ਵਾਲਾ ।

ਅਰਥ : ਤੂੰ ਅਥਾਹ ਹੈਂ । ਸਭ ਦਾ ਸਾਥੀ ਹੈਂ । ਧੰਧਿਆਂ ਤੋਂ ਰਹਿਤ ਹੈਂ । ਕਿਸੇ ਤੋਂ ਮਰਨ ਵਾਲਾ ਨਹੀਂ ਹੈਂ ॥੩੬॥

ਨ੍ਰਿਬੂਝ ਹੈਂ ॥ ਅਸੂਝ ਹੈਂ ॥ ਅਕਾਲ ਹੈਂ ॥ ਅਜਾਲ ਹੈਂ ॥੩੭॥

ਪਦ ਅਰਥ : ਨ੍ਰਿਬੂਝ= (ਬੂਝ= ਪ੍ਰਤੀਤ ਹੋਣਾ) ਪ੍ਰਤੀਤ ਨਹੀਂ ਹੁੰਦਾ । (੨) ਅਗਿਆਨੀ । ਅਸੂਝ= (ਸੂਝ= ਵੇਖਣਾ) ਦਿੱਸਦਾ ਨਹੀਂ । ਅਜਾਲ= (ਜਾਲ= ਬੰਧਨ) ਬੰਧਨ ਰਹਿਤ । (੨) ਇਸਤਰੀ ।

ਅਰਥ : (ਤੂੰ) ਪ੍ਰਤੀਤ ਨਹੀਂ ਹੁੰਦਾ । ਦਿੱਸਦਾ ਵੀ ਨਹੀਂ ਹੈਂ । ਮੌਤ ਤੋਂ ਰਹਿਤ ਹੈਂ । ਬੰਧਨਾਂ ਤੋਂ ਰਹਿਤ ਹੈਂ । (੩) ਅਥਵਾ—ਅਗਿਆਨੀ ਨੂੰ ਦਿੱਸਦਾ ਨਹੀਂ ਹੈ । (ਜੋ) ਅਕਾਲ ਪੁਰਖ ਬੰਧਨਾਂ ਤੋਂ ਰਹਿਤ (ਕਰਦਾ ਹੈ) ॥੩੭॥

ਅਲਾਹ ਹੈਂ ॥ ਅਜਾਹ ਹੈਂ ॥ ਅਨੰਤ ਹੈਂ ॥ ਮਹੰਤ ਹੈਂ ॥੩੮॥

ਪਦ ਅਰਥ : ਅਲਾਹ= (ਲਾਹ= ਲਾਹੁਣਾ, ਡੇਗਣਾ) ਡਿੱਗਣ ਤੋਂ ਰਹਿਤ । ਅਜਾਹ= (ਜਾਹ= ਜਗ੍ਹਾ) ਜਗ੍ਹਾ ਰਹਿਤ । (੨) ਅਲਾਹ= ਵਾਹਿਗੁਰੂ ਦਾ ਜਾਤੀ ਨਾਮ ਹੈ । ਅਜਾਹ= (ਅਰਬੀ)= ਪੜਦਾ ਹੈਂ । (੨) (ਭੁਟਾਨੀ ਬੋਲੀ) ਸਭ । ਮਹੰਤ= ਪਵਿਤ੍ਰ ਪੁਰਖ ।

ਅਰਥ : (ਤੂੰ) ਡਿੱਗਦਾ ਨਹੀਂ ਹੈਂ । (ਤੇਰੀ ਕੋਈ ਖ਼ਾਸ) ਜਗ੍ਹਾ ਨਹੀਂ ਹੈ । ਅੰਤ ਤੋਂ ਰਹਿਤ ਹੈਂ । ਪਵਿਤ੍ਰ ਪੁਰਖ ਹੈਂ । (੨) ਅਥਵਾ—ਵਾਹਿਗੁਰੂ ਸਭ ਦਾ ਪੜਦਾ ਹੈ, ਭਾਵ— ਉਹ ਸਭ ਦੇ ਔਗੁਣਾਂ ਨੂੰ ਵੇਖ ਕੇ ਵੀ ਕੱਜੀ ਰੱਖਦਾ ਹੈ ॥੩੮॥

ਅਲੀਕ ਹੈਂ ॥ *ਨ੍ਰਿਸ੍ਰੀਕ ਹੈਂ ॥ ਨ੍ਰਿਲੰਭ ਹੈਂ ॥ ਅਸੰਭ ਹੈਂ ॥੩੯॥

ਪਦ ਅਰਥ : ਅਲੀਕ= ਬਹੁਤ ਹੀ ਲਾਇਕ । ਨ੍ਰਿਸ੍ਰੀਕ= (ਸ੍ਰੀਕ= ਈਰਖਾ) ਈਰਖਾ ਰਹਿਤ । ਨ੍ਰਿਲੰਭ=

** ਪਾਠਾਂਤਰ—ਨਿਰ ਸਰੀਕ ।*

ਨਿਰਾਲੰਬ ਆਸਰੇ ਤੋਂ ਬਿਨਾਂ। ਅਸੰਭ= (ਸੰਭ= ਜਨਮ) ਅਜਨਮ।

ਅਰਥ : ਬਹੁਤ ਹੀ ਲਾਇਕ ਹੈਂ। ਈਰਖਾ ਤੋਂ ਰਹਿਤ ਹੈਂ। ਆਸਰੇ ਤੋਂ ਬਿਨਾਂ ਹੈਂ। ਜਨਮ ਤੋਂ ਰਹਿਤ ਹੈਂ ॥੩੯॥

ਅਗੰਮ ਹੈਂ॥ ਅਜੰਮ ਹੈਂ॥ ਅਭੂਤ ਹੈਂ॥ ਅਛੂਤ ਹੈਂ ॥੪੦॥

ਪਦ ਅਰਥ : ਅਗੰਮ= (ਗੰਮ= ਪਹੁੰਚ) ਪਹੁੰਚ ਤੋਂ ਪਰੇ। ਅਜੰਮ= (ਜੰਮ= ਜਨਮ) ਅਜਨਮ। ਅਭੂਤ= (ਭੂਤ= ਜੀਵ) ਜੀਵ ਨਹੀਂ। ਅਛੂਤ= (ਛੂਤ= ਛੋਹ) ਛੋਹ, ਸਪਰਸ਼ ਰਹਿਤ।

ਅਰਥ : ਸਾਡੀ ਪਹੁੰਚ ਤੋਂ ਪਰੇ ਹੈਂ। ਜਨਮ ਤੋਂ ਰਹਿਤ ਹੈਂ। ਜੀਵ ਸਮਾਨ ਪਤੰਤ੍ਰ ਨਹੀਂ ਹੈਂ। ਸਪਰਸ਼ਵਾਨ ਵੀ ਨਹੀਂ ਹੈਂ ਅਰਥਾਤ ਤੇਰਾ ਸਪਰਸ਼ ਨਹੀਂ ਹੋ ਸਕਦਾ ਹੈ ॥੪੦॥

ਅਲੋਕ ਹੈਂ॥ ਅਸੋਕ ਹੈਂ॥ ਅਕਰਮ ਹੈਂ॥ ਅਭਰਮ ਹੈਂ॥੪੧॥

ਪਦ ਅਰਥ : ਅਲੋਕ= ਅਲੌਕਿਕ, ਅਸਚਰਜ।

ਅਰਥ : ਅਸਚਰਜ ਹੈਂ। ਸ਼ੋਕ ਤੋਂ ਰਹਿਤ ਹੈਂ। ਕਰਮਾਂ ਤੋਂ ਰਹਿਤ ਹੈਂ। ਭਰਮ ਤੋਂ ਬਿਨਾਂ ਹੈਂ ॥੪੧॥

ਅਜੀਤ ਹੈਂ॥ ਅਭੀਤ ਹੈਂ॥ ਅਬਾਹ ਹੈਂ॥ ਅਗਾਹ ਹੈਂ॥੪੨॥

ਪਦ ਅਰਥ : ਬਾਹ= ਕੱਟਣਾ। ਗਾਹ= ਪਕੜਨਾ।

ਅਰਥ : ਜਿੱਤਿਆ ਨਹੀਂ ਜਾਂਦਾ। ਡਰਦਾ ਨਹੀਂ ਹੈ। ਕੱਟਿਆ ਨਹੀਂ ਜਾਂਦਾ। ਪਕੜਿਆ ਵੀ ਨਹੀਂ ਜਾਂਦਾ ॥੪੨॥

ਅਮਾਨ ਹੈਂ॥ ਨਿਧਾਨ ਹੈਂ॥ ਅਨੇਕ ਹੈਂ॥ ਫਿਰਿ ਏਕ ਹੈਂ॥੪੩॥

ਪਦ ਅਰਥ : ਅਮਾਨ= ਜਿਉਂ ਦਾ ਤਿਉਂ। ਨਿਧਾਨ= ਸ੍ਰੋਤ ਸਥਾਨ।

ਅਰਥ : ਜਿਉਂ ਦਾ ਤਿਉਂ ਹੈਂ, ਅਰਥਾਤ ਵਿਕਾਰੀ ਨਹੀਂ ਹੈਂ। ਸਭ ਦੀ ਪੈਦਾਇਸ਼ ਦਾ ਸ੍ਰੋਤ ਸਥਾਨ ਹੈਂ। ਅਨੇਕਾਂ ਰੂਪ ਹੈਂ, ਪਰ ਫਿਰ ਵੀ ਇਕ ਰੂਪ ਹੈਂ (ਅਰਥਾਤ ਜਿਵੇਂ ਚੰਦ੍ਰਮਾ ਘੜਿਆਂ ਦੇ ਸਬੰਧ ਕਰਕੇ ਅਨੇਕਾਂ ਰੂਪ ਹੋ ਕੇ ਵੀ ਇਕ ਹੈ, ਇਵੇਂ ਹੀ) ਅਨੇਕਾਂ ਦੇਹਾਂ ਵਿਚ ਵਿਆਪਕ ਹੋ ਕੇ ਵੀ ਅਸੰਗ ਦਾ ਅਸੰਗ ਹੈਂ ॥੪੩॥

ਭੁਜੰਗ ਪ੍ਰਯਾਤ ਛੰਦ॥

ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ॥
ਨਮੋ ਦੇਵ ਦੇਵੇ॥ ਅਭੇਖੀ ਅਭੇਵੇ ॥੪੪॥

ਪਦ ਅਰਥ : ਸਮਸਤੀ= ਸਾਰੀਆਂ। ਨਿਧਾਨ= (ਨਿਧ+ਆਨ) ਨਿਧੀਆਂ ਦਾ ਘਰ।

ਅਰਥ : ਸਾਰਿਆਂ ਦੇ ਮਾਨ ਰੂਪ ਨੂੰ ਨਮਸਕਾਰ ਹੈ। ਜੋ ਸਾਰੀਆਂ ਨਿਧੀਆਂ ਦਾ ਘਰ ਹੈ। ਦੇਵਤਿਆਂ ਦੇ ਦੇਵ ਨੂੰ ਨਮਸਕਾਰ ਹੈ। ਜੋ ਭੇਖ ਤੋਂ ਰਹਿਤ ਤੇ ਭੇਦ ਤੋਂ ਰਹਿਤ ਹੈ ॥੪੪॥

ਨਮੋ ਕਾਲ ਕਾਲੇ॥ ਨਮੋ ਸਰਬ ਪਾਲੇ॥

ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥੪੫॥

ਪਦ ਅਰਥ : ਭਉਣੇ= ਘਰ ਸਰੂਪ ।

ਅਰਥ : ਕਾਲ ਦੇ ਕਾਲ ਨੂੰ ਨਮਸਕਾਰ ਹੈ । ਸਭ ਦੇ ਪਾਲਕ ਨੂੰ ਨਮਸਕਾਰ ਹੈ । ਸਭਨਾਂ ਵਿਚ ਗਮਨ ਕਰਨ ਵਾਲੇ ਨੂੰ ਨਮਸਕਾਰ ਹੈ । ਸਭ ਦੇ ਘਰ ਸਰੂਪ ਨੂੰ ਨਮਸਕਾਰ ਹੈ ॥੪੫॥

ਭਾਵ : 'ਕਾਲ ਸਭ ਦਾ ਸੰਘਾਰ ਕਰਦਾ ਹੈ', ਅਤੇ ਨਿਰੰਕਾਰ ਕਾਲ ਦਾ ਵੀ ਸੰਘਾਰ ਕਰਦਾ ਹੈ, ਇਸ ਲਈ ਉਸ ਦਾ ਨਾਮ 'ਕਾਲ ਕਾਲੇ' ਕਿਹਾ ਹੈ ।

ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥
ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥੪੬॥

ਪਦ ਅਰਥ : ਅਨੰਗੀ (ਅਨ+ਅੰਗੀ) ਦੇਹ ਰਹਿਤ । ਅਨਾਥ= ਸੁਆਮੀ ਰਹਿਤ । ਭਾਨ= ਪ੍ਰਕਾਸ਼।

ਅਰਥ : ਹੇ ਦੇਹ ਰਹਿਤ ! ਹੇ ਸੁਆਮੀ ਰਹਿਤ ! ਹੇ ਸਾਥੀ ਰਹਿਤ ! ਹੇ ਪ੍ਰਮਥਨ ਕਰਨ ਵਾਲੇ ! ਪ੍ਰਕਾਸ਼ ਦੇ ਪ੍ਰਕਾਸ਼ ਨੂੰ ਨਮਸਕਾਰ ਹੈ, ਮਾਨ ਦੇ ਮਾਨ ਨੂੰ ਨਮਸਕਾਰ ਹੈ ॥੪੬॥

ਭਾਵ : 'ਪ੍ਰਕਾਸ਼' ਸ਼ਕਤੀ ਵਿਚ ਪ੍ਰਕਾਸ਼ਤ੍ਵ ਰੂਪ ਵਾਹਿਗੁਰੂ ਦੀ ਸੱਤਾ ਹੈ, ਇਹ ਪ੍ਰਕਾਸ਼ ਉਸੇ ਤੋਂ ਪ੍ਰਗਟ ਹੋ ਕੇ ਜੀਵਾਂ ਨੂੰ ਗਿਆਨ ਕਰਾਉਂਦਾ ਹੈ, ਇਸ ਲਈ ਵਾਹਿਗੁਰੂ ਦਾ ਨਾਮ 'ਭਾਨ ਭਾਨੇ' ਕਿਹਾ ਹੈ ।

ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥੪੭॥

ਅਰਥ : ਚੰਦ੍ਰਮਾ ਦੇ ਚੰਦ੍ਰਮਾ ਨੂੰ ਨਮਸਕਾਰ ਹੈ । ਭਾਨ ਸੂਰਜ ਦੇ ਸੂਰਜ ਨੂੰ ਨਮਸਕਾਰ ਹੈ। ਗੀਤ ਵਿਚ ਗੀਤ ਰੂਪ ਨੂੰ ਨਮਸਕਾਰ ਹੈ, ਅਤੇ *ਤਾਨ ਵਿਚ ਤਾਨ ਰੂਪ ਨੂੰ ਨਮਸਕਾਰ ਹੈ ॥੪੭॥

ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥੪੮॥

ਪਦ ਅਰਥ : ਨ੍ਰਿੱਤ= ਨਾਚ । ਨ੍ਰਿੱਤੇ= ਨ੍ਰਿਤਪਣਾ । ਨਾਦੇ= ਅਲਾਪਿਤ੍ਵ । ਪਾਨ= ਹੱਥ । ਪਾਨੇ= ਹੱਥਤ੍ਵ। ਬਾਦ= ਬਾਜਾ, ਸਾਜ । ਬਾਦੇ= ਬਾਦਿਤ੍ਵ ਭਾਵ ਵਾਜੇਪਨਾ ।

ਅਰਥ : ਨ੍ਰਿਤ ਵਿਚ ਨ੍ਰਿਤ ਰੂਪ ਨੂੰ ਨਮਸਕਾਰ ਹੈ, ਅਲਾਪ ਵਿਚ ਅਲਾਪਿਤ੍ਵ ਰੂਪ ਨੂੰ ਨਮਸਕਾਰ ਹੈ। ਹੱਥ ਵਿਚ ਹੱਥਤ੍ਵ ਭਾਵ ਨੂੰ ਨਮਸਕਾਰ ਹੈ ਅਤੇ ਵਾਜੇ ਵਿਚ ਵਾਜੱਤ੍ਵ ਭਾਵ ਨੂੰ ਨਮਸਕਾਰ ਹੈ ॥੪੮॥

ਭਾਵ : ਜਿਸ ਤਰ੍ਹਾਂ ਅੱਗ ਵਿਚ ਗਰਮੀ, ਪਾਣੀ ਵਿਚ ਠੰਢਕ ਰਹਿੰਦੀ ਹੈ, ਇਸੇ ਤਰ੍ਹਾਂ ਹਰੇਕ ਪਦਾਰਥ ਵਿਚ ਪਦਾਰਥਤ੍ਵ ਰਹਿੰਦਾ ਹੈ । ਉਹ ਪਦਾਰਥਤ੍ਵ ਨ੍ਰਿਤ ਵਿਚ ਨ੍ਰਿਤੱਤ੍ਵ, ਅਲਾਪ ਵਿਚ ਅਲਾਪਤ੍ਵ, ਹੱਥ ਵਿਚ ਹੱਥਤ੍ਵ ਤੇ ਵਾਜੇ ਵਿਚ ਵਾਜਤ੍ਵ ਹੈ । ਇਹ ਪਦਾਰਥਤ੍ਵ ਨੇਤ੍ਰਾਦਿਕਾਂ ਦਾ ਵਿਸ਼ੇ ਨਹੀਂ ਹੈ, ਪਰ ਮਨ ਕਰਕੇ ਜਾਣਿਆ ਜਾ ਸਕਦਾ ਹੈ, ਜਿਸ ਤਰ੍ਹਾਂ ਫੁਲਾਂ ਦੀ ਵਾਸ਼ਨਾ ਅੱਖਾਂ ਨਾਲ ਤਾਂ ਨਹੀਂ ਦਿੱਸਦੀ ਪਰ ਅਨੁਭਵ ਹੋ ਸਕਦੀ

** ਸੁਰਾਂ ਦੇ ਫੈਲਾਉ ਦਾ ਨਾਮ 'ਤਾਨ' ਹੈ, ਅਰਥਾਤ ਖਰਜ (ਸਾ) ਤੋਂ ਨਿਖਾਧ (ਨੀ) ਵਲ ਨੂੰ ਜਾਣ ਦਾ ਨਾਮ 'ਅਰੋਹੀ ਤਾਨ' ਅਤੇ ਉਪਰੋਂ ਹੇਠਾਂ ਨੂੰ ਆਉਣ ਦਾ ਨਾਮ 'ਅਵਰੋਹੀ ਤਾਨ' ਹੈ ।*

ਹੈ ।

ਅਨੰਗੀ ਅਨਾਮੇ ॥ ਸਮਸਤੀ ਸਰੂਪੇ ॥
ਪ੍ਰਭੰਗੀ ਪ੍ਰਮਾਥੇ ॥ ਸਮਸਤੀ ਬਿਭੂਤੇ ॥੪੯॥

ਪਦ ਅਰਥ : ਅਨੰਗੀ= (ਅਨ+ਅੰਗੀ) ਸਰੀਰ ਤੋਂ ਬਿਨਾਂ ਭਾਵ ਰੂਪ ਤੋਂ ਬਿਨਾਂ । ਪ੍ਰਭੰਗੀ= ਤੋੜਨ ਵਾਲਾ । ਪ੍ਰਮਾਥੇ= ਦੁਖ ਦੇਣ ਵਾਲਾ । ਬਿਭੂਤੇ= ਸੰਪਦਾ ।

ਅਰਥ : ਹੇ ਨਾਮ ਤੇ ਦੇਹ ਤੋਂ ਰਹਿਤ ! ਹੇ ਸਾਰੇ ਸਰੂਪਾਂ ਵਾਲੇ ! ਹੇ ਦੁਖਦਾਈਆਂ ਨੂੰ ਨਾਸ ਕਰਨ ਵਾਲੇ ! ਹੇ ਸਾਰੀ ਸੰਪਦਾ ਰੂਪ ਤੈਨੂੰ ਨਮਸਕਾਰ ਹੈ ॥੪੯॥

ਕਲੰਕੰ ਬਿਨਾ ਨੇਕਲੰਕੀ ਸਰੂਪੇ ॥
ਨਮੋ ਰਾਜ ਰਾਜੇਸ੍ਵਰੰ ਪਰਮ ਰੂਪੇ ॥੫੦॥

ਅਰਥ : ਕਲੰਕ ਤੋਂ ਬਿਨਾਂ ਹੈ ਤੇ ਕਲੰਕ ਵਾਲੇ ਰੂਪ ਵਾਲਾ ਹੈ । ਰਾਜਿਆਂ ਦੇ ਰਾਜੇਸੂਰ ਤੇ ਪਵਿਤਰ ਰੂਪ ਵਾਲੇ ਨੂੰ ਨਮਸਕਾਰ ਹੈ । ਅਥਵਾ—ਕਾਲਕ ਤਮੋ ਰੂਪ ਤੋਂ ਬਿਨਾਂ ਹੈ ਅਤੇ ਤਮੋ ਸਰੂਪ ਵੀ ਤੂੰ ਹੀ ਹੈਂ। ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ, ਜੋ ਸ੍ਵਰੰ ਉੱਤਮ ਤੇ ਪਰਮ ਮਹਾਨ ਸਰੂਪ ਰੂਪ ਹੈ ॥੫੦॥

ਭਾਵ : ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸ ਆਪ ਹੀ ਸੁਨਾ ॥ (ਸੁਖਮਨੀ) ਕਥਨ ਕੀਤਾ ਹੈ, ਤਾਂ 'ਕਲੰਕ ਤੋਂ ਬਿਨਾਂ' ਤੇ 'ਕਲੰਕ ਸਰੂਪ' ਇਕੋ ਨੂੰ ਕਥਨ ਕਰਨਾ ਅਨੁਚਿਤ ਨਹੀਂ ਹੈ, ਸਾਰੇ ਬੁਰੇ-ਭਲੇ ਸਰੂਪ ਵਾਹਿਗੁਰੂ ਆਪੇ ਹੀ ਹੋ ਰਿਹਾ ਹੈ । ਇਸੇ ਭਾਵ ਨੂੰ ਲੈ ਕੇ ਦੀਵਾਨ ਨੰਦ ਲਾਲ ਜੀ ਨੇ ਕਿਹਾ ਹੈ—

'ਗਾਹੇ ਸੂਫੀ ਗਾਹੇ ਜ਼ਾਹਦ ਗਾਹੇ ਕਲੰਦਰ ਮੇਸ਼ਵਦ ॥
ਰੰਗਹਾਏ ਮੁਖ਼ਤਲਿਫ਼ ਦਾਰਦ ਬੁਤੇ ਅਯਾਰਿ ਮਾ ॥' (ਦੀਵਾਨ ਗੋਯਾ)

ਨਮੋ ਜੋਗ ਜੋਗੇਸ੍ਵਰੰ ਪਰਮ ਸਿੱਧੇ ॥
ਨਮੋ ਰਾਜ ਰਾਜੇਸ੍ਵਰੰ ਪਰਮ ਬ੍ਰਿਧੇ ॥੫੧॥

ਪਦ ਅਰਥ : ਜੋਗੇਸ੍ਵਰੰ= ਯੋਗੀਂਦ੍ਰ । ਸਿੱਧੇ= ਪ੍ਰਸਿੱਧ, ਮਸ਼ਹੂਰ । ਬ੍ਰਿਧੇ= ਵਡੇ ।

ਅਰਥ : ਯੋਗੀਆਂ ਦੇ ਯੋਗੀਰਾਜ ਨੂੰ ਨਮਸਕਾਰ ਹੈ, ਜੋ ਵੱਡਾ ਮਸ਼ਹੂਰ ਹੈ । ਰਾਜਿਆਂ ਦੇ ਮਹਾਰਾਜ ਨੂੰ ਨਮਸਕਾਰ ਹੈ, ਜੋ ਮਹਾਨ ਵੱਡਾ ਹੈ ॥੫੧॥

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥

ਪਦ ਅਰਥ : ਪਾਣੇ= ਹੱਥ ਵਿਚ । ਅਸਤ੍ਰ= ਉਹ ਸ਼ਸਤ੍ਰ ਜੋ ਹੱਥੋਂ ਨਿਕਲ ਕੇ ਮਾਰ ਕਰੇ, ਜੈਸਾ ਕਿ ਤੀਰ, ਚੱਕ੍ਰ ਆਦਿਕ । ਗਿਆਤਾ= ਜਾਣਨ ਵਾਲਾ । ਲੋਕ ਮਾਤਾ= ਜਗਤ ਮਾਤਾ ।

ਅਰਥ : ਸ਼ਸਤ੍ਰਧਾਰੀ ਨੂੰ ਨਮਸਕਾਰ ਹੈ । ਅਸਤ੍ਰ ਮਾਣਨ ਵਾਲੇ ਨੂੰ ਨਮਸਕਾਰ ਹੈ । ਪੂਰਨ ਜਾਣਨਹਾਰ

ਨੂੰ ਨਮਸਕਾਰ ਹੈ। ਜਗਤ ਦੇ ਪਿਤਾ ਮਾਤਾ ਸਰੂਪ ਨੂੰ ਨਮਸਕਾਰ ਹੈ ॥੫੨॥

ਅਭੇਖੀ ਅਭਰਮੀ ਅਭੋਗੀ ਅਭੁਗਤੇ ॥
ਨਮੋ ਜੋਗ ਜੋਗੇਸੁਰੰ ਪਰਮ ਜੁਗਤੇ ॥੫੩॥

ਪਦ ਅਰਥ : ਅਭਰਮੀ= (ਅਭਰਮ= ਨਿਸਚਾ) ਨਿਸਚੇ ਵਾਲਾ। ਅਭੋਗੇ= ਅਭੋਗਤਾ ਨਾ ਭੋਗਨ ਵਾਲਾ। ਅਭੁਗਤ= ਨਾ ਭੋਗੇ ਜਾਣ ਵਾਲਾ। ਜੁਗਤ= ਜੁੜੇ ਹੋਏ, ਮਿਲੇ ਹੋਏ। ਪਰਮ= ਪੂਰਨ। ਸੁਰੰ= ਆਪਣੇ ਆਪ।

ਅਰਥ : ਭੇਖ ਤੋਂ ਰਹਿਤ, ਨਿਸਚੇ ਵਾਲੇ, ਨਾ ਭੋਗਨ ਵਾਲੇ ਅਤੇ ਨਾ ਭੋਗੇ ਜਾਣ ਵਾਲੇ ਨੂੰ ਨਮਸਕਾਰ ਹੈ। ਜੋ ਜੋਗੀਆਂ ਵਿਚ ਜੋਗ ਰੂਪ ਹੋ ਕੇ ਆਪਣੇ ਆਪ ਪੂਰਨ ਮਿਲਿਆ ਹੋਇਆ ਹੈ ॥੫੩॥

ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ ॥
ਨਮੋ [1]ਪ੍ਰੇਤ ਅਪ੍ਰੇਤ ਦੇਵੇ ਸੁਧਰਮੇ[2] ॥੫੪॥

ਪਦ ਅਰਥ : ਨਾਰਾਇਣੇ= ਨਾਰਾਯਣੀ ਗੰਗਾ (੨) ਲਛਮੀ, ਭਾਵ-ਸੁਖ ਦੇਣ ਵਾਲੀ ਸ਼ਕਤੀ। ਕ੍ਰੂਰ ਕਰਮੇ= ਉਹ ਕਰਮ ਕਰਨ ਵਾਲਾ, ਜਿਸ ਨਾਲ ਦੂਜੇ ਨੂੰ ਦੁੱਖ ਪੁਜੇ। ਪ੍ਰੇਤ= ਬਹੁਤ ਚਲਾਕ ਅਤੇ ਕੰਜੂਸ ਆਦਮੀ। ਅਪ੍ਰੇਤ= ਨੇਕ ਅਤੇ ਉਦਾਰਾਤਮਾ ਪੁਰਖ। ਦੇਵੇਸੁ= ਦੇਵ+ਏਸ= ਰਾਜਾ ਇੰਦ੍ਰ। ਸੁਧਰਮਾ= ਦੇਵ ਸਭਾ।

ਅਰਥ : ਉਸ ਨੂੰ ਨਮਸਕਾਰ ਹੈ, ਜੋ ਸਦਾ ਸੁਖ ਦੇਂਦਾ ਹੈ ਅਤੇ ਦੂਜੇ ਨੂੰ ਦੁਖ ਦੇਣ ਦੇ ਕਰਮ ਕਰਦਾ ਹੈ। ਉਸ ਨੂੰ ਨਮਸਕਾਰ ਹੈ, ਜੋ ਪ੍ਰੇਤ ਅਪ੍ਰੇਤ, ਇੰਦਰ ਅਤੇ ਦੇਵ ਸਭਾ ਰੂਪ ਹੈ ॥੫੪॥

ਭਾਵ : ਇਸ ਛੰਦ ਵਿਚ 'ਦ੍ਵੰਦ ਭਾਵ' ਦਾ ਕਥਨ ਕੀਤਾ ਹੈ, ਕਿ ਉਹ ਆਪੇ ਹੀ ਬੁਰਾ ਤੇ ਭਲਾ ਸਰੂਪ ਹੋ ਰਿਹਾ ਹੈ।

ਨਮੋ ਰੋਗ ਹਰਤਾ ਨਮੋ ਰਾਗ ਰੂਪੇ ॥
ਨਮੋ ਸਾਹ ਸਾਹੰ ਨਮੋ ਭੂਪ ਭੂਪੇ ॥੫੫॥

ਪਦ ਅਰਥ : ਰਾਗ= ਪ੍ਰੇਮ।

ਅਰਥ : ਰੋਗ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਪ੍ਰੇਮ ਸਰੂਪ ਨੂੰ ਨਮਸਕਾਰ ਹੈ। ਸ਼ਾਹਾਂ ਦੇ ਸ਼ਾਹ ਨੂੰ ਨਮਸਕਾਰ ਹੈ। ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ ॥੫੫॥

ਨਮੋ ਦਾਨ ਦਾਨੇ ਨਮੋ ਮਾਨ ਮਾਨੇ ॥
ਨਮੋ ਰੋਗ ਰੋਗੇ ਨਮਸਤੰ ਸਨਾਨੇ ॥੫੬॥

ਪਦ ਅਰਥ : ਦਾਨੇ= ਦੇਣ ਵਾਲੇ। ਮਾਨੇ= ਮਾਣਨ ਵਾਲੇ। ਰੋਗ ਰੋਗੇ= ਰੋਗ ਨੂੰ ਰੋਗ ਭਾਵ ਰੋਗ ਨਾਸਕ। ਸਨਾਨੇ= ਸੁਧਤਾ, ਸੁਸੱਥਾਵਸਥਾ, ਰੋਗ ਰਹਿਤ ਦਸ਼ਾ।

ਅਰਥ : ਦਾਨ ਦੇਣ ਵਾਲੇ ਨੂੰ ਨਮਸਕਾਰ ਹੈ। ਸਨਮਾਨ ਮਾਨਣ ਵਾਲੇ ਨੂੰ ਨਮਸਕਾਰ ਹੈ। ਰੋਗ ਨਾਸਕ

---

੧. ਵੇਖੋ ਹਿੰਦੀ ਸ਼ਬਦ ਸਾਗਰ, ਸਫਾ ੨੨੭੯।

੨. 'ਦੇਵੇਸ+ਸੁਧਰਮਾ' ਦਾ ਇਕ ਸੱਸਾ ਲੁਪਤ ਹੈ। ਵੇਖੋ ਪੰਜਾਬੀ ਮਹਾਨ ਕੋਸ਼ ਵਿਚ 'ਦੇਵੇਸੁਧਰਮੇ'।

ਨੂੰ ਨਮਸਕਾਰ ਹੈ। ਸ਼ੁਧ ਸਰੂਪ ਨੂੰ ਨਮਸਕਾਰ ਹੈ ॥੫੬॥

ਨਮੋ ਮੰਤ੍ਰ ਮੰਤ੍ਰੰ ॥ ਨਮੋ ਜੰਤ੍ਰ ਜੰਤ੍ਰੰ ॥
ਨਮੋ ਇਸਟ ਇਸਟੇ ॥ ਨਮੋ ਤੰਤ੍ਰ ਤੰਤ੍ਰੰ ॥੫੭॥

ਪਦ ਅਰਥ : ਮੰਤ੍ਰ= ਕਿਸੇ ਦੇਵਤੇ ਨੂੰ ਰਿਝਾਉਣ ਜਾਂ ਕਾਰਜ ਸਿੱਧੀ ਲਈ ਜਪਣ ਯੋਗ ਸ਼ਬਦ (ਤੰਤ੍ਰ ਸ਼ਾਸਤ੍ਰ)। ਜੰਤ੍ਰ= (ਯੰਤ੍ਰ) ਤਵੀਜ਼, ਰਖਿਆ, ਟੂਣੇ, ਕਾਗਜ਼ ਉਪਰ ਖਾਨੇ ਬਣਾ ਕੇ ਉਨ੍ਹਾਂ ਵਿਚ ਅੰਕ ਜਾਂ ਅੱਖਰ ਲਿਖਣਾ ਯੰਤ੍ਰ ਕਹਾਉਂਦਾ ਹੈ (ਤੰਤ੍ਰ ਸ਼ਾਸਤ੍ਰ)। ਤੰਤ੍ਰ= ਝਾੜਨੇ ਫੂਕਨੇ ਦਾ ਮੰਤ੍ਰ, ਉਹ ਮੰਤ੍ਰ ਜਿਸ ਨੂੰ ਪੜ੍ਹ ਕੇ ਫੂਕਾਂ ਮਾਰੀਆਂ ਜਾਂਦੀਆਂ ਹਨ, ਤੰਤ੍ਰ ਕਹਾਉਂਦਾ ਹੈ (ਤੰਤ੍ਰ ਸ਼ਾਸਤ੍ਰ)। ਮੰਤ੍ਰੰ= (ਮੰਤ੍ਰਗਯ) ਮੰਤ੍ਰ ਜਾਣਨ ਵਾਲਾ। ਜੰਤ੍ਰੰ= (ਜੰਤ੍ਰਗਯ) ਜੰਤ੍ਰ ਜਾਨਣ ਵਾਲਾ। ਤੰਤ੍ਰੰ= (ਤੰਤ੍ਰਗਯ) ਤੰਤ੍ਰ ਜਾਨਣ ਵਾਲਾ। ਇਸਟ= ਪੂਜਿਤ, ਉਹ ਦੇਵਤਾ ਜਿਸ ਦੀ ਪੂਜਾ ਕੀਤੀ ਜਾਏ। ਇਸਟੇ= ਜਿਸ ਨੂੰ ਦੇਵਤਾ ਸਿੱਧ ਹੋਵੇ। ਤੰਤ੍ਰੰ= ਜਿਸ ਨੂੰ ਤੰਤ੍ਰ ਸਿੱਧ ਹੋਵੇ।

ਅਰਥ : ਮੰਤ੍ਰ ਅਤੇ ਮੰਤ੍ਰਗ ਨੂੰ ਨਮਸਕਾਰ ਹੈ। ਜੰਤ੍ਰ ਅਤੇ ਜੰਤ੍ਰਗ ਨੂੰ ਨਮਸਕਾਰ ਹੈ। ਤੰਤ੍ਰ ਅਤੇ ਤੰਤ੍ਰਗ ਨੂੰ ਨਮਸਕਾਰ ਹੈ। ਇਸ਼ਟ ਅਤੇ ਇਸ਼ਟੇ ਨੂੰ ਨਮਸਕਾਰ ਹੈ। ਤੰਤ੍ਰ ਅਤੇ ਤੰਤ੍ਰ ਸਿੱਧ ਪੁਰਸ਼ ਨੂੰ ਨਮਸਕਾਰ ਹੈ ॥੫੭॥

ਸਦਾ ਸੱਚਦਾਨੰਦ ਸਰਬੰ ਪ੍ਰਣਾਸੀ ॥
ਅਨੂਪੇ ਅਰੂਪੇ ਸਮਸਤੁਲ ਨਿਵਾਸੀ ॥੫੮॥

ਪਦ ਅਰਥ : ਸੱਚਦਾਨੰਦ= ਸੱਤ, ਚੇਤੰਨ ਤੇ ਅਨੰਦ। ਸਮਸਤੁਲ= ਸਾਰਿਆਂ ਵਿਚ ਇਕ ਸਾਰ।

ਅਰਥ : ਹਮੇਸ਼ਾਂ ਹੀ ਸੱਤ, ਚੇਤੰਨ ਤੇ ਅਨੰਦ ਹੈ ਅਤੇ ਸਭਨਾਂ ਦੇ ਨਾਸ ਕਰਨ ਵਾਲਾ ਹੈ। ਉਪਮਾ ਤੋਂ ਰਹਿਤ, ਰੂਪ ਤੋਂ ਰਹਿਤ, ਅਤੇ ਸਭਨਾਂ ਵਿਚ ਇਕ ਸਾਰ ਵੱਸ ਰਿਹਾ ਹੈ ॥੫੮॥

ਸਦਾ ਸਿਧਦਾ ਬੁਧਦਾ ਬ੍ਰਿਧ ਕਰਤਾ ॥
ਅਧੋ ਉਰਧ ਅਰਧੰ ਅਘੰ ਓਘ ਹਰਤਾ ॥੫੯॥

ਪਦ ਅਰਥ : ਦਾ= ਦੇਣ ਵਾਲਾ। ਬ੍ਰਿਧ= ਵਾਧਾ। ਅਧੋ= ਹੇਠਾਂ। ਉਰਧ= ਉਤਾਹਾਂ। ਅਰਧ= ਵਿਚਾਲੇ ਭਾਵ ਨੀਚ, ਊਚ ਤੇ ਮੱਧਮ। ਅਘੰ= ਪਾਪ। ਓਘ= ਸਾਰੇ।

ਅਰਥ : ਹਮੇਸ਼ਾਂ ਸਿੱਧੀ ਦੇਣ ਵਾਲਾ, ਬੁਧੀ ਦੇਣ ਵਾਲਾ ਅਤੇ ਵਾਧਾ ਕਰਨ ਵਾਲਾ ਹੈ। ਉੱਤਮ ਮੱਧਮ ਤੇ ਕਨਿਸ਼ਟ (ਤਰ੍ਹਾਂ ਦੇ) ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ।

(੨) ਅਥਵਾ—ਸਦਾ ਸਿੱਧੀ ਦੇਣ ਵਾਲੀ ਬੁਧੀ ਦਾ ਵਾਧਾ ਕਰਦਾ ਹੈ, ਅਤੇ ਨੀਚ ਨੂੰ ਊਚ (ਕਰਨ ਵਿਚ ਰੋਕ ਪਾਣ ਵਾਲੇ) ਸਾਰੇ ਪਾਪਾਂ ਨੂੰ (ਅਰਧ) ਵਿਚੋਂ ਦੂਰ ਕਰਦਾ ਹੈ, ਭਾਵ ਨੀਚਾਂ ਦੀ ਨੀਚਤਾ ਨੂੰ ਦੂਰ ਕਰਕੇ ਉਨ੍ਹਾਂ ਨੂੰ ਉੱਚਾ ਕਰਦਾ ਹੈ ॥੫੯॥

ਪਰੰ ਪਰਮ ਪਰਮੇਸ੍ਵਰੰ ਪ੍ਰੋਛ ਪਾਲੰ ॥
ਸਦਾ ਸਰਬਦਾ ਸਿੱਧ ਦਾਤਾ ਦਿਆਲੰ ॥੬੦॥

ਪਦ ਅਰਥ : ਪਰੰ= ਪਿਤਰ। ਪਰਮ= ਦੇਵਤੇ। ਪਰਮ= ਬ੍ਰਹਮਾਦਿਕ। ਈਸ਼ਵਰ= ਸਵਾਮੀ। ਪ੍ਰੋਛ= ਪ੍ਰੋਖ, ਗੁਪਤ ਰੂਪ। ਸਰਬਦਾ= ਸਾਰੇ ਸਮਿਆਂ ਵਿੱਚ।

ਅਰਥ : ਜੀਵਾਂ ਤੋਂ ਪਰੇ (ਪਿੱਤਰ, ਉਨ੍ਹਾਂ ਤੋਂ) ਪਰੇ ਦੇਵਤੇ, (ਉਨ੍ਹਾਂ ਤੋਂ) ਪਰੇ ਬ੍ਰਹਮਾਦਿਕਾਂ ਦਾ ਸਵਾਮੀ (ਵਾਹਿਗੁਰੂ) ਗੁਪਤ ਰੂਪ ਨਾਲ ਸਭ ਦੀ ਪਾਲਣਾ ਕਰਦਾ ਹੈ। (ਉਹ) ਦਿਆਲੂ ਦਾਤਾ ਹਮੇਸ਼ਾਂ ਸਾਰੇ ਸਮਿਆਂ ਵਿਚ ਪ੍ਰਸਿੱਧ ਹੈ ॥੬੦॥

ਅਛੇਦੀ ਅਭੇਦੀ ਅਨਾਮੰ ਅਕਾਮੰ॥
ਸਮਸਤੋ ਪਰਾਜੀ ਸਮਸਤਸਤੁ ਧਾਮੰ ॥੬੧॥

ਪਦ ਅਰਥ : ਸਮਸਤੋਪਰਾਜੀ= (ਸਮਸਤ+ਉਪਰਾਜੀ) ਸਾਰੀ ਪੈਦਾ ਕੀਤੀ ਹੈ। ਧਾਮੰ= ਆਸਰਾ ਹੈ।

ਅਰਥ : (ਉਹ) ਕੱਟਿਆ ਨਹੀਂ ਜਾਂਦਾ, ਤੋੜਿਆ ਨਹੀਂ ਜਾਂਦਾ, ਨਾਮ ਤੋਂ ਬਿਨਾਂ ਹੈ, ਵਾਸ਼ਨਾ ਤੋਂ ਬਿਨਾਂ ਹੈ। ਸਾਰੀ ਦੁਨੀਆਂ (ਉਸ ਨੇ) ਪੈਦਾ ਕੀਤੀ ਹੈ ਅਤੇ ਸਾਰੀ ਦੁਨੀਆਂ (ਦਾ ਓਹੀ) ਆਸਰਾ ਹੈ ॥੬੧॥

ਤੇਰਾ ਜੋਰੁ ॥* ਚਾਚਰੀ ਛੰਦ ॥

ਜਲੇ ਹੈਂ॥ ਥਲੇ ਹੈਂ॥ ਅਭੀਤ ਹੈਂ॥ ਅਭੇ ਹੈਂ ॥੬੨॥
ਪ੍ਰਭੂ ਹੈਂ॥ ਅਜੂ ਹੈਂ॥ ਅਦੇਸ ਹੈਂ॥ ਅਭੇਸ ਹੈਂ ॥੬੩॥

ਪਦ ਅਰਥ : ਪ੍ਰਭੂ= ਸਵਾਮੀ।

ਅਰਥ : (ਤੂੰ) ਜਲ ਵਿਚ ਹੈਂ, ਥਲ ਵਿਚ ਹੈਂ, ਪੜਦੇ ਤੋਂ ਬਿਨਾਂ ਹੈ, ਡਰ ਤੋਂ ਬਿਨਾਂ ਹੈਂ ॥੬੨॥ (ਸਭ ਦਾ) ਸਵਾਮੀ ਹੈਂ, ਜਨਮ ਤੋਂ ਬਿਨਾਂ ਹੈਂ, ਦੇਸ ਤੋਂ ਬਿਨਾਂ ਹੈਂ, ਭੇਸ ਤੋਂ ਬਿਨਾਂ ਹੈਂ ॥੬੩॥

ਭੁਜੰਗ ਪ੍ਰਯਾਤ ਛੰਦ॥

ਅਗਾਧੇ ਅਬਾਧੇ॥ ਅਨੰਦੀ ਸਰੂਪੇ॥
ਨਮੋ ਸਰਬ ਮਾਨੇ॥ ਸਮਸਤੀ ਨਿਧਾਨੇ ॥੬੪॥

ਪਦ ਅਰਥ : ਨਿਧਾਨੇ= ਖ਼ਜ਼ਾਨਾ ਹੈ।

ਅਰਥ : ਹੇ ਅਗਾਧ! ਹੇ ਅਬਾਧ! ਹੇ ਅਨੰਦ ਸਰੂਪ ਵਾਲੇ! ਤੇ ਸਾਰਿਆਂ ਦੇ ਮਾਨ ਰੂਪ (ਤੈਨੂੰ) ਨਮਸਕਾਰ ਹੈ, (ਤੂੰਹੀ) ਸਾਰੇ ਪਦਾਰਥਾਂ ਦਾ ਖ਼ਜ਼ਾਨਾ ਹੈਂ ॥੬੪॥

ਨਮਸਤੂੰ ਨ੍ਰਿਨਾਥੇ॥ ਨਮਸਤੂੰ ਪ੍ਰਮਾਥੇ॥
ਨਮਸਤੂੰ ਅਗੰਜੇ॥ ਨਮਸਤੂੰ ਅਭੰਜੇ ॥੬੫॥

ਪਦ ਅਰਥ : ਪ੍ਰਮਾਥੇ= ਪੂਰਨ ਵਿਚਾਰ ਕਰਨ ਵਾਲੇ।

---

* *ਤੇਰਾ ਬਲ, ਤੇਰੀ ਤਾਕਤ। ਇਹ ਪਦ ਕਈ ਛੰਦਾਂ ਦੇ ਮੁੱਢ ਵਿਚ ਆਉਂਦਾ ਹੈ, ਇਸ ਦਾ ਭਾਵ ਇਹ ਹੈ, ਕਿ ਮੈਂ ਜੋ ਕੁਛ ਕਥਨ ਕਰਦਾ ਹਾਂ, ਸਭ ਤੇਰੀ ਤਾਕਤ ਹੈ।*

ਅਰਥ : ਹੇ ਸਵਾਮੀ ਤੋਂ ਬਿਨਾਂ ! ਤੈਨੂੰ ਨਮਸਕਾਰ ਹੈ। ਹੇ ਪੂਰਨ ਵਿਚਾਰ ਕਰਨ ਵਾਲੇ ! ਤੈਨੂੰ ਨਮਸਕਾਰ ਹੈ। ਹੇ ਅਗੰਜ ! ਤੈਨੂੰ ਨਮਸਕਾਰ ਹੈ। ਹੇ ਨਾ ਭੱਜਣ ਵਾਲੇ ! ਤੈਨੂੰ ਨਮਸਕਾਰ ਹੈ ॥੬੫॥

ਨਮਸਤੂੰ ਅਕਾਲੇ ॥ ਨਮਸਤੂੰ ਅਪਾਲੇ ॥
ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥

ਪਦ ਅਰਥ : *ਅਕਾਲ= (ਅ= ਉਤਪਤੀ ਕਰਨ ਵਾਲਾ+ਕਾਲੇ) ਉਤਪਤੀ ਕਰਨ ਵਾਲਾ ਤੇ ਮਾਰਨ ਵਾਲਾ। *ਅਪਾਲੇ= (ਅ=ਵਿਸ਼ੂ+ਪਾਲ) ਸੰਸਾਰ ਦੀ ਪਾਲਣਾ ਕਰਨ ਵਾਲਾ।

ਅਰਥ : ਉਤਪਤੀ ਕਰਨ ਵਾਲੇ ਤੇ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਜਗਤ ਦੀ ਪਾਲਣਾ ਕਰਨ ਵਾਲੇ ਨੂੰ ਨਮਸਕਾਰ ਹੈ। ਸਾਰੇ ਦੇਸਾਂ ਵਾਲੇ ਨੂੰ ਨਮਸਕਾਰ ਹੈ। ਸਾਰੇ ਭੇਸਾਂ ਵਾਲੇ ਨੂੰ ਨਮਸਕਾਰ ਹੈ ॥੬੬॥

ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥
ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥

ਪਦ ਅਰਥ : ਰਾਜ= (ਰਾਜ਼) ਗੁਪਤ ਭੇਦ। ਰਾਜੇ= ਪ੍ਰਕਾਸ਼ਨ ਵਾਲਾ। ਸਾਜ= ਲਾਭ। ਸਾਜੇ= ਬਨਾਉਣਾ। ਸ਼ਾਹ= ਸਵਾਮੀ। ਸ਼ਾਹੇ= ਸੁਾਸਾਂ ਦੇ। ਮਾਹ= ਚੰਦਰਮਾ। ਮਾਹੇ= ਪ੍ਰਕਾਸ਼ਕ।

ਅਰਥ : ਗੁਪਤ ਭੇਦ ਦੇ ਪ੍ਰਕਾਸ਼ਕ ਨੂੰ ਨਮਸਕਾਰ ਹੈ। ਲਾਭ ਬਨਾਉਣ ਵਾਲੇ ਨੂੰ ਨਮਸਕਾਰ ਹੈ। ਸੁਾਸਾਂ ਦੇ ਸੁਆਮੀ ਨੂੰ ਨਮਸਕਾਰ ਹੈ। ਚੰਦਰਮਾ ਦੇ ਪ੍ਰਕਾਸ਼ ਰੂਪ ਨੂੰ ਨਮਸਕਾਰ ਹੈ ॥੬੭॥

ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥
ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੬੮॥

ਪਦ ਅਰਥ : ਗੀਤ= ਵਡਿਆਈ, ਜਸ। ਗੀਤੇ= ਵਡਿਆਈ ਯੋਗ। ਪ੍ਰੀਤੇ= ਪ੍ਰੀਤਮ। ਰੋਖ= ਜੋਸ਼। ਰੋਖੇ= ਜੋਸ਼ ਵਾਲਾ। ਸੋਖ= (ਸ਼ੋਖ) ਤੇਜ। ਸੋਖੇ= ਤੇਜ ਵਾਲਾ।

ਅਰਥ : ਜਸ ਤੇ ਜਸ ਵਾਲੇ ਨੂੰ ਨਮਸਕਾਰ ਹੈ। ਪ੍ਰੀਤ ਤੇ ਪ੍ਰੀਤਮ ਨੂੰ ਨਮਸਕਾਰ ਹੈ। ਜੋਸ਼ ਤੇ ਜੋਸ਼ ਵਾਲੇ ਨੂੰ ਨਮਸਕਾਰ ਹੈ। ਤੇਜ ਤੇ ਤੇਜ ਵਾਲੇ ਨੂੰ ਨਮਸਕਾਰ ਹੈ ॥੬੮॥

ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥
ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੬੯॥

ਅਰਥ : ਸਾਰੇ ਰੋਗ ਰੂਪ ਨੂੰ ਨਮਸਕਾਰ ਹੈ। ਸਾਰੇ ਭੋਗ ਰੂਪ ਨੂੰ ਨਮਸਕਾਰ ਹੈ। ਸਭਨਾਂ ਨੂੰ ਜਿੱਤਣ ਵਾਲੇ ਨੂੰ ਨਮਸਕਾਰ ਹੈ। ਸਭਨਾਂ ਨੂੰ (ਭੀਤ) ਡਰ ਦੇਣ ਵਾਲੇ ਨੂੰ ਨਮਸਕਾਰ ਹੈ ॥੬੯॥

ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥
ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭੦॥

ਪਦ ਅਰਥ : ਗਿਆਨੰ= ਜਾਣਨ ਵਾਲੇ। ਤਾਨੰ= ਬਲ ਵਾਲੇ।

---

* *ਵੇਖੋ ਹਿੰਦੀ ਸ਼ਬਦ ਸਾਗਰ ਸਫਾ ੨੮ ਅਤੇ ਮਹਾਨ ਕੋਸ਼ ਸਫਾ ੬੯।*

ਅਰਥ : ਸਭ ਦੇ ਜਾਣਨ ਵਾਲੇ ਨੂੰ ਨਮਸਕਾਰ ਹੈ। ਵਡੇ ਬਲ ਵਾਲੇ ਨੂੰ ਨਮਸਕਾਰ ਹੈ। ਸਾਰੇ ਮੰਤ੍ਰਾਂ ਦੇ ਗਿਆਤੇ ਨੂੰ ਨਮਸਕਾਰ ਹੈ। ਸਾਰੇ ਜੰਤ੍ਰਾਂ ਦੇ ਗਿਆਤੇ ਨੂੰ ਨਮਸਕਾਰ ਹੈ ॥੭੦॥

ਨਮੋ ਸਰਬ ਦ੍ਰਿੱਸੰ ॥ ਨਮੋ ਸਰਬ ਕ੍ਰਿੱਸੰ ॥
ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੭੧॥

ਪਦ ਅਰਥ : ਦ੍ਰਿੱਸੰ= ਵੇਖਣ ਵਾਲੇ। ਕ੍ਰਿੱਸੰ= ਖਿੱਚਣ ਵਾਲੇ। ਤ੍ਰਿਭੰਗੀ= ਤਿੰਨਾਂ ਦੇ ਨਾਸਕ। ਰੰਗੇ= ਅਨੰਦਾਂ ਵਾਲੇ। ਅਨੰਗੀ= (ਅਨ+ਅੰਗੀ) ਅਕਾਰ ਤੋਂ ਰਹਿਤ।

ਅਰਥ : ਸਭ ਨੂੰ ਵੇਖਣ ਵਾਲੇ ਨੂੰ ਨਮਸਕਾਰ ਹੈ। ਸਭ ਨੂੰ ਖਿੱਚਣ ਵਾਲੇ ਨੂੰ ਨਮਸਕਾਰ ਹੈ। ਸਾਰੇ ਅਨੰਦਾਂ ਵਾਲੇ ਨੂੰ ਨਮਸਕਾਰ ਹੈ। ਤਿੰਨਾਂ (ਲੋਕਾਂ) ਦੇ ਨਾਸ ਕਰਨ ਵਾਲੇ ਨਿਰਾਕਾਰ ਨੂੰ ਨਮਸਕਾਰ ਹੈ ॥੭੧॥

ਨਮੋ ਜੀਵ ਜੀਵੰ ॥ ਨਮੋ ਬੀਜ ਬੀਜੇ ॥
ਅਖਿੱਜੇ ਅਭਿੱਜੇ ॥ ਸਮਸਤੰ ਪ੍ਰਸਿੱਜੇ ॥੭੨॥

ਪਦ ਅਰਥ : ਬੀਜ= ਕਾਰਣ। ਬੀਜੇ= ਆਦਿ ਕਾਰਣ। ਪ੍ਰਸਿੱਜੇ= ਪ੍ਰਸੰਨ ਹੋਣਾ।

ਅਰਥ : ਜੀਵਾਂ ਦੇ ਜੀਵਨ ਰੂਪ ਨੂੰ ਨਮਸਕਾਰ ਹੈ। (ਜਗਤ ਦੇ) ਕਾਰਣਾਂ ਦੇ ਆਦਿ ਕਾਰਣ ਨੂੰ ਨਮਸਕਾਰ ਹੈ। ਨਾ ਖਿੱਝਣ ਵਾਲੇ ਤੇ ਨਾ ਭਿੱਜਣ ਵਾਲੇ (ਨੂੰ ਨਮਸਕਾਰ ਹੈ ਅਤੇ) ਸਭਨਾਂ ਉਤੇ ਪ੍ਰਸੰਨ ਹੋਣ ਵਾਲੇ ਨੂੰ ਨਮਸਕਾਰ ਹੈ ॥੭੨॥

ਕ੍ਰਿਪਾਲੰ ਸਰੂਪੇ ਕੁਕਰਮੰ ਪ੍ਰਣਾਸੀ ॥
ਸਦਾ ਸਰਬਦਾ ਰਿਧਿ ਸਿਧੰ ਨਿਵਾਸੀ ॥੭੩॥

ਅਰਥ : ਕ੍ਰਿਪਾਲੂ ਸਰੂਪ ਹੈ। ਬੁਰੇ ਕਰਮਾਂ ਨੂੰ ਨਾਸ ਕਰਨ ਵਾਲਾ ਹੈ। ਹਮੇਸ਼ਾਂ ਹੀ ਸਾਰੇ ਸਮਿਆਂ ਵਿਚ ਰਿੱਧਾਂ ਸਿੱਧਾਂ ਦਾ ਨਿਵਾਸ ਸਥਾਨ ਹੈ ॥੭੩॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥

ਅੰਮ੍ਰਿੱਤ ਕਰਮੇ ॥ ਅੰਬ੍ਰਿਤ ਧਰਮੇ ॥ ਅਖੱਲ ਜੋਗੇ ॥ ਅਚੱਲ ਭੋਗੇ ॥੭੪॥

ਪਦ ਅਰਥ : ਅੰਮ੍ਰਿੱਤ= (ਅਮ੍ਰਿਤਤ) ਅਮਰ। ਅੰਬ੍ਰਿਤ= ਅਖੰਡ। ਅਖੱਲ= ਸਮੂਹ। ਭੋਗੇ= ਪਦਾਰਥ।

ਅਰਥ : ਅਮਰ ਕਰਨ ਵਾਲਾ ਹੈ। ਅਖੰਡ ਧਰਮ ਵਾਲਾ ਹੈ। ਸਭ ਨਾਲ ਜੁੜਿਆ ਹੋਇਆ ਹੈ ਅਤੇ ਅਚਲ ਪਦਾਰਥ ਹੈ ॥੭੪॥

ਅਚੱਲ ਰਾਜੇ ॥ ਅਟੱਲ ਸਾਜੇ ॥ ਅਖੱਲ ਧਰਮੰ ॥ ਅਲੱਖ ਕਰਮੰ ॥੭੫॥

ਪਦ ਅਰਥ : ਅਚੱਲ= ਪਹਾੜ, ਸਥਿਰ। ਅਲੱਖ= (ਅਲਖ) ਨਾ ਦਿੱਸਣ ਵਾਲਾ।

ਅਰਥ : ਸਥਿਰ ਰਾਜ ਵਾਲਾ ਹੈ। ਅਹਿੱਲ ਸਾਜ ਵਾਲਾ ਹੈ। ਸਾਰੇ ਧਰਮਾਂ ਵਾਲਾ ਹੈ। ਨਾ ਦਿੱਸਣ ਵਾਲੇ ਕਰਮਾਂ ਵਾਲਾ ਹੈ ॥੭੫॥

ਸਰਬੰ ਦਾਤਾ ॥ ਸਰਬੰ ਗਿਆਤਾ ॥ ਸਰਬੰ ਭਾਨੇ ॥ ਸਰਬੰ ਮਾਨੇ ॥੭੬॥

ਪਦ ਅਰਥ : ਭਾਨੇ= ਪ੍ਰਕਾਸ਼ਕ । ਮਾਨੇ= ਭੋਗਦਾ ਹੈ ।

ਅਰਥ : ਸਭ ਨੂੰ ਦੇਣ ਵਾਲਾ ਹੈ। ਸਭ ਨੂੰ ਜਾਣਨ ਵਾਲਾ ਹੈ। ਸਭ ਦਾ ਪ੍ਰਕਾਸ਼ਕ ਹੈ। ਸਭ ਨੂੰ ਮਾਣਦਾ ਹੈ ॥੭੬॥

ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥ ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥

ਪਦ ਅਰਥ : ਤ੍ਰਾਣੰ= ਰਾਖਾ ।

ਅਰਥ : ਸਭ ਦੇ ਪ੍ਰਾਣ ਹੈ । ਸਭ ਦਾ ਰਾਖਾ ਹੈ । ਸਭ ਨੂੰ ਭੋਗਣ ਵਾਲਾ ਹੈ । ਸਭ ਨਾਲ ਜੁੜਿਆ ਹੋਇਆ ਹੈ ॥੭੭॥

ਸਰਬੰ ਦੇਵੰ ॥ ਸਰਬੰ ਭੇਵੰ ॥ ਸਰਬੰ ਕਾਲੇ ॥ ਸਰਬੰ ਪਾਲੇ ॥੭੮॥

ਪਦ ਅਰਥ : ਦੇਵੰ= ਪੂਜਜ ਪੁਰਖ । ਭੇਵੰ= ਗੁਪਤ ਰਹਸਜ।

ਅਰਥ : ਸਭ ਦਾ ਪੂਜਜ ਪੁਰਖ ਹੈ । ਸਭ ਤੋਂ ਗੁਪਤ ਹੈ । ਸਭ ਨੂੰ ਮਾਰਦਾ ਹੈ । ਸਭ ਨੂੰ ਪਾਲਦਾ ਹੈ ॥੭੮॥

ਰੂਆਲ ਛੰਦ ॥ ਤ੍ਵ ਪ੍ਰਸਾਦਿ ॥

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ ॥

ਅਰਥ : (ਤੂੰ ਸਭ ਦਾ) ਆਦਿ ਹੈਂ, (ਤੇਰੇ) ਰੂਪ ਦਾ ਆਦਿ ਨਹੀਂ ਹੈ, ਅਜੋਨੀ ਸਰੂਪ ਹੈਂ ਅਤੇ ਅਪਾਰ ਪੁਰਖ ਹੈਂ ।

ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ ॥

ਅਰਥ : ਸਭ ਦਾ ਮਾਨ ਹੈਂ, ਤਿੰਨ ਦੇਵਤੇ (ਤੈਨੂੰ) ਮੰਨਦੇ ਹਨ, ਭੇਵ ਤੋਂ ਬਿਨਾਂ ਤੇ ਮੁਢ ਤੋਂ ਦਾਤਾ ਹੈਂ ।

ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ ॥

ਪਦ ਅਰਥ : ਘਾਲਕ= ਪ੍ਰੇਰਦਾ ਹੈਂ ।

ਅਰਥ : ਸਭ ਦੀ ਪਾਲਨਾ ਕਰਦਾ ਹੈਂ, ਸਭ ਨੂੰ ਪ੍ਰੇਰਦਾ ਹੈਂ ਅਤੇ ਸਭ ਨੂੰ ਨਾਸ ਕਰਦਾ ਹੈਂ।

ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥੭੯॥

ਪਦ ਅਰਥ : ਅਵਧੂਤ= ਸੰਤ । ਰਸਾਲ= ਦਿਆਲੂ ।

ਅਰਥ : ਜਿਥੇ ਕਿਥੇ ਦਿਆਲੂ ਸੰਤ ਰੂਪ (ਹੋ ਕੇ ਤੂੰ ਹੀ) ਬਿਰਾਜ ਰਿਹਾ ਹੈਂ ॥੭੯॥

ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ ॥

ਅਰਥ : (ਜਾਕਰ) ਜਿਸ ਦਾ ਨਾਮ, ਧਾਮ, ਰੂਪ, ਰੰਗ ਰੇਖ (ਭੇਖ ਤੇ) ਜਾਤੀ ਨਹੀਂ ਹੈ।

ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ ॥

ਅਰਥ : ਪਹਿਲਾ ਪੁਰਖ ਹੈ, ਉਦਾਰ ਮੂਰਤੀ ਹੈ, ਪੈਦਾਇਸ਼ ਤੋਂ ਬਿਨਾਂ ਅਤੇ ਮੁੱਢ ਤੋਂ ਹੀ [ਅਸੇਖ]

ਪੂਰਨ ਰੂਪ ਹੈ।

ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥

ਅਰਥ : ਜਿਸ ਦਾ ਦੇਸ, ਭੇਸ ਤੇ ਰੂਪ ਰੇਖ ਨਹੀਂ ਹੈ ਅਤੇ ਨਾ ਹੀ ਕਿਸੇ ਨਾਲ ਰਾਗ (ਦ੍ਵੈਖ) ਹੈ।

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥

ਪਦ ਅਰਥ : ਦਿਸਾ= ਉੱਤਰ, ਦੱਖਣ, ਪੂਰਬ ਤੇ ਪੱਛਮ। ਵਿਸਾ= ਚਾਰੇ ਕੋਨੇ—ਈਸਾਨ, ਨੈਰਤ, ਵਾਯਵ ਤੇ ਅਗਨਿ। ਅਨੁਰਾਗ= ਪ੍ਰੇਮ।

ਅਰਥ : ਜਿਥੇ ਕਿਥੇ ਚੌਹੀਂ ਪਾਸੀਂ ਤੇ ਚੌਹਾਂ ਨੁੱਕਰਾਂ ਵਿਚ ਤੂੰ ਪ੍ਰੇਮ ਰੂਪ ਹੋ ਕੇ ਫੈਲ ਰਿਹਾ ਹੈਂ ॥੮੦॥

ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥

ਅਰਥ : ਜੋ ਨਾਮ ਤੇ ਕਾਮਨਾ ਤੋਂ ਬਿਨਾਂ ਦਿੱਸਦਾ ਹੈ ਅਤੇ ਜਿਸਦਾ ਘਰ ਵੀ ਨਹੀਂ ਹੈ।

ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥

ਅਰਥ : ਸਭ ਦਾ ਮਾਨ ਹੈਂ ਸਭ ਨੂੰ ਮਾਣਦਾ ਹੈਂ (ਅਸੀਂ) ਸਦਾ ਹੀ ਉਸ ਨੂੰ ਮੰਨਦੇ ਹਾਂ।

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥

ਅਰਥ : [ਮੂਰਤਿ] ਦੇਹ ਇਕ ਹੈ ਤੇ ਦਰਸ਼ਨ ਅਨੇਕਾਂ ਹੁੰਦੇ ਹਨ, ਕਿਉਂਕਿ ਉਸ ਨੇ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ।

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥੮੧॥

ਅਰਥ : ਖੇਡਾਂ ਖੇਡ ਕੇ ਖੇਡਣ ਤੋਂ ਅਖੇਡ (ਹੋਵੇਗਾ ਤਾਂ) ਫਿਰ ਅੰਤ ਨੂੰ ਇਕ ਹੀ ਰਹੇਗਾ॥੮੧॥

ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥

ਅਰਥ : ਬੇਦ, ਕਤੇਬ ਅਤੇ ਦੇਵਤੇ ਵੀ ਜਿਸ ਦਾ ਭੇਦ ਜਾਣਦੇ ਨਹੀਂ ਹਨ।

ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿੰਹ ਜੇਬ॥

ਪਦ ਅਰਥ : ਸੁ= ਉਸ ਨੂੰ। ਜੇਬ= ਜੈਸਾ।

ਅਰਥ : ਜਿਸ ਦਾ ਰੂਪ, ਰੰਗ, ਜਾਤ, ਪਾਤ ਨਹੀਂ ਹੈ, ਉਸ ਨੂੰ (ਕਿਸ) ਜੈਸਾ ਜਾਣਿਆ ਜਾਵੇ?

ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥

ਪਦ ਅਰਥ : ਤਾਤ= ਪਿਤਾ। ਜਾਤ= ਜੈਸਾ।

ਅਰਥ : ਜਿਸ ਦਾ ਪਿਤਾ ਮਾਤਾ ਨਹੀਂ ਜਾਣੀਦਾ, ਅਤੇ ਜੋ ਜਨਮ ਮਰਨ ਤੋਂ ਰਹਿਤ ਹੈ।

ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ ॥੮੨॥

ਪਦ ਅਰਥ : ਚੱਕ੍ਰ= ਇੱਕ ਤਰ੍ਹਾਂ ਦਾ ਗੋਲ ਅਸਤ੍ਰ ਚੱਕਰ। ਬੱਕ੍ਰ= ਤੇਜ਼ੀ ਨਾਲ ਭੌਂਦਾ ਹੋਇਆ। ਚਤੁਰ ਚੱਕ= ਚਾਰੇ ਚੱਕ੍ਰ, ਚੌਹੀਂ ਪਾਸੀਂ। ਪੁਰ ਤੀਨ= ਤਿੰਨੇ ਲੋਕ।

ਅਰਥ : (ਜਿਸ ਦਾ ਹੁਕਮ ਰੂਪ) ਤਿੱਖਾ ਚੱਕ੍ਰ ਚੌਹਾਂ ਚੱਕਾਂ ਵਿਚ ਭੌਂਦਾ ਫਿਰਦਾ ਹੈ ਅਰਥਾਤ ਅਮੋੜ ਹੁਕਮ ਚਲ ਰਿਹਾ ਹੈ ਅਤੇ ਜਿਸ ਦੇ ਹੁਕਮ ਨੂੰ ਤਿੰਨੇ ਲੋਕ ਮੰਨਦੇ ਹਨ॥੯੨॥

ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਂਹ ਜਾਪ॥

ਅਰਥ : ਚੌਦਾਂ ਲੋਕਾਂ ਦੇ ਵਿਚ ਜਗਤ ਜਿਸ ਦਾ ਜਾਪ ਜਪਦਾ ਹੈ।

ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਂਹ ਥਾਪਿ॥

ਅਰਥ : ਸਭ ਤੋਂ ਪਹਿਲਾ ਦੇਵਤਾ ਹੈ, ਮੁੱਢ ਤੋਂ ਰਹਿਤ ਸਰੂਪ ਵਾਲਾ ਹੈ, ਅਤੇ ਸਾਰੀ ਥਾਪਨਾ ਨੂੰ ਜਿਸ ਨੇ ਥਾਪ ਰੱਖਿਆ ਹੈ।

ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥

ਅਰਥ : [ਪਰਮ] ਸੁੰਦਰ ਰੂਪ ਵਾਲਾ, ਪਵਿਤ੍ਰ ਮੂਰਤੀ ਵਾਲਾ ਅਤੇ ਪੂਰਨ ਪੁਰਖ ਤੇ ਅਪਾਰ ਹੈ।

ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ ॥੯੩॥

ਪਦ ਅਰਥ : ਸੁਯੰਭਵ= ਆਪਣੇ ਪ੍ਰਕਾਸ਼ ਤੋਂ। ਬਿਸ੍ਵ= ਜਗਤ।

ਅਰਥ : ਆਪਣੇ ਪ੍ਰਕਾਸ਼ ਤੋਂ ਉਸ ਨੇ ਸਾਰੇ ਜਗਤ ਨੂੰ ਰਚਿਆ ਹੈ ਅਤੇ ਸਭ ਦੇ ਬਨਾਉਣ ਤੇ ਢਾਹੁਣ ਵਾਲਾ ਹੈ॥੯੩॥

ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥

ਅਰਥ : ਕਾਲ ਤੋਂ ਰਹਿਤ ਤੇ ਸ਼ਕਤੀ ਸੰਜੁਗਤ ਅਕਾਲ ਪੁਰਖ ਨੂੰ ਨਮਸਕਾਰ ਹੈ।

ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ॥

ਪਦ ਅਰਥ : ਅਭੂਤ= ਮਨ ਤੋਂ ਰਹਿਤ।

ਅਰਥ : ਧਰਮ ਦਾ ਸਥਾਨ ਹੈ, ਭਰਮ ਤੋਂ ਰਹਿਤ ਹੈ, ਮਨ ਤੋਂ ਰਹਿਤ ਹੈ, ਨਾ ਜਾਣੇ ਜਾਣ ਵਾਲਾ ਤੇ ਭੇਖ ਤੋਂ ਵੀ ਬਿਨਾਂ ਹੈ।

ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ॥

ਅਰਥ : ਜਿਸ ਦੇ ਸਰੀਰ ਦਾ (ਰੂਪ) ਰੰਗ ਨਹੀਂ ਹੈ, ਜਾਤ ਪਾਤ ਤੇ ਨਾਮ (ਨਾਮ ਵੀ ਨਹੀਂ ਹੈ ਅਤੇ ਜਿਸ ਵਿਚ) ਰਾਗ (ਦ੍ਵੈਖ ਵੀ) ਨਹੀਂ ਹੈ।

ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥੯੪॥

ਅਰਥ : ਹੰਕਾਰ ਨੂੰ ਨਾਸ ਕਰਨਾ, ਦੁਸ਼ਟਾਂ ਨੂੰ ਮਾਰਨਾ ਅਤੇ ਮੁਕਤੀ ਦੇਣਾ (ਏਹੋ ਉਸ ਦਾ) ਕੰਮ ਹੈ ॥੯੪॥

ਆਪ ਰੂਪ ਅਮੀਕ ਅਨਉਸਤਤਿ ਏਕ ਪੁਰਖ ਅਵਧੂਤ॥

ਪਦ ਅਰਥ : ਅਮੀਕ= ਗੰਭੀਰ ਰੂਪ। ਅਨਉਸਤਤਿ= ਉਪਮਾ ਤੋਂ ਰਹਿਤ। ਅਵਧੂਤ= ਪਵਿੱਤ੍ਰ।

ਅਰਥ : ਉਹ ਇਕੋ ਆਪ ਗੰਭੀਰ ਰੂਪ ਵਾਲਾ, ਉਪਮਾ ਤੋਂ ਰਹਿਤ ਤੇ ਪਵਿੱਤ੍ਰ ਪੁਰਖ ਹੈ।

ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥

ਅਰਥ : ਘੁਮੰਡ ਦੇ ਤੋੜਨ ਵਾਲਾ ਹੈ, ਸਭ ਦਾ ਭਾਂਜਨ ਹੈ ਅਤੇ ਮੁੱਢ ਤੋਂ ਹੀ [ਅਸੂਤ] ਬੇਲਾਗ ਸਰੂਪ ਹੈ, ਭਾਵ ਸਭ ਦਾ ਆਸਰਾ ਹੋ ਕੇ ਵੀ ਕਿਸੇ ਨਾਲ ਸਬੰਧ ਨਹੀਂ ਰੱਖਦਾ।

ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ ॥

ਪਦ ਅਰਥ : ਅੰਗ= ਦੇਹ।

ਅਰਥ : ਉਹ ਇਕ ਅਪਾਰ ਪੁਰਖ ਦੇਹ ਤੋਂ ਰਹਿਤ ਹੈ, ਨਾਸ ਤੋਂ ਰਹਿਤ ਹੈ ਅਤੇ [ਅਨ+ ਆਤਮ= ਮਨ] ਮਨ ਤੋਂ ਬਿਨਾਂ ਹੈ।

ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ ॥੮੫॥

ਪਦ ਅਰਥ : ਪ੍ਰਤਿ= ਵਖੋ ਵੱਖਰਾ।

ਅਰਥ : ਸਭਨਾਂ (ਕੰਮਾਂ ਦੇ) ਯੋਗਜ਼ ਹੈ, ਸਭਨਾਂ ਨੂੰ ਮਾਰਦਾ ਹੈ ਤੇ ਸਭਨਾਂ ਨੂੰ ਵਖੋ-ਵੱਖ ਪਾਲਦਾ ਹੈ ॥੮੫॥

ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ ॥

ਅਰਥ : ਸਭ ਨੂੰ ਜਾਣਦਾ ਹੈ, ਸਭ ਨੂੰ ਮਾਰਦਾ ਹੈ ਤੇ ਸਾਰੇ ਭੇਖਾਂ ਤੋਂ ਰਹਿਤ ਹੈ।

ਸਰਬ ਸਾਸਤ੍ਰ ਨ ਜਾਨਹੀ ਜਿਂਹ ਰੂਪ ਰੰਗੁ ਅਰੁ ਰੇਖ ॥

ਅਰਥ : ਸਾਰੇ ਸ਼ਾਸਤ੍ਰ ਵੀ ਜਿਸ ਦੇ ਰੂਪ ਤੇ ਰੇਖ ਭੇਖ ਨੂੰ ਜਾਣਦੇ ਨਹੀਂ ਹਨ।

ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ ॥

ਪਦ ਅਰਥ : ਪਰਮ= ਵੱਡਾ।

ਅਰਥ : ਸਦਾ ਹੀ ਵੇਦ ਪੁਰਾਣ ਜਿਸ ਨੂੰ ਵੱਡਾ ਅਤੇ ਬੇਅੰਤ ਆਖਦੇ ਹਨ।

ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ ॥੮੬॥

ਪਦ ਅਰਥ : ਚਿੱਤ= ਨਜ਼ਰ।

ਅਰਥ : ਕ੍ਰੋੜਾਂ ਹੀ ਸਿੰਮ੍ਰਤੀਆਂ, ਪੁਰਾਣ ਤੇ ਸ਼ਾਸਤ੍ਰ ਪੜ੍ਹਦੇ ਹਨ, ਪਰ ਉਹ ਕਿਸੇ ਤਰ੍ਹਾਂ ਵੀ ਨਜ਼ਰ ਨਹੀਂ ਆਉਂਦਾ ॥੮੬॥

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

ਗੁਨ ਗਨ ਉਦਾਰ ॥ ਮਹਿਮਾ ਅਪਾਰ ॥
ਆਸਨ ਅਭੰਗ ॥ ਉਪਮਾ ਅਨੰਗ ॥੮੭॥

ਪਦ ਅਰਥ : ਗਨ= ਸਮੂਹ। ਆਸਨ= ਸਥਾਨ। ਅਨੰਗ= ਅਕਾਸ਼।

ਅਰਥ : ਉਦਾਰ (ਆਦਿਕ) ਸਾਰੇ ਗੁਨ (ਪੂਰਨ ਹੈ)। ਅਪਾਰ ਮਹਿਮਾ ਵਾਲਾ ਹੈ। ਜਿਸ ਦਾ ਸਥਾਨ

ਨਾਸ ਤੋਂ ਰਹਿਤ ਹੈ ਅਤੇ ਅਕਾਸ਼ ਜਿਸ ਦੀ ਉਪਮਾ ਹੈ ॥੮੭॥

ਭਾਵ : 'ਅਕਾਸ਼' ਨੂੰ ਵਾਹਿਗੁਰੂ ਦੀ ਉਪਮਾ ਕਿਹਾ ਹੈ, ਅਰਥਾਤ ਜਿਵੇਂ ਅਕਾਸ਼ ਪੂਰਨ ਹੈ, ਅਫੁਰ ਹੈ, ਰੂਪ ਰੰਗ ਜਾਤ, ਪਾਤ, ਹਰਖ, ਸੋਗ, ਹਾਨੀ, ਲਾਭ, ਦੁਖ, ਸੁਖ, ਰਾਗ, ਦ੍ਵੈਖ ਤੋਂ ਰਹਿਤ ਹੈ, ਇਵੇਂ ਹੀ ਉਹ ਸਭ ਜਗ੍ਹਾ ਤੇ ਪੂਰਨ ਹੈ ਅਤੇ ਉਪ੍ਰੋਕਤ ਸਾਰੇ ਗੁਣਾਂ ਵਾਲਾ ਹੈ, ਇਸੇ ਭਾਵ ਨੂੰ ਲੈ ਕੇ ਹੀ ਵਾਹਿਗੁਰੂ ਦੀ ਉਪਮਾ ਲਈ 'ਅਕਾਸ਼' ਪਦ ਵਰਤਿਆ ਹੈ।

ਅਨਭਉ ਪ੍ਰਕਾਸ॥ ਨਿਸ ਦਿਨ ਅਨਾਸ॥
ਆਜਾਨ ਬਾਹੁ॥ ਸਾਹਾਨ ਸਾਹੁ॥੮੮॥

ਪਦ ਅਰਥ : ਅਨਭਉ= ਸੁਤੇ ਗਿਆਨ। ਅਨਾਸ= ਨਾਸ ਰਹਿਤ ਭਾਵ ਇਕ ਰਸ। ਆਜਾਨੁ= [ਜਾਨੁ= ਗੋਡਾ] ਗੋਡਿਆਂ ਤੱਕ।

ਅਰਥ : ਸੁਤੇ ਗਿਆਨ ਦਾ ਪ੍ਰਕਾਸ਼ਕ ਹੈ। ਰਾਤ ਦਿਨ ਇਕ ਰਸ ਹੈ। ਗੋਡਿਆਂ ਤੱਕ ਬਾਹਾਂ ਵਾਲਾ ਹੈ। ਸ਼ਹਿਨਸ਼ਾਹ ਹੈ ॥੮੮॥

ਰਾਜਾਨ ਰਾਜ॥ ਭਾਨਾਨ ਭਾਨ॥
ਦੇਵਾਨ ਦੇਵ॥ ਉਪਮਾ ਮਹਾਨ ॥੮੯॥

ਪਦ ਅਰਥ : ਭਾਨਾਨ= ਪ੍ਰਕਾਸ਼ ਕਰਨ ਵਾਲੇ, ਚੰਦ ਸੂਰਜ ਅਗਨਿ ਆਦਿਕ।

ਅਰਥ : ਰਾਜਿਆਂ ਦਾ ਰਾਜਾ (ਰਾਜਾਧਿਰਾਜ) ਹੈ। ਪ੍ਰਕਾਸ਼ਕਾਂ ਦਾ ਪ੍ਰਕਾਸ਼ਕ ਹੈ। ਦੇਵਤਿਆਂ ਦਾ ਦੇਵਤਾ ਹੈ, ਵੱਡੀ ਉਪਮਾ ਵਾਲਾ ਹੈ ॥੮੯॥

ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥
ਰੰਕਾਨ ਰੰਕ॥ ਕਾਲਾਨ ਕਾਲ ॥੯੦॥

ਪਦ ਅਰਥ : ਇੰਦ੍ਰਾਨ ਇੰਦ੍ਰ= (ਅਨਇੰਦ੍ਰ= ਪਰਜਾ) ਰਾਜਾ-ਪਰਜਾ। ਬਾਲਾਨ ਬਾਲ= (ਬਾਲ-ਮੂੜ+ਅਨਬਾਲ-ਚਤਰ) ਮੂਰਖ ਚਤਰ। ਰੰਕਾਨ ਰੰਕ= (ਰੰਕ+ਅਨਰੰਕ= ਧਨਵਾਨ) ਕੰਗਾਲ, ਧਨਵਾਨ। ਕਾਲਾਨ ਕਾਲ= (ਕਾਲ+ਅਨਕਾਲ) ਮਰਣਾ ਤੇ ਜੀਊਣਾ।

ਅਰਥ : ਰਾਜਾ, ਪਰਜਾ, ਮੂੜ, ਚਤਰ, ਕੰਗਾਲ, ਧਨਵਾਨ, ਮਰਣਾ ਤੇ ਜੀਊਣਾ (ਇਤਾਦਿਕ ਸਾਰੇ ਰੂਪਾਂ ਵਾਲਾ ਹੈ)। (੨) ਅਥਵਾ—ਇੰਦ੍ਰਿਆਂ ਵਿਚ ਇੰਦ੍ਰਾ ਹੈ। ਵੱਡਿਆਂ ਵਿਚ ਵੱਡਾ ਹੈ। [ਰੰਕਾਨ] ਛੋਟਿਆਂ ਵਿਚ ਛੋਟਾ ਹੈ ਅਤੇ ਕਾਲਾਂ ਵਿਚ ਕਾਲ ਹੈ ॥੯੦॥

ਅਨਭੂਤ ਅੰਗ॥ ਆਭਾ ਅਭੰਗ॥
ਗਤਿ ਮਿਤਿ ਅਪਾਰ ॥ ਗੁਨ ਗਨ ਉਦਾਰ ॥੯੧॥

ਪਦ ਅਰਥ : ਅਨਭੂਤ= ਤੱਤਾਂ ਤੋਂ ਰਹਿਤ। ਅੰਗ= ਸਰੀਰ। ਆਭਾ= ਚਿਹਰੇ ਦੀ ਕ੍ਰਾਂਤੀ, ਚਮਕ। ਉਦਾਰ= ਦੇਣ ਵਾਲਾ। ਅਪਾਰ= ਅੰਤ ਨਹੀਂ।

ਅਰਥ : ਤੱਤਾਂ ਤੋਂ ਬਿਨਾਂ ਉਸ ਦੀ ਦੇਹ ਹੈ। ਨਾਸ ਤੋਂ ਬਿਨਾਂ ਕ੍ਰਾਂਤੀ ਵਾਲਾ ਹੈ। ਉਸ ਦੀ ਗਤੀ

ਤੇ ਮਰਯਾਦਾ ਦਾ ਅੰਤ ਨਹੀਂ ਹੈ। ਸਾਰੇ ਗੁਣਾਂ ਦਾ ਦਾਤਾ ਹੈ ॥੯੧॥

ਮੁਨਿ ਗਨ ਪ੍ਰਨਾਮ ॥ ਨਿਰਭੈ ਨਿਕਾਮ ॥

ਅਤਿ ਦੁਤਿ ਪ੍ਰਚੰਡ ॥ ਮਿਤਿ ਗਤਿ ਅਖੰਡ ॥੯੨॥

ਪਦ ਅਰਥ : ਗਨ= ਸਾਰੇ। ਪ੍ਰਨਾਮ= ਨਮਸਕਾਰ। ਨਿਕਾਮ= ਵਾਸ਼ਨਾ ਰਹਿਤ। ਦੁਤਿ= ਪ੍ਰਕਾਸ਼। ਪ੍ਰਚੰਡ= ਬਹੁਤ ਤੇਜ਼।

ਅਰਥ : ਸਾਰੇ ਮੁਨੀ ਪ੍ਰਨਾਮ ਕਰਦੇ ਹਨ। ਡਰ ਤੋਂ ਬਿਨਾਂ ਤੇ ਕਾਮਨਾ ਤੋਂ ਬਿਨਾਂ ਹੈ। ਵੱਡੇ ਤਿੱਖੇ ਤੇਜ਼ ਵਾਲਾ ਹੈ। ਨਾਸ ਤੋਂ ਬਿਨਾਂ ਗਤੀ ਤੇ ਮਰਿਆਦਾ ਵਾਲਾ ਹੈ॥੯੨॥

ਆਲਿਸਜ ਕਰਮ ॥ ਆਦ੍ਰਿਸਜ ਧਰਮ ॥

ਸਰਬਾ ਭਰਣਾਢਯ ॥ ਅਨਡੰਡ ਬਾਢਯ ॥੯੩॥

ਪਦ ਅਰਥ : ਆਦ੍ਰਿਸਜ= (ਆਦਰਸ਼) ਨਮੂਨਾ, ਮਿਸਾਲ। ਸਰਬਾ ਭਰਣਾਢਯ= (ਸਰਬ+ਆਭਰਣ+ ਆਢਯ= ਆਸਰਾ) ਸਾਰ ਗਹਿਣੇ ਧਾਰਨ ਵਾਲਾ ਹੈ। ਬਾਢਯ= (ਬਾਢਸ) ਠੀਕ, ਨਿਸਚੇ ਹੀ, ਸਚਮੁਚ।

ਅਰਥ : ਉਸ ਦਾ ਕਰਮ 'ਆਲਸ' ਹੈ, ਅਰਥਾਤ ਅਕਰਤਾ ਹੋਣ ਕਰਕੇ, ਕੋਈ ਕਰਮ ਨਹੀਂ ਕਰਦਾ। ਧਰਮ ਦੀ ਮਿਸਾਲ ਹੈ। ਸਾਰੇ ਗਹਿਣਿਆਂ ਦੇ ਧਾਰਨ ਵਾਲਾ ਹੈ। ਸਚਮੁਚ ਦੰਡ ਤੋਂ ਰਹਿਤ ਹੈ ਅਰਥਾਤ ਉਸ ਉਤੇ ਕਿਸੇ ਦਾ ਦੰਡ ਨਹੀਂ ਹੈ ॥੯੩॥

ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥੯੪॥

ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥੯੫॥

ਪਦ ਅਰਥ : ਮੁਕੰਦ= ਮੁਕਤੀ ਦੇਣ ਵਾਲਾ। ਹਰੀਅੰ= ਨਾਸ ਕਰਨ ਵਾਲਾ।

ਅਰਥ : ਹੇ ਗੋਬਿੰਦ ! ਹੇ ਮੁਕੰਦ ! ਹੇ ਦਾਤਾਰ ! ਹੇ ਅਪਾਰ ! ॥੯੪॥ ਹੇ ਨਾਸ ਕਰਨ ਵਾਲੇ ! ਹੇ ਬਣਾਨ ਵਾਲੇ ! ਹੇ ਨਾਮ ਰਹਿਤ ! ਹੇ ਕਾਮ ਰਹਿਤ ॥੯੫॥

ਭੁਜੰਗ ਪ੍ਰਯਾਤ ਛੰਦ ॥

ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥

ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥੯੬॥

ਪਦ ਅਰਥ : ਚੱਤ੍ਰ ਚੱਕ੍ਰ= ਚਾਰੇ ਚੱਕ, ਚੌਹੀਂ ਪਾਸੀਂ। ਦਾਨੇ= ਦੇਂਦਾ ਹੈ।

ਅਰਥ : ਹੇ ਚੌਹਾਂ ਚੱਕਾਂ ਦੇ ਕਰਨ ਵਾਲੇ ! ਹੇ ਚੌਹਾਂ ਚੱਕਾਂ ਨੂੰ ਗਿਰਾਨ ਵਾਲੇ ! ਹੇ ਚੌਹਾਂ ਚੱਕਾਂ ਨੂੰ ਦੇਣ ਵਾਲੇ ! ਹੇ ਚੌਹਾਂ ਚੱਕਾਂ ਦੀ ਜਾਣਨ ਵਾਲੇ ॥੯੬॥

ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥

ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥੯੭॥

ਅਰਥ : ਹੇ ਚੌਹਾਂ ਚੱਕਾਂ ਵਿਚ ਵਰਤਣ ਵਾਲੇ ! ਹੇ ਚੌਹਾਂ ਚੱਕਾਂ ਨੂੰ ਭਰਨ ਵਾਲੇ ! ਹੇ ਚੌਹਾਂ ਚੱਕਾਂ ਦੀ ਪਾਲਣਾ ਕਰਨ ਵਾਲੇ ! ਹੇ ਚੌਹਾਂ ਚੱਕਾਂ ਦੇ ਨਾਸ ਕਰਨ ਵਾਲੇ ॥੯੭॥

ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥
ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥

ਅਰਥ : ਤੂੰ ਚੌਹਾਂ ਚੱਕਾਂ ਦੇ ਕੋਲ ਹੈਂ। ਚੌਹਾਂ ਚੱਕਾਂ ਵਿਚ ਵੱਸਦਾ ਹੈਂ। ਚੌਹਾਂ ਚੱਕਾਂ ਦੀ ਮੰਨਦਾ ਹੈਂ। ਚੌਹਾਂ ਚੱਕਾਂ ਦੀ ਜਾਣਦਾ ਹੈਂ ॥੯੮॥

ਚਾਚਰੀ ਛੰਦ ॥

ਨ ਸੱਤ੍ਰੈ ॥ ਨ ਮਿੱਤ੍ਰੈ ॥ ਨ ਭਰਮੰ ॥ ਨ ਭਿੱਤ੍ਰੈ ॥੯੯॥
ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥੧੦੦॥

ਪਦ ਅਰਥ : ਭਿੱਤ੍ਰੈ= (ਭਯਾਤੁਰ) ਡਰ ਦਾ ਦੁਖ। ਕਾਏ= ਦੇਹ। ਜਾਏ= ਜਗ੍ਹਾ।

ਅਰਥ : ਤੇਰਾ ਦੁਸ਼ਮਨ ਨਹੀਂ ਹੈ। ਦੋਸਤ ਨਹੀਂ ਹੈ। ਤੈਨੂੰ ਭਰਮ ਨਹੀਂ ਹੈ। ਡਰ ਦਾ ਦੁੱਖ ਨਹੀਂ ਹੈ ॥੯੯॥ ਤੇਰਾ ਕੋਈ ਖ਼ਾਸ ਕਰਮ ਨਹੀਂ ਹੈ। ਦੇਹ ਨਹੀਂ ਹੈ। ਜਨਮ ਨਹੀਂ ਹੈ। ਜਗ੍ਹਾ ਹੈ ॥੧੦੦॥

ਨ ਚਿੱਤ੍ਰੈ ॥ ਨ ਮਿੱਤ੍ਰੈ ॥ ਪਰੇ ਹੈਂ ॥ ਪਵਿੱਤ੍ਰੈ ॥੧੦੧॥
ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥੧੦੨॥

ਪਦ ਅਰਥ : ਪ੍ਰਿਥੀਸੈ= (ਪ੍ਰਿਥ+ਈਸੇ) ਰਾਜਾ। ਅਦੀਸੈ= ਈਸਰਾਂ ਦਾ ਆਦਿ। ਅਦ੍ਰਿਸੈ= (ਅਦ੍ਰਿਸਜ) ਨਾ ਦਿੱਸਣ ਵਾਲਾ। ਕ੍ਰਿਸੈ= (ਕ੍ਰਿਸ+ਲਿੱਸਾ) ਮਾੜਾ ਨਹੀਂ।

ਅਰਥ : ਤੇਰੀ ਸੂਰਤ ਨਹੀਂ ਹੈ। ਤੇਰਾ ਕੋਈ ਖ਼ਾਸ ਮਿੱਤਰ ਨਹੀਂ ਹੈ। ਸਭ ਤੋਂ ਪਰੇ ਹੈਂ। ਸਭ ਤੋਂ ਪਵਿਤ੍ਰ ਹੈਂ ॥੧੦੧॥ ਪ੍ਰਿਥਵੀ ਦਾ ਪਤੀ ਹੈਂ। ਸਭ ਤੋਂ ਪਹਿਲਾ ਸਵਾਮੀ ਹੈਂ। ਦਿੱਸਦਾ ਨਹੀਂ ਹੈਂ। ਕਿਸੇ ਤੋਂ ਕਮਜ਼ੋਰ ਨਹੀਂ ਹੈਂ। ਭਾਵ ਸਭ ਤੋਂ ਬਲਵਾਨ ਹੈਂ ॥੧੦੨॥

ਭਗਵਤੀ ਛੰਦ ॥ ਤ੍ਵ ਪ੍ਰਸਾਦਿ ਕਥਤੇ ॥

ਕਿ ਆਛਿੱਜ ਦੇਸੈ ॥ ਕਿ ਆਭਿੱਜ ਭੇਸੈ ॥
ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥

ਪਦ ਅਰਥ : ਕਿ= ਜੋ। ਆਛਿੱਜ= (ਛਿੱਜ= ਕੱਟਨਾ) ਅਖੰਡ। ਆਭੰਜ= (ਭੰਜ= ਝੁਕਨਾ) ਅਝੁਕ।

ਅਰਥ : ਜੋ ਅਖੰਡ ਦੇਸ ਵਾਲਾ ਹੈ। ਜੋ ਅਖੰਡ ਸਰੂਪ ਵਾਲਾ ਹੈ। ਜੋ ਕਰਮਾਂ ਕਰਕੇ ਨਾਸ ਨਹੀਂ ਹੁੰਦਾ ਜੋ ਭਰਮ ਕਰਕੇ ਝੁਕਦਾ ਨਹੀਂ ਹੈ, ਭਾਵ ਜਿਸ ਉਤੇ ਭਰਮ ਦਾ ਜ਼ੋਰ ਨਹੀਂ ਹੈ ॥੧੦੩॥

ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥

ਕਿ ਅਵਧੂਤ ਬਰਨੈ॥ ਕਿ ਬਿਭੂਤ ਕਰਨੈ ॥੧੦੪॥

ਪਦ ਅਰਥ : ਆਭਿਜ= (ਭਿਜ= ਮੋਹ ਕਰਨਾ) ਮੋਹ ਤੋਂ ਬਿਨਾਂ। ਆਦਿਤ= ਸੂਰਜ। ਬਿਭੂਤ= ਧਨ, ਸੰਪਦਾ।

ਅਰਥ : ਜੋ ਲੋਕਾਂ ਵਿਚ ਭਿੱਜਦਾ ਨਹੀਂ ਹੈ। ਜੋ ਸੂਰਜ ਨੂੰ ਸੁਕਾ ਦੇਂਦਾ ਹੈ। ਜੋ ਪਵਿਤ੍ਰ ਸਰੂਪ ਵਾਲਾ ਹੈ। ਜੋ ਧਨ ਸੰਪਦਾ ਦੇ ਕਰਨ ਵਾਲਾ ਹੈ ॥੧੦੪॥

ਕਿ ਰਾਜੰ ਪ੍ਰਭਾ ਹੈਂ॥ ਕਿ ਧਰਮੰ ਧੁਜਾ ਹੈਂ॥
ਕਿ ਆਸੋਕ ਬਰਨੈ॥ ਕਿ ਸਰਬਾ ਅਭਰਨੈ ॥੧੦੫॥

ਪਦ ਅਰਥ : ਪ੍ਰਭਾ= ਸੋਭਾ, ਚਮਕ-ਦਮਕ। ਧੁਜਾ= ਝੰਡਾ। ਬਰਨੈ= ਕਹੀਦਾ ਹੈ। ਅਭਰਨ= ਸ਼ਿੰਗਾਰ।

ਅਰਥ : ਜੋ ਰਾਜ ਦੀ ਸੋਭਾ ਹੈ। ਜੋ ਧਰਮ ਦਾ ਝੰਡਾ ਹੈ। ਜੋ ਸ਼ੋਕ ਤੋਂ ਰਹਿਤ ਕਹੀਦਾ ਹੈ। ਜੋ ਸਭ ਦਾ ਸ਼ਿੰਗਾਰ ਹੈ ॥੧੦੫॥

ਕਿ ਜਗਤੰ ਕ੍ਰਿਤੀ ਹੈਂ॥ ਕਿ ਛਤ੍ਰੰ ਛਤ੍ਰੀ ਹੈਂ ॥
ਕਿ ਬ੍ਰਹਮੰ ਸਰੂਪੈ॥ ਕਿ ਅਨਭਉ ਅਨੂਪੈ॥੧੦੬॥

ਪਦ ਅਰਥ : ਕ੍ਰਿਤੀ= ਕਰਨ ਵਾਲਾ। ਬ੍ਰਹਮੰ= ਵਿਆਪਕ। ਅਨਭਉ= ਡਰ ਤੋਂ ਬਿਨਾਂ।

ਅਰਥ : ਜੋ ਜਗਤ ਦੇ ਕਰਨ ਵਾਲਾ ਹੈ। ਜੋ ਸੂਰਮਿਆਂ ਦਾ ਵੀ ਸੂਰਮਾ ਹੈ। ਜੋ ਵਿਆਪਕ ਸਰੂਪ ਹੈ। ਜੋ ਡਰ ਤੋਂ ਬਿਨਾਂ ਤੇ ਉਪਮਾ ਤੋਂ ਰਹਿਤ ਹੈ ॥੧੦੬॥

ਕਿ ਆਦਿ ਅਦੇਵ ਹੈਂ॥ ਕਿ ਆਪਿ ਅਭੇਵ ਹੈਂ॥
ਕਿ ਚਿੱਤ੍ਰੰ ਬਿਹੀਨੈ॥ ਕਿ ਏਕੈ ਅਧੀਨੈ ॥੧੦੭॥

ਪਦ ਅਰਥ : ਚਿਤ੍ਰੰ= ਸ਼ਕਲ ਤੋਂ।

ਅਰਥ : ਜੋ ਮੁੱਢ ਤੋਂ ਹੀ ਸਵਾਮੀ ਰਹਿਤ ਹੈ। ਜੋ ਆਪ ਭੇਦ ਤੋਂ ਰਹਿਤ ਹੈ। ਜੋ ਸ਼ਕਲ ਤੋਂ ਬਿਨਾਂ ਹੈ। ਜੋ ਇਕ ਹੈ ਅਤੇ *ਅਧੀਨੈ= ਦੀਨਤਾ ਤੋਂ ਬਿਨਾਂ ਹੈ ॥੧੦੭॥

ਕਿ ਰੋਜ਼ੀ ਰਜ਼ਾਕੈ॥ ਰਹੀਮੈ ਰਿਹਾਕੈ॥
ਕਿ ਪਾਕ ਬਿਐਬ ਹੈਂ॥ ਕਿ ਗ਼ੈਬੁਲ ਗ਼ੈਬ ਹੈਂ॥੧੦੮॥

ਪਦ ਅਰਥ : ਰੋਜ਼ੀ= ਰੋਜ਼ ਦੀ ਖ਼ੁਰਾਕ। (੨) ਇਕ ਦਿਨ ਦਾ ਖ਼ਰਚ। ਰਜ਼ਾਕ= ਰੋਜ਼ੀ ਦੇਣ ਵਾਲਾ। ਰਹੀਮ= ਰਹਿਮ ਕਰਨ ਵਾਲਾ, ਦਿਆਲੂ। ਰਿਹਾਕ= ਰਿਹਾਈ (ਛੁਟਕਾਰਾ) ਦੇਣ ਵਾਲਾ। ਬਿਐਬ= ਦੋਸ਼ ਤੋਂ ਬਿਨਾਂ। ਗ਼ੈਬੁਲ ਗ਼ੈਬ= ਗੁਪਤ ਤੋਂ ਗੁਪਤ।

ਅਰਥ : ਜੋ ਨਿੱਤ ਹੀ ਰੋਜ਼ੀ ਦੇਂਦਾ ਹੈ। ਦਯਾ ਕਰਨ ਵਾਲਾ ਹੀ ਛੁਟਕਾਰਾ ਦੇਂਦਾ ਹੈ। ਜੋ ਪਵਿੱਤਰ

** ਅਦੀਨ ਨੂੰ ਅਧੀਨ ਭਾਈ ਸਾਹਿਬ ਜੀ ਨੇ ਵੀ ਲਿਖਿਆ ਹੈ, ਯਥਾ—'ਅਜਯਾ ਅਧੀਨ ਤਾਂਤੇ ਪਰਵ ਪਵਿਤ੍ਰ ਭਈ॥ (ਕ: ਭਾ: ਗੁ:)।*

ਅਤੇ ਨਿਰਦੋਸ਼ ਹੈ। ਜੋ ਗੁਪਤ ਤੋਂ ਵੀ ਗੁਪਤ ਹੈ ॥੧੦੮॥

ਕਿ ਅਫਵੁਲ ਗੁਨਾਹ ਹੈਂ॥ ਕਿ ਸ਼ਾਹਾਨ ਸ਼ਾਹ ਹੈਂ॥
ਕਿ ਕਾਰਨ ਕੁਨਿੰਦ ਹੈਂ॥ ਕਿ ਰੋਜ਼ੀ ਦਿਹੰਦ ਹੈਂ॥੧੦੯॥

ਪਦ ਅਰਥ : ਅਫਵੁਲ= ਖਿਮਾ ਕਰਨ ਵਾਲਾ। ਗੁਨਾਹ= ਅਪਰਾਧ, ਦੋਸ਼। ਕੁਨਿੰਦ= ਕਰਨ ਵਾਲਾ। ਦਿਹੰਦ= ਦੇਣ ਵਾਲਾ।

ਅਰਥ : ਜੋ ਅਪਰਾਧ ਖਿਮਾ ਕਰਨ ਵਾਲਾ ਹੈ। ਜੋ ਸ਼ਾਹਾਂ ਦਾ ਸ਼ਾਹ ਹੈ। ਜੋ ਕਾਰਨਾਂ ਦੇ ਕਰਨ ਵਾਲਾ ਹੈ। ਜੋ ਰੋਜ਼ੀ ਦੇਣ ਵਾਲਾ ਹੈ ॥੧੦੯॥

ਕਿ ਰਾਜ਼ਕ ਰਹੀਮ ਹੈਂ॥ ਕਿ ਕਰਮੰ ਕਰੀਮ ਹੈਂ॥
ਕਿ ਸਰਬੰ ਕਲੀ ਹੈਂ॥ ਕਿ ਸਰਬੰ ਦਲੀ ਹੈਂ ॥੧੧੦॥

ਪਦ ਅਰਥ : ਕਰਮੰ= ਬਖ਼ਸ਼ਸ਼। ਕਰੀਮ= ਬਖ਼ਸ਼ਿੰਦ। ਕਲੀ= (ਕਲ=ਸ਼ਕਤੀ) ਸ਼ਕਤੀ ਵਾਲਾ।

ਅਰਥ : ਜੋ ਰੋਜ਼ੀ ਦੇਣ ਵਾਲਾ ਦਿਆਲੂ ਹੈ। ਜੋ ਬਖ਼ਸ਼ਸ਼ ਕਰਨ ਵਾਲਾ ਬਖ਼ਸ਼ਿੰਦ ਹੈ। ਜੋ ਸਰਬ ਸ਼ਕਤੀ ਵਾਲਾ ਹੈ। ਜੋ ਸਭ ਨੂੰ ਦਲਣ ਵਾਲਾ ਹੈ ॥੧੧੦॥

ਕਿ ਸਰਬੱਤ੍ਰ ਮਾਨਿਯੈ॥ ਕਿ ਸਰਬੱਤ੍ਰ ਦਾਨਿਯੈ ॥
ਕਿ ਸਰਬੱਤ੍ਰ ਗਉਨੈ॥ ਕਿ ਸਰਬੱਤ੍ਰ ਭਉਨੈ॥੧੧੧॥

ਅਰਥ : ਜੋ ਸਭ ਦੀ ਮੰਨਦਾ ਹੈ। ਜੋ ਸਭ ਨੂੰ ਜਾਣਦਾ ਹੈ। ਜੋ ਸਭਨਾਂ ਵਿਚ ਗਮਨ ਕਰਦਾ ਹੈ। ਜੋ ਸਾਰੇ ਘਰਾਂ ਵਿਚ ਹੈ ॥੧੧੧॥

ਕਿ ਸਰਬੱਤ੍ਰ ਦੇਸੈ॥ ਕਿ ਸਰਬੱਤ੍ਰ ਭੇਸੈ॥
ਕਿ ਸਰਬੱਤ੍ਰ ਰਾਜੈ॥ ਕਿ ਸਰਬੱਤ੍ਰ ਸਾਜੈ ॥੧੧੨॥

ਅਰਥ : ਜੋ ਸਾਰੇ ਦੇਸਾਂ ਵਿਚ ਹੈ। ਜੋ ਸਾਰੇ ਭੇਸਾਂ ਵਿਚ ਹੈ। ਜੋ ਸਭ ਦਾ ਰਾਜਾ ਹੈ। ਜੋ ਸਭ ਨੂੰ ਸਾਜਦਾ (ਬਨਾਉਂਦਾ) ਹੈ ॥੧੧੨॥

ਕਿ ਸਰਬੱਤ੍ਰ ਦੀਨੈ॥ ਕਿ ਸਰਬੱਤ੍ਰ ਲੀਨੈ॥
ਕਿ ਸਰਬੱਤ੍ਰ ਜਾਹੋ॥ ਕਿ ਸਰਬੱਤ੍ਰ ਭਾਹੋ ॥੧੧੩॥

ਪਦ ਅਰਥ : ਦੀਨੈ= ਧਰਮ। ਲੀਨੈ= ਅਭੇਦ। ਜਾ= ਜਗ੍ਹਾ। ਭਾ= ਸੋਭਾ।

ਅਰਥ : ਜੋ ਸਾਰੇ ਧਰਮ ਹੈ। ਜੋ ਸਭ ਵਿਚ ਅਭੇਦ ਹੈ। ਜੋ ਸਭ ਜਗ੍ਹਾ ਵਿਚ ਹੈ। ਜੋ ਸਭ ਦੀ ਸੋਭਾ ਹੈ ॥੧੧੩॥

ਕਿ ਸਰਬੱਤ੍ਰ ਦੇਸੈ॥ ਕਿ ਸਰਬੱਤ੍ਰ ਭੇਸੈ॥
ਕਿ ਸਰਬੱਤ੍ਰ ਕਾਲੈ॥ ਕਿ ਸਰਬੱਤ੍ਰ ਪਾਲੈ ॥੧੧੪॥

ਅਰਥ : ਜੋ ਸਾਰੇ ਦੇਸਾਂ ਵਿਚ ਹੈ। ਜੋ ਸਾਰੇ ਭੇਸਾਂ ਵਿਚ ਹੈ। ਜੋ ਸਭ ਦਾ ਕਾਲ ਹੈ। ਜੋ ਸਭ ਨੂੰ ਪਾਲਦਾ ਹੈ ॥੧੧੪॥

ਕਿ ਸਰਬੱਤ੍ਰ ਹੰਤਾ ॥ ਕਿ ਸਰਬੱਤ੍ਰ ਗੰਤਾ ॥
ਕਿ ਸਰਬੱਤ੍ਰ ਭੇਖੀ ॥ ਕਿ ਸਰਬੱਤ੍ਰ ਪੇਖੀ ॥੧੧੫॥

ਪਦ ਅਰਥ : ਹੰਤਾ= ਮਾਰਦਾ ਹੈ। ਗੰਤਾ= ਗਜਾਤਾ ਹੈ, ਜਾਣਦਾ ਹੈ। ਪੇਖੀ= ਵੇਖਦਾ ਹੈ।

ਅਰਥ : ਜੋ ਸਭ ਨੂੰ ਮਾਰਦਾ ਹੈ। ਜੋ ਸਭ ਨੂੰ ਜਾਣਦਾ ਹੈ। ਜੋ ਸਾਰੇ ਭੇਖਾਂ ਵਾਲਾ ਹੈ। ਜੋ ਸਭ ਨੂੰ ਵੇਖਦਾ ਹੈ ॥੧੧੫॥

ਕਿ ਸਰਬੱਤ੍ਰ ਕਾਜੈ ॥ ਕਿ ਸਰਬੱਤ੍ਰ ਰਾਜੈ ॥
ਕਿ ਸਰਬੱਤ੍ਰ ਸੋਖੈ ॥ ਕਿ ਸਰਬੱਤ੍ਰ ਪੋਖੈ ॥੧੧੬॥

ਪਦ ਅਰਥ : ਰਾਜੇ= ਸੋਭਦਾ ਹੈ। ਸੋਖੈ= ਸੁਕਾਂਦਾ ਹੈ। ਪੋਖੈ= ਭਰਦਾ ਹੈ।

ਅਰਥ : ਜਿਸ ਦਾ ਸਭ ਕਾਰਜ (ਭਾਵ ਜੋ ਸਭ ਦਾ ਕਾਰਣ) ਹੈ। ਜੋ ਸਭ ਵਿਚ ਸੋਭਦਾ ਹੈ। ਜੋ ਸਭ ਨੂੰ ਸੁਕਾਂਦਾ ਹੈ। ਜੋ ਸਭ ਨੂੰ ਭਰਦਾ ਹੈ ॥੧੧੬॥

ਕਿ ਸਰਬੱਤ੍ਰ ਤ੍ਰਾਣੈ ॥ ਕਿ ਸਰਬੱਤ੍ਰ ਪ੍ਰਾਣੈ ॥
ਕਿ ਸਰਬੱਤ੍ਰ ਦੇਸੈ ॥ ਕਿ ਸਰਬੱਤ੍ਰ ਭੇਸੈ ॥੧੧੭॥

ਪਦ ਅਰਥ : ਤ੍ਰਾਣੈ= ਰਾਖਾ ਹੈ। ਪ੍ਰਾਣੈ= ਜੀਵਨ ਹੈ।

ਅਰਥ : ਜੋ ਸਭ ਦਾ ਰਾਖਾ ਹੈ। ਜੋ ਸਭ ਦੇ ਪ੍ਰਾਣ (ਜੀਵਣ) ਹੈ। ਜੋ ਸਾਰੇ ਦੇਸਾਂ ਵਿਚ ਹੈ। ਜੋ ਸਾਰੇ ਭੇਸਾਂ ਵਿਚ ਹੈ ॥੧੧੭॥

ਕਿ ਸਰਬੱਤ੍ਰ ਮਾਨਿਯੈਂ ॥ ਸਦੈਵੰ ਪ੍ਰਧਾਨਿਯੈਂ ॥
ਕਿ ਸਰਬੱਤ੍ਰ ਜਾਪਿਯੈ ॥ ਕਿ ਸਰਬੱਤ੍ਰ ਥਾਪਿਯੈ ॥੧੧੮॥

ਅਰਥ : ਜੋ ਸਭ ਜਗ੍ਹਾਂ ਵਿਚ ਮੰਨਿਆ ਜਾਂਦਾ ਹੈ। (ਜੋ) ਸਦਾ ਹੀ ਪ੍ਰਧਾਨ (ਮੁਖੀ) ਹੈ। ਜੋ ਸਭ ਜਗ੍ਹਾਂ ਵਿਚ ਜਪਿਆ ਜਾਂਦਾ ਹੈ। ਜੋ ਸਭ ਜਗ੍ਹਾਂ ਵਿਚ ਸਥਿਰ ਹੈ ॥੧੧੮॥

ਕਿ ਸਰਬੱਤ੍ਰ ਭਾਨੈ ॥ ਕਿ ਸਰਬੱਤ੍ਰ ਮਾਨੈ ॥
ਕਿ ਸਰਬੱਤ੍ਰ ਇੰਦ੍ਰੈ ॥ ਕਿ ਸਰਬੱਤ੍ਰ ਚੰਦ੍ਰੈ ॥੧੧੯॥

ਪਦ ਅਰਥ : ਭਾਨੈ= ਪ੍ਰਕਾਸ਼ਕ। ਇੰਦ੍ਰੈ= ਰਾਜਾ। ਚੰਦ੍ਰੈ= ਸ਼ਾਂਤੀ ਦਾਤਾ।

ਅਰਥ : ਜੋ ਸਭ ਦਾ ਪ੍ਰਕਾਸ਼ਕ ਹੈ। ਜੋ ਸਭ ਤੋਂ ਮਾਣ ਪਾਂਦਾ ਹੈ। ਜੋ ਸਭ ਦਾ ਰਾਜਾ ਹੈ। ਜੋ ਸਭ ਨੂੰ ਸ਼ਾਂਤੀ ਦੇਂਦਾ ਹੈ ॥੧੧੯॥

ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥

ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥

ਪਦ ਅਰਥ : ਕਲੀਮੈਂ= ਸ਼ਕਤੀ ਰੂਪ। ਫ਼ਹੀਮੈ= ਬੁਧਿਮਾਨ। ਆਕਲ= ਦਾਨਾ, ਅਕਲ ਵਾਲਾ। ਅਲਾਮੈ= ਵਿਦਵਾਨ। ਕਲਾਮੈ= ਬੋਲੀ ਵਾਲਾ।

ਅਰਥ : ਜੋ ਸਾਰੀਆਂ ਤਾਕਤਾਂ ਵਾਲਾ ਹੈ। ਜੋ ਵੱਡਾ ਬੁਧਿਮਾਨ ਹੈ। ਜੋ ਸਿਆਣਾ ਤੇ ਵਿਦਵਾਨ ਹੈ। ਜੋ ਬੋਲੀਆਂ ਦਾ ਮਾਲਕ ਹੈ ॥੧੨੦॥

ਕਿ ਹੁਸਨਲ ਵਜੂ ਹੈਂ ॥ ਤਮਾਮੁਲ ਰੁਜੂ ਹੈਂ ॥
ਹਮੇਸੁਲ ਸਲਾਮੈਂ ॥ ਸਲੀਖਤ ਮੁਦਾਮੈਂ ॥੧੨੧॥

ਪਦ ਅਰਥ : ਹੁਸਨਲ= ਸੁੰਦਰਤਾ। ਵਜੂ= (ਵਜੂਦ) ਸਰੀਰ। ਤਮਾਮੁਲ= ਸਭ ਨੂੰ। ਰੁਜੂ= ਤਵੱਜਹ ਵਾਲਾ। ਸਲਾਮੈਂ= ਸਲਾਮਤ। ਸਲੀਖਤ= ਔਲਾਦ, ਸੰਤਾਨ।

ਅਰਥ : ਜੋ ਸੁੰਦਰਤਾ ਦਾ ਸਰੀਰ ਹੈ। (ਜੋ) ਸਭ ਨੂੰ (ਆਪਣੇ ਵੱਲ) ਰੁਜੂ ਕਰਨ ਵਾਲਾ ਹੈ। ਜੋ ਸਦਾ ਹੀ ਸਲਾਮਤ ਹੈ। (ਜੋ) ਸਥਿਰ ਸੰਤਾਨ ਵਾਲਾ ਹੈ ॥੧੨੧॥

ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥
ਬਿਲੰਦੁਲ ਮਕਾਨੈਂ ॥ ਜ਼ਮੀਨੁਲ ਜ਼ਮਾਨੈਂ ॥੧੨੨॥

ਪਦ ਅਰਥ : ਗ਼ਨੀਮੁਲ= ਵੱਡੇ ਦੁਸ਼ਮਨਾਂ। ਸ਼ਿਕਸਤੈ= ਹਰਾਉਣ ਵਾਲਾ। ਗ਼ਰੀਬੁਲ= ਵੱਡੇ ਗ਼ਰੀਬ। ਪਰਸਤੈ= ਪਾਲਨ ਵਾਲਾ। ਬਿਲੰਦੁਲ= ਵੱਡੇ ਉੱਚੇ। ਜ਼ਮੀਨੁਲ= ਧਰਤੀ। ਜ਼ਮਾਨੈਂ= ਅਕਾਸ਼ ਵਿਚ।

ਅਰਥ : (ਜੋ) ਵਡੇ ਦੁਸ਼ਮਨਾਂ ਨੂੰ ਫ਼ਤਹ ਕਰਨ ਵਾਲਾ ਹੈ। (ਜੋ) ਵਡੇ ਗ਼ਰੀਬਾਂ ਦਾ ਪੱਖ ਕਰਨ ਵਾਲਾ ਹੈ। (ਜੋ) ਉੱਚੇ ਮਕਾਨ ਵਾਲਾ ਹੈ (ਜੋ) ਧਰਤੀ ਅਤੇ ਅਕਾਸ਼ ਵਿਚ ਹੈ ॥੧੨੨॥

ਤਮੀਜ਼ੁਲ ਤਮਾਮੈਂ ॥ ਰੁਜੂਅਲ ਨਿਧਾਨੈਂ ॥
ਹਰੀਫੁਲ ਅਜੀਮੈਂ ॥ ਰਜ਼ਾਇਕ ਯਕੀਨੈਂ ॥੧੨੩॥

ਪਦ ਅਰਥ : ਤਮੀਜ਼ੁਲ= ਤਾਮੀਜ਼, ਫ਼ਰਕ ਸਮਝਣ ਦੀ ਕ੍ਰਿਆ, ਭੇਦ ਗਿਆਨ। ਰੁਜੂਅਲ= ਤਵੱਜਹ ਕਰਨ ਵਾਲੀ ਚੇਸ਼ਟਾ। ਹਰੀਫੁਲ= ਮਿੱਤਰ। ਅਜੀਮੈ= ਵੱਡਾ। ਰਜਾਇਕ= ਰਾਜ਼ਕ।

ਅਰਥ : ਜੋ ਸਭ ਦੀ ਤਾਮੀਜ਼ ਵਾਲਾ ਹੈ। ਜੋ ਰੁਜੂਅਲ ਦਾ ਖ਼ਜ਼ਾਨਾ ਹੈ। ਜੋ ਵੱਡਾ ਮਿੱਤਰ ਹੈ। ਜੋ ਸੱਚ ਮੁਚ ਹੀ ਰੋਜੀ ਦੇਣ ਵਾਲਾ ਹੈ ॥੧੨੩॥

ਅਨੇਕੁਲ ਤਰੰਗ ਹੈਂ ॥ ਅਭੇਦ ਹੈਂ ਅਭੰਗ ਹੈਂ ॥
ਅਜ਼ੀਜ਼ੁਲ ਨਿਵਾਜ਼ ਹੈਂ ॥ ਗ਼ਨੀਮੁਲ ਖ਼ਿਰਾਜ ਹੈਂ ॥੧੨੪॥

ਪਦ ਅਰਥ : ਤਰੰਗ= ਲਹਿਰਾਂ। ਅਜ਼ੀਜ਼ੁਲ= ਵੱਡੇ ਪਿਆਰੇ। ਨਿਵਾਜ਼= ਵਡਿਆਉਣਾ। ਖ਼ਿਰਾਜ= ਟੈਕਸ ਲਾਉਣ ਵਾਲਾ ਭਾਵ ਡੰਡ ਦੇਣ ਵਾਲਾ।

ਅਰਥ : (ਜੋ) ਅਨੇਕਾਂ ਲਹਿਰਾਂ ਰੂਪ ਹੈ। (ਜੋ) ਭੇਦ ਤੋਂ ਬਿਨਾਂ ਤੇ ਨਾਸ ਤੋਂ ਬਿਨਾਂ ਹੈ। (ਜੋ) ਆਪਣੇ

ਪਿਆਰਿਆਂ ਨੂੰ ਵਡਿਆਉਣ ਵਾਲਾ ਹੈ। (ਜੋ) ਦੋਸ਼ੀਆਂ ਨੂੰ ਡੰਡ ਦੇਣ ਵਾਲਾ ਹੈ ॥੧੨੪॥

ਨਿਰੁਕਤ ਸਰੂਪ ਹੈਂ॥ ਤ੍ਰਿਮੁਕਤਿ ਬਿਭੂਤ ਹੈਂ॥
ਪ੍ਰਭੁਗਤਿ ਪ੍ਰਭਾ ਹੈਂ॥ ਸੁ ਜੁਗਤਿ ਸੁਧਾ ਹੈਂ॥੧੨੫॥

ਪਦ ਅਰਥ : ਨਿਰੁਕਤ= (ਉਕਤ= ਕਥਨ ਕਰਨਾ) ਨਾ ਕਥਨ ਕੀਤੇ ਜਾਣ ਵਾਲਾ। ਤ੍ਰਿਮੁਕਤਿ= ਤਿੰਨਾਂ ਤੋਂ ਨਿਰਾਲਾ। ਪ੍ਰਭੁਗਤਿ= (ਪ੍ਰਭੂਤ) ਉਤਪਤੀ, (੨) ਸ਼ਕਤਿ, (੩) ਅਧਿਕਤਾ। ਸੁ ਜੁਗਤਿ= (ਸੰਯੁਕਿਤ) ਮਿਲਿਆ ਹੋਇਆ।

ਅਰਥ : ਨਾ ਕਥਨ ਕੀਤੇ ਜਾਣ ਵਾਲਾ (ਤੇਰਾ) ਸਰੂਪ ਹੈ। ਤਿੰਨਾਂ ਗੁਣਾਂ ਤੋਂ ਨਿਰਾਲਾ ਅਤੇ ਸੰਪਦਾ ਰੂਪ ਹੈ। ਸੋਭਾ ਦੀ ਉਤਪਤੀ ਹੈ, (ਅਰਥਾਤ ਸੋਭਾ ਉਸੇ ਤੋਂ ਹੀ ਪੈਦਾ ਹੋਈ ਹੈ)। ਸਦਾ ਹੀ (ਸਭ ਨਾਲ) ਮਿਲਿਆ ਹੋਇਆ ਹੈ ॥੧੨੫॥

ਸਦੈਵੰ ਸਰੂਪ ਹੈਂ॥ ਅਭੇਦੀ ਅਨੂਪ ਹੈਂ॥
ਸਮਸਤੋ ਪਰਾਜ ਹੈਂ॥ ਸਦਾ ਸਰਬ ਸਾਜ ਹੈਂ॥੧੨੬॥

ਪਦ ਅਰਥ : ਸਮਸਤੋ ਪਰਾਜ= (ਸਮਸਤ+ਉਪਰਾਜਿ) ਸਭ ਨੂੰ ਪੈਦਾ ਕਰਨ ਵਾਲਾ।

ਅਰਥ : ਨਿੱਤਜ ਸਰੂਪ ਹੈਂ। ਭੇਦ ਤੋਂ ਬਿਨਾਂ ਤੇ ਉਪਮਾ ਤੋਂ ਰਹਿਤ ਹੈਂ। ਸਭ ਨੂੰ ਪੈਦਾ ਕਰਨ ਵਾਲਾ ਹੈਂ। ਸਦਾ ਹੀ ਸਭ ਨੂੰ ਬਣਾਉਂਦਾ ਹੈਂ ॥੧੨੬॥

ਸਮਸਤੁਲ ਸਲਾਮ ਹੈਂ॥ ਸਦੈਵਲ ਅਕਾਮ ਹੈਂ॥
ਨ੍ਰਿਬਾਧ ਸਰੂਪ ਹੈਂ॥ ਅਗਾਧ ਹੈਂ ਅਨੂਪ ਹੈਂ ॥੧੨੭॥

ਅਰਥ : ਸਭਨਾਂ ਦੇ ਸਲਾਮ ਯੋਗਯ ਹੈਂ। ਹਮੇਸ਼ਾਂ ਹੀ ਕਾਮਨਾ ਤੋਂ ਬਿਨਾਂ ਹੈ। ਨਾ ਕਟੇ ਜਾਣ ਵਾਲੇ ਸਰੂਪ ਵਾਲਾ ਹੈਂ। ਨਾ ਗਾਹੇ ਜਾਣ ਵਾਲਾ ਹੈਂ ਤੇ ਨਾ (ਉਸ ਦੀ) ਉਪਮਾ ਹੋ ਸਕਦੀ ਹੈ ॥੧੨੭॥

ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥
ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ ॥੧੨੮॥

ਪਦ ਅਰਥ : ਓਅੰ= (ੳ= ਬ੍ਰਹਮਾ+ਅ= ਵਿਸ਼ਨ+ਮ= ਸ਼ਿਵ) ਤਿੰਨ ਦੇਵ, ਤ੍ਰਿਦੇਵ। ਕਾਮੇ= ਪੈਦਾ ਕਰਨ ਵਾਲਾ। ਅਨੰਗੀ= ਦੇਹ ਤੋਂ ਬਿਨਾਂ। ਆਦਿ= ਮੁੱਢ ਹੈਂ।

ਅਰਥ : ਤਿੰਨਾਂ ਦੇਵਤਿਆਂ ਦੇ (ਤ੍ਰਿਦੇਵ) ਰੂਪ ਦਾ ਮੁੱਢ ਹੈਂ। (੨) ਅਥਵਾ—ਤਿੰਨਾਂ ਦੇਵਤਿਆਂ ਦਾ ਆਦਿ ਰੂਪ ਹੈਂ। (ਤੇਰੇ) ਸਰੂਪ ਦਾ ਮੁੱਢ ਨਹੀਂ ਹੈ। ਰੂਪ ਤੋਂ ਬਿਨਾਂ ਤੇ ਨਾਮ ਤੋਂ ਬਿਨਾਂ ਹੈਂ। (ਅਰਥਾਤ ਤੇਰਾ ਕੋਈ ਨਾਮ ਰੂਪ ਨਹੀਂ ਹੈ)। (ਤੂੰ ਹੀ) ਤਿੰਨਾਂ (ਲੋਕਾਂ) ਨੂੰ ਨਾਸ ਕਰਨ ਵਾਲਾ ਹੈਂ ਅਤੇ ਤਿੰਨਾਂ ਨੂੰ ਪੈਦਾ ਕਰਨ ਵਾਲਾ ਹੈਂ ॥੧੨੮॥

ਤ੍ਰਿਬਰਗੰ* ਤ੍ਰਿਬਾਧੇ॥ ਅਗੰਜੇ ਅਗਾਧੇ॥

** ਖਾਸ ਬੀੜ ਵਿਚ 'ਤ੍ਰਿਬਰਗੱਸ ਬਾਧੇ' ਪਾਠ ਹੈ।*

ਸੁਭੰ ਸਰਬ ਭਾਗੇ॥ ਸੁ ਸਰਬਾ ਅਨੁਰਾਗੇ ॥੧੨੯॥

ਅਰਥ : ਤ੍ਰਿਗੁਣ ਸਰੂਪ ਅਤੇ ਤਿੰਨਾਂ ਦਾ ਵਿਨਾਸ਼ਕ ਹੈ। ਨਾਸ ਤੋਂ ਰਹਿਤ ਅਤੇ ਅਥਾਹ ਹੈ। ਸਭਨਾਂ ਦੇ ਭਾਗਾਂ ਨੂੰ [ਸੁਭੰ] ਪ੍ਰਕਾਸ਼ਦਾ ਹੈ। ਸਭ ਨਾਲ ਪ੍ਰੇਮ ਕਰਦਾ ਹੈ॥੧੨੯॥

ਤ੍ਰਿਭੁਗਤ ਸਰੂਪ* ਹੈਂ॥ ਅਛਿੱਜ ਹੈਂ ਅਛੂਤ ਹੈਂ॥
ਕਿ ਨਰਕੰ ਪ੍ਰਣਾਸ ਹੈਂ॥ ਪ੍ਰਿਥੀਉਲ ਪ੍ਰਵਾਸ ਹੈਂ ॥੧੩੦॥

ਅਰਥ : ਤਿੰਨਾਂ ਲੋਕਾਂ ਨੂੰ ਭੋਗਣ ਵਾਲਾ (ਤੇਰਾ) ਸਰੂਪ ਹੈ। (ਜੋ ਕਦੇ ਵੀ) ਛਿੱਜਦਾ ਨਹੀਂ ਹੈ ਅਤੇ ਸਪਰਸ਼ ਰਹਿਤ ਹੈ। ਜੋ ਨਰਕ ਨੂੰ ਨਾਸ ਕਰਨ ਵਾਲਾ ਹੈ, ਅਤੇ ਪ੍ਰਿਥਵੀ ਵਿਚ ਪੂਰਨ ਵੱਸ ਰਿਹਾ ਹੈ ਅਰਥਾਤ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ ॥੧੩੦॥

ਨਿਰੁਕਤਿ ਪ੍ਰਭਾ ਹੈਂ॥ ਸਦੈਵੰ ਸਦਾ ਹੈਂ॥
ਬਿਭੁਗਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ ॥੧੩੧॥

ਪਦ ਅਰਥ : ਸਦੈਵੰ= ਨਿੱਤਜ। ਬਿਭੁਗਤਿ= (ਵਿਭਕਤ) ਵੰਡਿਆ ਹੋਇਆ, ਭਿੰਨ ਭਿੰਨ। ਪ੍ਰਜੁਗਤਿ= (ਪ੍ਰਯੁਕਤ) ਮਿਲਿਆ ਹੋਇਆ।

ਅਰਥ : ਨਾ ਕਥਨ ਕੀਤੇ ਜਾਣ ਵਾਲੀ ਸੋਭਾ ਵਾਲਾ ਹੈਂ। ਸਦਾ ਨਿੱਤਜ ਹੈਂ। ਭਿੰਨ ਭਿੰਨ ਸਰੂਪ ਵਾਲਾ ਹੈਂ। ਸਭ ਦੇ ਨਾਲ ਮਿਲਿਆ ਹੋਇਆ ਤੇ ਉਪਮਾ ਤੋਂ ਰਹਿਤ ਹੈਂ॥੧੩੧॥

ਨਿਰੁਕਤਿ ਸਦਾ ਹੈਂ॥ ਬਿਭੁਗਤਿ ਪ੍ਰਭਾ ਹੈਂ॥
ਅਨਉਕਤਿ ਸਰੂਪ ਹੈਂ॥ ਪ੍ਰਜੁਗਤਿ ਅਨੂਪ ਹੈਂ ॥੧੩੨॥

ਅਰਥ : ਸਦਾ ਹੀ ਕਥਨ ਤੋਂ ਰਹਿਤ ਹੈਂ। ਵਖੋ ਵਖ ਤਰ੍ਹਾਂ (ਦੀ ਤੇਰੀ) ਸੋਭਾ ਹੈ। [ਉਕਤਿ] ਦਲੀਲ ਤੋਂ ਬਿਨਾਂ (ਤੇਰਾ) ਸਰੂਪ ਹੈ (ਅਰਥਾਤ ਤੇਰਾ ਸਰੂਪ ਬੁੱਧਿ ਦਾ ਵਿਸ਼ਾ ਵੀ ਨਹੀਂ ਹੈ)। ਸਭ ਦੇ ਨਾਲ ਮਿਲਿਆ ਹੋਇਆ ਤੇ ਉਪਮਾ ਤੋਂ ਰਹਿਤ ਹੈਂ॥੧੩੨॥

ਚਾਚਰੀ ਛੰਦ॥

ਅਭੰਗ ਹੈਂ॥ ਅਨੰਗ ਹੈਂ॥ ਅਭੇਖ ਹੈਂ॥ ਅਲੇਖ ਹੈਂ॥੧੩੩॥

ਅਰਥ : ਨਾਸ ਨਹੀਂ ਹੁੰਦਾ ਹੈਂ। ਸਰੀਰ ਤੋਂ ਬਿਨਾਂ ਹੈਂ। ਭੇਖ ਤੋਂ ਬਿਨਾਂ ਹੈਂ। ਲੇਖੇ ਤੋਂ ਬਾਹਰ ਹੈਂ॥੧੩੩॥

ਅਭਰਮ ਹੈਂ॥ ਅਕਰਮ ਹੈਂ॥ ਅਨਾਦਿ ਹੈਂ॥ ਜੁਗਾਦਿ ਹੈਂ॥੧੩੪॥

ਅਰਥ : ਭਰਮ ਤੋਂ ਬਿਨਾਂ ਹੈਂ। ਕਰਮ ਤੋਂ ਬਿਨਾਂ ਹੈਂ। ਆਦਿ ਤੋਂ ਰਹਿਤ ਹੈਂ। ਜੁਗ ਮਰਯਾਦਾ ਦਾ ਮੁੱਢ ਹੈਂ (ਅਰਥਾਤ ਸਤਜੁਗ ਆਦਿਕ ਮਰਯਾਦਾ ਭੀ ਤੈਥੋਂ ਹੀ ਹੋਈ ਹੈ)॥੧੩੪॥

ਅਜੈ ਹੈਂ॥ ਅਬੈ ਹੈਂ॥ ਅਭੂਤ ਹੈਂ॥ ਅਧੂਤ ਹੈਂ॥੧੩੫॥

** ਖਾਸ ਬੀੜ ਵਿਚ 'ਸਰੁੱਪ' ਪਾਠ ਹੈ।*

ਪਦ ਅਰਥ : ਅਜੈ= (ਜੈ= ਜਯ) ਜਿੱਤਣਾ। ਅਬੈ= (ਬੈ= ਬਯ) ਉਮਰਾ। ਭੂਤ= ਜੀਵ। ਅਧੂਤ= (ਧੂਤ= ਡਰ) ਡਰ ਤੋਂ ਰਹਿਤ, ਨਿਰਭੈ।

ਅਰਥ : ਜਿੱਤਿਆ ਨਹੀਂ ਜਾਂਦਾ। ਤੇਰੀ ਕੋਈ ਖ਼ਾਸ ਉਮਰਾ ਨਹੀਂ ਹੈ। ਤੂੰ ਜੀਵ ਨਹੀਂ ਹੈਂ। ਇਸ ਲਈ ਨਿਰਭੈ ਹੈਂ ॥੧੩੫॥

ਅਨਾਸ ਹੈਂ॥ ਉਦਾਸ ਹੈਂ॥ ਅਧੰਧ ਹੈਂ॥ ਅਬੰਧ ਹੈਂ॥੧੩੬॥

ਅਰਥ : ਨਾਸ ਤੋਂ ਬਿਨਾਂ ਹੈਂ। ਸਭ ਤੋਂ ਉਪਰਾਮ ਹੈਂ। ਧੰਧਿਆਂ ਤੋਂ ਬਿਨਾਂ ਹੈਂ। ਬੰਧਨਾਂ ਤੋਂ ਰਹਿਤ ਹੈਂ ॥੧੩੬॥

ਅਭਗਤ ਹੈਂ॥ ਬਿਰਕਤ ਹੈਂ॥ ਅਨਾਸ ਹੈਂ॥ ਪ੍ਰਕਾਸ ਹੈਂ॥੧੩੭॥

ਪਦ ਅਰਥ : ਅਭਗਤ= ਅਭਕਤ ਜੋ ਵੰਡਿਆ ਨਾ ਜਾਏ, ਜੋ ਅਲਗ ਨਾ ਕੀਤਾ ਜਾਏ, ਜਿਸ ਦੇ ਟੁਕੜੇ ਨਾ ਹੋਏ ਹੋਣ, ਸਮੁੱਚਾ। ਬਿਰਕਤ= (ਰਕਤ= ਰੰਗ) ਰੰਗ ਤੋਂ ਬਿਨਾਂ। ਅਨਾਸ= (ਅਨ+ਆਸ) ਇੱਛਾ ਤੋਂ ਬਿਨਾਂ।

ਅਰਥ : ਸਮੁੱਚਾ ਹੈਂ। ਰੰਗ ਤੋਂ ਬਿਨਾਂ ਹੈਂ। ਇੱਛਾ ਤੋਂ ਬਿਨਾਂ ਹੈਂ। ਚਾਨਣ ਗਿਆਨ ਰੂਪ ਹੈਂ ॥੧੩੭॥

ਨਿਚਿੰਤ ਹੈਂ॥ ਸੁਨਿੰਤ ਹੈਂ॥ ਅਲਿੱਖ ਹੈਂ॥ ਅਦਿੱਖ ਹੈਂ॥੧੩੮॥

ਪਦ ਅਰਥ : ਸੁਨਿੰਤ= (ਸੁਨਿਯਤ) ਮਨ ਤੇ ਇੰਦ੍ਰੀਆਂ ਦੇ ਰੋਕਨ ਵਾਲਾ।

ਅਰਥ : ਚਿੰਤਾ ਤੋਂ ਬਿਨਾਂ ਹੈਂ। ਇੰਦ੍ਰੀਆਂ ਨੂੰ ਰੋਕਨ ਵਾਲਾ ਹੈਂ। ਲਿਖਿਆ ਨਹੀਂ ਜਾਂਦਾ। ਦਿੱਸਦਾ ਵੀ ਨਹੀਂ ਹੈਂ॥੧੩੮॥

ਅਲੇਖ ਹੈਂ॥ ਅਭੇਖ ਹੈਂ॥ ਅਢਾਹ ਹੈਂ॥ ਅਗਾਹ ਹੈਂ॥੧੩੯॥

ਅਰਥ : ਲੇਖੇ ਤੋਂ ਬਾਹਰ ਹੈਂ। ਭੇਖ ਤੋਂ ਰਹਿਤ ਹੈਂ। ਤੇਰਾ ਕੋਈ [ਢਾਹ] ਕਿਨਾਰਾ ਨਹੀਂ ਹੈ। ਨਾ ਹੀ ਤੇਰਾ ਕੋਈ [ਗਾਹ] ਥੱਲਾ ਹੈ ॥੧੩੯॥

ਅਸੰਭ ਹੈਂ॥ ਅਗੰਭ ਹੈਂ॥ ਅਨੀਲ ਹੈਂ॥ ਅਨਾਦਿ ਹੈਂ॥੧੪੦॥

ਪਦ ਅਰਥ : ਅਸੰਭ= (ਸੰਭ= ਜਨਮ) ਜਨਮ ਰਹਿਤ। ਅਭੰਗ= (ਗਮ= ਪਹੁੰਚ) ਪਹੁੰਚ ਤੋਂ ਪਰੇ। ਅਨੀਲ= (ਨੀਲ= ਗਿਣਤੀ) ਅਗਿਣਤ। ਅਨਾਦਿ= ਨਾਦ ਸ਼ਬਦ ਰਹਿਤ।

ਅਰਥ : ਜਨਮ ਤੋਂ ਰਹਿਤ ਹੈਂ। ਮਨ-ਬਾਣੀ ਦੀ ਪਹੁੰਚ ਤੋਂ ਪਰੇ ਹੈਂ। ਅਗਿਣਤ ਹੈਂ। ਸ਼ਬਦ ਤੋਂ ਰਹਿਤ ਹੈ ॥੧੪੦॥

ਅਨਿੱਤ ਹੈਂ॥ ਸੁ ਨਿੱਤ ਹੈਂ॥ ਅਜਾਤ ਹੈਂ॥ ਅਜਾਦ ਹੈਂ॥੧੪੧॥

ਪਦ ਅਰਥ : ਅਨਿੱਤ= ਅਨਿੱਤਜ, ਜੋ ਆਪ ਕਾਰਯ ਰੂਪ ਹੋਵੇ ਪਰ ਉਸ ਦਾ ਕੋਈ ਕਾਰਣ ਨਾ ਹੋਵੇ। ਸੁ ਨਿੱਤ= ਸੁਣਨ ਵਾਲਾ। ਅਜਾਤ= ਜੋ ਜੰਮਿਆ ਨਹੀਂ ਹੈ।

ਅਰਥ : ਤੂੰ ਅਨਿੱਤਜ ਹੈਂ। ਸੁਣਨ ਵਾਲਾ ਹੈਂ। ਜੰਮਿਆ ਨਹੀਂ ਹੈਂ। ਸੁਤੰਤ੍ਰ ਹੈਂ ॥੧੪੧॥

ਚਰਪਟ ਛੰਦ ॥ ਤ੍ਵ ਪ੍ਰਸਾਦਿ ॥

ਸਰਬੰ ਹੰਤਾ ॥ ਸਰਬੰ ਗੰਤਾ ॥ ਸਰਬੰ ਖਿਆਤਾ ॥ ਸਰਬੰ ਗਿਆਤਾ ॥੧੪੨॥

ਪਦ ਅਰਥ : ਗੰਤਾ= ਜਾਣਨ ਵਾਲਾ। ਖਿਆਤਾ= ਕਥਨ ਕੀਤਾ ਗਿਆ। ਗਿਆਤਾ= ਜਾਣਨ ਵਾਲਾ।

ਅਰਥ : ਸਭ ਨੂੰ ਮਾਰਨ ਵਾਲਾ ਹੈਂ। ਸਭ ਕਿਸੇ ਨੂੰ ਜਾਣਨ ਵਾਲਾ ਹੈਂ। ਸਭ ਵਿਚ ਕਥਨ ਕੀਤਾ ਗਿਆ ਹੈਂ। ਸਭ ਜਗ੍ਹਾਂ ਤੇ ਜਾਣ ਵਾਲਾ ਹੈਂ ॥੧੪੨॥

ਸਰਬੰ ਹਰਤਾ ॥ ਸਰਬੰ ਕਰਤਾ ॥ ਸਰਬੰ ਪ੍ਰਾਣੰ ॥ ਸਰਬੰ ਤ੍ਰਾਣੰ ॥੧੪੩॥

ਅਰਥ : ਸਭ ਨੂੰ ਮਾਰਦਾ ਹੈਂ। ਸਭ ਨੂੰ ਬਣਾਂਦਾ ਹੈਂ। ਸਭ ਦਾ [ਪ੍ਰਾਣੰ] ਜੀਵਨ ਹੈਂ। ਸਭ ਦਾ [ਤ੍ਰਾਣੰ] ਰਾਖਾ ਹੈਂ ॥੧੪੩॥

ਸਰਬੰ ਕਰਮੰ ॥ ਸਰਬੰ ਧਰਮੰ ॥ ਸਰਬੰ ਜੁਗਤਾ ॥ ਸਰਬੰ ਮੁਕਤਾ ॥੧੪੪॥

ਅਰਥ : ਸਭ ਕਰਮਾਂ ਵਿਚ ਹੈਂ। ਸਭ ਧਰਮਾਂ ਵਿਚ ਹੈਂ। ਸਭ ਨਾਲ ਜੁੜਿਆ ਹੈਂ। ਸਭ ਤੋਂ [ਮੁਕਤ] ਅਜਾਦ ਹੈਂ ॥੧੪੪॥

ਰਸਾਵਲ ਛੰਦ ॥ ਤ੍ਵ ਪ੍ਰਸਾਦਿ ॥

ਨਮੋ* ਨਰਕ ਨਾਸੇ ॥ ਸਦੈਵੰ ਪ੍ਰਕਾਸੇ ॥
ਅਨੰਗੰ ਸਰੂਪੇ ॥ ਅਭੰਗੰ ਬਿਭੂਤੇ ॥੧੪੫॥

ਅਰਥ : ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਸਦਾ ਪ੍ਰਕਾਸ਼ ਕਰਨ ਵਾਲੇ ਨੂੰ ਨਮਸਕਾਰ ਹੈ। ਦੇਹ ਤੋਂ ਰਹਿਤ ਸਰੂਪ ਵਾਲੇ ਨੂੰ ਨਮਸਕਾਰ ਹੈ। ਨਾਸ ਤੋਂ ਰਹਿਤ ਸੰਪਦਾ ਵਾਲੇ ਨੂੰ ਨਮਸਕਾਰ ਹੈ ॥੧੪੫॥

ਪ੍ਰਮਾਥੰ ਪ੍ਰਮਾਥੇ ॥ ਸਦਾ ਸਰਬ ਸਾਥੇ ॥
ਅਗਾਧ ਸਰੂਪੇ ॥ ਨ੍ਰਿਬਾਧ ਬਿਭੂਤੇ ॥੧੪੬॥

ਪਦ ਅਰਥ : ਪ੍ਰਮਾਥੰ= ਦੇਣ ਵਾਲਿਆਂ। ਪ੍ਰਮਾਥੇ= ਨਾਸ ਕਰਨ ਵਾਲਾ। ਨ੍ਰਿਬਾਧ= (ਬਾਧ= ਪੀੜਾ) ਦੁੱਖ ਤੋਂ ਰਹਿਤ।

ਅਰਥ : ਦੁੱਖ ਦੇਣ ਵਾਲਿਆਂ ਦੇ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ। ਸਦਾ ਹੀ ਸਭ ਦੇ ਸਾਥੀ ਨੂੰ ਨਮਸਕਾਰ ਹੈ। ਅਗਾਧ ਸਰੂਪ ਵਾਲੇ ਨੂੰ ਨਮਸਕਾਰ ਹੈ। ਦੁਖ ਤੋਂ ਰਹਿਤ ਬਿਭੂਤੀ ਵਾਲੇ ਨੂੰ ਨਮਸਕਾਰ ਹੈ। ਭਾਵ ਮਾਯਕ ਬਿਭੂਤੀ ਦੁਖਦਾਈ ਹੈ, ਪਰ ਨਿਰੰਕਾਰੀ ਬਿਭੂਤੀ ਦੁੱਖ ਤੋਂ ਰਹਿਤ ਹੈ ॥੧੪੬॥

ਅਨੰਗੀ ਅਨਾਮੇ ॥ ਤ੍ਰਿਭੰਗੀ ਤ੍ਰਿਕਾਮੇ ॥
ਨ੍ਰਿਭੰਗੀ ਸਰੂਪੇ ॥ ਸਰਬੰਗੀ ਅਨੂਪੇ ॥੧੪੭॥

ਅਰਥ : ਨਾਮ ਤੇ ਰੂਪ ਤੋਂ ਰਹਿਤ ਹੋਣ ਵਾਲੇ ਨੂੰ ਨਮਸਕਾਰ ਹੈ। ਤਿੰਨਾਂ ਦੇ ਨਾਸਕ ਤੇ ਤਿੰਨਾਂ ਦੇ

**ਇਹ 'ਨਮੋ' ਪਦ ਸਾਰੇ ਛੰਦ ਦੀ ਹਰੇਕ ਤੁਕ ਨਾਲ ਲਗਦਾ ਹੈ।*

ਉਤਪਤ ਕਰਨ ਵਾਲੇ ਨੂੰ ਨਮਸਕਾਰ ਹੈ। ਨਾ ਨਾਸ ਹੋਣ ਵਾਲੇ ਸਰੂਪ ਵਾਲੇ ਨੂੰ ਨਮਸਕਾਰ ਹੈ। ਸਾਰਿਆਂ ਦੇ ਪੱਖੀ ਤੇ ਉਪਮਾ ਤੋਂ ਰਹਿਤ ਨੂੰ ਨਮਸਕਾਰ ਹੈ ॥੧੪੭॥

ਨ ਪੋਤ੍ਰੈ ਨ ਪੁੱਤ੍ਰੈ ॥ ਨ ਸੱਤ੍ਰੈ ਨ ਮਿਤ੍ਰੈ ॥
ਨ ਤਾਤੈ ਨ ਮਾਤੈ ॥ ਨ ਜਾਤੈ ਨ ਪਾਤੈ ॥੧੪੮॥

ਅਰਥ : ਜਿਸ ਦਾ ਨਾ ਪੋਤ੍ਰਾ ਹੈ ਨਾ ਪੁਤ੍ਰ ਹੈ। ਨਾ ਵੈਰੀ ਹੈ ਨਾ ਮਿੱਤਰ ਹੈ। ਨਾ ਪਿਤਾ ਹੈ ਨਾ ਮਾਤਾ ਹੈ। ਨਾ ਜਾਤਿ ਹੈ ਨਾ ਬਿਰਾਦਰੀ ਹੈ ॥੧੪੮॥

ਨ੍ਰਿਸਾਕੰ ਸਰੀਕ ਹੈਂ ॥ ਅਮਿਤੋ ਅਮੀਕ ਹੈਂ ॥
ਸਦੈਵੰ ਪ੍ਰਭਾ ਹੈਂ ॥ ਅਜੈ ਹੈਂ ਅਜਾ ਹੈਂ ॥੧੪੯॥

ਪਦ ਅਰਥ : ਸਰੀਕ= ਹਿੱਸਾ ਵੰਡਨ ਵਾਲਾ। ਅਮੀਕ= ਡੂੰਘਾ। ਅਜੈ= ਜਿੱਤਨਾ। ਅਜਾ= ਜਨਮ।

ਅਰਥ : ਜੋ ਸਾਕ ਤੇ ਸ਼ਰੀਕ ਤੋਂ ਰਹਿਤ ਹੈ। ਜੋ ਅਮਿੱਤ ਅਤੇ ਡੂੰਘਾ ਹੈ। ਜੋ ਨਿੱਤ ਹੀ ਸੋਭਾ ਰੂਪ ਹੈ। ਜੋ ਜਿੱਤਿਆ ਨਹੀਂ ਜਾਂਦਾ ਹੈ ਤੇ ਜੰਮਦਾ ਨਹੀਂ ਹੈ ॥੧੪੯॥

ਭਗਵਤੀ ਛੰਦ ॥ ਤ੍ਵ ਪ੍ਰਸਾਦਿ ॥

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥

ਪਦ ਅਰਥ : ਜ਼ਾਹਰ= ਪ੍ਰਗਟ। ਜ਼ਹੂਰ= ਪ੍ਰਕਾਸ਼, ਚਮਤਕਾਰ। ਹਾਜ਼ਰ= ਮੌਜੂਦ, ਨੇੜੇ। ਹਜ਼ੂਰ= ਸਾਹਮਣੇ। ਸਲਾਮ= ਸਲਾਮਤ, ਕਾਯਮ। ਕਲਾਮ= ਗੱਲਬਾਤ।

ਅਰਥ : ਜੋ ਪ੍ਰਗਟ ਪ੍ਰਕਾਸ਼ ਰੂਪ ਹੈ। ਜੋ ਨੇੜੇ ਤੇ ਸਾਹਮਣੇ ਹੈ। ਜੋ ਸਦਾ ਹੀ ਸਥਿਰ ਹੈ। ਜੋ ਸਭਨਾਂ ਵਿਚ ਬੋਲਦਾ ਹੈ ॥੧੫੦॥

ਕਿ ਸਾਹਿਬ ਦਿਮਾ.ਗ ਹੈਂ ॥ ਕਿ ਹੁਸਨਲ ਚਰਾ.ਗ ਹੈਂ ॥
ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥

ਪਦ ਅਰਥ : ਸਾਹਿਬ ਦਿਮਾ.ਗ= ਬੁਧਿ ਦਾ ਸਵਾਮੀ, ਵੱਡਾ ਦਾਨਾ। ਹੁਸਨਲ= ਸੁੰਦਰਤਾ। ਚਰਾ.ਗ= ਦੀਵਾ। ਕਾਮਲ= ਪੂਰਾ। ਕਰੀਮ= ਬਖ਼ਸ਼ਸ਼ ਕਰਨ ਵਾਲਾ।

ਅਰਥ : ਜੋ ਵੱਡਾ ਦਾਨਾ ਹੈ, ਜੋ ਸੁੰਦਰਤਾ ਦਾ ਦੀਵਾ ਹੈ। ਜੋ ਪੂਰਾ ਬਖ਼ਸ਼ਿੰਦ ਹੈ, ਜੋ ਰੋਜੀ ਦਾਤਾ ਦਿਆਲੂ ਹੈ ॥੧੫੧॥

ਕਿ ਰੋਜ਼ੀ ਦਿਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥

ਪਦ ਅਰਥ : ਦਿਹਿੰਦ= ਦੇਣ ਵਾਲਾ। ਰਾਜ਼ਕ= ਰਾਜਾ। ਰਹਿੰਦ= (ਰਿਹਾਨਿੰਦਹ) ਰਿਹਾਈ ਦਿਹੰਦਾ।

ਕਰੀਮੁਲ= ਕ੍ਰਿਪਾਲੂ । ਕਮਾਲ= ਪੂਰਨ । ਹੁਸਨਲ ਜਮਾਲ= ਵੱਡਾ ਸੋਹਣਾ, ਮਨੋਹਰ।

ਅਰਥ : ਜੋ ਰੋਜ਼ੀ ਦੇਣ ਵਾਲਾ ਹੈ। ਜੋ ਛੁਟਕਾਰਾ ਦੇਣ ਵਾਲਾ ਰਾਜਾ ਹੈ। ਜੋ ਪੂਰਨ ਕ੍ਰਿਪਾਲੂ ਹੈ। ਜੋ ਸਾਡਾ ਸੋਹਣਾ ਹੈ ॥੧੫੨॥

ਗ਼ਨੀਮੁਲ ਖ਼ਿਰਾਜ ਹੈਂ॥ ਗ਼ਰੀਬੁਲ ਨਿਵਾਜ਼ ਹੈਂ॥
ਹਰੀਫ਼ੁਲ ਸ਼ਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥੧੫੩॥

ਪਦ ਅਰਥ : ਗ਼ਨੀਮੁਲ= ਦੁਸ਼ਮਨ ਤੋਂ। ਗ਼ਰੀਬੁਲ= ਗ਼ਰੀਬਾਂ ਨੂੰ। ਨਿਵਾਜ਼= ਵਡਿਆਉਣਾ। ਹਰੀਫ਼ੁਲ= ਵੈਰੀਆਂ। ਸ਼ਿਕੰਨ= ਤੋੜਨ ਵਾਲਾ। ਹਿਰਾਸੁਲ= ਡਰ। ਫਿਕੰਨ= ਫੈਂਕਨ ਵਾਲਾ, ਸੁਟਣ ਵਾਲਾ।

ਅਰਥ : ਜੋ ਦੁਸ਼ਮਨਾਂ ਤੋਂ ਡੰਡ ਲੈਂਦਾ ਹੈਂ। ਗ਼ਰੀਬਾਂ ਨੂੰ ਵਡਿਆਉਂਦਾ ਹੈਂ। ਵੈਰੀਆਂ ਨੂੰ ਮਾਰਦਾ ਹੈਂ। ਡਰ ਨੂੰ ਦੂਰ ਕਰਦਾ ਹੈਂ ॥੧੫੩॥

ਕਲੰਕੰ ਪ੍ਰਣਾਸ ਹੈਂ॥ ਸਮਸਤੁਲ ਨਿਵਾਸ ਹੈਂ॥
ਅਗੰਜੁਲ ਗਨੀਮ ਹੈਂ॥ ਰਜਾਇਕ ਰਹੀਮ ਹੈਂ॥੧੫੪॥

ਪਦ ਅਰਥ : ਪ੍ਰਣਾਸ= ਬਿਲਕੁਲ ਨਾਸ। ਅੰਗਜੁਲ= ਨਾ ਨਾਸ ਹੋਣ ਵਾਲਾ। ਗਨੀਮ= ਵੈਰੀ। ਰਜਾਇਕ= (ਰੱਜ਼ਾਕ) ਰੋਜ਼ੀ ਦੇਣ ਵਾਲਾ। ਰਹੀਮ= ਦਿਆਲੂ।

ਅਰਥ : ਜੋ ਕਲੰਕ ਨੂੰ ਬਿਲਕੁਲ ਨਾਸ ਕਰਦਾ ਹੈਂ। ਸਭਨਾਂ ਵਿਚ ਵੱਸਦਾ ਹੈਂ। ਦੁਸ਼ਮਨਾਂ ਤੋਂ ਨਾਸ ਨਹੀਂ ਹੁੰਦਾ। ਜੋ ਰੋਜ਼ੀ ਦੇਣ ਵਾਲਾ ਦਿਆਲੂ ਹੈਂ ॥੧੫੪॥

ਸਮਸਤੁਲ ਜੁਬਾਂ ਹੈਂ॥ ਕਿ ਸਾਹਿਬ ਕਿਰਾਂ ਹੈਂ॥
ਕਿ ਨਰਕੰ ਪ੍ਰਣਾਸ ਹੈਂ॥ ਬਹਿਸਤੁਲ ਨਿਵਾਸ ਹੈਂ॥੧੫੫॥

ਪਦ ਅਰਥ : ਜੁਬਾਂ= ਬੋਲੀਆਂ। ਕਿਰਾਂ= ਕਲੀਮ ਦੇਸ, ਵਲਾਯਤ। (੨) ਇਕ ਰਾਸ਼ੀ ਵਿਚ ਅਨੇਕਾਂ ਨਛੱਤਰਾਂ ਦਾ ਇਕੱਠ ਹੋਣਾ, ਇਸ ਅਰਥ ਨਾਲ 'ਸਾਹਿਬ ਕਿਰਾ'= ਨਛੱਤ੍ਰ ਵਾਲਾ, ਭਗਵਾਨ, ਭਾਵ ਮਹਾਂ ਪ੍ਰਤਾਪੀ। ਬਹਿਸਤੁਲ= ਬਹਿਸ਼ਤ, ਸਵਰਗ, ਅਮਰਲੋਕ।

ਅਰਥ : ਜੋ ਸਾਰੀਆਂ ਬੋਲੀਆਂ ਦਾ ਮਾਲਕ ਹੈ। ਜੋ ਸਾਰੇ ਦੇਸਾਂ ਦਾ ਮਾਲਕ ਹੈ। ਜੋ ਨਰਕ ਨੂੰ ਨਾਸ ਕਰਨ ਵਾਲਾ ਹੈ। ਜੋ ਬਹਿਸ਼ਤ ਵਿਚ ਵੱਸਦਾ ਹੈ ॥੧੫੫॥

ਕਿ ਸਰਬੁਲ ਗਵੰਨ ਹੈਂ॥ ਹਮੇਸੁਲ ਰਵੰਨ ਹੈਂ॥
ਤਮਾਮੁਲ ਤਮੀਜ ਹੈਂ॥ ਸਮਸਤੁਲ ਅਜੀਜ ਹੈਂ॥੧੫੬॥

ਪਦ ਅਰਥ : ਰਵੰਨ= ਵਿਆਪਕ। (੨) ਭੋਗਣ ਹਾਰਾ, ਰਾਵਨਹਾਰ। ਤਮਾਮੁਲ= ਸਭਨਾਂ ਦੀ। ਤਮੀਜ= ਸਮਝ, ਗਜਾਤ। ਅਜੀਜ= ਪਿਆਰਾ।

ਅਰਥ : ਜੋ ਸਾਰਿਆਂ ਵਿਚ ਗਮਨ ਕਰਦਾ ਹੈ। ਹਮੇਸ਼ਾਂ ਹੀ ਵਿਆਪਕ ਹੈ। ਸਭ ਦੀ ਸਮਝ ਰੱਖਦਾ ਹੈ। ਸਭ ਦਾ ਪਿਆਰਾ ਹੈ ॥੧੫੬॥

ਪਰੰ ਪਰਮ ਈਸ ਹੈਂ॥ ਸਮਸਤੁਲ ਅਦੀਸ ਹੈਂ॥
ਅਦੇਸੁਲ ਅਲੇਖ ਹੈਂ॥ ਹਮੇਸੁਲ ਅਭੇਖ ਹੈਂ॥੧੫੭॥

ਪਦ ਅਰਥ : ਅਦੀਸ= ਆਦ੍ਰਿਸ, ਗੁਪਤ। ਅਦੇਸੁਲ= ਦੇਸਾਂ ਤੋਂ ਰਹਿਤ।

ਅਰਥ : ਵੱਡਿਆਂ ਤੋਂ ਵੱਡਿਆਂ ਦਾ ਸਵਾਮੀ ਹੈ। ਸਭਨਾਂ ਤੋਂ ਗੁਪਤ ਹੈ। ਦੇਸਾਂ ਤੋਂ ਰਹਿਤ ਤੇ ਲੇਖੇ ਤੋਂ ਰਹਿਤ ਹੈ। ਹਮੇਸ਼ਾਂ ਹੀ ਭੇਖ ਤੋਂ ਰਹਿਤ ਹੈ ॥੧੫੭॥

ਜ਼ਮੀਨੁਲ ਜ਼ਮਾ ਹੈਂ॥ ਅਮੀਕੁਲ ਇਮਾ ਹੈਂ॥
ਕਰੀਮੁਲ ਕਮਾਲ ਹੈਂ॥ ਕਿ ਜੁਰਅਤਿ ਜਮਾਲ ਹੈਂ॥੧੫੮॥

ਪਦ ਅਰਥ : ਜ਼ਮੀਨੁਲ= ਧਰਤੀ। ਜ਼ਮਾ= ਅਸਮਾਨ। ਇਮਾ= ਈਮਾਨ, ਧਰਮ। ਜੁਰਅਤਿ= ਸਾਹਸ, ਦਲੇਰੀ। ਜਮਾਲ= ਨੂਰ, ਸੁੰਦਰਤਾ।

ਅਰਥ : ਜੋ ਧਰਤੀ ਤੇ ਅਕਾਸ਼ ਵਿਚ ਹੈ। ਜੋ ਗੰਭੀਰ ਧਰਮ ਵਾਲਾ ਹੈ। ਜੋ ਪੂਰਨ ਕ੍ਰਿਪਾਲੂ ਹੈ। ਜੋ ਸਾਹਸ ਤੇ ਸੁੰਦਰਤਾ ਹੈ ॥੧੫੮॥

ਕਿ ਅਚਲੰ ਪ੍ਰਕਾਸ ਹੈਂ॥ ਕਿ ਅਮਿਤੋ ਸੁਬਾਸ ਹੈਂ॥
ਕਿ ਅਜਬ ਸਰੂਪ ਹੈਂ॥ ਕਿ ਅਮਿਤੋ ਬਿਭੂਤ ਹੈਂ॥੧੫੯॥

ਅਰਥ : ਜੋ ਅਚਲ ਪ੍ਰਕਾਸ਼ ਵਾਲਾ ਹੈ। ਜੋ ਅਮਿਤ ਸੁਗੰਧੀ ਵਾਲਾ ਹੈ। ਜੋ ਅਸਚਰਜ ਸਰੂਪ ਵਾਲਾ ਹੈ। ਜੋ ਬੇਅੰਤ ਸੰਪਦਾ ਵਾਲਾ ਹੈ ॥੧੫੯॥

ਕਿ ਅਮਿਤੋ ਪਸਾ ਹੈਂ॥ ਕਿ ਆਤਮ ਪ੍ਰਭਾ ਹੈਂ॥
ਕਿ ਅਚਲੰ ਅਨੰਗ ਹੈਂ॥ ਕਿ ਅਮਿਤੋ ਅਭੰਗ ਹੈਂ॥੧੬੦॥

ਪਦ ਅਰਥ : ਪਸਾ= ਦਾਤ। ਆਤਮ= ਆਪਣੇ ਆਪ। ਪ੍ਰਭਾ= ਪ੍ਰਕਾਸ਼ਵਾਨ।

ਅਰਥ : ਜਿਸ ਦੀ ਅਮਿਤ ਦਾਤ ਹੈ। ਜੋ ਆਪਣੇ ਆਪ ਪ੍ਰਕਾਸ਼ਵਾਨ ਹੈ। ਜੋ ਅਚੱਲ ਹੈ ਤੇ ਦੇਹ ਤੋਂ ਰਹਿਤ ਹੈ। ਜੋ ਮਿਤ ਹੱਦ ਤੋਂ ਰਹਿਤ ਤੇ ਅਮਿੱਤ ਅਤੇ ਨਾਸ ਤੋਂ ਰਹਿਤ ਹੈ ॥੧੬੦॥

ਮਧੁਭਾਰ ਛੰਦ॥ ਤ੍ਵ ਪ੍ਰਸਾਦਿ॥

ਮੁਨਿ ਮਨਿ ਪ੍ਰਨਾਮ॥ ਗੁਨਿ ਗਨ ਮੁਦਾਮ॥
ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ ॥੧੬੧॥

ਪਦ ਅਰਥ : ਮੁਨਿ= ਮੰਨਣ ਸੀਲ ਮਹਾਤਮਾ। ਗਨ= ਵਿਚਾਰਨਾ। ਮੁਦਾਮ= ਹਮੇਸ਼ਾਂ। ਅਰਿ ਬਰ= (ਅਰਬਲ) ਆਰਬਲਾ, ਉਮਰਾ।

ਅਰਥ : ਜਿਸ ਨੂੰ ਮੁਨੀ ਮਨ ਕਰਕੇ ਪ੍ਰਣਾਮ ਕਰਦੇ ਹਨ। ਸਦਾ ਜਿਸ ਦੇ ਗੁਣਾਂ ਨੂੰ ਵਿਚਾਰਦੇ ਹਨ। ਜਿਸ ਦੀ ਉਮਰਾ ਨਾਸ ਨਹੀਂ ਹੁੰਦੀ। ਜੋ ਹਰੇਕ ਨਰ ਨੂੰ ਨਾਸ ਕਰਦਾ ਹੈ ॥੧੬੧॥

ਅਨਗਨ ਪ੍ਰਨਾਮ॥ ਮੁਨਿ ਮਨਿ ਸਲਾਮ॥

ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥

ਪਦ ਅਰਥ : ਅਨਗਨ= ਅਨਗਿਣਤ। ਹਰਿ= ਯਮ। ਨਰ= ਦੇਵਤਾ। ਬਰ ਨਰ= (ਬਰ= ਸ੍ਰੇਸ਼ਟ+ ਨਰ= ਬ੍ਰਹਮਾ, ਵਿਸ਼ਨ) ਬ੍ਰਹਮਾਦਿਕ ਦੇਵਤੇ।

ਅਰਥ : ਉਸ ਨੂੰ ਅਨੇਕਾਂ ਵਾਰੀ ਪ੍ਰਨਾਮ ਹੈ। ਜੋ ਮੁਨੀਆਂ ਦੇ ਮਨ ਵਿਚ ਸਥਿਰ ਹੈ। ਜੋ ਯਮ ਦੇਵੜੇ ਤੋਂ ਨਾਸ ਨਹੀਂ ਹੁੰਦਾ। ਜੋ ਬ੍ਰਹਮਾਦਿਕ ਦਾ ਮੰਡਨ ਨਹੀਂ ਕੀਤਾ ਹੋਇਆ, ਅਰਥਾਤ ਬ੍ਰਹਮਾ, ਵਿਸ਼ਨੂੰ, ਆਦਿਕ ਦੇਵਤਿਆਂ ਨੇ ਜਿਸ ਨੂੰ ਸਥਾਪਨ ਨਹੀਂ ਕੀਤਾ, ਭਾਵ ਜੋ ਸੁਤੇ ਪ੍ਰਕਾਸ਼ ਹੈ ॥੧੬੨॥

ਅਨਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥

ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥

ਅਰਥ : ਜੋ ਗਿਆਨ ਰੂਪ ਤੇ ਇੱਛਾ ਤੋਂ ਰਹਿਤ ਹੈ। ਜੋ ਮੁਨੀਆਂ ਦੇ ਮਨ ਵਿਚ ਪ੍ਰਕਾਸ਼ਮਾਨ ਹੈ। ਗੁਨੀਆਂ ਦੇ (ਗਨ) ਗ੍ਰੋਹ (ਜੱਥੇ) ਜਿਸ ਨੂੰ ਪ੍ਰਨਾਮ ਕਰਦੇ ਹਨ, ਅਤੇ ਜੋ ਜਲ ਥਲ ਵਿਚ ਸਥਿਰ ਹੈ ॥੧੬੩॥

ਅਨਛਿੱਜ ਅੰਗ ॥ ਆਸਨ ਅਭੰਗ ॥

ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥

ਅਰਥ : ਨਾ ਛਿੱਜਨ ਵਾਲਾ ਜਿਸ ਦਾ ਸਰੀਰ ਹੈ। ਜਿਸ ਦਾ ਸਥਾਨ ਨਾਸ ਤੋਂ ਰਹਿਤ ਹੈ। ਜੋ ਬੇਹੱਦ ਉਪਮਾ ਵਾਲਾ ਹੈ। ਉਦਾਰਤਾ ਜਿਸ ਦੀ (ਗਤਿ) ਚਾਲ ਤੇ ਮਰਯਾਦਾ ਹੈ ॥੧੬੪॥

ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥

ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥

ਅਰਥ : ਜੋ ਜਲ ਥਲ ਵਿਚ [ਅਮੰਡ] ਵਡੀ ਸੋਭਾ ਵਾਲਾ ਹੈ। ਦਿਸਾਂ ਵਿਸਾਂ ਵਿਚ ਅਨਿੰਦ ਹੈ ਅਰਥਾਤ ਜਿਸ ਦੀ ਕਿਤੇ ਵੀ ਨਿੰਦਾ ਨਹੀਂ ਹੁੰਦੀ। ਜਲ ਥਲ ਵਿਚ ਪੂਜਜ ਹੈ। ਦੇਸਾਂ ਪ੍ਰਦੇਸਾਂ ਵਿਚ ਓਹੀ ਬੇਅੰਤ ਹੈ ॥੧੬੫॥

ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥

ਆਜਾਨ ਬਾਹੁ ॥ ਏਕੈ ਸਦਾਹੁ ॥੧੬੬॥

ਪਦ ਅਰਥ : ਧ੍ਰਿਤ ਧਰ= ਧੀਰਜ ਧਾਰਨ ਵਾਲੇ। ਧੁਰਾਸ= (ਧੁਰਾਸਨ) ਉੱਚਾ ਆਸਨ। ਆਜਾਨ= ਉਹ ਦੇਵਤਾ, ਜੋ ਸ੍ਰਿਸ਼ਟੀ ਦੇ ਆਦਿ ਵਿਚ ਦੇਵਤਾ ਹੀ ਪੈਦਾ ਹੋਇਆ ਹੋਵੇ। ਦੇਵਤੇ ਦੋ ਤਰ੍ਹਾਂ ਦੇ ਹੁੰਦੇ ਹਨ, (੧) ਕਰਮ ਦੇਵ (ਜੋ ਕਰਮਾਂ ਕਰਕੇ ਦੇਵਤਾ ਹੋਇਆ ਹੋਵੇ)। (੨) ਆਜਾਨ ਦੇਵ (ਜੋ ਸ਼ੁਰੂ ਤੋਂ ਹੀ ਦੇਵਤਾ ਪੈਦਾ ਹੋਇਆ ਹੋਵੇ)। ਬਾਹੁ= ਪ੍ਰੇਰਕ। ਸਦਾਹੁ= ਸਦਾ ਤੋਂ।

ਅਰਥ : ਜੋ ਡਰ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈ। ਧੀਰਜ ਧਾਰਨ ਵਾਲਿਆਂ ਵਿਚ ਜਿਸ ਦਾ ਉੱਚਾ ਸਥਾਨ ਹੈ। ਜੋ *ਦੇਵਤਿਆਂ ਦਾ ਪ੍ਰੇਰਕ ਅਤੇ ਸਦਾ ਤੋਂ ਇਕ ਹੈ ॥੧੬੬॥

ਕਈ ਇਸ ਦਾ ਅਰਥ—'ਗੋਡਿਆਂ ਤੱਕ ਬਾਹਾਂ ਵਾਲਾ' ਕਰਦੇ ਹਨ। ਪਰ ਜਿਥੇ 'ਆਜਾਨ' ਦਾ ਅਰਥ ਗੋਡਿਆਂ ਤਕ ਹੈ, ਉਥੇ ਪਾਠ 'ਆਜਾਨੁ' ਹੁੰਦਾ ਹੈ।

ਓਅੰਕਾਰ ਆਦਿ ॥ ਕਥਨੀ ਅਨਾਦਿ ॥

ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੬੭॥

ਪਦ ਅਰਥ : ਅਨਾਦਿ= (ਨਾਦਿ) ਬਾਣੀ ਦੀ । ਖਿਆਲ= ਸੰਕਲਪ, ਫੁਰਨਾ । ਖਲ= ਮੂਰਖ। ਗੁਰ= ਵੱਡਾ । ਅਕਾਲ (ਅ= ਬ੍ਰਹਮਾ+ਕਾ= ਵਿਸ਼ਨੂੰ+ਲ= ਸ਼ਿਵ) ਤਿੰਨ ਦੇਵਤੇ।

ਅਰਥ : ਜੋ ਰਚਨਾ ਦਾ ਮੁੱਢ ਰੂਪ ਓਅੰਕਾਰ ਹੈ । ਜਿਸ ਨੂੰ ਕਥਨ ਕਰਨ ਲਈ ਬਾਣੀ ਦੀ ਪਹੁੰਚ ਨਹੀਂ ਹੈ । ਜੋ ਫੁਰਨੇ ਨਾਲ ਹੀ ਦੁਸ਼ਟਾਂ ਨੂੰ ਨਾਸ ਕਰ ਦੇਂਦਾ ਹੈ, ਜੋ ਤਿੰਨਾਂ ਦੇਵਤਿਆਂ ਤੋਂ ਵੱਡਾ ਅਤੇ ਸ੍ਰੇਸ਼ਟ ਹੈ ॥੧੬੭॥

ਘਰ ਘਰਿ ਪ੍ਰਨਾਮ ॥ ਚਿਤ ਚਰਨ ਨਾਮ ॥

ਅਨਛਿੱਜ ਗਾਤ ॥ ਆਜਿਜ ਨ ਬਾਤ ॥੧੬੮॥

ਪਦ ਅਰਥ : ਘਰ= ਸਮੂਹ । ਨਾਮ= ਸਿਮਰਨ । ਗਾਤ= ਸਰੀਰ । ਆਜਿਜ= ਦੀਨ ।

ਅਰਥ : ਸਾਰੇ ਘਰਾਂ ਵਿਚ ਜਿਸ ਨੂੰ ਪ੍ਰਨਾਮ ਹੁੰਦੀ ਹੈ। ਸਾਰੇ ਚਿੱਤਾਂ ਵਿਚ ਜਿਸ ਦੇ ਚਰਨਾਂ ਦਾ ਸਿਮਰਨ ਹੈ। ਨਾ ਛਿੱਜਨ ਵਾਲਾ (ਜਿਸ ਦਾ) ਸਰੀਰ ਹੈ । ਜਿਸ ਵਿਚ ਦੀਨਤਾ ਦੀ ਗੱਲ ਨਹੀਂ ਹੈ ਭਾਵ ਜੋ ਕੰਗਾਲ ਨਹੀਂ ਹੈ ॥੧੬੮॥

ਅਨਝੰਝ ਗਾਤ ॥ ਅਨਰੰਜ ਬਾਤ ॥

ਅਨਟੁਟ ਭੰਡਾਰ ॥ ਅਨਠਟ ਅਪਾਰ ॥੧੬੯॥

ਪਦ ਅਰਥ : ਅਨਝੰਝ= (ਝੰਝ= ਕੰਬਨਾ) ਅਡੋਲ । ਅਨਰੰਜ= (ਰੰਜ= ਗੁੱਸਾ) ਗੁੱਸਾ ਨਹੀਂ।

ਅਰਥ : ਜਿਸ ਦਾ ਸਰੀਰ ਡੋਲਦਾ ਨਹੀਂ ਹੈ। ਜਿਸ ਦੀ ਗੱਲ ਵਿਚ ਗੁੱਸਾ ਨਹੀਂ ਹੈ। ਜਿਸ ਦਾ ਭੰਡਾਰ ਮੁੱਕਦਾ ਨਹੀਂ ਹੈ । ਜੋ ਕਿਸੇ ਦਾ ਕਾਇਮ ਨਹੀਂ ਕੀਤਾ ਹੋਇਆ ਤੇ ਜਿਸ ਦਾ ਅੰਤ ਵੀ ਨਹੀਂ ਹੈ ॥੧੬੯॥

ਆਡੀਠ ਧਰਮ ॥ ਅਤਿ ਢੀਠ ਕਰਮ ॥

ਅਣਬ੍ਰਣ ਅਨੰਤ ॥ ਦਾਤਾ ਮਹੰਤ ॥੧੭੦॥

ਅਰਥ : ਜੋ ਨਾ ਦਿੱਸਣ ਵਾਲੇ ਧਰਮ ਵਾਲਾ ਹੈ। ਵੱਡੇ ਢੀਠ ਕਰਮਾਂ ਵਾਲਾ ਹੈ। [ਬ੍ਰਣ] ਜ਼ਖ਼ਮ ਤੋਂ ਬਿਨਾਂ ਤੇ ਅੰਤ ਤੋਂ ਰਹਿਤ ਹੈ । ਜੋ ਸਭ ਦਾ ਦਾਤਾ ਤੇ ਵੱਡਾ ਹੈ॥੧੭੦॥

ਹਰਿਬੋਲਮਨਾ ਛੰਦ ॥ ਤ੍ਵ ਪ੍ਰਸਾਦਿ ॥

ਕਰੁਣਾਲਯ ਹੈਂ ॥ ਅਰਿ ਘਾਲਯ ਹੈਂ ॥

ਖਲ ਖੰਡਨ ਹੈਂ ॥ ਮਹਿ ਮੰਡਨ ਹੈਂ ॥੧੭੧॥

ਅਰਥ : ਕ੍ਰਿਪਾ ਦਾ ਆਲਯ ਘਰ ਹੈਂ। ਦੁਸ਼ਮਨਾਂ ਦੇ ਨਾਸ ਕਰਨ ਵਾਲਾ ਹੈਂ। ਮੂਰਖਾਂ ਨੂੰ ਮਾਰਨ ਵਾਲਾ ਹੈਂ। ਪ੍ਰਿਥਵੀ ਦਾ ਮੰਡਨ ਭੂਸ਼ਨ ਹੈਂ ॥੧੭੧॥

ਜਗਤੇਸ੍ਵਰ ਹੈਂ॥ ਪਰਮੇਸ੍ਵਰ ਹੈਂ॥
ਕਲਿ ਕਾਰਣ ਹੈਂ॥ ਸਰਬ ਉਬਾਰਣ ਹੈਂ ॥੧੭੨॥

ਅਰਥ : ਜਗਤ ਦਾ ਸੁਾਮੀ ਹੈਂ। ਵੱਡਾ ਈਸ਼ਵਰ ਹੈਂ। ਕਲਿ ਮਾਯਾ ਦਾ ਕਾਰਣ ਹੈਂ, ਅਰਥਾਤ ਮਾਯਾ ਉਸੇ ਦੀ ਪੈਦਾ ਕੀਤੀ ਹੋਈ ਹੈ। ਸਭ ਨੂੰ ਬਚਾਉਣ ਵਾਲਾ ਹੈਂ ॥੧੭੨॥

ਧ੍ਰਿਤ ਕੇ ਧ੍ਰਣ ਹੈਂ॥ ਜਗ ਕੇ ਕ੍ਰਣ ਹੈਂ॥
ਮਨ ਮਾਨਿਯ ਹੈਂ॥ ਜਗ ਜਾਨਿਯ ਹੈਂ॥੧੭੩॥

ਅਰਥ : ਧੀਰਜ ਦੇ ਧਾਰਨ ਵਾਲਾ ਹੈਂ। ਜਗਤ ਦੇ ਕਰਨ ਵਾਲਾ ਹੈਂ। ਮਨ ਦੀ ਮੰਨਣ ਵਾਲਾ ਹੈਂ। ਜਗਤ ਦੀ ਜਾਣਦਾ ਹੈਂ ॥੧੭੩॥

ਸਰਬੰ ਭਰ ਹੈਂ॥ ਸਰਬੰ ਕਰ ਹੈਂ॥
ਸਰਬ ਪਾਸਿਯ ਹੈਂ॥ ਸਰਬ ਨਾਸਿਯ ਹੈਂ ॥੧੭੪॥

ਅਰਥ : ਸਭ ਨੂੰ ਭਰਦਾ ਹੈਂ। ਸਭ ਨੂੰ ਕਰਦਾ ਹੈਂ। ਸਭ ਦੇ ਕੋਲ ਹੈਂ। ਸਭ ਨੂੰ ਮਾਰਦਾ ਹੈਂ ॥੧੭੪॥

ਕਰੁਣਾਕਰ ਹੈਂ॥ ਬਿਸ੍ਵੰਭਰ ਹੈਂ॥
ਸਰਬੇਸ੍ਵਰ ਹੈਂ॥ ਜਗਤੇਸ੍ਵਰ ਹੈਂ ॥੧੭੫॥

ਪਦ ਅਰਥ : ਕਰੁਣਾਕਰ= (ਕਰੁਣਾ+ਆਕਰ= ਖਾਨਿ) ਕ੍ਰਿਪਾ ਦੀ ਖਾਨਿ। ਬਿਸ੍ਵੰਭਰ= (ਬਿਸ੍ਵ+ ਅੰ+ਭਰ) ਜਗਤ ਨੂੰ ਭਰਨ ਵਾਲਾ।

ਅਰਥ : ਕ੍ਰਿਪਾ ਦੀ ਖਾਨਿ ਹੈਂ। ਜਗਤ ਨੂੰ ਭਰਨ ਵਾਲਾ ਹੈਂ। ਸਭ ਦਾ ਸਵਾਮੀ ਹੈਂ। ਜਗਤ ਦਾ ਈਸ਼ਵਰ ਪੂਜਯ ਪੁਰਖ ਹੈਂ ॥੧੭੫॥

ਬ੍ਰਹਮੰਡਸ ਹੈਂ॥ ਖਲ ਖੰਡਸ ਹੈਂ॥
ਪਰ ਤੇ ਪਰ ਹੈਂ॥ ਕਰੁਣਾਕਰ ਹੈਂ ॥੧੭੬॥

ਪਦ ਅਰਥ : ਬ੍ਰਹਮੰਡਸ= (ਬ੍ਰਹਮੰਡ+ਅਸੁ= ਪ੍ਰਾਣ) ਜਗਤ ਦਾ ਜੀਵਨ। ਖੰਡਸ= ਨਾਸ ਕਰਤਾ।

ਅਰਥ : ਜਗਤ ਦਾ ਜੀਵਨ ਹੈਂ। ਦੁਸ਼ਟਾਂ ਦੇ ਨਾਸ ਕਰਨ ਵਾਲਾ ਹੈਂ। ਪਰੇ ਤੋਂ ਪਰੇ ਹੈਂ। ਕ੍ਰਿਪਾ ਦੀ ਖਾਨ ਹੈਂ, ਅਰਥਾਤ ਕਰੁਣਾ ਦੇ ਪੈਦਾ ਹੋਣ ਦੀ ਜਗ੍ਹਾ ਹੈਂ ॥੧੭੬॥

ਅਜਪਾ ਜਪ ਹੈਂ॥ ਅਥਪਾ ਥਪ ਹੈਂ॥
ਅਕ੍ਰਿਤਾ ਕ੍ਰਿਤ ਹੈਂ॥ ਅੰਮ੍ਰਿਤਾ ਮ੍ਰਿਤ ਹੈਂ॥੧੭੭॥

ਪਦ ਅਰਥ : ਅਜਪਾ= ਜੋ ਜਾਪਦਾ ਨਹੀਂ ਹੈ, ਜੋ ਮਲੂਮ ਨਹੀਂ ਹੁੰਦਾ। ਜਪ= ਜਾਪਦਾ ਹੈਂ। ਅਥਪਾ= ਜੋ ਸਥਿਰ ਨਹੀਂ ਹੈ। ਥਪ= ਸਥਿਰ ਹੁੰਦਾ। ਅਕ੍ਰਿਤਾ= ਨਾ ਕੀਤੇ ਜਾਣ ਵਾਲਾ ਕੰਮ। ਕ੍ਰਿਤ= ਕਰਦਾ ਹੈ। ਅੰਮ੍ਰਿਤਾ= ਨਾ ਮਰਨ ਵਾਲਿਆਂ। ਮ੍ਰਿਤ= ਮਾਰਦਾ ਹੈਂ।

ਅਰਥ : ਜੋ ਜਾਪਦਾ ਨਹੀਂ ਹੈ, ਉਸ ਨੂੰ ਜਣਾਨ ਵਾਲਾ ਹੈਂ। ਜੋ ਸਥਿਰ ਨਹੀਂ ਹੈ, ਉਸ ਨੂੰ ਸਥਿਰ ਕਰਨ ਵਾਲਾ ਹੈਂ। ਜੋ ਕੀਤਾ ਨਹੀਂ ਜਾਣ ਵਾਲਾ, ਉਸ ਨੂੰ ਕਰਨ ਵਾਲਾ ਹੈਂ। ਜੋ ਮਰਦਾ ਨਹੀਂ ਹੈ, ਉਸ ਨੂੰ ਮਾਰਨ ਵਾਲਾ ਹੈਂ ॥੧੭੭॥

ਅਮ੍ਰਿਤਾ ਮ੍ਰਿਤ ਹੈਂ॥ ਕਰਣਾ ਕ੍ਰਿਤ ਹੈਂ॥
ਅਕ੍ਰਿਤਾ ਕ੍ਰਿਤ ਹੈਂ॥ ਧਰਣੀ ਧ੍ਰਿਤ ਹੈਂ॥੧੭੮॥

ਪਦ ਅਰਥ : ਅਮ੍ਰਿਤਾ ਮ੍ਰਿਤ= ਅੰਮ੍ਰਿਤ ਦਾ ਅੰਮ੍ਰਿਤ, ਅੰਮ੍ਰਿਤ ਵਿਚਲੀ ਸਾਰ ਵਸਤੁ। ਕਰੁਣਾ ਕ੍ਰਿਤ= (ਕਰੁਣ+ ਆਕ੍ਰਿਤ= ਸਰੂਪ) ਕ੍ਰਿਪਾ ਸਰੂਪ। ਅਕ੍ਰਿਤਾ= (ਆਕ੍ਰਿਤ) ਦੇਹਾਂ।

ਅਰਥ : ਅੰਮ੍ਰਿਤ ਵਿਚ ਅੰਮ੍ਰਿਤ ਹੈਂ। ਕ੍ਰਿਪਾ ਸਰੂਪ ਹੈਂ। ਸਰੀਰਾਂ ਦੇ ਕਰਨ ਵਾਲਾ ਹੈਂ। ਧਰਤੀ ਦੇ ਧਾਰਨ ਵਾਲਾ ਹੈਂ ॥੧੭੮॥

ਅਮ੍ਰਿਤੇਸੂਰ ਹੈਂ॥ ਪਰਮੇਸੂਰ ਹੈਂ॥
ਅਕ੍ਰਿਤਾ ਕ੍ਰਿਤ ਹੈਂ॥ ਅਮ੍ਰਿਤਾ ਮ੍ਰਿਤ ਹੈਂ ॥੧੭੯॥

ਅਰਥ : ਬੇਹੱਦ ਬਲ ਦਾ ਸਵਾਮੀ ਹੈਂ। ਵੱਡਾ ਮਾਲਕ ਹੈਂ। ਨਾ ਕੀਤੇ ਜਾਣ ਵਾਲੇ ਸਰੂਪ ਵਾਲਾ ਹੈਂ। ਅੰਮ੍ਰਿਤ ਦਾ ਵੀ ਅੰਮ੍ਰਿਤ ਰੂਪ ਹੈਂ ॥੧੭੯॥

ਅਜਬਾ ਕ੍ਰਿਤ ਹੈਂ॥ ਅਮ੍ਰਿਤਾ ਅਮ੍ਰਿਤ ਹੈਂ॥
ਨਰ ਨਾਇਕ ਹੈਂ॥ ਖਲ ਘਾਇਕ ਹੈਂ॥੧੮੦॥

ਪਦ ਅਰਥ : ਅਮ੍ਰਿਤ= ਮੁਕਤੀ। ਨਾਇਕ= ਸਵਾਮੀ। ਘਾਇਕ= ਨਾਸ ਕਰਨ ਵਾਲਾ।

ਅਰਥ : ਅਸਚਰਜ ਰੂਪ ਵਾਲਾ ਹੈਂ। ਮੁਕਤੀ ਦੇ ਕੇ ਮੁਕਤ ਕਰਨ ਵਾਲਾ ਹੈਂ। *ਨਰਾਂ ਦਾ ਸਵਾਮੀ ਹੈਂ। ਦੁਸ਼ਟਾਂ ਨੂੰ ਨਾਸ ਕਰਨ ਵਾਲਾ ਹੈਂ ॥੧੮੦॥

ਬਿਸੁੰਭਰ ਹੈਂ॥ ਕਰੁਣਾਲਯ ਹੈਂ॥
ਨ੍ਰਿਪ ਨਾਇਕ ਹੈਂ॥ ਸਰਬ ਪਾਇਕ ਹੈਂ॥੧੮੧॥

ਪਦ ਅਰਥ : ਨਾਇਕ= ਸਵਾਮੀ। ਪਾਇਕ= ਪੀਣ ਵਾਲਾ। (੨) ਦਾਸ।

ਅਰਥ : ਸ੍ਰਿਸ਼ਟੀ ਨੂੰ ਭਰਨ ਵਾਲਾ ਹੈਂ। ਕ੍ਰਿਪਾ ਦਾ ਘਰ ਹੈਂ। ਰਾਜਿਆਂ ਦਾ ਸਵਾਮੀ ਹੈਂ। ਸਭ ਨੂੰ ਪੀਣ ਵਾਲਾ ਹੈਂ। (੨) ਅਥਵਾ ਸਾਰੇ ਉਸ ਦੇ ਦਾਸ ਹਨ ॥੧੮੧॥

ਭਵ ਭੰਜਨ ਹੈਂ॥ ਅਰਿ ਗੰਜਨ ਹੈਂ॥
ਰਿਪੁ ਤਾਪਨ ਹੈਂ॥ ਜਪੁ ਜਾਪਨ ਹੈਂ ॥੧੮੨॥

ਪਦ ਅਰਥ : ਰਿਪੁ= ਵੈਰੀ। ਤਾਪਨ= ਦੁਖ ਦੇਣ ਵਾਲਾ। ਜਾਪਨ= (ਜਾਪਿਨ) ਜਪ ਕਰਤਾ।

ਅਰਥ : ਡਰ ਨੂੰ ਨਾਸ ਕਰਨ ਵਾਲਾ ਹੈਂ। ਵੈਰੀਆਂ ਨੂੰ ਚੰਡਨ ਵਾਲਾ ਹੈਂ। ਸ਼ਤਰੂਆਂ ਨੂੰ ਦੁੱਖ ਪਹੁੰਚਾਨ

---

* *'ਨਰ' ਦੇ ਕਈ ਅਰਥ ਹਨ, ਵੇਖੋ ਗੁਰਮੁਖੀ ਸ਼ਬਦ ਸਾਗਰ ਵਿਚੋਂ 'ਨਰ'।*

ਵਾਲਾ ਹੈਂ। ਜਪ ਨੂੰ ਜਪਨ ਵਾਲਾ ਹੈਂ ॥੧੯੨॥

ਅਕਲੰ ਕ੍ਰਿਤ ਹੈਂ॥ ਸਰਬਾ ਕ੍ਰਿਤ ਹੈਂ॥
ਕਰਤਾ ਕਰ ਹੈਂ॥ ਹਰਤਾ ਹਰਿ ਹੈਂ ॥੧੯੩॥

ਪਦ ਅਰਥ : ਅਕਲੰ ਕ੍ਰਿਤ= (ਅਕਲੰਕਿਤ) ਕਲੰਕ ਤੋਂ ਬਿਨਾਂ ਰੂਪ।

ਅਰਥ : ਕਲੰਕ ਤੋਂ ਬਿਨਾਂ ਰੂਪ ਵਾਲਾ ਹੈਂ। ਸਾਰੇ ਰੂਪਾਂ ਵਾਲਾ ਹੈਂ। ਕਰਤਿਆਂ ਦਾ ਕਰਤਾ ਹੈਂ। ਹਰਤਿਆਂ ਦਾ ਹਰਤਾ ਹੈਂ। ਅਰਥਾਤ ਜੋ ਜਗਤ ਦੇ ਕਰਤੇ ਪੰਜ ਤੱਤ, ਜਾਂ ਬ੍ਰਹਮਾਦਿਕ ਹਨ, ਉਨ੍ਹਾਂ ਦਾ ਕਰਤਾ ਹੈਂ। ਜੋ ਜਗਤ ਨਾਸ ਕਰਨ ਵਾਲੇ ਜਮਦੂਤ ਜਾਂ ਰੋਗ ਆਦਿਕ ਹਨ, ਉਨ੍ਹਾਂ ਦੇ ਨਾਸ ਕਰਨ ਵਾਲਾ ਹੈਂ ॥੧੯੩॥

ਪਰਮਾਤਮ ਹੈਂ॥ ਸਰਬਾਤਮ ਹੈਂ॥
ਆਤਮ ਬਸ ਹੈਂ॥ ਜਸ ਕੇ ਜਸ ਹੈਂ ॥੧੯੪॥

ਪਦ ਅਰਥ : ਪਰਮਾਤਮ= ਪਾਰਬ੍ਰਹਮ। ਆਤਮ ਬਸ= ਆਤਮ ਜਿੱਤ, ਸ੍ਵਾਧੀਨ, ਖ਼ੁਦਮੁਖ਼ਤਿਆਰ। ਜਸ= (ਜਸਜ) ਜੈਸਾ।

ਅਰਥ : ਪਾਰਬ੍ਰਹਮ ਹੈਂ। ਸਰਬ ਦਾ ਆਪਣਾ ਆਪ ਹੈਂ। ਖ਼ੁਦਮੁਖ਼ਤਿਆਰ ਹੈਂ। ਜੈਸੇ ਦਾ ਜੈਸਾ ਹੈਂ ਭਾਵ ਪ੍ਰਣਾਮੀ ਨਹੀਂ ਹੈਂ, ਜਿਉਂ ਦਾ ਤਿਉਂ ਹੈਂ ॥੧੯੪॥

ਭੁਜੰਗ ਪ੍ਰਯਾਤ ਛੰਦ॥

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥
ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥

ਅਰਥ : ਸੂਰਜ ਦੇ ਸੂਰਜ ਨੂੰ ਨਮਸਕਾਰ ਹੈ, ਚੰਦ੍ਰਮਾ ਦੇ ਚੰਦ੍ਰਮਾ ਨੂੰ ਨਮਸਕਾਰ ਹੈ। ਰਾਜਿਆਂ ਦੇ ਰਾਜੇ ਨੂੰ ਨਮਸਕਾਰ ਹੈ, ਇੰਦ੍ਰਾਂ ਦੇ ਇੰਦ੍ਰ ਨੂੰ ਨਮਸਕਾਰ ਹੈ।

ਨਮੋ ਅੰਧਕਾਰੇ ਨਮੋ ਤੇਜ ਤੇਜੇ॥
ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ ॥੧੯੫॥

ਪਦ ਅਰਥ : ਤੇਜ= ਪ੍ਰਕਾਸ਼। ਤੇਜੇ= ਪ੍ਰਕਾਸ਼ਕ। ਬ੍ਰਿੰਦ ਬ੍ਰਿੰਦੇ= ਵੱਡਿਆਂ ਤੋਂ ਵੱਡੇ। ਬੀਜ ਬੀਜੇ= ਛੋਟਿਆਂ ਤੋਂ ਛੋਟੇ।

ਅਰਥ : ਅੰਧੇਰਾ ਕਰਨ ਵਾਲੇ ਨੂੰ ਨਮਸਕਾਰ ਹੈ, ਪ੍ਰਕਾਸ਼ ਦੇ ਪ੍ਰਕਾਸ਼ਕ ਨੂੰ ਨਮਸਕਾਰ ਹੈ। ਵੱਡਿਆਂ ਤੋਂ ਵੱਡੇ ਨੂੰ ਨਮਸਕਾਰ ਹੈ, ਛੋਟਿਆਂ ਤੋਂ ਛੋਟੇ ਨੂੰ ਨਮਸਕਾਰ ਹੈ ॥੧੯੫॥

ਨਮੋ ਰਾਜਸੰ ਤਾਮਸੰ ਸਾਂਤ ਰੂਪੇ॥
ਨਮੋ ਪਰਮ ਤੱਤੰ ਅਤੱਤੰ ਸਰੂਪੇ॥

ਪਦ ਅਰਥ : ਤੱਤੰ= ਤਤ੍ਵ, ਸਾਰ ਵਸਤੂ। ਅਤੱਤੰ= ਅਸਾਰ ਵਸਤੂ। ਪਰਮ= ਵੱਡਾ।

ਅਰਥ : ਰਾਜਸ, ਤਾਮਸ ਤੇ ਸ਼ਾਂਤਕ ਰੂਪ ਨੂੰ ਨਮਸਕਾਰ ਹੈ। ਵੱਡਾ ਸਾਰ ਅਸਾਰ ਸਰੂਪ ਵਾਲੇ ਨੂੰ ਨਮਸਕਾਰ ਹੈ।

ਨਮੋ ਜੋਗ ਜੋਗੇ ਨਮੋ ਗਿਆਨ ਗਿਆਨੇ ॥

ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥੧੯੬॥

ਅਰਥ : ਜੋਗ ਵਿਚ ਜੋਗ ਰੂਪ ਨੂੰ ਨਮਸਕਾਰ ਹੈ। ਗਿਆਨ ਵਿਚ ਗਿਆਨ ਰੂਪ ਨੂੰ ਨਮਸਕਾਰ ਹੈ। ਮੰਤ੍ਰ ਵਿਚ ਮੰਤ੍ਰ ਰੂਪ ਨੂੰ ਨਮਸਕਾਰ ਹੈ। ਧਿਆਨ ਵਿਚ ਧਿਆਨ ਰੂਪ ਨੂੰ ਨਮਸਕਾਰ ਹੈ ॥੧੯੬॥

ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ ॥

ਨਮੋ ਭੋਜ ਭੋਜੇ ਨਮੋ ਪਾਨ ਪਾਨੇ ॥

ਅਰਥ : ਜੁੱਧ ਵਿਚ ਜੁੱਧ ਰੂਪ ਨੂੰ ਨਮਸਕਾਰ ਹੈ। ਗਿਆਨ ਵਿਚ ਗਿਆਨ ਰੂਪ ਨੂੰ ਨਮਸਕਾਰ ਹੈ। ਭੋਜਨ ਵਿਚ ਭੋਜਨ ਰੂਪ ਨੂੰ ਨਮਸਕਾਰ ਹੈ। ਪਾਣੀ ਵਿਚ ਪਾਣੀ ਰੂਪ ਨੂੰ ਨਮਸਕਾਰ ਹੈ।

ਨਮੋ ਕਲਹ ਕਰਤਾ ਨਮੋ ਸਾਂਤ ਰੂਪੇ ॥

ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ ॥੧੯੭॥

ਅਰਥ : [ਕਲਹ] ਲੜਾਈ ਕਰਨ ਵਾਲੇ ਨੂੰ ਨਮਸਕਾਰ ਹੈ, ਸ਼ਾਂਤ ਰੂਪ ਵਾਲੇ ਨੂੰ ਨਮਸਕਾਰ ਹੈ। ਇੰਦ੍ਰਿਆਂ ਵਿਚ ਇੰਦ੍ਰਯ ਰੂਪ ਅਤੇ ਆਦਿ ਤੋਂ ਰਹਿਤ ਸੰਪਦਾ ਵਾਲੇ ਨੂੰ ਨਮਸਕਾਰ ਹੈ ॥੧੯੭॥

ਕਲੰਕਾਰ ਰੂਪੇ ਅਲੰਕਾਰ ਅਲੰਕੇ ॥

ਨਮੋ ਆਸ ਆਸੇ ਨਮੋ ਬਾਂਕ ਬੰਕੇ ॥

ਪਦ ਅਰਥ : ਕਲੰ= ਸ਼ਕਤੀਆਂ। ਕਾਰ= ਕਰਨ ਵਾਲਾ। ਅਲੰਕੇ= ਅਲੰਕ੍ਰਿਤ ਕਰਨ ਵਾਲਾ, ਭੂਸ਼ਿਤ ਕਰਨ ਵਾਲਾ। ਆਸ= (ਆਸਜ) ਮੁਖ। ਬਾਂਕ= ਸੁੰਦਰ। ਬੰਕੇ= ਸੁੰਦਰਤਾ।

ਅਰਥ : ਸ਼ਕਤੀਆਂ ਕਰਨ ਵਾਲੇ ਰੂਪ ਨੂੰ ਨਮਸਕਾਰ ਹੈ ਅਤੇ ਭੂਖਨ ਨੂੰ ਭੂਸ਼ਿਤ ਕਰਨ ਵਾਲੇ ਨੂੰ ਨਮਸਕਾਰ ਹੈ। ਮੁਖ ਵਿਚ ਮੁਖ ਰੂਪ ਨੂੰ ਨਮਸਕਾਰ ਹੈ ਅਤੇ ਸੁੰਦਰ ਵਿਚ ਸੁੰਦਰਤਾ ਰੂਪ ਨੂੰ ਨਮਸਕਾਰ ਹੈ।

ਅਭੰਗੀ ਸਰੂਪੇ ਅਨੰਗੀ ਅਨਾਮੇ ॥

ਤ੍ਰਿਭੰਗੀ ਤ੍ਰਿਕਾਲੇ ਅਨੰਗੀ ਅਕਾਮੇ ॥੧੯੮॥

ਅਰਥ : ਨਾ ਨਾਸ ਹੋਣ ਵਾਲੇ ਸਰੂਪ ਨੂੰ ਨਮਸਕਾਰ ਹੈ। ਸਰੀਰ ਤੋਂ ਰਹਿਤ ਤੇ ਨਾਮ ਤੋਂ ਰਹਿਤ ਸਰੂਪ ਨੂੰ ਨਮਸਕਾਰ ਹੈ। ਜੋ ਤਿੰਨਾਂ ਲੋਕਾਂ ਨੂੰ ਤਿੰਨਾਂ ਕਾਲਾਂ ਵਿਚ ਨਾਸ ਕਰਦਾ ਹੈ ਅਤੇ ਜੋ ਦੇਹ ਤੋਂ ਰਹਿਤ ਤੇ ਵਾਸ਼ਨਾ ਤੋਂ ਰਹਿਤ ਹੈ, ਉਸ ਨੂੰ ਨਮਸਕਾਰ ਹੈ ॥੧੯੮॥

ਏਕ ਅਛਰੀ ਛੰਦ ॥

ਅਜੈ ॥ ਅਲੈ ॥ ਅਭੈ ॥ ਅਬੈ ॥੧੯੯॥

ਅਭੂ ॥ ਅਜੂ ॥ ਅਨਾਸ ॥ ਅਕਾਸ ॥੧੯੦॥

ਅਰਥ : ਜੋ ਜਿੱਤਿਆ ਨਹੀਂ ਜਾਂਦਾ। [ਲੈ] ਨਾਸ ਨਹੀਂ ਹੁੰਦਾ। ਡਰਦਾ ਨਹੀਂ। [ਬੈ] ਉਮਰਾ ਤੋਂ ਰਹਿਤ ਹੈ ॥੧੮੯॥ (ਜੋ) [ਭੂ] ਜਨਮ ਤੋਂ ਰਹਿਤ ਹੈ। ਜੂਨ ਤੋਂ ਰਹਿਤ ਹੈ। ਨਾਸ ਨਹੀਂ ਹੁੰਦਾ। [ਕਾਸ] ਦੁਖ ਤੋਂ ਬਿਨਾਂ ਹੈ ॥੧੯੦॥

ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੧੯੧॥

ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੧੯੨॥

ਅਰਥ : ਨਾਸ ਨਹੀਂ ਹੁੰਦਾ। ਟੁੱਟਦਾ ਨਹੀਂ। ਜਾਣਿਆ ਨਹੀਂ ਜਾਂਦਾ। ਤਪਦਾ ਨਹੀਂ ਹੈ॥੧੯੧॥ ਸਮੇਂ ਤੋਂ ਬਿਨਾਂ ਹੈ। ਦਿਆਲੂ ਹੈ। ਲੇਖੇ ਤੋਂ ਬਾਹਰ ਹੈ। ਭੇਖ ਤੋਂ ਰਹਿਤ ਹੈ ॥੧੯੨॥

ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥੧੯੩॥

ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੧੯੪॥

ਅਰਥ : ਜਿਸ ਦਾ ਨਾਮ ਨਹੀਂ ਹੈ। ਕੰਮ ਨਹੀਂ ਹੈ। [ਗਾਹ] ਥਾਹ ਨਹੀਂ ਹੈ। [ਢਾਹ] ਕਿਨਾਰਾ ਨਹੀਂ ਹੈ ॥੧੯੩॥ ਜਿਸ ਦਾ ਸਵਾਮੀ ਨਹੀਂ ਹੈ। ਜੋ [ਪ੍ਰਮਾਥੇ] ਵੱਡਾ ਸਿਰਤਾਜ ਹੈ। ਜੂਨਾਂ ਤੋਂ ਬਿਨਾਂ ਹੈ। ਜੋ [ਮੋਨ] ਚੁਪ ਨਹੀਂ ਹੈ। ਅਰਥਾਤ ਜੋ ਸਰਬ ਤਰ੍ਹਾਂ ਦਾ ਵਕਤਾ ਹੈ ॥੧੬੪॥

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥੧੯੫॥

ਅਕਰਮੰ ॥ ਅਭਰਮੰ ॥ ਅਗੰਜੇ ॥ ਅਲੇਖੇ ॥੧੯੬॥

ਅਰਥ : ਜਿਸ ਨੂੰ ਮੋਹ ਨਹੀਂ ਹੈ। ਜਿਸ ਦਾ ਰੰਗ ਨਹੀਂ ਹੈ। ਰੂਪ ਨਹੀਂ ਹੈ। ਰੇਖ ਨਹੀਂ ਹੈ॥੧੯੫॥ ਕਰਮ ਨਹੀਂ ਹੈ। ਭਰਮ ਨਹੀਂ ਹੈ। ਨਾਸ ਨਹੀਂ ਹੁੰਦਾ। ਲੇਖੇ ਤੋਂ ਰਹਿਤ ਹੈ ॥੧੯੬॥

ਭੁਜੰਗ ਪ੍ਰਯਾਤ ਛੰਦ ॥

ਨਮਸਤੁਲ ਪ੍ਰਣਾਮੇ ਸਮਸਤੁਲ ਪ੍ਰਣਾਸੇ ॥
ਅਗੰਜੁਲ ਅਨਾਮੇ ਸਮਸਤੁਲ ਨਿਵਾਸੇ ॥

ਪਦ ਅਰਥ : ਪ੍ਰਣਾਮੇ= ਤਬਦੀਲ ਹੋਣ ਵਾਲਾ। ਅਗੰਜੁਲ= (ਅ+ਗੰਜ+ਉਲ) ਬੇਹੱਦ ਖ਼ਜ਼ਾਨੇ ਭਰੇ ਹੋਏ। ਅਨਾਮੇ= ਨਾਮ ਤੋਂ ਬਿਨਾਂ।

ਅਰਥ : ਉਸ ਨੂੰ ਨਮਸਕਾਰ ਹੈ, ਜੋ ਪ੍ਰਨਾਮ ਹੋਣ ਵਾਲਾ ਤੇ ਸਭਨਾਂ ਨੂੰ [ਪ੍ਰ] ਭਲੀ ਪ੍ਰਕਾਰ ਹੈ। ਜੋ ਅਗਿਣਤ ਭਰੇ ਹੋਏ ਖ਼ਜ਼ਾਨਿਆਂ ਵਾਲਾ ਤੇ ਨਾਮ ਤੋਂ ਬਿਨਾਂ ਅਤੇ ਸਭਨਾਂ ਵਿਚ ਵੱਸਦਾ ਹੈ।

ਨ੍ਰਿਕਾਮੰ ਬਿਭੂਤੇ ਸਮਸਤੁਲ ਸਰੂਪੇ ॥
ਕੁਕਰਮੰ ਪ੍ਰਣਾਸੀ ਸੁਧਰਮੰ ਬਿਭੂਤੇ ॥੧੯੭॥

ਅਰਥ : ਜੋ ਕਾਮਨਾ ਤੋਂ ਬਿਨਾਂ, ਸੰਪਦਾ ਵਾਲਾ ਅਤੇ ਸਾਰੇ ਸਰੂਪਾਂ ਵਾਲਾ ਹੈ। ਬੁਰੇ ਕਰਮਾਂ ਦੇ ਨਾਸ

ਕਰਨ ਵਾਲਾ ਤੇ ਸ਼ੁਭ ਧਰਮ ਨਾਲ [ਬਿਭੂਤੇ] ਭੂਸ਼ਤ ਕਰਨ ਵਾਲਾ ਹੈ ॥੧੯੭॥

ਸਦਾ ਸੱਚਿਦਾਨੰਦ ਸੱਤ੍ਰੰ ਪ੍ਰਣਾਸੀ ॥

ਕਰੀਮੁਲ ਕੁਨਿੰਦਾ ਸਮਸਤੁਲ ਨਿਵਾਸੀ ॥

ਅਰਥ : ਜੋ ਸਦਾ ਹੀ ਸੱਤ, ਚਿੱਤ, ਅਨੰਦ ਸਰੂਪ ਅਤੇ ਵੈਰੀਆਂ ਨੂੰ ਨਾਸ ਕਰਨ ਵਾਲਾ ਹੈ। ਵਡੀ ਭਾਰੀ ਬਖ਼ਸ਼ਸ਼ ਦੇ [ਕੁਨਿੰਦਾ] ਕਰਨ ਵਾਲਾ ਹੈ ਤੇ ਸਾਰਿਆਂ ਵਿਚ ਵੱਸਦਾ ਹੈ।

ਅਜਾਇਬ ਬਿਭੂਤੇ ਗਜਾਇਬ ਗਨੀਮੇ ॥

ਹਰੀਅੰ ਕਰੀਅੰ ਕਰੀਮੁਲ ਰਹੀਮੇ ॥੧੯੮॥

ਪਦ ਅਰਥ : ਅਜਾਇਬ= ਅਚਰਜ। ਗਜਾਇਬ= ਗਜ਼ਬ ਢਾਹੁਣ ਵਾਲਾ, ਕ੍ਰੋਧ ਕਰਨ ਵਾਲਾ। ਹਰੀਅੰ= ਹਰੇ, ਅਨੰਦ। ਕਰੀਅੰ= ਕਰਨ ਵਾਲਾ।

ਅਰਥ : ਅਚਰਜ ਸੰਪਦਾ ਵਾਲਾ ਹੈ। ਦੁਸ਼ਮਨਾਂ ਉਤੇ ਗਜ਼ਬ (ਕ੍ਰੋਧ) ਢਾਹੁਣ ਵਾਲਾ ਹੈ। ਸੇਵਕਾਂ ਨੂੰ ਅਨੰਦ ਕਰਨ ਵਾਲਾ, ਕ੍ਰਿਪਾਲੂ ਤੇ ਦਿਆਲੂ ਹੈ ॥੧੯੮॥

ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥

ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥

ਅਰਥ : ਚੌਹਾਂ ਚੱਕਾਂ ਵਿਚ ਵਰਤ ਰਿਹਾ ਹੈ, ਚੌਹਾਂ ਚੱਕਾਂ ਨੂੰ ਭੋਗਦਾ ਹੈ। [ਸੁਯੰਭਵ] ਅਪਨੇ ਆਪ ਪ੍ਰਕਾਸ਼ਵਾਨ ਸੋਭਦਾ ਹੈ, ਜੋ ਹਮੇਸ਼ਾ ਹੀ ਸਭ ਨਾਲ ਜੁੜ ਰਿਹਾ ਹੈ।

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥

ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥

ਅਰਥ : [ਦੁਕਾਲੰ] ਬੁਰੇ ਵੇਲੇ ਨੂੰ ਨਾਸ ਕਰਨ ਵਾਲਾ ਤੇ ਦਿਆਲੂ ਸਰੂਪ ਹੈ। ਸਦਾ (ਹੀ ਸਾਡੇ) ਅੰਗ ਸੰਗ (ਰਹਿੰਦਾ ਹੈ, ਅਤੇ) ਨਾਸ ਨਾ ਹੋਣ ਵਾਲੀ ਸੰਪਦਾ ਬਖ਼ਸ਼ਦਾ ਹੈ ॥੧੯੯॥

ਨੋਟ : ਦਸਮ ਗੁਰੂ ਗ੍ਰੰਥ ਸਾਹਿਬ ਦੇ ਮੂਲ ਪਾਠ ਛੰਦ ੧੪੯ ਤੋਂ ਅਗੇ ਭਗਵਤੀ ਛੰਦ ਸ਼ੁਰੂ ਹੁੰਦਾ ਹੈ। ਉਸਦੀਆਂ ਦੋ ਤੁਕਾਂ ਦੇ ਚਾਰ ਬਿਸਰਾਮ ਕਰਕੇ ਅੰਕ ੧੫੦ ਲਾਇਆ ਹੈ।

(੨) ਗੁਟਕਿਆਂ ਵਿਚ ਛੰਦ ੧੯੫ "ਭੁਜੰਗ ਪ੍ਰਯਾਤ ਛੰਦ—ਨਮੋ ਸੂਰਜ ਸੂਰਜੇ" ਦੀਆਂ ਦੋ ਤੁਕਾਂ ਦੀਆਂ ਚਾਰ ਤੁਕਾਂ ਮੰਨ ਕੇ ੧੯੬ ਅੰਕ ਲਾ ਕੇ ਅੰਕ ਦੀ ਗਿਣਤੀ ੨੦੦ ਕੀਤੀ ਹੋਈ ਹੈ, ਪਰ ਪੂਰੀ ਗਿਣਤੀ ੧੯੯ ਹੈ।

ੴ ਸਤਿਗੁਰ ਪ੍ਰਸਾਦਿ ॥

ਉਤਾਰ ਖਾਸੇ ਦਸਖਤ ਕਾ ॥ ਪਾਤਿਸਾਹੀ ੧੦ ॥

ਪਦ ਅਰਥ : ਉਤਾਰ= ਨਕਲ, ਕਾਪੀ। ਖਾਸੇ= ਆਪਨੇ। ਦਸਖਤ= (ਦਸਤਖਤ) ਹੱਥ ਦੀ ਲਿਖਤ।

ਅਰਥ : ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਪਣੇ ਹੱਥਾਂ ਦੀ ਲਿਖਤ ਦੀ ਨਕਲ ਹੈ :—

ਅਕਾਲ ਪੁਰਖ ਕੀ ਰਛਾ ਹਮਨੈ ॥

ਸਰਬ ਲੋਹ ਦੀ ਰਛਿਆ ਹਮਨੈ ॥

ਸਰਬ ਕਾਲ ਜੀ ਦੀ ਰਛਿਆ ਹਮਨੈ ॥

ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

ਪਦ ਅਰਥ : ਅਕਾਲ ਪੁਰਖ*= ਉਹ ਹਸਤੀ ਜਿਸ ਦਾ ਕਦੇ ਨਾਸ ਨਹੀਂ ਹੁੰਦਾ, ਅਵਿਨਾਸ਼ੀ ਸੱਤਾ। ਸਰਬ ਲੋਹ= ਸਾਰਾ ਲੋਹੇ ਦਾ ਖੰਡਾ (ਜਾਂ) 'ਨਰਾਚ' ਨਾਮਕ ਤੀਰ, ਭਾਵ ਸ਼ਸਤ੍ਰ। (੨) ਉਹ ਸ਼ਕਤੀ ਜਿਸ ਦਾ ਨਾਮ—'ਖੰਡਾ' ਪ੍ਰਿਥਮੈ ਸਾਜ ਕੇ—ਕਿਹਾ ਹੈ। (੩) ਅਕਾਲ, ਜੋ ਨਾਸ ਨਹੀਂ ਹੁੰਦਾ ਤੇ ਸਭ ਨੂੰ ਨਾਸ ਕਰਦਾ ਹੈ। ਸਰਬ ਕਾਲ= ਸਭ ਦਾ ਕਾਲ, ਸਭ ਨੂੰ ਲੈ ਕਰਨ ਵਾਲਾ, ਜਿਸ ਲਈ—'ਨਮੋ ਕਾਲ ਕਾਲੇ' ਉਚਾਰਨ ਕੀਤਾ ਹੈ। (੨) ਅਕਾਲ ਪੁਰਖ, ਸਾਰੇ ਸਮਿਆਂ ਵਿਚ ਇਕ ਰਸ ਰਹਿਣ ਵਾਲਾ, ਜਿਸ ਲਈ 'ਸਰਬ ਕਾਲ ਹੈ ਪਿਤਾ ਹਮਾਰਾ' ਕਥਨ ਹੈ।

ਅਰਥ : ਸਾਨੂੰ ਅਕਾਲ ਪੁਰਖ ਦੀ ਰੱਖ ਹੈ, ਸਾਨੂੰ ਸਦਾ ਸ਼ਸਤ੍ਰਾਂ ਦੀ ਰਖਿਆ ਹੈ, ਸਾਨੂੰ ਕਰਤਾਰ ਜੀ ਦੀ ਰੱਖਿਆ ਹੈ, ਸਾਨੂੰ ਹਮੇਸ਼ਾ ਨਿਰੰਕਾਰ ਜੀ ਦੀ ਰੱਖਿਆ ਹੈ।

<u>ਸੂਚਨਾ</u>— ਅਕਾਲ ਉਸਤਤਿ ਦੇ ਆਦਿ ਵਿਚ ਸ੍ਰੀ ਹਜ਼ੂਰ ਜੀ ਨੇ ਇਹ ਵਾਕ ਆਪਣੇ ਪਵਿੱਤ੍ਰ ਹਸਤ ਕਮਲਾਂ ਨਾਲ ਅੰਕਿਤ ਕੀਤੇ ਹਨ, ਇਸ ਤੋਂ ਅਗਲਾ ਪਾਠ ਲਿਖਾਰੀ ਤੋਂ ਲਿਖਵਾਇਆ ਹੈ। ਇਸ ਗੱਲ ਨੂੰ ਸਫੁੱਟ ਕਰਨ ਲਈ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਇਹ ਟੂਕ ਚਾੜ੍ਹੀ ਹੈ, ਜੋ 'ਉਤਾਰ ਖਾਸੇ ਦਸਖਤ ਕਾ ਪਾਤਿਸਾਹੀ ੧੦' ਅਤੇ ਇਸ ਤੋਂ ਅਗੇ ਸਾਫ਼ ਲਿਖ ਦਿਤਾ ਹੈ :—

ਆਗੈ ਲਿਖਾਰੀ ਕੇ ਦਸਤਖਤ ॥ ਤ੍ਵ ਪ੍ਰਸਾਦਿ ॥ ਚਉਪਈ ॥

ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥

ਆਦਿ ਪੁਰਖ ਅਬਿਗਤ ਅਬਿਨਾਸੀ ॥

ਲੋਕ ਚੱਤ੍ਰ ਦਸ ਜੋਤਿ ਪ੍ਰਕਾਸੀ ॥੧॥

ਪਦ ਅਰਥ : ਪ੍ਰਣਵੋ= ਨਮਸਕਾਰ ਕਰਦਾ ਹਾਂ। ਜਲ ਥਲ= ਜਲ ਦਾ ਥੱਲਾ—ਪਤਾਲ। ਮਹੀ= ਧਰਤੀ।

---

* *'ਕਾਲ' ਸਮੇਂ ਤੋਂ ਰਹਿਤ ਜੋ, ਰਹਿਤ ਜਨਮ ਅਰੁ 'ਕਾਲ'।*
ਕਾਲ ਕਰੇ ਜੋ 'ਕਾਲ' ਕੋ, ਨਮੋ ਸੁ 'ਪੁਰਖ ਅਕਾਲ'। *(ਨਾਰਾਯਣ ਬਿਲਾਸ)*

ਅਲ= ਅਕਾਲ। ਅਬਿਗਤ= (ਅਬਜਕਤਿ) ਦੇਹ ਤੋਂ ਰਹਿਤ, ਨਿਰਾਕਾਰ। ਚੱਤ੍ਰ ਦਸ= (ਚਤਰ= ਚਾਰ+ਦਸ) ਚੌਦਾਂ। ਪ੍ਰਕਾਸੀ= ਚਾਨਣਾ ਹੈ।

ਅਰਥ : (੧) ਮੈਂ ਪਹਿਲਾਂ ਏਕੰਕਾਰ ਨੂੰ ਨਮਸਕਾਰ ਕਰਦਾ ਹਾਂ, ਜਿਸ ਨੇ ਪਤਾਲ, ਧਰਤੀ ਤੇ ਅਕਾਸ਼ ਦਾ ਪਸਾਰਾ ਕੀਤਾ ਹੈ। (੨) ਜੋ ਸਾਰੇ ਪੁਰਖਾਂ ਦਾ ਮੁੱਢ ਹੈ, ਦੇਹ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈ, ਚੌਦਾਂ* ਲੋਕਾਂ ਵਿਚ ਜਿਸ ਦੀ ਜੋਤ ਦਾ ਚਾਨਣਾ ਹੈ ॥੧॥

ਹਸਤ ਕੀਟ ਕੇ ਬੀਚ ਸਮਾਨਾ ॥ ਰਾਵ ਰੰਕ ਜਿਹ ਇਕ ਸਰ ਜਾਨਾ॥
ਅਦ੍ਵੈ ਅਲਖ ਪੁਰਖ ਅਬਿਗਾਮੀ ॥ ਸਭ ਘਟ ਘਟ ਕੇ ਅੰਤਰਜਾਮੀ ॥੨॥

ਪਦ ਅਰਥ : ਹਸਤ= ਹਾਥੀ। ਕੀਟ= ਕੀੜੀ। ਰਾਵ= ਧਨਵਾਨ। ਰੰਕ= ਨਿਰਧਨ। ਇਕ ਸਰ= ਇਕੋ ਜਿਹਾ। ਅਦ੍ਵੈ= ਦ੍ਵੈਤ ਬਿਨਾਂ। ਅਬਿਗਾਮੀ= (ਅਬਗਮ= ਪ੍ਰਪੱਕ ਗਿਆਨ) ਯਥਾਰਥ ਗਿਆਨ ਵਾਲਾ। ਅੰਤਰਜਾਮੀ= ਅੰਦਰ ਦੀ ਜਾਨਣ ਵਾਲਾ। ਘਟ= ਸਰੀਰ।

ਅਰਥ : (੧) ਜੋ ਹਾਥੀ ਤੋਂ ਲੈ ਕੇ ਕੀੜੀ ਤਕ, ਸਭ ਦੇ ਵਿਚ ਸਮਾਨ ਸੱਤਾ (ਕਰਕੇ ਪੂਰਨ ਹੈ, ਅਤੇ) ਜਿਹੜਾ ਰਾਵ ਰੰਕ ਨੂੰ ਇਕੋ ਜਿਹਾ ਜਾਣਦਾ ਹੈ। (੨) ਦਵੈਤ ਤੋਂ ਬਿਨਾਂ, ਨਾ ਜਾਣੇ ਜਾਣ ਵਾਲਾ ਪੁਰਖ ਅਤੇ ਯਥਾਰਥ ਗਿਆਨੀ ਹੈ, ਜੋ ਸਾਰੇ ਸਰੀਰਾਂ ਦੇ ਦਿਲ ਦੇ ਅੰਦਰ ਦੀ ਜਾਣਨ ਵਾਲਾ ਹੈ ॥੨॥

ਅਲਖ ਰੂਪ ਅਛੈ ਅਨਭੇਖਾ ॥ ਰਾਗ ਰੰਗ ਜਿਹ ਰੂਪ ਨ ਰੇਖਾ ॥
ਬਰਨ ਚਿਹਨ ਸਭਹੂੰ ਤੇ ਨਿਆਰਾ ॥ ਆਦ ਪੁਰਖ ਅਦ੍ਵੈ ਅਬਿਕਾਰਾ ॥੩॥

ਪਦ ਅਰਥ : ਅਛੈ= ਨਾ ਨਾਸ ਹੋਣ ਵਾਲਾ। ਅਨਭੇਖਾ= ਭੇਖ ਤੋਂ ਰਹਿਤ। ਨਿਆਰਾ= ਅਲੱਗ, ਵੱਖਰਾ।

ਅਰਥ : (੧) ਜੋ ਅਲਖ ਰੂਪ ਨਾਸ ਰਹਿਤ ਤੇ ਭੇਖ ਤੋਂ ਰਹਿਤ ਹੈ, ਜਿਸ ਦਾ ਰਾਗ ਰੰਗ ਤੇ ਰੂਪ ਰੇਖ ਨਹੀਂ ਹੈ। (੨) ਜੋ ਵਰਨ ਚਿੰਨ੍ਹ ਆਦਿਕ ਸਭਨਾਂ ਤੋਂ ਅਲੱਗ ਹੈ, ਜੋ ਸਾਰੇ ਪੁਰਖਾਂ ਦਾ ਮੁਢ, ਦ੍ਵੈਤ ਤੋਂ ਬਿਨਾਂ ਤੇ ਵਿਕਾਰਾਂ ਤੋਂ ਰਹਿਤ ਹੈ ॥੩॥

ਬਰਨ ਚਿਹਨ ਜਿਹ ਜਾਤ ਨ ਪਾਤਾ ॥ ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ ॥
ਸਭ ਤੇ ਦੂਰਿ ਸਭਨ ਤੇ ਨੇਰਾ ॥ ਜਲ ਥਲ ਮਹੀਅਲ ਜਾਹਿ ਬਸੇਰਾ ॥੪॥

ਅਰਥ : (੧) ਜਿਸ ਦਾ ਬਰਨ ਚਿੰਨ੍ਹ ਜਾਤ ਤੇ ਪਾਤ ਨਹੀਂ ਹੈ, ਜਿਸ ਦਾ ਵੈਰੀ, ਮਿੱਤਰ, ਪਿਤਾ ਤੇ ਮਾਤਾ ਨਹੀਂ ਹੈ। (੨) ਜੋ ਸਭਨਾਂ ਤੋਂ ਦੂਰ ਅਤੇ ਸਭਨਾਂ ਦੇ ਨੇੜੇ ਹੈ, ਜਿਸ ਦਾ ਤਿੰਨਾਂ ਲੋਕਾਂ ਵਿਚ ਵਸੇਬਾ ਹੈ ॥੪॥

ਅਨਹਦ ਰੂਪ ਅਨਾਹਦ ਬਾਨੀ ॥ ਚਰਨ ਸਰਨ ਜਿਹ ਬਸਤ ਭਵਾਨੀ ॥
ਬ੍ਰਹਮਾ ਬਿਸਨ ਅੰਤੁ ਨਹੀ ਪਾਇਓ ॥ ਨੇਤ ਨੇਤ ਮੁਖਚਾਰ ਬਤਾਇਓ ॥੫॥

---

* *ਸੱਤ ਅਕਾਸ਼—ਭੂ, ਭੂਵ, ਸ੍ਵ, ਮਹ, ਜਨ, ਤਪ ਅਤੇ ਸਤਯ।*
ਸੱਤ ਪਤਾਲ—ਅਤਲ, ਸੁਤਲ, ਵਿਤਲ, ਤਲਾਤਲ, ਮਹਾਂਤਲ, ਰਸਾਤਲ ਅਤੇ ਪਾਤਾਲ।
ਇਹ ਚੌਦਾਂ ਲੋਕ ਹਨ।

ਪਦ ਅਰਥ : ਅਨਹਦ= (ਅਨ= ਨਹੀਂ+ਹੱਦ) ਅਪਾਰ। ਅਨਾਹਦ ਬਾਨੀ= (ਅਨ+ਆਹਤ= ਸੱਟ, ਠੋਕਰ) ਉਹ ਅਵਾਜ਼, ਜੋ ਕਿਸੇ ਸੱਟ, ਠੋਕਰ ਜਾਂ ਰਗੜ ਤੋਂ ਬਿਨਾਂ ਹੋਵੇ, ਜਿਸ ਨੂੰ ਯੋਗੀ ਲੋਕ ਦਸ਼ਮ ਦ੍ਵਾਰ ਵਿਚ ਸੁਣਦੇ ਹਨ। [1]ਭਵਾਨੀ= ਪ੍ਰਕ੍ਰਿਤੀ ਮਾਇਆ, ਜਿਸ ਤੋਂ ਜਗਤ ਹੋਇਆ ਹੈ। [2]ਮੁਖਚਾਰ= ਚੌਹਾਂ ਮੂੰਹਾਂ ਨਾਲ।

ਅਰਥ : (੧) ਅਪਾਰ ਰੂਪ ਵਾਲਾ ਹੈ, ਅਨਾਹਤ ਬਾਣੀ ਵਾਲਾ ਹੈ, ਜਿਸ ਦੇ ਚਰਨਾਂ ਦੀ ਓਟ ਵਿਚ ਮਾਇਆ ਵਸਦੀ ਹੈ। (੨) ਵਿਸ਼ਨੂੰ ਨੇ ਜਿਸ ਦਾ ਅੰਤ ਨਹੀਂ ਪਾਇਆ ਤੇ ਬ੍ਰਹਮਾ ਜਿਸ ਨੂੰ ਚੌਂਹ ਮੂੰਹਾਂ ਨਾਲ ਬੇਅੰਤ-ਬੇਅੰਤ ਕਹਿ ਰਿਹਾ ਹੈ ॥੫॥

ਕੋਟਿ ਇੰਦ੍ਰ ਉਪਇੰਦ੍ਰ ਬਨਾਏ ॥ ਬ੍ਰਹਮਾ ਰੁਦ੍ਰ ਉਪਾਇ ਖਪਾਏ ॥
ਲੋਕ ਚੱਤ੍ਰ ਦਸ ਖੇਲ ਰਚਾਇਓ ॥ ਬਹੁਰ ਆਪ ਹੀ ਬੀਚ ਮਿਲਾਇਓ ॥੬॥

ਪਦ ਅਰਥ : ਉਪਇੰਦ੍ਰ= (ਉਪਦਰ) ਅਦਿਤਿ ਦੇ ਪੇਟੋਂ ਕਸ਼ਯੱਪ ਦਾ ਪੁੱਤਰ, ਇੰਦਰ ਦਾ ਛੋਟਾ ਭਰਾ, ਵਾਮਨ ਅਵਤਾਰ। ਰੁਦ੍ਰ= ਸ਼ਿਵ।

ਅਰਥ : (੧) ਜਿਸ ਨੇ ਕ੍ਰੋੜਾਂ ਹੀ ਇੰਦ੍ਰ ਤੇ ਵਾਮਨ ਅਵਤਾਰ ਬਣਾਏ ਹਨ, ਜੋ ਬ੍ਰਹਮਾ ਤੇ ਸ਼ਿਵ ਜੀ ਨੂੰ ਪੈਦਾ ਕਰਦਾ ਤੇ ਨਾਸ ਕਰਦਾ ਹੈ। (੨) ਚੌਦਾਂ ਲੋਕ ਆਪਣੀ ਖੇਡ ਬਣਾਈ ਹੋਈ ਹੈ, ਅਤੇ ਫਿਰ ਆਪਣੇ ਵਿਚ ਹੀ ਇਹਨਾਂ ਲੋਕਾਂ ਨੂੰ ਸਮੇਟ ਲੈਂਦਾ ਹੈ ॥੬॥

ਦਾਨਵ ਦੇਵ ਫਨਿੰਦ ਅਪਾਰਾ ॥ ਗੰਧ੍ਰਬ ਜੱਛ ਰਚੇ ਸੁਭ ਚਾਰਾ ॥
ਭੂਤ ਭਵਿੱਖ ਭਵਾਨ ਕਹਾਨੀ ॥ ਘਟ ਘਟ ਕੇ ਪਟ ਪਟ ਕੀ ਜਾਨੀ ॥੭॥

ਪਦ ਅਰਥ : ਦਾਨਵ= ਦੈਂਤ, ਰਾਖਸ਼। (੨) ਬੁਰੇ ਆਦਮੀ। ਫਨਿੰਦ= (ਫਣੀਂਦ੍ਰ) ਸ਼ੇਸ਼ਨਾਗ। ਗੰਧਰਬ= ਦੇਵ ਲੋਕ ਦੇ ਗਵੱਯੇ, ਜੋ ਗਿਣਤੀ ਵਿਚ ੬੩੩੩ ਹਨ ਅਤੇ 'ਮੁਨਿ' ਤੇ 'ਪ੍ਰਧਾ' ਦੇ ਪੇਟੋਂ, ਕਣੂ ਰਿਖੀ ਤੋਂ ਜਿਨ੍ਹਾਂ ਦੀ ਉਤਪਤੀ ਹੈ, ਪਰ ਵਿਸ਼ਨੂੰ ਪੁਰਾਣ ਵਿਚ ਇਨ੍ਹਾਂ ਦੀ ਉਤਪਤੀ ਬ੍ਰਹਮਾ ਤੋਂ ਲਿਖੀ ਹੈ। ਜੱਛ= (ਯਖਜ) ਦੇਵਤਿਆਂ ਦੀ ਇਕ ਖ਼ਾਸ ਜਾਤੀ, ਗਹਜਕ, ਜਿਨ੍ਹਾਂ ਦਾ ਸ੍ਵਾਮੀ ਕੁਬੇਰ ਹੈ। ਵਿਸਨ ਪੁਰਾਣ ਵਿਚ ਲਿਖਿਆ ਹੈ—ਇਕ ਵੇਰੀ ਬ੍ਰਹਮਾ ਨੂੰ ਭੁਖ ਲਗੀ, ਉਸ ਤਮੋ ਬ੍ਰਿਤੀ ਤੋਂ ਜੱਛ ਪੈਦਾ ਹੋਏ। ਪਟ ਪਟ= ਗੁਪਤ ਤੋਂ ਗੁਪਤ। ਸੁਭ ਚਾਰਾ= ਸੁੰਦਰ ਚਾਰ ਖਾਣੀਆਂ ਦੇ ਜੀਵ। ਭੂਤ= ਬੀਤ ਚੁੱਕਾ ਸਮਾਂ। ਭਵਿਖ= ਅਗੇ ਆਉਣ ਵਾਲਾ ਸਮਾਂ। ਭਵਾਨ= ਵਰਤਮਾਨ ਸਮਾਂ।

ਅਰਥ : (੧) ਜਿਸ ਨੇ ਬੇਅੰਤ ਹੀ ਦੈਂਤ, ਦੇਵਤੇ, ਸ਼ੇਸ਼ਨਾਗ, ਗੰਧਰਬ, ਜੱਛ ਤੇ ਸੁੰਦਰ ਚਾਰ ਖਾਣੀਆਂ ਦੇ ਜੀਵ ਰਚੇ ਹਨ। (੨) ਤਿੰਨਾਂ ਕਾਲਾਂ ਵਿਚ ਜਿਸ ਦੀ ਕਥਾ ਹੋ ਰਹੀ ਹੈ, ਅਤੇ ਜੋ ਸਰੀਰਾਂ ਦੇ ਦਿਲ ਦੀ ਗੁਪਤ ਤੋਂ ਗੁਪਤ ਗੱਲ ਜਾਣਦਾ ਹੈ ॥੭॥

---

੧. *ਪ੍ਰਥਮ ਕਾਲ ਸਭ ਜਗ ਕੋ ਤਾਤਾ ॥ ਤਾਤੇ ਭਯੋ ਤੇਜ ਬਿਖਯਾਤਾ ॥ ਸੋਈ 'ਭਵਾਨੀ ਨਾਮੁ ਕਹਾਈ ॥ ਜਿਨ ਸਗਰੀ ਯਹ ਸ੍ਰਿਸਟਿ ਉਪਾਈ ॥'* (ਚੌਬੀਸ ਅਵਤਾਰ)

੨. *ਲਿਖਤ ਦੀ ਇਕ ਬੀੜ ਵਿਚ 'ਮੁਖ ਪਾਂਚ' ਤੇ ਮਹਾਨ ਕੋਸ਼ ਵਿਚ ਵੀ 'ਮੁਖ ਪਾਂਚ' ਪਾਠ ਡਿਠਾ ਹੈ। ਹੋਰ ਸਭ ਜਗ੍ਹਾ 'ਮੁਖ ਚਾਰ' ਪਾਠ ਆਇਆ ਹੈ। ਕਹਿੰਦੇ ਹਨ, ਇਹ ਪਾਠ ਲਿਖਾਰੀ ਦੀ ਭੁਲ ਨਾਲ ਹੋਇਆ ਜਾਪਦਾ ਹੈ, ਕਿਉਂਕਿ 'ਮੁਖ ਚਾਰ' ਬ੍ਰਹਮਾ ਦਾ ਨਾਮ ਹੈ, ਅਤੇ ਇਹ ਪਿਛਲੀ ਤੁਕ ਵਿਚ 'ਬ੍ਰਹਮਾ ਬਿਸਨ ਅੰਤ ਨਹੀਂ ਪਾਇਓ' ਸਪਸ਼ਟ ਕਹਿ ਦਿਤਾ ਹੈ।*

ਤਾਤ ਮਾਤ ਜਿਹ ਜਾਤ ਨ ਪਾਤਾ ॥ ਏਕ ਰੰਗ ਕਾਹੂ ਨਹੀ ਰਾਤਾ ॥
ਸਰਬ ਜੋਤ ਕੇ ਬੀਚ ਸਮਾਨਾ ॥ ਸਭਹੂੰ ਸਰਬ ਠੌਰ ਪਹਿਚਾਨਾ ॥੮॥

ਪਦ ਅਰਥ : ਤਾਤ= ਪਿਤਾ, (੨) ਪੁਤ੍ਰ। ਏਕ ਰੰਗ= ਸਮਾਨ, ਜੋ ਅੰਦਰੋਂ ਇਕੋ ਜਿਹਾ ਹੋਵੇ, ਸਾਫ਼ ਦਿਲ ਵਾਲਾ। ਰਾਤਾ= ਮੋਹ ਕਰਨਾ। ਸਰਬ ਜੋਤ= ਸਭ ਨੂੰ ਚਾਨਣ ਕਰਨ ਵਾਲਾ, ਸੂਰਜ, ਚੰਦ੍ਰਮਾ ਆਦਿਕ। ਹੂੰ= (ਹੁਨ) ਸਮਾਂ।

ਅਰਥ : (੧) ਜਿਸ ਦਾ ਪਿਉ, ਮਾਂ ਤੇ ਜਾਤ ਬਿਰਾਦਰੀ ਨਹੀਂ ਹੈ, ਜੋ ਸਭ ਨਾਲ ਇਕ-ਸਮਾਨ ਹੈ। ਕਿਸੇ ਨਾਲ ਰਾਗ ਦ੍ਵੈਖ ਨਹੀਂ ਕਰਦਾ। (੨) ਜੋ ਸੂਰਜ ਤੇ ਚੰਦ੍ਰਮਾ ਵਿਚ ਸਮਾ ਰਿਹਾ ਹੈ, ਅਸਾਂ ਉਸ ਨੂੰ ਸਾਰੇ ਸਮਿਆਂ ਤੇ ਸਭਨਾਂ ਜਗ੍ਹਾਂ ਵਿਚ ਪਛਾਣਿਆ ਹੈ ॥੮॥

ਕਾਲ ਰਹਤ ਅਨ ਕਾਲ ਸਰੂਪਾ ॥ ਅਲਖ ਪੁਰਖ ਅਬਗਤ ਅਵਧੂਤਾ ॥
ਜਾਤ ਪਾਤ ਜਿਹ ਚਿਹਨ ਨ ਬਰਨਾ ॥
ਅਬਗਤ ਦੇਵ ਅਛੈ ਅਨ ਭਰਮਾ ॥੯॥

ਪਦ ਅਰਥ : ਅਨ ਕਾਲ= ਅਕਾਲ। ਅਬਗਤ= (ਅਵਗਤ) ਵਿਦਿਤ, ਗ਼ਜ਼ਾਤ, ਜਾਨਿਆ ਹੋਇਆ। ਅਵਧੂਤਾ= ਸੰਨਿਆਸੀ ਸਾਧੂ, ਯੋਗੀ। ਜਾਤ= ਜੰਮਨਾ। ਪਾਤ= ਮਰਨਾ।

ਅਰਥ : (੧) ਜੋ ਮੌਤ ਤੋਂ ਰਹਿਤ ਅਕਾਲ ਸਰੂਪ ਹੈ, ਇਹ ਗੱਲ ਵਿਦਿਤ ਹੈ, ਜੋ ਅਲਖ ਪੁਰਖ ਨਿਰਲੇਪ ਹੈ। (੨) ਜਿਸ ਦਾ ਜੰਮਨਾ ਮਰਨਾ ਤੇ ਹੋਰ ਕੋਈ ਵਰਨ ਚਿੰਨ੍ਹ ਨਹੀਂ ਹੈ, ਉਹ ਦੇਵ ਦੇਹ ਤੋਂ ਬਿਨਾਂ ਹੈ, ਨਾਸ ਨਹੀਂ ਹੁੰਦਾ ਅਤੇ ਭਰਮ ਤੋਂ ਰਹਿਤ ਹੈ ॥੯॥

ਸਭ ਕੋ ਕਾਲ ਸਭਨ ਕੋ ਕਰਤਾ ॥ ਰੋਗ ਸੋਗ ਦੋਖਨ ਕੋ ਹਰਤਾ ॥
ਏਕ ਚਿੱਤ ਜਿਹ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥੧੦॥

ਅਰਥ : (੧) ਜੋ ਸਭ ਨੂੰ ਮਾਰਦਾ ਹੈ, ਸਭਨਾਂ ਨੂੰ ਬਨਾਉਂਦਾ ਹੈ, ਰੋਗ ਸੋਗ ਤੇ ਪਾਪਾਂ ਨੂੰ ਨਾਸ ਕਰਦਾ ਹੈ। (੨) ਇਕਾਗ੍ਰ ਚਿੱਤ ਹੋ ਕੇ ਜਿਸ ਪੁਰਸ਼ ਨੇ ਉਸ ਨੂੰ ਇਕ ਛਿਨ ਭਰ ਵੀ ਯਾਦ ਕੀਤਾ ਹੈ, ਉਹ ਮੁੜ ਕੇ ਕਾਲ ਦੀ ਫਾਹੀ ਵਿਚ ਆਇਆ ਹੀ ਨਹੀਂ ਹੈ ॥੧੦॥

ਤ੍ਵ ਪ੍ਰਸਾਦਿ ॥ ਕਬਿੱਤ ॥

ਕਤਹੂੰ ਸੁਚੇਤ ਹੁਇ ਕੈ ਚੇਤਨਾ* ਕੋ ਚਾਰ ਕੀਓ
ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ ॥

ਪਦ ਅਰਥ : ਚੇਤਨਾ= ਚੇਤਨਤਾ। ਚਾਰ= ਪ੍ਰਚਾਰ। ਅਚਿੰਤ= ਬੇਫ਼ਿਕਰ। ਅਚੇਤ= ਘੂਕ।

---

* *ਕਈ ਗਿਆਨੀ ਇਉਂ ਸੰਧੀ ਕਰਕੇ ਅਰਥ ਕਰਦੇ ਹਨ—'ਚੇਤਨਾ ਕੋ ਚਾਰ= ਚੇਤਨਾ ਕੁ ਉਚਾਰ' 'ਚੇਤਨ ਦਾ ਉਚਾਰ'= ਵਾਹਿਗੁਰੂ ਦਾ ਸਿਮਰਨ ਕਰਦੇ ਹੋ।*

ਅਰਥ : ਕਿਤੇ ਸੁਚੇਤ ਹੋ ਕੇ ਚੇਤਨ ਦਾ ਪ੍ਰਚਾਰ ਕਰਦੇ ਹੋ ਅਤੇ ਕਿਤੇ ਬੇਫ਼ਿਕਰ ਹੋ ਕੇ ਘੂਕ ਸੁਤੇ ਪਏ ਹੋ।

ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ
ਕਹੂੰ ਮਹਾ ਦਾਨ ਹੁਇ ਕੈ ਮਾਂਗਿਓ ਧਨ ਦੇਤ ਹੋ ॥

ਅਰਥ : ਕਿਤੇ ਮੰਗਤਾ ਹੋ ਕੇ ਭਿਖਿਆ ਮੰਗਦੇ ਫਿਰਦੇ ਹੋ, ਅਤੇ ਕਿਤੇ ਮਹਾਂ ਦਾਨੀ ਹੋ ਕੇ ਮੂੰਹੋਂ ਮੰਗਿਆ ਧਨ ਦੇਂਦੇ ਹੋ।

ਕਹੂੰ ਮਹਾਂ ਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ ॥

ਪਦ ਅਰਥ : ਅਨੰਤ= (ਅਨੰਤਾ) ਪ੍ਰਿਥਵੀ। ਦਾਨ= ਬਖ਼ਸ਼ਨਾ। ਛਿਤ= ਪ੍ਰਿਥਵੀ, ਧਰਤੀ।

ਅਰਥ : ਕਿਤੇ ਮਹਾਰਾਜਿਆਂ ਨੂੰ ਧਰਤੀ ਬਖ਼ਸ਼ ਰਹੇ ਹੋ, ਅਤੇ ਕਿਤੇ ਮਹਾਰਾਜਿਆਂ ਤੋਂ ਧਰਤੀ ਖੋਹ ਕੇ ਲੈ ਰਹੇ ਹੋ।

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੧॥੧੧॥

ਪਦ ਅਰਥ : ਰੀਤ= ਮਰਯਾਦਾ। ਬਿਪ੍ਰੀਤ= ਉਲਟ। ਤ੍ਰਿਗੁਨ= ਰਜੋ, ਤਮੋ ਤੇ ਸਤੋ। ਅਤੀਤ= ਰਹਿਤ। ਸੁਰਗੁਨ= ਸਾਰੇ ਗੁਨ।

ਅਰਥ : ਕਿਤੇ ਵੇਦਾਂ ਦੇ ਅਨੁਸਾਰ ਹੋ, ਕਿਤੇ ਉਨ੍ਹਾਂ ਤੋਂ ਉਲਟ ਹੋ, ਕਿਤੇ ਤਿੰਨਾਂ ਗੁਣਾਂ ਤੋਂ ਰਹਿਤ ਹੋ ਅਤੇ ਕਿਤੇ ਸਾਰੇ ਗੁਣਾਂ ਸਮੇਤ ਹੋ ॥੧॥੧੧॥

ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ
ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ ॥

ਪਦ ਅਰਥ : ਉਰਗ= ਸੱਪ। ਬਿਦਿਆਧਰ= ਦੇਵਤਿਆਂ ਦੀ ਇਕ ਜਾਤਿ, ਜੋ ਪ੍ਰਿਥਵੀ ਤੇ ਸੁਰਗ ਦੇ ਵਿਚਾਲੇ ਰਹਿੰਦੀ ਹੈ, ਇਸ ਦਾ ਨਾਮ 'ਕਾਮਰੂਪ' ਤੇ 'ਖੇਚਰ' ਭੀ ਹੈ। ਕਿੰਨਰ= ਕੁਬੇਰ ਦੀ ਸਭਾ ਦੇ ਨੱਚਾਰ, ਜਿਨ੍ਹਾਂ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਹੈ, ਇਹ ਪੁਲਸਤ ਦੀ ਉਲਾਦ ਹਨ, ਸੁਰਗ ਵਿਚ ਵੀ ਇਹੋ ਹੀ ਨਾਚ ਕਰਦੇ ਹਨ। ਪਿਸਾਚ= ਦੇਵਤਿਆਂ ਦੀ ਇਕ ਜਾਤੀ, ਜੋ ਯੱਖਾਂ ਤੋਂ ਘਟੀਆ ਹੈ। (੨) (ਪਿਸਤ+ ਆਚ) ਮਾਸਾਹਾਰੀ ਜੀਵ, ਮਾਸ ਖਾਣ ਵਾਲੇ। ਪ੍ਰੇਤ= ਪਿਸਾਚਾਂ ਦੀ ਇਕ ਜਾਤੀ, ਜਿਨ੍ਹਾਂ ਦੀ ਸ਼ਕਲ ਬਹੁਤ ਡਰਾਉਣੀ ਹੈ। (੩) ਪੁਰਾਣਾਨੁਸਾਰ ਉਹ ਕਲਪਿਤ ਸਰੀਰ, ਜੋ ਮਨੁੱਖ ਨੂੰ ਮਰਨ ਤੋਂ ਮਗਰੋਂ ਪ੍ਰਾਪਤ ਹੁੰਦਾ ਹੈ ਅਤੇ ਸਪਿੰਡੀ ਹੋਣ ਤੱਕ ਰਹਿੰਦਾ ਹੈ।

ਅਰਥ : ਕਿਤੇ ਜੱਛ, ਕਿਤੇ ਗੰਧਰਬ, ਕਿਤੇ ਸੱਪ, ਕਿਤੇ ਵਿਦਿਆਧਰ, ਕਿਤੇ ਕਿੰਨਰ, ਕਿਤੇ ਪਿਸਾਚ ਤੇ ਕਿਤੇ ਪ੍ਰੇਤ ਬਣੇ ਹੋਏ ਹੋ।

ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ
ਕਹੂੰ ਹੁਇ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ ॥

ਪਦ ਅਰਥ : ਗਾਇਤ੍ਰੀ= (ਗਾਯਤ੍ਰੀ) ਇਕ ਪਵਿਤ੍ਰ ਮੰਤ੍ਰ ਦਾ ਨਾਮ ਹੈ, ਜਿਸ ਨੂੰ ਸਾਵਿਤ੍ਰ ਵੀ ਕਹਿੰਦੇ ਹਨ। ਹਿੰਦੂ ਧਰਮ ਵਿਚ ਇਹ ਮੰਤ੍ਰ ਵੱਡਾ ਉੱਤਮ ਮੰਨਿਆ ਜਾਂਦਾ ਹੈ। ਦ੍ਵਿਜਾਂ ਵਿਚ ਯੱਗਯੋਪਵੀਤ ਦੇ ਸਮੇਂ, ਵੇਦਾਰੰਭ ਸੰਸਕਾਰ ਕਰਦੇ ਹੋਏ, ਅਚਾਰਜ ਇਸ ਮੰਤ੍ਰ ਦਾ ਉਪਦੇਸ਼ ਬ੍ਰਹਮਚਾਰੀ ਨੂੰ ਕਰਦਾ ਹੈ। ਇਸ ਮੰਤ੍ਰ ਦਾ ਦੇਵਤਾ ਸਵਿਤਾ ਅਤੇ ਰਿਖਿ ਵਿਸ਼੍ਵਾਮਿਤ੍ਰ ਹੈ। ਮਨੂ ਦਾ ਕਥਨ ਹੈ ਕਿ ਪ੍ਰਜਾਪਤਿ ਨੇ ਅਕਾਰ, ਉਕਾਰ ਤੇ ਮਕਾਰ ਵਰਣਾ ਭੂ, ਭੁਵ:, ਅਤੇ ਸ੍ਵ: ਤਿੰਨ ਵਯਾਹਿਤ੍ਰੀਆਂ ਤਥਾ ਸਾਵਿਤ੍ਰੀ ਮੰਤ੍ਰ ਦੇ ਤਿੰਨ ਪਦਾਂ ਨੂੰ ਰਿਗ, ਯਜੁ: ਅਤੇ ਸਾਮ ਵੇਦ ਤੋਂ ਯਥਾ ਕ੍ਰਮ ਕਢਿਆ ਹੈ, ਉਹ ਮੰਤ੍ਰ ਇਹ ਹੈ—'ਤ੍ਰ ਸਵਿਤੁਰ- ਵਰੇਣਯੰ। ਭਰਗੋ ਦੇਵਸਯ ਧੀਮਹਿ। ਧਿਯੋ ਯੋ ਨ: ਪ੍ਰਚੋਦਯਾਤ। ਅਰਥਾਤ ਜੋ [ਸਵਿਤ੍ਰ] ਸੂਰਜ ਦੇਵਤਾ ਸਭ ਨੂੰ ਜੀਵਾਉਂਦਾ ਹੈ, ਦੁਖਾਂ ਤੋਂ ਛੁਡਾਉਂਦਾ ਹੈ, ਪ੍ਰਕਾਸ਼ ਰੂਪ ਹੈ, ਬੇਨਤੀ ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਸਾਡੀਆਂ ਬੁਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਯਾਨ ਕਰਦੇ ਹਾਂ। (ਵੇਖੋ— 'ਗੁਰਮੁਖੀ ਸ਼ਬਦ ਸਾਗਰ ਵਿਚੋਂ ਗਾਯਤ੍ਰੀ') ਤੁਰਕਾ= ਮੁਸਲਮਾਨ। ਬਾਂਗ= ਅਜ਼ਾਨ। ਨਮਾਜ਼ ਲਈ ਪੁਕਾਰ, ਜੋ ਮਸਜਿਦ ਦੇ ਮੁਨਾਰੇ ਤੇ ਚੜ੍ਹ ਕੇ ਜਾਂ ਮਸਜਿਦ ਵਿਚ ਖੜੇ ਹੋ ਕੇ ਉੱਚੇ ਸੁਰ ਨਾਲ ਸੱਦ ਕੀਤੀ ਜਾਂਦੀ ਹੈ, ਜਿਸ ਨੂੰ ਸੁਣ ਕੇ ਨਮਾਜ਼ੀ ਇਕੱਠੇ ਹੋ ਜਾਣ।

ਬਾਂਗ ਦਾ ਪ੍ਰਚਾਰ ਹਜ਼ਰਤ ਮੁਹੰਮਦ ਦੇ ਸਮੇਂ ਤੋਂ ਅਰੰਭ ਹੋਇਆ ਹੈ, ਬਾਂਗ ਮੱਕੇ ਵੱਲ ਮੂੰਹ ਕਰ ਕੇ ਅਤੇ ਕੰਨਾਂ ਵਿਚ ਉਂਗਲੀਆਂ ਦੇ ਕੇ ਦੇਣ ਦਾ ਹੁਕਮ ਹੈ। ਗੰਦੇ ਪੁਰਸ਼, ਸ਼ਰਾਬੀ ਅਤੇ ਇਸਤਰੀ ਨੂੰ ਬਾਂਗ ਦੇਣ ਦਾ ਅਧਿਕਾਰ ਨਹੀਂ ਹੈ। ਬਾਂਗ ਦਾ ਪਾਠ ਇਉਂ ਹੈ।

'ਅੱਲਾ ਅਕਬਰ, ਅੱਲਾ ਅਕਬਰ, ਅੱਲਾ ਅਕਬਰ, ਅੱਲਾ ਅਕਬਰ, ਅਸ਼ਹਾਦਾਨ ਲਾਇਲਾ ਇਲੱਲਾ ਅਸ਼ਹਾਦਾਨ ਲਾਇਲਾ ਇਲੱਲਾ ਅਸ਼ਹਾਦਾਨ ਮੁਹੰਮਦ ਰਸੂਲ ਇੱਲਾ ਅਸ਼ਹਾਦਾਨ ਮੁਹੰਮਦ ਰਸੂਲ ਇੱਲਾ ਹੀ ਅਲੀ ਅਲਸਲਵੱਹ ਹੀ ਅਲੀ ਅਲਸਲਵੱਹ ਹੀ ਅਲੀ ਅਲਫਲਾਹ ਹੀ ਅਲੀ ਅਲਫਲਾਹ ਅਲਹ ਅਕਬਰ ਅਲਾਹ ਅਕਬਰ ਲਾਇਲਾ ਇਲੱਲਾ' ਅਰਥਾਤ ਕਰਤਾਰ ਵੱਡਾ ਹੈ ੪. ਮੈਂ ਗਵਾਹੀ ਦੇਂਦਾ ਹਾਂ ਕਿ ਕਰਤਾਰ ਬਿਨਾਂ ਕੋਈ ਪੂਜਯ ਨਹੀਂ ਹੈ (੨) ਮੈਂ ਗਵਾਹੀ ਦੇਂਦਾ ਹਾਂ ਕਿ ਮੁਹੰਮਦ ਖ਼ੁਦਾ ਦਾ ਪੈਗੰਬਰ ਹੈ ੨, ਆਓ ਨਮਾਜ਼ ਵਲ ੨, ਆਓ ਨਜ਼ਾਤ (ਮੁਕਤੀ) ਵੱਲ ੨, ਕਰਤਾਰ ਵੱਡਾ ਹੈ ੨, ਕਰਤਾਰ ਬਿਨਾਂ ਕੋਈ ਪੂਜਯ ਨਹੀਂ ਹੈ।

ਪੁਕਾਰੇ= ਉੱਚੀ ਅਵਾਜ਼ ਨਾਲ।

ਅਰਥ : ਕਿਤੇ ਹਿੰਦੂ ਹੋ ਕੇ ਗਾਯਤ੍ਰੀ ਮੰਤਰ ਨੂੰ ਗੁਪਤ ਜਪਦੇ ਹੋ ਅਤੇ ਕਿਤੇ ਮੁਸਲਮਾਨ ਹੋ ਕੇ ਉਚੀ ਅਵਾਜ਼ ਨਾਲ ਬਾਂਗ ਦੇਂਦੇ ਹੋ।

ਕਹੂੰ ਕੋਕ ਕਾਬ ਹੁਇ ਕੈ ਪੁਰਾਨ ਕੋ ਪੜਤ ਮਤ
ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ ॥

ਪਦ ਅਰਥ : ਕੋਕ= ਕੋਕ ਇਕ ਪੰਡਿਤ ਦਾ ਨਾਮ ਹੈ ਜਿਸ ਨੇ ਕਾਮ ਸ਼ਾਸਤ੍ਰ ਬਣਾਇਆ ਹੈ, ਜਿਸ ਦਾ ਪ੍ਰਸਿੱਧ ਨਾਮ ਕੋਕਾ ਹੈ। ਜਿਸ ਸ਼ਾਸਤ੍ਰ ਵਿਚ ਇਸਤਰੀ ਪੁਰਖ ਦੀ ਜਾਤਿ ਗੁਣ, ਸੁਭਾਵ, ਪਰਸਪਰ,

ਸਬੰਧ ਦੀ ਯੋਗਤਾ, ਭੋਗ ਦੇ ਪ੍ਰਕਾਰ, ਸਰੀਰ ਦੀ ਪੁਸ਼ਟੀ ਦੇ ਸਾਧਨ ਵਰਨਣ ਕੀਤੇ ਹੋਣ, ਉਸ ਦਾ ਨਾਮ 'ਕੋਕਾ' ਜਾਂ 'ਕਾਮ ਸ਼ਾਸਤ੍ਰ' ਹੈ। ਕਾਬ= ਕਾਵ੍ਯ, ਕਵਿਤਾ, ਛੰਦਾ ਬੱਧ ਰਚਨਾ, ਯਥਾ—

'ਸ਼ਬਦ ਅਰਥ ਸਭ ਵ੍ਯੰਗ ਵਰ ਸਾਲੰਕ੍ਰਿਤ ਗੁਣ ਰੂਪ।
ਭਾਵਾਦਿਕ ਰਸ ਰੀਤਿ ਯੁਤ 'ਕਾਵ੍ਯ' ਉਕਤਿ ਕਵਿ ਭੂਪ। (ਬਾ: ਰਾਮਦਾਸ)

ਪੁਰਾਨ= ਹਿੰਦੂ ਮੱਤ ਦੇ ਇਤਿਹਾਸਕ ਤੇ ਧਾਰਮਿਕ ਪੁਸਤਕ। ਕੁਰਾਨ= ਮੁਸਲਮਾਨੀ ਮੱਤ ਦਾ ਧਾਰਮਿਕ ਪੁਸਤਕ। ਨਿਦਾਨ= ਸਿਧਾਂਤ।

ਅਰਥ : ਕਿਤੇ ਰਸਿਕ ਹੋ ਕੇ ਕੋਕ ਨੂੰ ਕਿਤੇ ਕਵੀ ਹੋ ਕੇ ਕਾਵ੍ਯ ਨੂੰ, ਕਿਤੇ ਪੰਡਤ ਹੋ ਕੇ ਪੁਰਾਨਾਂ ਦਾ ਉਪਦੇਸ਼ ਪੜ੍ਹਦੇ ਹੋ ਅਤੇ ਕਿਤੇ ਹਾਫ਼ਜ਼ ਹੋ ਕੇ ਕੁਰਾਨ ਦੇ ਸਿਧਾਂਤ ਨੂੰ ਸਮਝ ਰਹੇ ਹੋ।

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੨॥੧੨॥

ਅਰਥ : ਕਿਤੇ ਵੇਦਾਂ ਦੀ ਮਰਿਆਦਾ ਹੋ, ਕਿਤੇ ਉਹਨਾਂ ਤੋਂ ਉਲਟ ਹੋ, ਕਿਤੇ ਤਿੰਨਾਂ ਗੁਣਾਂ ਤੋਂ ਰਹਿਤ ਹੋ ਅਤੇ ਕਿਤੇ ਸਾਰੇ ਗੁਣਾਂ ਦੇ ਸਮੇਤ ਹੋ ॥੨॥੧੨॥

ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ
ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ ॥

ਅਰਥ : ਕਿਤੇ ਦੇਵਤਿਆਂ ਦੀ ਸਭਾ ਵਿਚ ਸੋਭਾ ਪਾ ਰਹੇ ਹੋ, ਕਿਤੇ ਦੈਂਤਾਂ ਨੂੰ ਹੰਕਾਰ ਦੀ ਮੱਤ ਦੇ ਰਹੇ ਹੋ।

ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ
ਕਹੂੰ ਇੰਦ੍ਰ ਪਦਵੀ ਛਿਪਾਇ ਛੀਨ ਲੇਤ ਹੋ ॥

ਅਰਥ : ਕਿਤੇ ਕੰਗਾਲ ਨੂੰ ਇੰਦ੍ਰ ਪਦਵੀ ਬਖ਼ਸ਼ ਰਹੇ ਹੋ ਅਤੇ ਕਿਤੇ ਇੰਦ੍ਰ ਰਾਜਾ ਤੋਂ ਇੰਦ੍ਰ ਪਦਵੀ ਛਿਨ ਵਿਚ ਹੀ ਛਿਪਾਇ= ਖੋਹ ਰਹੇ ਹੋ।

ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ
ਕਹੂੰ ਨਿਜ ਨਾਰ ਪਰ ਨਾਰ ਕੇ ਨਿਕੇਤ ਹੋ ॥

ਅਰਥ : ਕਿਤੇ ਵਿਚਾਰਵਾਨ ਹੋ, ਕਿਤੇ ਵਿਚਾਰ ਤੋਂ ਹੀਣੇ (ਬੇਸਮਝ) ਹੋ, ਕਿਤੇ ਨਿਜ-ਨਾਰੀ ਨਿਕੇਤ ਅਤੇ ਕਿਤੇ ਪਰ ਨਾਰੀ ਦੇ ਨਿਕੇਤ ਹੋ, ਅਰਥਾਤ ਕਿਤੇ ਆਪਣੀ ਇਸਤਰੀ ਦੇ ਪਿਆਰੇ ਹੋ, ਕਿਤੇ ਪਰ ਇਸਤਰੀ ਗਾਮੀ ਹੋ।

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੩॥੧੩॥

ਅਰਥ : ਕਿਤੇ ਵੇਦਾਂ ਦੀ ਰੀਤੀ ਕਰਦੇ ਹੋ, ਕਿਤੇ ਉਹਨਾਂ ਤੋਂ ਉਲਟ ਚਲਦੇ ਹੋ, ਕਿਤੇ ਤਿੰਨਾਂ ਗੁਣਾਂ

ਤੋਂ ਰਹਿਤ ਹੋ ਤੇ ਕਿਤੇ [ਸੁਰ] ਸ੍ਰੇਸ਼ਟ ਗੁਣਾਂ ਦੇ ਸਮੇਤ ਹੋ ॥੩॥੧੩॥

ਕਹੂੰ ਸਸਤ੍ਰਧਾਰੀ ਕਹੂੰ ਬਿਦਿਆ ਕੇ ਬਿਚਾਰੀ

ਕਹੂੰ ਮਾਰਤ ਅਹਾਰੀ ਕਹੂੰ ਨਾਰ ਕੇ ਨਿਕੇਤ ਹੋ ॥

ਪਦ ਅਰਥ : ਮਾਰਤ= ਹਵਾ, ਪੌਣ। ਅਹਾਰੀ= ਛਕਣ ਵਾਲਾ। ਨਾਰ ਕੇ ਨਿਕੇਤ= ਪਾਣੀ ਦੇ ਵਿਚ ਘਰ ਰੱਖਣ ਵਾਲਾ, ਭਾਵ ਜਲਵਾਸੀ।

ਅਰਥ : ਕਿਤੇ ਸ਼ਸਤ੍ਰ ਧਾਰੀ ਸੂਰਮੇ ਹੋ, ਕਿਤੇ ਵਿਦਿਆ ਦੀ ਵਿਚਾਰ ਕਰਨ ਵਾਲੇ ਪੰਡਿਤ ਹੋ, ਕਿਤੇ ਪਵਨ ਭਖੀ ਸਰੂਪ ਹੋ ਅਤੇ ਕਿਤੇ ਜਲਵਾਸੀ ਮੱਛ ਹੋ।

ਕਹੂੰ ਦੇਵਬਾਨੀ ਕਹੂੰ ਸਾਰਦਾ ਭਵਾਨੀ

ਕਹੂੰ ਮੰਗਲਾ ਮਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ ॥

ਪਦ ਅਰਥ : ਦੇਵਬਾਨੀ= ਅਕਾਸ਼ ਬਾਣੀ, (੨) ਸੰਸਕ੍ਰਿਤ ਬੋਲੀ। ਸਾਰਦਾ= ਸਰਸ੍ਵਤੀ। ਮੰਗਲਾ= ਦੁਰਗਾ। ਮਿੜਾਨੀ= ਦੁਰਗਾ, ਪਾਰਬਤੀ, ਦੁਰਗਾ ਦੀਆਂ ਅਨੇਕਾਂ ਸ਼ਕਤੀਆਂ ਹੋਈਆਂ ਹਨ, ਉਹਨਾਂ ਸ਼ਕਤੀਆਂ ਦੇ ਵਖੋ ਵਖ ਨਾਮ ਹਨ।

ਅਰਥ : ਕਿਤੇ ਦੇਵ ਬਾਣੀ ਹੋ, ਕਿਤੇ ਸਾਰਦਾ ਹੋ, ਕਿਤੇ ਭਵਾਨੀ ਸ਼ਿਵ ਹੋ, ਕਿਤੇ ਮੰਗਲਾ ਤੇ ਕਿਤੇ ਮਿੜਾਨੀ ਹੋ ਕਿਤੇ ਕਾਲਾ ਰੂਪ ਹੋ ਤੇ ਕਿਤੇ ਚਿੱਟਾ ਰੂਪ ਹੋ।

ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ

ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ ॥

ਪਦ ਅਰਥ : ਧਰਮ ਧਾਮੀ= ਗ੍ਰਹਿਸਤ ਧਰਮ ਵਾਲੇ। ਸਰਬ ਠਉਰ ਗਾਮੀ= ਸਰਬ ਜਗ੍ਹਾਂ ਤੇ ਫਿਰਨ ਵਾਲੇ। ਜਤੀ= ਸੰਨਿਆਸੀ (ਜਿਸ ਦਾ ਇਸਤਰੀ ਨਾਲ ਗੱਲ ਕਰਨ ਤੋਂ ਵੀ ਧਰਮ ਭ੍ਰਿਸ਼ਟ ਹੋ ਜਾਂਦਾ ਹੈ)। ਕਾਮੀ= ਵਿਭਚਾਰੀ।

ਅਰਥ : ਕਿਤੇ ਗ੍ਰਹਿਸਤ ਧਰਮ ਵਾਲੇ ਹੋ, ਕਿਤੇ ਸਭ ਜਗ੍ਹਾਂ ਤੇ ਫਿਰਨ ਵਾਲੇ, ਕਿਤੇ ਯਤੀ ਹੋ, ਕਿਤੇ ਕਾਮੀ ਹੋ, ਕਿਤੇ ਦੇਂਦੇ ਹੋ ਤੇ ਕਿਤੇ ਲੈਂਦੇ ਹੋ।

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ

ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥੪॥੧੪॥

ਅਰਥ : ਕਿਤੇ ਵੇਦਾਂ ਦੇ ਅਨੁਸਾਰੀ ਹੋ, ਕਿਤੇ ਉਨ੍ਹਾਂ ਤੋਂ ਉਲਟ ਹੋ। ਕਿਤੇ ਤਿੰਨਾਂ ਗੁਣਾਂ ਤੋਂ ਰਹਿਤ ਹੋ ਅਤੇ ਕਿਤੇ ਸਾਰੇ ਗੁਣਾਂ ਸਮੇਤ ਹੋ ॥੪॥੧੪॥

ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ

ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ ॥

ਪਦ ਅਰਥ : ਕੰਠੀ ਧਰੇ= ਬੈਰਾਗੀ ਲੋਕ ਗਲੇ ਵਿਚ ਕਾਠ ਦੀ ਕੰਠੀ ਪਾਂਦੇ ਹਨ, ਰਾਮਾਨੰਦੀ ਸਾਧੂ।

ਸਾਧੀ= ਜਿਸ ਦੀ ਸਾਧਨਾ ਪੂਰੀ ਹੋ ਜਾਵੇ। ਜਟਾਧਾਰੀ= ਗੋਰਖ ਨੂੰ ਮੰਨਣ ਵਾਲੇ।

ਅਰਥ : ਕਿਤੇ ਜਟਾਧਾਰੀ ਹੋ, ਕਿਤੇ ਰਾਮਾਨੰਦੀ ਹੋ, ਕਿਤੇ ਬ੍ਰਹਮਚਾਰੀ ਹੋ, ਕਿਤੇ ਗ੍ਰਹਸਤੀ ਹੋ, ਕਿਤੇ ਸਾਧਨਾ ਪੂਰੀ ਕਰ ਚੁਕੇ ਹੋ, ਕਿਤੇ ਸਾਧਨਾ ਕਰ ਰਹੇ ਹੋ।

ਕਹੂੰ ਕਾਨ ਫਾਰੇ ਕਹੂੰ ਡੰਡੀ ਹੁਇ ਪਧਾਰੇ
ਕਹੂੰ ਫੂਕ ਫੂਕ ਪਾਵਨ ਕਉ ਪ੍ਰਿਥੀ ਪੈ ਧਰਤ ਹੋ॥

ਪਦ ਅਰਥ : ਡੰਡੀ= ਡੰਡ ਧਾਰੀ, ਡੰਡਾ ਰੱਖਣ ਵਾਲਾ ਸੰਨਿਆਸੀ, ਤ੍ਰਿਚੰਡੀ। ਪਧਾਰੇ= ਜਾਂਦੇ ਹੋ। ਪਾਵਨ= (ਪਾਵ ਦਾ ਬ: ਬ:) ਪੈਰਾਂ।

ਅਰਥ : ਕਿਤੇ ਕੰਨ ਪਾਟੇ ਹੋ, ਕਿਤੇ ਸੰਨਿਆਸੀ ਹੋ ਕੇ ਜਾ ਰਹੇ ਹੋ, ਕਿਤੇ ਧਰਤੀ ਨੂੰ ਫੂਕ ਫੂਕ ਕੇ ਸਾਫ਼ ਕਰ ਕੇ ਪੈਰਾਂ ਨੂੰ ਰਖਦੇ ਹੋ ਭਾਵ—ਸ੍ਰੇਵੜੇ ਹੋਏ ਫਿਰਦੇ ਹੋ।

ਕਤਹੂੰ ਸਿਪਾਹੀ ਹੁਇ ਕੈ ਸਾਧਤ ਸਿਲਾਹਨ ਕੌ
ਕਹੂੰ ਛਤ੍ਰੀ ਹੁਇ ਕੈ ਅਰ ਮਾਰਤ ਮਰਤ ਹੋ॥

ਪਦ ਅਰਥ : ਸਾਧਤ= ਸਿਖਨਾ ਕਰਦੇ ਹੋ। ਸਿਲਾਹਨ= ਸ਼ਸਤ੍ਰਾਂ। ਅਰਿ= ਵੈਰੀ।

ਅਰਥ : ਕਿਤੇ ਸਿਪਾਹੀ ਹੋ ਕੇ ਸ਼ਸਤ੍ਰਾਂ ਦਾ ਚਲਾਨਾ ਸਿੱਖ ਰਹੇ ਹੋ ਅਤੇ ਕਿਤੇ ਛੱਤ੍ਰੀ ਹੋ ਕੇ ਵੈਰੀ ਨੂੰ ਮਾਰਦੇ ਹੋ, ਜਾਂ ਆਪ ਮਰ ਰਹੇ ਹੋ।

ਕਹੂੰ ਭੂਮ ਭਾਰ ਕੌ ਉਤਾਰਤ ਹੋ ਮਹਾਰਾਜ
ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ॥੫॥੧੫॥

ਪਦ ਅਰਥ : ਭਵ=ਜਗਤ। ਭੂਤਨ= ਜੀਵਾਂ। ਭਾਵਨਾ= ਸ਼ਰਧਾ। ਭਰਤ= ਪੂਰੀ ਕਰਦੇ ਹੋ।

ਅਰਥ : ਹੇ ਮਹਾਰਾਜ! ਤੁਸੀਂ ਆਪੇ ਹੀ ਕਿਤੇ ਧਰਤੀ ਦੇ ਭਾਰ ਨੂੰ ਉਤਾਰ ਰਹੇ ਹੋ ਅਤੇ ਕਿਤੇ ਜਗਤ ਜੀਵਾਂ ਦੀ ਇੱਛਾ ਪੂਰੀ ਕਰਦੇ ਹੋ॥੫॥੧੫॥

ਕਹੂੰ ਗੀਤ ਨਾਦ ਕੇ ਨਿਦਾਨ ਕੌ ਬਤਾਵਤ ਹੋ
ਕਹੂੰ ਨ੍ਰਿਤਕਾਰੀ ਚਿਤ੍ਰਕਾਰੀ ਕੇ ਨਿਧਾਨ ਹੋ॥

ਪਦ ਅਰਥ : ਨਿਦਾਨ= ਕਾਰਣ, ਤਰੀਕਾ, ਢੰਗ। ਨਾਦ= ਰਾਗ। ਨ੍ਰਿਤਕਾਰੀ= ਨੱਚਣਾ। ਚਿਤ੍ਰਕਾਰੀ= ਮੁਸੱਵਰੀ, ਫੋਟੋਗ੍ਰਾਫੀ। ਨਿਧਾਨ= ਚਤਰ, ਸਿਆਣੇ।

ਅਰਥ : ਕਿਤੇ ਰਾਗ ਦੇ ਗਾਉਣ ਦੇ ਢੰਗ ਦੱਸ ਰਹੇ ਹੋ ਅਤੇ ਕਿਤੇ ਨੱਚਣ ਤੇ ਮੁਸੱਵਰੀ ਵਿਚ ਚਤਰ ਹੋ।

ਕਤਹੂੰ ਪਯੂਖ ਹੁਇ ਕੈ ਪੀਵਤ ਪਿਵਾਵਤ ਹੋ
ਕਤਹੂੰ ਮਯੂਖ ਊਖ ਕਹੂੰ ਮਦ ਪਾਨ ਹੋ॥

ਪਦ ਅਰਥ : ਪਯੂਖ= ਅੰਮ੍ਰਿਤ। ਕੈ= ਕਿਤੇ। ਮਯੂਖ= ਸ਼ਹਿਦ। ਊਖ= ਕਮਾਦ। ਮਯੂਖ ਊਖ= ਗੰਨੇ

ਦਾ ਰਸ । ਮਦ= ਸ਼ਰਾਬ । ਮਦ ਪਾਨ= ਸ਼ਰਾਬੀ ।

ਅਰਥ : ਕਿਤੇ ਅੰਮ੍ਰਿਤ ਹੋ, ਕਿਤੇ ਉਸ ਨੂੰ ਪੀਂਦੇ ਤੇ ਪਿਆਂਦੇ ਹੋ, ਕਿਤੇ ਸ਼ਹਿਦ ਹੋ, ਕਿਤੇ ਮਯੂਖ ਪਾਨ ਕਰਦੇ ਹੋ, ਕਿਤੇ ਕਮਾਦ ਹੋ, ਕਿਤੇ ਮਯੂਖ ਊਖ ਕਮਾਦ ਦਾ ਰਸ ਪੀਂਦੇ ਹੋ, ਕਿਤੇ ਸ਼ਰਾਬ ਹੋ, ਕਿਤੇ ਸ਼ਰਾਬੀ ਹੋ ।

ਕਹੂੰ ਮਹਾ ਸੂਰ ਹੁਇ ਕੈ ਮਾਰਤ ਮਵਾਸਨ ਕੌ
ਕਹੂੰ ਮਹਾਦੇਵ ਦੇਵਤਾਨ ਕੇ ਸਮਾਨ ਹੋ ॥

ਅਰਥ : ਕਿਤੇ ਵੱਡੇ ਸੂਰਮੇ ਹੋ ਕੇ [ਮਵਾਸਨ] ਆਕੀ ਦੁਸ਼ਮਨਾਂ ਨੂੰ ਮਾਰਦੇ ਹੋ ਅਤੇ ਕਿਤੇ ਦੇਵਤਿਆਂ ਦੇ ਵੱਡੇ ਦੇਵਤੇ ਦੇ ਸਮਾਨ (ਸੌਮਯ ਸੁਭਾਵ ਵਾਲੇ) ਹੋ ।

ਕਹੂੰ ਮਹਾਦੀਨ ਕਹੂੰ ਦ੍ਰਬ ਕੇ ਅਧੀਨ
ਕਹੂੰ ਬਿਦਿਆ ਮੈ ਪ੍ਰਬੀਨ ਕਹੂੰ ਭੂਮ ਕਹੂੰ ਭਾਨ ਹੋ ॥੬॥੧੬॥

ਪਦ ਅਰਥ : ਮਹਾਦੀਨ= ਵੱਡੇ ਕੰਗਾਲ । ਦ੍ਰਬ= ਧਨ । ਅਧੀਨ= (ਅਧੀਸ਼) ਸੁਆਮੀ, ਰਾਜਾ । ਸੰਸਕ੍ਰਿਤ ਅਧੀਸ਼ ਤੋਂ ਅਧੀਨ ਕਰ ਦਿੱਤਾ ਹੈ, ਕਿਉਂਕਿ ਅਗੇ ਤੇ ਪਿਛੇ ਦੇ 'ਪ੍ਰਬੀਨ' ਤੇ 'ਦੀਨ' ਤੁਕਾਂਤ ਨੂੰ ਪੂਰਾ ਕਰਨ ਲਈ 'ਸ਼' ਦਾ 'ਨ' ਕੀਤਾ ਹੈ ।

ਅਰਥ : ਕਿਤੇ ਵੱਡੇ ਕੰਗਾਲ ਹੋ, ਕਿਤੇ ਧਨ ਦੇ ਸਵਾਮੀ ਰਾਜੇ ਹੋ, ਕਿਤੇ ਵਿਦਯਾ ਵਿਚ ਪ੍ਰਬੀਨ ਹੋ, ਕਿਤੇ ਮੂਢ ਹੋ, ਕਿਤੇ ਧਰਤੀ ਹੋ, ਕਿਤੇ ਸੂਰਜ ਹੋ ॥੬॥੧੬॥

ਕਹੂੰ ਅਕਲੰਕ ਕਹੂੰ ਮਾਰਤ ਮਯੰਕ ਕਹੂੰ
ਪੂਰਨ ਪ੍ਰਜੰਕ ਕਹੂੰ ਸੁੱਧਤਾ ਕੀ ਸਾਰ ਹੋ ॥

ਪਦ ਅਰਥ : ਮਾਰਤ ਮਯੰਕ= (ਜੋ) ਚੰਦ੍ਰਮਾ ਨੂੰ ਮਾਰਦਾ ਹੈ, ਭਾਵ ਕਲੰਕ । ਪੂਰਨ ਪ੍ਰਜੰਕ= ਇਸਤਰੀ ਸਹਿਤ ਸੇਜਾ । ਸੁੱਧਤਾ ਕੀ ਸਾਰ= (ਸੁਧਤਾ) ਨ੍ਰਿਵਰਤੀ ਦੀ ਕਦਰ ਕਰਨ ਵਾਲੇ, ਬੀਤ ਰਾਗੀ ਮਹਾਤਮਾ ।

ਅਰਥ : ਕਿਤੇ ਕਲੰਕ ਤੋਂ ਬਿਨਾਂ ਹੋ, ਕਿਤੇ ਕਲੰਕ ਵਾਨ ਹੋ, (ਕਿਤੇ) ਇਸਤਰੀ *ਸਹਿਤ ਸੇਜਾ ਵਾਲੇ ਹੋ, ਕਿਤੇ ਬੀਤ ਰਾਗ ਵਾਲੇ ਭੂਮ ਸੈਨੀ ਹੋ ।

ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ
ਕਹੂੰ ਕੁਤਸਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ ॥

ਪਦ ਅਰਥ : ਹਰਮ= ਨਖਿਧ, ਧਰਮ ਅਤੇ ਨੀਤੀ ਵਿਰੁਧ ਕਰਮ । ਕੁਤਸਤ= ਨਿੰਦਤ ਕੁਕਰਮ ।

ਅਰਥ : ਕਿਤੇ ਦੇਵ ਧਰਮ ਵਾਲੇ ਹੋ, ਕਿਤੇ ਨਖਿਧ ਸਾਧਨਾ ਦੇ ਕਰਨ ਵਾਲੇ ਹੋ, ਕਿਤੇ ਨਿੰਦਤ ਕੁਕਰਮਾਂ ਦੇ ਕਰਨ ਵਾਲੇ ਹੋ ਅਤੇ ਕਿਤੇ ਧਰਮ ਦੇ ਤਰੀਕੇ ਵਰਤਨ ਵਾਲੇ ਹੋ ।

ਕਹੂੰ ਪਉਨ ਅਹਾਰੀ ਕਹੂੰ ਬਿਦਿਆ ਕੇ ਬਿਚਾਰੀ

** ਪੂਰਨ ਤੇ 'ਪ੍ਰਜੰਕ' 'ਅਪੂਰਨ' ਅਰਥ ਵੀ ਕੀਤਾ ਕਰਦੇ ਹਨ ।*

ਕਹੂੰ ਜੋਗੀ ਜਤੀ ਬ੍ਰਹਮਚਾਰੀ ਨਰ ਕਹੂੰ ਨਾਰ ਹੋ ॥

ਅਰਥ : ਕਿਤੇ ਪਵਨ ਭੱਖੀ ਹੋ, ਕਿਤੇ ਵਿਦਜਾ ਦੀ ਵਿਚਾਰ ਵਾਲੇ ਹੋ, ਕਿਤੇ ਜੋਗੀ ਹੋ, ਕਿਤੇ ਜਤੀ ਹੋ, ਕਿਤੇ ਬ੍ਰਹਮਚਾਰੀ ਹੋ, ਕਿਤੇ ਪੁਰਸ਼ ਹੋ ਕਿਤੇ ਇਸਤਰੀ ਹੋ ।

ਕਹੂੰ ਛਤ੍ਰਧਾਰੀ ਕਹੂੰ ਛਾਲਾ ਧਰੇ ਛੈਲ ਭਾਰੀ
ਕਹੂੰ ਛਕਵਾਰੀ ਕਹੂੰ ਛਲ ਕੇ ਪ੍ਰਕਾਰ ਹੋ ॥੭॥੧੭॥

ਪਦ ਅਰਥ : ਛਾਲਾ= ਖਲੜੀ, ਮ੍ਰਿਗਛਾਲਾ । ਛੈਲ= ਖ਼ੂਬਸੂਰਤ । ਛਕ= (ਸੱਕ) ਲਕੜੀ ਦਾ ਛੋਡਾ, [1]'ਛਕਵਾਰੀ' ਦਾ ਭਾਵ= ਮਹਾਂਲਿੱਸਾ । ਛਲ= ਅਸਲ ਤੋਂ ਉਲਟ ਹੋਰ ਦਾ ਹੋਰ ਪ੍ਰਤੀਕ ਹੋਣਾ । (੨) ਕਦੇ ਕਿਵੇਂ ਤੇ ਕਦੇ ਕਿਵੇਂ ਹੋ ਜਾਣਾ । (੩) ਛਲ= ਛਲਾਵਾ ਜਾਂ ਛਲੇਡਾ, ਜੋ ਕਈ ਰੂਪ ਧਾਰ ਕੇ ਰਾਹੀ ਨੂੰ ਰਸਤੇ ਵਿਚ ਵਿਖਾਲੀ ਦੇਂਦਾ ਹੈ। ਪ੍ਰਕਾਰ= ਵਾਂਗੂ ।

ਅਰਥ : ਕਿਤੇ ਛੱਤਰ ਧਾਰੀ ਹੋ ਕਿਤੇ ਮ੍ਰਿਗਛਾਲਾ ਧਾਰੀ ਹੋ, ਕਿਤੇ ਵੱਡੇ ਖ਼ੂਬਸੂਰਤ ਹੋ, ਕਿਤੇ ਮਹਾਂ ਕੋਝੇ ਤੇ ਲਿੱਸੇ ਹੋ, ਸੱਚ ਇਹ ਹੈ ਕਿ ਛਲੇਡੇ ਵਾਂਗੂੰ ਹੋ ਜਾਂ ਛਲ ਦੇ ਸਮਾਨ ਹੋ ॥੭॥੧੭॥

ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬਜੱਯਾ
ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ ॥

ਅਰਥ : ਕਿਤੇ ਗੀਤਾਂ ਦੇ ਗਾਵਨ ਵਾਲੇ ਹੋ, ਕਿਤੇ ਬੀਨਾ ਦੇ ਵਜਾਉਣ ਵਾਲੇ ਹੋ, ਕਿਤੇ ਨਾਚ ਦੇ ਨੱਚਣ ਵਾਲੇ ਹੋ ਅਤੇ ਕਿਤੇ ਨਰਾਂ[2] ਦੇ ਸਰੂਪ ਵਾਲੇ ਹੋ ।

ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ
ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰ ਕੇ ਪ੍ਰਕਾਰ ਹੋ ॥

ਅਰਥ : ਕਿਤੇ ਵੇਦ ਬਾਣੀ ਹੋ, ਕਿਤੇ ਕੋਕ ਦੀ ਵਾਰਤਾ ਹੋ, ਕਿਤੇ ਰਾਜਾ ਹੋ, ਕਿਤੇ ਰਾਣੀ ਹੋ ਅਤੇ ਕਿਤੇ ਇਸਤਰੀ ਰੂਪ ਹੋ ।

ਕਹੂੰ ਬੇਨ ਕੇ ਬਜੱਯਾ ਕਹੂੰ ਧੇਨ ਕੇ ਚਰੱਯਾ
ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ ॥

ਅਰਥ : ਕਿਤੇ ਬੇਨ ਦੇ ਬਜਾਉਣ ਵਾਲੇ ਹੋ, ਕਿਤੇ ਗਊ ਦੇ ਚਾਰਨ ਵਾਲੇ ਹੋ, ਕਿਤੇ [ਲਾਖਨ][3] ਮੱਖਣ ਦੇ [ਲਵੱਯਾ] ਚੁਰਾਉਣ ਵਾਲੇ ਹੋ, ਕਿਤੇ ਸੁੰਦਰ ਕੁਮਾਰ ਹੋ ।

---

1. *(ਛਕ= ਫਬ ਰਹੇ+ਵਾਰੀ= ਜਾਨ ਵਿਚ) ਜਾਨ ਵਿਚ ਫਬ ਰਹੇ ਹੋ । (ਅਰਥ ਵੀ ਕਰਦੇ ਹਨ)*
੨. *ਕੋਸ਼ਾਂ ਵਿਚ 'ਨਰ' ਦੇ ਕਈ ਕਈ ਅਰਥ ਲਿਖੇ ਹਨ, ਜਿਨ੍ਹਾਂ ਵਿਚੋਂ ਹੇਠ ਲਿਖੇ ਇਥੇ ਘਟ ਸਕਦੇ ਹਨ— ੧. ਮਨੁੱਖ। ੨. ਇਕ ਦੇਵ ਯੋਨਿ । ੩. ਅਰਜਨ । ੪. ਵਿਸ਼ਨ । ੫. ਸ਼ਿਵ । ੬. ਬ੍ਰਹਮਾ । ੭. ਪਤੀ। ੮. ਉੱਦਮੀ । ੯. ਯੋਧਾ। ੧੦. ਹਿੰਮਤੀ, ਦਲੇਰ ।*
੩. *ਸੰਪ੍ਰਦਾਈ 'ਲਾਖਨ' ਦਾ ਅਰਥ ਮੱਖਣ ਕਰਦੇ ਹਨ, ਪਰ ਮਹਾਨ ਕੋਸ਼ ਦੇ ਕਰਤਾ ਜੀ ਨੇ ਇਸ ਦਾ ਅਰਥ 'ਲਾਂਛਨ' ਕਲੰਕ ਕੀਤਾ ਹੈ ।*

ਸੁਧਤਾ ਕੀ ਸਾਨ ਹੋ ਕਿ ਸੰਤਨ ਕੇ ਪ੍ਰਾਨ ਹੋ
ਕਿ ਦਾਤਾ ਮਹਾ ਦਾਨ ਹੋ ਕਿ ਨ੍ਰਿਦੋਖੀ ਨਿਰੰਕਾਰ ਹੋ ॥੮॥੧੮॥

ਪਦ ਅਰਥ : ਸੁਧਤਾ= ਪਵਿਤਰਤਾ । ਸਾਨ= ਸੋਭਾ । ਪ੍ਰਾਨ= ਜੀਵਨ । ਕਿ= ਜਾ ।

ਅਰਥ : ਪਵਿੱਤਰਤਾ ਦੀ ਸੋਭਾ ਹੋ ਜਾਂ ਸੰਤਾਂ ਦਾ ਜੀਵਨ ਹੋ। ਵੱਡੇ ਦਾਤੇ ਹੋ ਜਾਂ ਦਾਨ ਹੋ। ਹੇ ਨਿਰੰਕਾਰ! ਤੁਸੀਂ ਦੋਖਾਂ ਤੋਂ ਰਹਿਤ ਹੋ ॥੮॥੧੮॥

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾ ਦਾਨ ਹੋ ॥

ਪਦ ਅਰਥ : ਜੁਰ= ਜ੍ਵਰ, ਤਾਪ, ਬੁਖ਼ਾਰ ।

ਅਰਥ : ਤਾਪ ਤੋਂ ਬਿਨਾਂ ਹੋ, ਰੂਪ ਤੋਂ ਬਿਨਾਂ ਹੋ, ਜਾਂ ਸੁੰਦਰ ਸਰੂਪ ਵਾਲੇ ਹੋ ਜਾਂ ਰਾਜਿਆਂ ਦੇ ਰਾਜੇ ਹੋ, ਦਾਤੇ ਹੋ ਜਾਂ ਮਹਾਂ ਦਾਨੀ ਹੋ ।

ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ
ਰੋਗ ਸੋਗ ਕੇ ਮਿਟੱਯਾ ਕਿਧੌਂ ਮਾਨੀ ਮਹਾ ਮਾਨ ਹੋ ॥

ਪਦ ਅਰਥ : ਕਿਧੌਂ= ਅਥਵਾ ।

ਅਰਥ : ਪ੍ਰਾਣਾਂ ਦੇ ਬਚਾਉਣ ਵਾਲੇ ਹੋ, ਦੁੱਧ ਪੁੱਤਰ ਦੇ ਦੇਣ ਵਾਲੇ ਹੋ, ਰੋਗ ਸੋਗ ਦੇ ਮਿਟਾਨ ਵਾਲੇ ਹੋ, ਅਥਵਾ ਵਡੇ ਮਾਣ ਵਾਲੇ ਮਾਨੀ ਹੋ ।

ਬਿਦਿਆ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ
ਕਿ ਸਿਧਤਾ ਕੀ ਸੂਰਤਿ ਹੋ ਕਿ ਸੁਧਤਾ ਕੀ ਸਾਨ ਹੋ ॥

ਪਦ ਅਰਥ : *ਸਾਨ= ਅਜ਼ਮਤ।*

ਅਰਥ : ਵਿਦਜਾ ਦੀ ਵਿਚਾਰ ਹੋ ਜਾਂ ਅਦ੍ਵੈਤ ਦਾ ਅਵਤਾਰ ਹੋ ਜਾਂ ਪ੍ਰਸਿੱਧਤਾ ਦੀ ਮੂਰਤ ਹੋ, ਜਾਂ ਪਵਿੱਤਰਤਾ ਦੀ ਸਾਨ= ਅਜ਼ਮਤ (ਵਡਿਆਈ) ਹੋ ।

ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ
ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ ॥੯॥੧੯॥

ਪਦ ਅਰਥ : ਜਾਲ= ਝਰੋਖਾ । ਸੂਲ= ਨੇਜਾ ।

ਅਰਥ : ਜਵਾਨੀ ਦਾ ਝਰੋਖਾ ਹੋ ਜਾਂ ਕਾਲ ਦੇ ਕਾਲ ਹੋ, ਵੈਰੀਆਂ ਨੂੰ ਨਾਸ ਕਰਨ ਵਾਲਾ ਨੇਜ਼ਾ ਹੋ ਜਾਂ ਮਿੱਤਰਾਂ ਦਾ ਜੀਵਨ ਹੋ ॥੯॥੧੯॥

ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੋ ਬਿਖਾਦ
ਕਹੂੰ ਨਾਦ ਕੋ ਨਨਾਦ ਕਹੂੰ ਪੂਰਨ ਭਗਤ ਹੋ ॥

ਪਦ ਅਰਥ : ਬ੍ਰਹਮ ਬਾਦ= ਆਤਮ ਚਰਚਾ । ਬਿਖਾਦ= ਝਗੜੇ । ਨਾਦ= ਸ਼ਬਦ । ਨਨਾਦ= ਧ੍ਵਨਿ, ਅਵਾਜ਼।

ਅਰਥ : ਕਿਤੇ ਆਤਮ ਚਰਚਾ ਹੋ, ਕਿਤੇ ਵਿਦਯਾ ਦੇ ਝਗੜੇ ਹੋ, ਕਿਤੇ ਸ਼ਬਦ ਦੀ ਅਵਾਜ਼ ਹੋ ਅਤੇ ਕਿਤੇ ਪੂਰਨ ਭਗਤੀ ਵਾਲੇ ਭਗਤ ਹੋ ।

ਕਹੂੰ ਬੇਦ ਰੀਤ ਕਹੂੰ ਬਿਦਿਆ ਕੀ ਪ੍ਰਤੀਤ
ਕਹੂੰ ਨੀਤ ਅਉ ਅਨੀਤ ਕਹੂੰ ਜੁਆਲਾ ਸੀ ਜਗਤ ਹੋ ॥

ਪਦ ਅਰਥ : ਜਵਾਲਾ= ਅੱਗ । ਸੀ= ਵਾਂਗੂੰ । ਜਗਤ= (ਜਗਮਗਤ) ਚਮਕਦੇ ।

ਅਰਥ : ਕਿਤੇ ਵੇਦ ਰੀਤ ਕਰਦੇ ਹੋ, ਕਿਤੇ ਵਿਦਯਾ ਦੀ ਪ੍ਰਤੀਤ ਵਾਲੇ ਹੋ, ਕਿਤੇ ਰਾਜਨੀਤੀ ਹੋ ਅਤੇ ਕਿਤੇ ਅਨੀਤੀ ਹੋ, ਕਿਤੇ ਅੱਗ ਵਾਂਗੂੰ ਚਮਕਦੇ ਹੋ ।

ਪੂਰਨ ਪ੍ਰਤਾਪ ਕਹੂੰ ਇਕਾਤੀ ਕੋ ਜਾਪ ਕਹੂੰ
ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ ॥

ਪਦ ਅਰਥ : ਤਾਪ= ਗਰਮ । ਅਤਾਪ= ਸਰਦ । ਡਿਗਤ= ਡਿੱਗ ਪੈਣਾ ।

ਅਰਥ : ਕਿਤੇ ਪੂਰੇ ਪ੍ਰਤਾਪ ਵਾਲੇ ਹੋ, ਕਿਤੇ ਇਕਾਂਤੀ ਹੋ ਕੇ ਜਾਪ ਨੂੰ ਜਪਦੇ ਹੋ, ਕਿਤੇ ਗਰਮ ਰੂਪ ਨੂੰ ਧਾਰਨ ਵਾਲੇ ਹੋ, ਕਿਤੇ ਸਰਦ ਰੂਪ ਵਾਲੇ ਹੋ ਅਤੇ ਕਿਤੇ ਜੋਗ ਤੋਂ ਡਿਗ ਰਹੇ ਹੋ।

ਕਹੂੰ ਬਰ ਦੇਤ ਕਹੂੰ ਛਲ ਸਿਉ ਛਿਨਾਇ ਲੇਤ
ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ ॥੧੦॥੨੦॥

ਪਦ ਅਰਥ : ਛਲ= ਧੋਖਾ । ਏਕਸੇ= ਇਕੋ ਜਿਹਾ ।

ਅਰਥ : ਕਿਤੇ ਵਰ ਦਿੰਦੇ ਹੋ, ਕਿਤੇ ਧੋਖੇ ਨਾਲ ਖੋਹ ਲੈਂਦੇ ਹੋ, ਮੈਨੂੰ ਸਾਰੇ ਸਮਿਆਂ ਅਤੇ ਸਭਨਾਂ ਜਗ੍ਹਾਂ ਵਿਚ ਇਕੋ ਜਿਹੇ ਮਲੂਮ ਹੁੰਦੇ ਹੋ ॥੧੦॥੨੦॥

ਤ੍ਵ ਪ੍ਰਸਾਦਿ ॥ ਸਵੱਯੇ ॥

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥

ਪਦ ਅਰਥ : ਸ੍ਰਾਵਗ= (ਸ੍ਰਾਵਕ) ਬੋਧ ਧਰਮ ਨੂੰ ਮੰਨਣ ਵਾਲੇ, ਬੁਧ ਦੇ ਸਾਧੂ ਨੂੰ 'ਯਤੀ' ਤੇ ਉਪਦੇਸ਼ ਸੁਣਨ ਵਾਲੇ ਨੂੰ 'ਸ੍ਰਾਵਕ' ਕਹਿੰਦੇ ਹਨ । ਸਮੂਹ= ਸਭਨਾਂ । ਸੁੱਧ= ਸ਼ੋਧੀ, ਕਰਮ-ਕਾਂਡੀ। ਸਿਧਾਨ= ਸਿਧ ਪੁਰਸ਼ । ਜਤੀ= ਸੰਨਯਾਸੀ ।

ਅਰਥ : ਜੈਨ ਧਰਮ, ਕਰਮ-ਕਾਂਡੀ, ਸਿਧ ਪੁਰਸ਼, ਜੋਗੀ ਤੇ ਸੰਨਯਾਸੀ (ਇਨ੍ਹਾਂ) ਸਭਨਾਂ ਹੀ ਘਰਾਂ ਨੂੰ ਫਿਰ ਕੇ ਵੇਖ ਲਿਆ ਹੈ ਅਰਥਾਤ ਇਨ੍ਹਾਂ ਮੱਤਾਂ ਦੇ ਪੁਸਤਕ ਪੜ੍ਹ ਕੇ ਵੇਖ ਲਏ ਹਨ ।

ਸੂਰ ਸੁਰਾਰਦਨ ਸੁੱਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥

ਪਦ ਅਰਥ : ਸੂਰ= ਸੂਰਮੇ । ਸੁਰਾਰਦਨ= (ਸੁਰ+ਅਰਦਨ) ਦੇਵਤਿਆਂ ਨੂੰ ਦੁੱਖ ਦੇਣ ਵਾਲੇ, ਦੈਂਤ।

ਸੁਧਾਦਿਕ= ਅੰਮ੍ਰਿਤ ਪੀਣ ਵਾਲੇ, ਦੇਵਤੇ । ਸੁੱਧ= ਪਵਿੱਤਰ ।

ਅਰਥ : ਸੂਰਮੇ, ਦੈਂਤ, ਪਵਿੱਤਰ ਅੰਮ੍ਰਿਤ ਨੂੰ ਪੀਣ ਵਾਲੇ ਦੇਵਤੇ ਅਤੇ ਅਨੇਕਾਂ ਮੱਤਾਂ ਦੇ ਸਾਰੇ ਸੰਤਾਂ ਨੂੰ ਵੀ ਫਿਰ ਕੇ ਵੇਖ ਲਿਆ ਹੈ ।

ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥

ਅਰਥ : ਸਾਰੇ ਦੇਸ ਦੇ ਮਤਾਂ ਨੂੰ ਵੇਖ ਲਿਆ ਹੈ, ਇਨ੍ਹਾਂ ਵਿਚੋਂ ਕੋਈ ਵੀ ਪ੍ਰਾਨ ਪਤੀ (ਵਾਹਿਗੁਰੂ) ਦੇ ਪਿਆਰ ਵਾਲਾ ਨਹੀਂ ਦਿੱਸਦਾ ।

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ
ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

ਪਦ ਅਰਥ : ਭਗਵਾਨ= (ਭਗ= ਛੇ ਗੁਣ) ਛੇ ਗੁਣ ਧਾਰਨ ਵਾਲਾ, *ਕਰਤਾਰ । ਭਾਇ= (ਭਾਉ) ਸ਼ਰਧਾ, ਵਿਸ਼ਵਾਸ । ਰਤੀ= ਪ੍ਰੀਤੀ । ਰਤੀ= ਰੱਤੀ ।

ਅਰਥ : ਸੋਭਾ ਵਾਲੇ ਕਰਤਾਰ ਦੀ ਸ਼ਰਧਾ, ਕਿਰਪਾ ਤੇ ਇਕ ਪ੍ਰੀਤੀ ਤੋਂ ਹੀਣੇ ਹੋਣ ਕਰਕੇ ਉਹ ਸਾਰੇ ਇਕ ਰੱਤੀ ਦੇ ਹਨ ॥੧॥੨੧॥

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥

ਪਦ ਅਰਥ : ਮਤੰਗ= ਹਾਥੀ । ਜਰ= ਜ਼ਰ, ਸੋਨਾ । ਅਨੂਪ= ਮਹਾਨ ਸੁੰਦਰ । ਉਤੰਗ= ਉਚੇ । ਸੁਰੰਗ= ਰੰਗ ਨਾਲ ।

ਅਰਥ : ਮਸਤ ਹਾਥੀ ਜੋ ਸੋਨੇ ਨਾਲ ਜੜੇ ਹੋਏ, ਵੱਡੇ ਸੋਹਣੇ ਤੇ ਉੱਚੇ ਰੰਗ (ਸੰਧੂਰ) ਨਾਲ ਸਵਾਰੇ ਹੋਏ ਹਨ ।

ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕਉ ਜਾਤ ਨਿਵਾਰੇ ॥

ਪਦ ਅਰਥ : ਤੁਰੰਗ= ਘੋੜੇ । ਕੁਰੰਗ= ਹਰਨ । ਗਉਨ= ਤੇਜ਼ੀ । ਜਾਤ ਨਿਵਾਰੇ= ਪਿੱਛੇ ਛੱਡ ਜਾਂਦੇ ਹਨ ।

ਅਰਥ : ਕ੍ਰੋੜਾਂ ਹੀ ਘੋੜੇ, ਜੋ ਹਰਨਾਂ ਵਾਂਗੂੰ ਕੁਦਦੇ ਹਨ ਅਤੇ ਹਵਾ ਦੀ ਤੇਜ਼ੀ ਨੂੰ ਵੀ ਪਿੱਛੇ ਛੱਡ ਜਾਂਦੇ ਹਨ, ਭਾਵ ਹਵਾ ਨਾਲੋਂ ਵੀ ਤੇਜ਼ ਚੱਲਣ ਵਾਲੇ ਹਨ ।

ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥

ਅਰਥ : ਵੱਡੀਆਂ ਬਾਹਾਂ ਵਾਲੇ ਰਾਜੇ ਵੀ ਚੰਗੀ ਤਰ੍ਹਾਂ ਨਾਲ ਸਿਰ ਨਿਵਾਂਦੇ ਹਨ ਅਤੇ ਉਹ ਸਲਾਮੀ ਕਰਨ ਵਾਲੇ ਰਾਜੇ ਏਨੇ ਹਨ, ਜਿਨ੍ਹਾਂ ਦੀ ਵਿਚਾਰ ਨਹੀਂ ਕੀਤੀ ਜਾ ਸਕਦੀ।

---

* *ਜਸ, ਐਸ਼੍ਵਰਜ, ਵਿਰਾਗ, ਉਦਾਰ ॥ ਲਛਮੀ, ਗਯਾਨ, ਸ਼ੁਪੂਰਨ, ਧਾਰ ॥*
ਈਸ਼੍ਵਰ ਕੇ ਖਟ ਗੁਣ ਏ ਜਾਣ ॥ ਜਾਂਤੇ ਕਹੀਯਤ ਹੈ 'ਭਗਵਾਨ' ॥ (ਗੁ: ਪ੍ਰ: ਸੂ:)
(੨) ਜੋ ਭਰਨ ਵਾਲਾ, ਗਤਿ ਦਾਤਾ, ਵਾਸ ਸਭ ਜੀਵਾਂ ਨੂੰ ਦੇਣ ਵਾਲਾ (ਅਤੇ) ਨਾਸ ਰਹਿਤ ਹੋਵੇ, ਸੋ 'ਭਗਵਾਨ'।
(ਵੇਖੋ ਵਿਸ਼ਨੂੰ ਪੁਰਾਣ, ਅੰਸ ੬, ਅਧਿ: ੫)।

ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥੨੨॥

ਅਰਥ : ਜੋ ਏਡੇ ਵੱਡੇ ਰਾਜੇ ਹੋ ਗਏ, ਤਾਂ ਕੀ ਹੋਇਆ ? ਕਿਉਂਕਿ ਅੰਤ ਨੂੰ ਤਾਂ ਨੰਗੇ ਪੈਰੀਂ ਹੀ ਤੁਰ ਕੇ ਜਾਣਗੇ ॥੨॥੨੨॥

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥

ਅਰਥ : ਸਾਰੇ ਦੇਸਾਂ ਦੇਸਾਂਤਰਾਂ ਨੂੰ ਜਿੱਤਦਾ ਫਿਰੇ ਅਤੇ ਅਗੇ ਢੋਲ, ਮ੍ਰਿਦੰਗ ਤੇ ਧੌਂਸੇ ਵੀ ਵੱਜਦੇ ਹੋਣ।

ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥

ਪਦ ਅਰਥ : ਗੁੰਜਤ= ਝੂਲਦੇ ਹਨ। ਗੂੜ= ਝੁੰਡ। ਗਜਾਨ= (ਗਜ ਦਾ ਬ: ਬ:) ਹਾਥੀਆਂ। ਹਿੰਸਤ= ਹਿਣਕਦੇ ਹਨ। ਹਯਰਾਜ= ਰਾਜ ਘੋੜੇ, ਦਰਿਆਈ ਘੋੜੇ।

ਅਰਥ : ਦਰਵਾਜ਼ੇ ਉੱਤੇ ਸੁੰਦਰ ਹਾਥੀਆਂ ਦੇ ਝੁੰਡ ਝੂਲਦੇ ਹਨ ਅਤੇ ਹਜ਼ਾਰਾਂ ਹੀ ਦਰਿਆਈ ਘੋੜੇ ਹਿਣਕਦੇ ਹਨ।

ਭੂਤ ਭਵਿੱਖ ਭਵਾਨ ਕੇ ਭੂਪਤ ਕਉਨੁ ਗਨੈ ਨਹੀਂ ਜਾਤ ਬਿਚਾਰੇ ॥

ਅਰਥ : ਤਿੰਨਾਂ ਕਾਲਾਂ ਵਿਚ ਇਸ ਤਰ੍ਹਾਂ ਦੇ ਰਾਜੇ ਇਤਨੇ ਹੋਏ ਹਨ, ਜਿਨ੍ਹਾਂ ਨੂੰ ਕੌਣ ਗਿਣੇ, ਕਿਸੇ ਤੋਂ ਵੀ ਵਿਚਾਰੇ ਨਹੀਂ ਜਾ ਸਕਦੇ।

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥੨੩॥

ਪਦ ਅਰਥ : ਅੰਤ= (ਅੰਤਕ) ਜਮ ਰਾਜਾ।

ਅਰਥ : ਸ੍ਰੀ ਮਾਯਾ ਦੇ ਸਵਾਮੀ ਸ੍ਰੀ ਕਰਤਾਰ ਦੇ ਸਿਮਰਨ ਤੋਂ ਬਿਨਾਂ ਹੋਣ ਕਰਕੇ, ਉਹ ਅੰਤ ਨੂੰ (ਅੰਤਕੇ= ਅੰਤਕ ਦੇ) ਜਮ ਦੇ ਘਰ ਵਿਚ ਚਲੇ ਗਏ ਹਨ ॥੩॥੨੩॥

ਤੀਰਥ ਨ੍ਹਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੈ ॥

ਪਦ ਅਰਥ : ਦਮ= ਇੰਦ੍ਰਿਆਂ ਨੂੰ ਕਾਬੂ ਕਰਨ ਦਾ ਭਾਵ। ਸੰਜਮ= ਮਨ ਤੇ ਇੰਦ੍ਰਿਆਂ ਨੂੰ ਵਿਕਾਰਾਂ ਤੋਂ ਰੋਕਣਾ। ਨੇਮ= (ਨਿਯਮ) ਸਤ, ਸੰਤੋਖ, ਪਵਿੱਤਰਤਾ, ਵਿਦਯਾਭਯਾਸ ਤੇ ਦਾਨ ਆਦਿਕ ਦਾ ਇਕ ਰਸ ਪਾਲਨ ਕਰਨ ਦਾ ਨਾਮ ਨੇਮ ਹੈ। ਬਿਸੇਖੈ= ਅਧਿਕਤਾ, ਜ਼ਯਾਦਤੀ। (੨) ਉੱਤਮ ਕਰਮ।

ਅਰਥ : ਤੀਰਥ ਇਸ਼ਨਾਨ, ਦਯਾ, ਦਾਨ, ਸੰਜਮ, ਨੇਮ ਅਤੇ ਹੋਰ ਵੀ ਅਨੇਕਾਂ ਉੱਤਮ ਕਰਮ ਕਰੇ।

ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੈ ॥

ਅਰਥ : ਹਿੰਦੂਆਂ ਦੇ ਵੇਦ ਪੁਰਾਣ, ਮੁਸਲਮਾਨੀ ਕੁਰਾਨ ਆਦਿਕ ਚਾਰੇ ਕਤੇਬਾਂ ਪੜ੍ਹੇ ਅਤੇ ਸਾਰੀ ਜਮੀਨ ਉਤੇ ਫਿਰ ਕੇ ਸਾਰੇ ਜ਼ਮਾਨੇ ਨੂੰ ਵੇਖ ਲਵੇ।

ਪਉਨ ਅਹਾਰ ਜਤੀ ਜਤਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੈ ॥

ਅਰਥ : ਪੌਣ ਦਾ ਭੋਜਨ ਕਰੇ, ਜਤ ਨੂੰ ਧਾਰ ਕੇ ਜਤੀ ਹੋਵੇ, ਸਾਰੀਆਂ ਸ਼ੁਭ ਵਿਚਾਰਾਂ ਕਰੇ, ਇਸ ਤਰ੍ਹਾਂ ਦੇ ਅਸਾਂ ਕਈ ਹਜ਼ਾਰਾਂ ਹੀ ਆਦਮੀ ਵੇਖੇ ਹਨ।

ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੈ ॥੪॥੨੪॥

ਅਰਥ : ਹੇ ਰਾਜਨ* ! ਸ੍ਰੀ ਕਰਤਾਰ ਜੀ ਦੇ ਭਜਨ ਤੋਂ ਬਿਨਾਂ ਅਤੇ ਪ੍ਰੀਤੀ ਤੋਂ ਬਿਨਾਂ ਹੋਣ ਕਰਕੇ ਇਤਾਦਿਕ ਕਰਮਾਂ ਵਿਚੋਂ ਇਕ ਵੀ ਕਬੂਲ ਨਹੀਂ ਪਿਆ ॥੪॥੨੪॥

ਸੁੱਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ ॥

ਪਦ ਅਰਥ : ਸਿਪਾਹ= ਫ਼ੌਜ। ਦੁਰੰਤ= ਬੁਰਾ ਫਲ। ਦੁਬਾਹ= ਦੋ ਬਾਹਾਂ ਵਾਲਾ, ਆਦਮੀ। ਸਨਾਹ= ਲੋਹੇ ਦਾ ਕੁੜਤਾ, ਸੰਜੋਯ। ਦੁਰਜਾਨ= ਵੈਰੀਆਂ।

ਅਰਥ : ਚੰਗੀ ਫ਼ੌਜ ਹੋਵੇ, ਜਿਸ ਦਾ ਹਰੇਕ ਆਦਮੀ ਘੋਰ ਜੁੱਧ ਕਰਨ ਵਾਲਾ ਹੋਵੇ, ਉਹ ਸੰਜੋਆਂ ਸਜਾ ਕੇ ਦੁਸ਼ਮਨਾਂ ਨੂੰ ਦਲ ਸੁੱਟਣ।

ਭਾਰੀ ਗੁਮਾਨ ਭਰੇ ਮਨ ਮੈਂ ਕਰ ਪਰਬਤ ਪੰਖ ਹਲੇ ਨ ਹਲੈਂਗੇ ॥

ਅਰਥ : ਉਹ ਆਪਣੇ ਮਨ ਵਿਚ ਭਾਰੀ ਗੁਮਾਨ ਨਾਲ ਭਰੇ ਹੋਏ ਹੋਣ, ਉਨ੍ਹਾਂ ਦਾ ਜੰਗ ਵੇਖ ਕੇ ਪਰਬਤ ਖੰਭ ਲਾ ਕੇ ਹਿੱਲ ਜਾਣ ਤਾਂ ਕੋਈ ਅਚਰਜ ਨਹੀਂ, ਪਰ ਉਹ ਕਿਸੇ ਤਰ੍ਹਾਂ ਵੀ ਰਣ-ਭੂਮੀ ਵਿਚੋਂ ਨਹੀਂ ਹਿੱਲਣਗੇ।

ਤੋਰਿ ਅਰੀਨ ਮਰੋਰਿ ਮਵਾਸਨ ਮਾਤੇ ਮਤੰਗਨ ਮਾਨ ਮਲੈਂਗੇ ॥

ਪਦ ਅਰਥ : ਅਰੀਨ= ਵੈਰੀਆਂ। ਮਵਾਸਨ= ਆਕੀਆਂ। ਮਤੰਗਨ= ਹਾਥੀਆਂ।

ਅਰਥ : ਉਹ ਵੈਰੀਆਂ ਨੂੰ ਤੋੜ ਦੇਣ, ਕਿਲ੍ਹੇ ਵਿਚ ਆਕੀ ਹੋਇਆਂ ਨੂੰ ਮਰੋੜ ਕੇ ਸੁਟ ਦੇਣ ਅਤੇ ਮਤੇ ਹੋਏ ਹਾਥੀਆਂ ਦੇ ਮਾਨ ਨੂੰ ਮਲ ਸੁਟਣ।

ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ
ਤਿਆਗਿ ਜਹਾਨ ਨਿਦਾਨ ਚਲੈਂਗੇ ॥੫॥੨੫॥

ਅਰਥ : ਮਾਇਆ ਦੇ ਸ੍ਵਾਮੀ ਸ੍ਰੀ ਵਾਹਿਗੁਰੂ ਜੀ ਦੀ ਕ੍ਰਿਪਾ ਤੋਂ ਬਿਨਾਂ ਏਡੇ ਵੱਡੇ ਸੂਰਮੇ ਵੀ (ਨਿਦਾਨ) ਅੰਤ ਸਮੇਂ ਜਗਤ ਨੂੰ ਛੱਡ ਕੇ ਚਲੇ ਜਾਣਗੇ ॥੫॥੨੫॥

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥

ਪਦ ਅਰਥ : ਬਰਿਆਰ= ਬਲਵਾਨ। ਅਬਿਚਾਰਹਿ= ਵਿਚਾਰ ਬਿਨਾਂ, ਨਿਸ਼ੰਕ ਹੋ ਕੇ।

ਅਰਥ : ਅਪਾਰਾਂ ਸੂਰਮੇ, ਵੱਡੇ ਬਲ ਵਾਲੇ ਜੋ ਨਿਸ਼ੰਕ ਹੋ ਕੇ ਸ਼ਸਤ੍ਰਾਂ ਦੀ ਮਾਰ ਖਾਂਦੇ ਹਨ।

ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ॥

ਅਰਥ : ਜੋ ਦੇਸਾਂ ਨੂੰ ਫ਼ਤਹਿ ਕਰਦੇ ਹਨ, ਆਕੀਆਂ ਨੂੰ ਮਲ ਸੁਟਦੇ ਹਨ ਅਤੇ ਮਸਤ ਹਾਥੀਆਂ ਦੇ ਮਾਨ ਨੂੰ ਮਲ ਸੁਟਦੇ ਹਨ।

---

* *ਪਹਾੜੀ ਰਾਜਿਆਂ ਨੂੰ ਉਪਦੇਸ਼ ਦੇਣ ਲਈ ਇਹ ਸ੍ਵਯੇ ਉਚਾਰੇ ਸਨ। ਪਰ ਕਈ ਸੰਪ੍ਰਦਾਈ ਕਹਿੰਦੇ ਹਨ—ਆਸਾਮ ਦਾ ਰਾਜਾ ਰਤਨ ਰਾਇ ਪ੍ਰਸਾਦੀ ਹਾਥੀ, ਪੰਜ ਕਲਾ ਸ਼ਸਤ੍ਰ ਆਦਿਕ ਸੁਗਾਤਾਂ ਲੈ ਕੇ ਅਨੰਦ ਪੁਰ ਗੁਰ ਚਰਨਾਂ ਵਿਚ ਹਾਜ਼ਰ ਹੋਇਆ ਸੀ, ਉਸ ਵੇਲੇ ਇਹ ਸਵੱਯੇ ਉਚਾਰਨ ਕਰ ਕੇ ਉਸ ਨੂੰ ਉਪਦੇਸ਼ ਦਿੱਤਾ ਸੀ।*

ਗਾੜ੍ਹੇ ਗੜ੍ਹਾਨ ਕੋ ਤੋੜਨਹਾਰ ਸੁ ਬਾਤਨ ਹੀਂ ਚਕ ਚਾਰ ਲਵੱਯਾ॥

ਅਰਥ : ਜੋ [ਗਾੜ੍ਹੇ] ਮਜ਼ਬੂਤ ਕਿਲ੍ਹਿਆਂ ਨੂੰ ਤੋੜਨ ਵਾਲੇ ਹਨ ਅਤੇ ਗੱਲਾਂ ਨਾਲ ਹੀ ਚੌਹਾਂ ਚੱਕਾਂ ਨੂੰ ਜਿੱਤ ਲੈਣ ਵਾਲੇ ਹਨ, (ਭਾਵ ਚਾਰ ਚੱਕ ਜਿੱਤਦਿਆਂ ਜਿਨ੍ਹਾਂ ਨੂੰ ਦੇਰ ਨਹੀਂ ਲਗਦੀ)।

ਸਾਹਿਬੁ ਸ੍ਰੀ ਸਭ ਕੋ ਸਿਰਨਾਇਕ
ਜਾਚਕ ਅਨੇਕ ਸੁ ਏਕ ਦਿਵੱਯਾ॥੬॥੨੬॥

ਅਰਥ : ਸੋਭਾ ਦਾ ਮਾਲਕ ਸਭ ਦੇ ਸਿਰ ਦਾ ਸਾਹਿਬ ਹੈ, ਅਨੇਕਾਂ ਹੀ ਇਸ ਤਰ੍ਹਾਂ ਦੇ ਸੂਰਮੇ ਉਸ ਦੇ ਦਰ ਤੇ ਮੰਗਤੇ ਹਨ ਅਤੇ ਉਹ ਇਕੋ ਹੀ ਸਭ ਨੂੰ ਦੇਣ ਵਾਲਾ ਹੈ ॥੬॥੨੬॥

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ॥

ਪਦ ਅਰਥ : ਦਾਨਵ= ਦੈਂਤ। ਫਨਿੰਦ= ਸ਼ੇਸ਼ਨਾਗ। ਨਿਸਾਚਰ= ਰਾਖਸ਼।

ਅਰਥ : ਦੈਂਤ, ਦੇਵਤੇ, ਸ਼ੇਸ਼ਨਾਗ ਅਤੇ ਰਾਖਸ਼ ਵੀ ਜਿਸ ਨੂੰ ਤਿੰਨਾਂ ਕਾਲਾਂ ਵਿਚ ਜਪਦੇ ਹਨ।

ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ॥

ਅਰਥ : ਜਲ ਵਿਚ ਤੇ ਥਲ ਵਿਚ ਜਿੰਨੇ ਵੀ ਜੀਵ ਹਨ, ਇਨ੍ਹਾਂ ਸਭਨਾਂ ਦੀ ਥਾਪਨਾ ਜੋ ਇਕ ਪਲ ਹੀ ਪਲ ਵਿਚ ਥਾਪ ਦੇਂਦਾ ਹੈ।

ਪੁੰਨ ਪ੍ਰਤਾਪਨ ਬਾਢ ਜੈਤ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ॥

ਪਦ ਅਰਥ : ਪ੍ਰਤਾਪਨ= ਪ੍ਰਚੰਡ ਤੇਜ। ਜੈਤ= ਜਿਸ। ਧੁਨਿ= ਸਿਮਰਨ ਕਰਕੇ। ਪੁੰਜ= ਝੁੰਡ। ਖਪੈਂਗੇ= ਨਾਸ ਹੋ ਜਾਂਦੇ ਹਨ।

ਅਰਥ : ਜਿਸ ਦੇ ਸਿਮਰਨ ਨਾਲ ਪੁੰਨਾਂ ਦਾ ਪ੍ਰਚੰਡ ਤੇਜ ਵਧ ਜਾਂਦਾ ਹੈ, ਜਿਸ ਤੇਜ ਨਾਲ ਪਾਪਾਂ ਦੇ ਬਹੁਤੇ ਝੁੰਡ ਨਾਸ ਹੋ ਜਾਂਦੇ ਹਨ।

ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰੁ ਸਭੈ ਅਵਲੋਕ ਚਪੈਂਗੇ॥੭॥੨੭॥

ਪਦ ਅਰਥ : ਅਵਲੋਕ= ਵੇਖ ਕੇ।

ਅਰਥ : ਉਸ ਪ੍ਰਤਾਪ ਨੂੰ ਵੇਖ ਕੇ ਸਾਰੇ ਸੰਤ ਜਗਤ ਵਿਚ ਪ੍ਰਸੰਨ ਹੋਏ ਫਿਰਦੇ ਹਨ ਅਤੇ ਸ਼ਤਰੂ ਵੇਖ ਕੇ ਸਾਰੇ ਦਬ ਗਏ ਹਨ ॥੭॥੨੭॥

ਮਾਨਵ ਇੰਦ੍ਰ ਗਜਿੰਦ੍ਰ ਨਰਾਧਪ ਜੌਨ ਤ੍ਰਿਲੋਕ ਕੋ ਰਾਜ ਕਰੈਂਗੇ॥

ਪਦ ਅਰਥ : ਮਾਨਵ ਇੰਦ੍ਰ= (ਮਾਨਵੇਂਦ੍ਰ) ਰਾਜਾ। ਗਜਿੰਦ੍ਰ= (ਗਜਾਧਿਪ) ਇੰਦਰ ਰਾਜਾ। ਨਰਾਧਪ= ਕੁਬੇਰ। ਜੌਨ= ਜਿਹੜੇ।

ਅਰਥ : ਰਾਜੇ, ਇੰਦ੍ਰ ਤੇ ਕੁਬੇਰ ਅਤੇ ਹੋਰ ਜਿਹੜੇ ਤਿੰਨਾਂ ਲੋਕਾਂ ਦਾ ਰਾਜ ਕਰਦੇ ਹਨ।

ਕੋਟਿ ਇਸਨਾਨ ਗਜਾਦਿਕ ਦਾਨ ਅਨੇਕ ਸੁਅੰਬਰ ਸਾਜ ਬਰੈਂਗੇ॥

ਅਰਥ : ਜੋ ਕ੍ਰੋੜਾਂ ਤੀਰਥਾਂ ਦਾ ਇਸ਼ਨਾਨ ਕਰ ਕੇ ਹਾਥੀ ਆਦਿਕ ਦਾਨ ਕਰਦੇ ਹਨ ਅਤੇ ਅਨੇਕਾਂ

ਸੁਯੰਬਰ ਦੇ ਸਾਜ ਸ਼ਿੰਗਾਰ ਨੂੰ ਵਰਦੇ ਹਨ ਭਾਵ ਅਨੇਕਾਂ ਸੁਯੰਬਰਾਂ ਦੀ ਸੁੰਦਰਤਾਈ ਰੂਪ ਇਸਤਰੀਆਂ ਨੂੰ ਵਿਆਹ ਲਿਆਉਂਦੇ ਹਨ।

ਬ੍ਰਹਮ ਮਹੇਸਰ ਬਿਸਨ ਸਚੀਪਤਿ ਅੰਤ ਫਸੇ ਜਮ ਫਾਸਿ ਪਰੈਂਗੇ॥

ਪਦ ਅਰਥ : ਸਚੀਪਤਿ= ਰਾਜਾ ਇੰਦ੍ਰ।

ਅਰਥ : ਜੇ ਉਹ ਅੰਤ ਸਮੇਂ ਬ੍ਰਹਮਾ, ਸ਼ਿਵ ਜੀ, ਵਿਸ਼ਨੂੰ ਜਾਂ ਇੰਦਰ ਦੇ ਜਾਪ ਜਾਂ ਧਿਆਨ ਵਿਚ ਫਸੇ ਹੋਏ ਹੋਣਗੇ ਤਾਂ ਉਹ ਜਮ ਦੀ ਫਾਹੀ ਵਿਚ ਪੈਣਗੇ।

ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ॥੮॥੨੮॥

ਅਰਥ : ਜਿਹੜੇ ਪੁਰਸ਼ [ਸ੍ਰੀ ਪਤਿ] ਕਰਤਾਰ ਦੇ ਚਰਨਾਂ ਨੂੰ ਪਰਸਦੇ ਹਨ, ਉਹ ਪੁਰਸ਼ ਮੁੜ ਕੇ ਦੇਹ ਨਾ ਧਾਰਨਗੇ, ਭਾਵ ਮੁਕਤ ਹੋ ਜਾਣਗੇ ਅਤੇ ਮੁੜ ਕੇ ਜੂਨਾਂ ਵਿਚ ਨਹੀਂ ਪੈਣਗੇ॥੮॥੨੮॥

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ॥

ਪਦ ਅਰਥ : ਬਕ= ਬਗਲਾ।

ਅਰਥ : ਜੋ ਦੋਵੇਂ ਅੱਖਾਂ ਮੀਟ ਕੇ ਬੈਠ ਗਿਆ ਅਤੇ ਬਗਲੇ ਵਾਂਗੂੰ ਧਿਆਨ ਲਗਾ ਲਿਆ, ਤਾਂ ਕੀ ਹੋ ਗਿਆ?

ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ ਲੋਕ ਗਯੋ ਪਰਲੋਕ ਗਵਾਇਓ॥

ਅਰਥ : ਜੇ ਸੱਤਾਂ ਸਮੁੰਦਰਾਂ ਵਿਚ ਨ੍ਹਾਉਂਦਾ ਫਿਰਿਆ ਤਾਂ ਕੀ ਹੋ ਗਿਆ? ਉਸ ਦਾ ਲੋਕ ਵਿਗੜ ਗਿਆ ਹੈ ਅਤੇ ਪਰਲੋਕ ਵੀ ਗਵਾ ਲਿਆ ਹੈ।

ਬਾਸ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥

ਪਦ ਅਰਥ : ਬਿਖਿਆਨ= (ਵੈਖਾਨਸ) ਬਾਨ ਪ੍ਰਸਤੀ। (੨) (ਵਿਖਾਨ) ਸਿੰਙਾਂ ਵਾਲੇ, ਪਸ਼ੂ, ਹਰਨ ਆਦਿਕ। ਸੋ= ਨਾਲ। (੩) ਵਿਸ਼ਈ ਪੁਰਖ। ਬੈਸ= ਉਮਰਾ।

ਅਰਥ : ਜੇ ਜੰਗਲਾਂ ਵਿਚ ਵਾਸਾ ਕੀਤਾ ਅਤੇ ਬਾਨਪ੍ਰਸਤੀ ਪੁਰਸ਼ਾਂ ਜਾਂ ਜੰਗਲੀ ਪਸ਼ੂਆਂ ਨਾਲ ਬੈਠ ਕੇ ਐਵੇਂ ਹੀ ਐਵੇਂ ਉਮਰਾ ਨੂੰ ਗਵਾ ਲਿਆ ਤਾਂ ਕੀ ਹੋ ਗਿਆ?

(੨) ਅਥਵਾ—ਵਿਸ਼ਈ ਪੁਰਖਾਂ ਨਾਲ ਬੈਠ ਕੇ ਵਿਸ਼ੇ ਭੋਗਾਂ ਦੀ ਵਾਸ਼ਨਾ ਕੀਤੀ ਅਤੇ ਇਸੇ ਤਰ੍ਹਾਂ ਹੀ ਉਮਰਾ ਨੂੰ ਗੁਜਾਰ ਲਿਆ ਤਾਂ ਕੀ ਹੋ ਗਿਆ?

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥੨੯॥

ਅਰਥ : ਸੱਚ ਕਹਿੰਦਾ ਹਾਂ, ਸਾਰੇ ਸੁਣ ਲਵੋ, ਜਿਸ ਨੇ ਪ੍ਰੇਮ ਨਾਲ (ਪ੍ਰਭੂ) ਨੂੰ ਯਾਦ ਕੀਤਾ ਹੈ, ਉਸੇ ਨੇ ਹੀ ਪ੍ਰਭੂ ਨੂੰ ਪਾਇਆ ਹੈ॥੯॥੨੯॥

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥

ਪਦ ਅਰਥ : ਪਾਹਨ ਪੂਜ= ਪੂਜਜ ਪੱਥਰ, ਸਾਲਗ੍ਰਾਮ। ਲਿੰਗ= ਸ਼ਿਵਲਿੰਗ।

ਅਰਥ : ਕਿਸੇ ਨੇ ਸਾਲਗਰਾਮ ਠਾਕਰ ਲੈ ਕੇ ਸਿਰ ਵਿਚ ਰਖ ਲਿਆ ਹੈ ਅਤੇ ਕਿਸੇ ਨੇ ਸ਼ਿਵਲਿੰਗ

ਲੈ ਕੇ ਗਲ ਵਿਚ ਲਟਕਾ ਲਿਆ ਹੈ ।

ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥

ਪਦ ਅਰਥ : ਅਵਾਚੀ ਦਿਸਾ= ਪੂਰਬ ਦਿਸ਼ਾ, ਚੜ੍ਹਦੇ ਵੱਲ ।

ਅਰਥ : ਕਿਸੇ ਨੇ ਹਰੀ ਨੂੰ ਪੂਰਬ ਦਿਸ਼ਾ ਵਿਚ ਜਾਣਿਆ ਹੈ ਅਤੇ ਕਿਸੇ ਨੇ ਪੱਛਮ ਵਲ ਸਿਰ ਨਿਵਾਇਆ ਹੈ, ਭਾਵ ਲੈਂਹਦੇ ਵਲ ਸਿਜਦਾ ਕੀਤਾ ਹੈ ।

ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥

ਪਦ ਅਰਥ : ਬੁਤਾਨ= ਮਿੱਟੀ ਪੱਥਰ ਦੀਆਂ ਮੂਰਤਾਂ । ਪਸੁ= ਬੇਸਮਝ । ਮ੍ਰਿਤਾਨ= ਮ੍ਰਿਤਕ ਸਥਾਨ, ਕਬਰਾਂ ।

ਅਰਥ : ਕੋਈ ਬੇਸਮਝ ਬੁੱਤਾਂ ਨੂੰ ਪੂਜਦਾ ਹੈ, ਅਤੇ ਕੋਈ ਕਬਰਾਂ ਨੂੰ ਪੂਜਨ ਲਈ ਭੱਜਾ ਫਿਰਦਾ ਹੈ ।

ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥੧੦॥੩੦॥

ਪਦ ਅਰਥ : ਕੂਰ ਕ੍ਰਿਆ= ਬੁਰੇ ਕਰਮਾਂ ।

ਅਰਥ : ਸਾਰਾ ਜਗਤ ਹੀ ਬੁਰੇ ਕਰਮਾਂ ਵਿਚ ਫਸਿਆ ਹੋਇਆ ਹੈ, ਸ੍ਰੀ ਨਿਰੰਕਾਰ ਜੀ ਦੇ ਭੇਦ ਨੂੰ ਕਿਸੇ ਨੇ ਵੀ ਨਹੀਂ ਪਾਇਆ ॥੧੦॥੩੦॥

ਤ੍ਵ ਪ੍ਰਸਾਦਿ ॥ ਤੋਮਰ ਛੰਦ ॥

ਹਰਿ ਜਨਮ ਮਰਨ ਬਿਹੀਨ ॥ ਦਸ ਚਾਰ ਚਾਰ ਪ੍ਰਬੀਨ ॥
ਅਕਲੰਕ ਰੂਪ ਅਪਾਰ ॥ ਅਨਛਿੱਜ ਤੇਜ ਉਦਾਰ ॥੧॥੩੧॥

ਪਦ ਅਰਥ : ਦਸ ਚਾਰ ਚਾਰ= (ਚੌਦਾਂ ਤੇ ਚਾਰ) ਅਠਾਰਾਂ* ਵਿਦਯਾ । ਉਦਾਰ= ਸਖੀ, ਸਖਾਵਤ ਵਾਲਾ ।

ਅਰਥ : ਹਰੀ ਜਨਮ ਮਰਨ ਤੋਂ ਰਹਿਤ ਹੈ, ਅਠਾਰਾਂ ਵਿਦਯਾ ਵਿਚ ਚਤਰ ਹੈ । ਕਲੰਕ ਤੋਂ ਬਿਨਾਂ ਅਪਾਰ ਰੂਪ ਵਾਲਾ ਹੈ, ਨਾ ਛਿੱਜਣ ਵਾਲੇ ਤੇਜ ਵਾਲਾ (ਉਦਾਰ) ਦਾਤਾ ਹੈ ॥੧॥੩੧॥

ਅਨਭਿੱਜ ਰੂਪ ਦੁਰੰਤ ॥ ਸਭ ਜਗਤ ਭਗਤ ਮਹੰਤ ॥
ਜਸ ਤਿਲਕ ਭੂਭ੍ਰਿਤ ਭਾਨ ॥ ਦਸ ਚਾਰ ਚਾਰ ਨਿਧਾਨ ॥੨॥੩੨॥

ਪਦ ਅਰਥ : ਦੁਰੰਤ= (ਦੁ+ਅੰਤ) ਔਖਾ ਹੈ ਅੰਤ ਪਾਣਾ, ਬੇਅੰਤ । ਮਹੰਤ= ਬਜ਼ੁਰਗ । ਭੂਭ੍ਰਿਤ= ਧਰਤੀ ਦੇ ਧਾਰਨ ਵਾਲਾ, (੨) ਜਗਤਾਧਾਰ । ਭਾਨ= ਪ੍ਰਕਾਸ਼ ਰੂਪ । ਦਸ ਚਾਰ ਚਾਰ= ਅਠਾਰਾਂ (ਸਿੱਧੀਆਂ) । ਨਿਧਾਨ=

---

* *ਅੰਗਾਨਿ ਵੇਦਸ਼ਚਤ੍ਵਾਰੋ ਮੀਮਾਂਸਾ ਨ੍ਯਾਯ ਵਿਸਤਰ: ।*
ਪੁਰਾਣ ਧਰਮ ਸ਼ਾਸਤ੍ਰੰਚ ਵਿਦ੍ਯਾ ਹ੍ਯੇਤਾਸ਼ਚਤਰ ਦਸ਼ ।
ਆਯੁਰ ਵੇਦੋ ਧਨੁਰ ਵੇਦੋ ਗਾਂਧਰਵਤ੍ਯੇਚ ਤੇ ਤ੍ਰਯ
ਅਰਥ ਸਾਸਤ੍ਰੰ ਤਤਰਥੰਤੁ ਵਿਦ੍ਯਾ ਹ੍ਯਸਟਾਦਸ਼ੇਵ ਤਾ: ॥੨੯॥ (ਵਿਸ਼ਨੁਪੁਰਾਣ ਅਧ: ੬ ਅੰਸ਼ ੩)
ਅਰਥਾਤ—ਚਾਰ ਵੇਦ, ਛੇ ਅੰਗ ਵੇਦ ਦੇ, ਮੀਮਾਂਸਾ, ਨ੍ਯਾਯ, ਧਰਮ ਸ਼ਾਸਤ੍ਰ, ਪੁਰਾਨ, ਆਯੁਰ ਵੇਦ, ਧਨੁਰ ਵੇਦ, ਗਾਂਧਰਵ ਵੇਦ, ਅਰਥ ਸ਼ਾਸਤ੍ਰ । ਇਹ ਅਠਾਰਾਂ ਵਿਦਿਆ ਹਨ ।

ਆਸ਼੍ਰਯ ।

ਅਰਥ : ਬੇਅੰਤ ਰੂਪ ਵਾਲਾ ਕਿਸੇ ਨਾਲ ਭਿੱਜਦਾ ਨਹੀਂ ਹੈ ਸਾਰੇ ਜਗਤ ਦੇ ਭਗਤਾਂ ਦਾ ਬਜ਼ੁਰਗ ਹੈ। ਜਸ ਦਾ ਤਿਲਕ ਤੇ ਜਗਤਾਧਾਰ ਪ੍ਰਕਾਸ਼ ਹੈ, ਅਠਾਰਾਂ ਸਿੱਧੀਆਂ ਦਾ ਆਸਰਾ ਹੈ। (੨) ਅਥਵਾ— ਜਿਸ ਦੇ ਭ੍ਰਿਤ ਦਾਸ ਦਾ ਭੂ ਧਰਤੀ ਤੇ (ਭਾਨ)* ਅਕਾਸ਼ ਵਿਚ ਤਿਲਕ ਸ਼ੋਮਣੀ ਜਸ ਹੋ ਰਿਹਾ ਹੈ ॥੨॥੩੨॥

ਅਕਲੰਕ ਰੂਪ ਅਪਾਰ ॥ ਸਭ ਲੋਕ ਸੋਕ ਬਿਦਾਰ ॥
ਕਲ ਕਾਲ ਕਰਮ ਬਿਹੀਨ ॥ ਸਭ ਕਰਮ ਧਰਮ ਪ੍ਰਬੀਨ ॥੩॥੩੩॥

ਪਦ ਅਰਥ : ਬਿਦਾਰ= ਕੱਟਣ ਵਾਲਾ, ਨਾਸ ਕਰਨ ਵਾਲਾ।

ਅਰਥ : ਕਲੰਕ ਤੋਂ ਬਿਨਾਂ ਤੇ ਪਾਰ ਤੋਂ ਰਹਿਤ ਰੂਪ ਵਾਲਾ ਹੈ। ਸਾਰੇ ਲੋਕਾਂ ਦੇ ਸ਼ੋਕ ਨੂੰ ਨਾਸ ਕਰਨ ਵਾਲਾ ਹੈ। ਕਲਪਣਾ ਦੇ ਕਰਮ ਤੇ ਕਾਲ ਦੇ ਕਰਮਾਂ ਤੋਂ ਰਹਿਤ ਹੈ, ਅਤੇ ਧਰਮ ਦੇ ਸਾਰੇ ਕਰਮਾਂ ਵਿਚ ਚਤਰ ਹੈ ॥੩॥੩੩॥

ਅਨਖੰਡ ਅਤੁਲ ਪ੍ਰਤਾਪ ॥ ਸਭ ਥਾਪਿਓ ਜਿਹ ਥਾਪ ॥
ਅਨਖੇਦ ਭੇਦ ਅਛੇਦ ॥ ਮੁਖਚਾਰ ਗਾਵਤ ਬੇਦ ॥੪॥੩੪॥

ਪਦ ਅਰਥ : ਅਤੁਲ= (ਅ+ਤੁਲ+ ਵਿਚਾਰਨਾ) ਨਾ ਤੋਲੇ ਜਾਣਾ। ਮੁਖਚਾਰ= ਬ੍ਰਹਮਾ।

ਅਰਥ : ਨਾ ਖੰਡੇ ਜਾਣ ਵਾਲਾ ਤੇ ਨਾ ਤੋਲੇ ਜਾਣ ਵਾਲਾ ਉਸ ਦਾ ਪ੍ਰਤਾਪ ਹੈ, ਜਿਸ ਨੇ ਸਾਰੀ ਥਾਪਨਾ ਨੂੰ ਥਾਪਿਆ ਹੈ। ਖੇਦ ਤੋਂ ਬਿਨਾਂ, ਭੇਦ ਤੋਂ ਬਿਨਾਂ ਤੇ ਨਾ ਛੇਦੇ ਜਾਣ ਵਾਲਾ ਹੈ, ਜਿਸ ਨੂੰ ਬ੍ਰਹਮਾ ਵੇਦਾਂ ਦਵਾਰੇ ਗਾਉਂਦਾ ਹੈ ॥੪॥੩੪॥

ਜਿਹ ਨੇਤ ਨਿਗਮ ਕਹੰਤ ॥ ਮੁਖਚਾਰ ਬਕਤ ਬਿਅੰਤ ॥
ਅਨਭਿੱਜ ਅਤੁਲ ਪ੍ਰਤਾਪ ॥ ਅਨਖੰਡ ਅਮਿਤ ਅਥਾਪ ॥੫॥੩੫॥

ਅਰਥ : ਜਿਸ ਨੂੰ [ਨਿਗਮ] ਵੇਦ ਬੇਅੰਤ ਬੇਅੰਤ ਕਹਿੰਦੇ ਹਨ, ਬ੍ਰਹਮਾ ਵੀ ਬੇਅੰਤ ਬੇਅੰਤ [ਬਕਤ] ਕਹਿੰਦਾ ਹੈ। ਨਾ ਭਿੱਜਣ ਵਾਲਾ, ਨਾ ਵਿਚਾਰੇ ਜਾਣ ਵਾਲਾ ਜਿਸ ਦਾ ਪ੍ਰਤਾਪ ਹੈ, ਜੋ ਨਾ ਖੰਡੇ ਜਾਣ ਵਾਲਾ, ਨਾ ਮਿੱਤ ਵਾਲਾ ਤੇ ਨਾ ਥਾਪੇ ਜਾਣ ਵਾਲਾ ਹੈ ॥੫॥੩੫॥

ਜਿਹ ਕੀਨ ਜਗਤ ਪਸਾਰ ॥ ਰਚਿਓ ਬਿਚਾਰ ਬਿਚਾਰ ॥
ਅਨੰਤ ਰੂਪ ਅਖੰਡ ॥ ਅਤੁਲ ਪ੍ਰਤਾਪ ਪ੍ਰਚੰਡ ॥੬॥੩੬॥

ਅਰਥ : ਜਿਸ ਨੇ ਜਗਤ ਦਾ ਪਸਾਰਾ ਕੀਤਾ ਹੈ, ਜਿਸ ਨੇ ਹਰੇਕ ਵਿਚਾਰ ਨੂੰ ਵਿਚਾਰ ਕੇ ਰਚਿਆ ਹੈ। ਜੋ ਅੰਤ ਤੋਂ ਬਿਨਾਂ ਤੇ ਨਾ ਖੰਡਨ ਹੋਣ ਵਾਲੇ ਰੂਪ ਵਾਲਾ ਹੈ ਅਤੇ ਜਿਸ ਦਾ ਪ੍ਰਚੰਡ ਪ੍ਰਤਾਪ ਅਤੁਲ ਹੈ ॥੬॥੩੬॥

ਜਿਹ ਅੰਡ ਤੇ ਬ੍ਰਹਮੰਡ ॥ ਕੀਨੇ ਸੁ ਚੌਦਹ ਖੰਡ ॥

**ਭਾਨ ਦਾ ਅਰਥ ਸੂਰਜ ਹੈ, ਸੂਰਜ ਤੋਂ ਭਾਵ ਸੂਰਜ ਸਥਾਨ ਅਕਾਸ਼ ਲਿਆ ਜਾਂਦਾ ਹੈ।*

ਸਭ ਕੀਨ ਜਗਤ ਪਸਾਰ ॥ ਅਬਿਯਕਤ ਰੂਪ ਉਦਾਰ ॥੭॥੩੭॥

ਪਦ ਅਰਥ : ਅਬਿਯਕਤ= (ਅ+ਵਿਯਕਤ= ਦੇਹ) ਦੇਹ ਤੋਂ ਰਹਿਤ ।

ਅਰਥ : ਜਿਸ ਨੇ ਅੰਡੇ[1] ਤੋਂ ਬ੍ਰਹਮੰਡ ਕੀਤਾ ਹੈ, ਅਤੇ ਫਿਰ ਉਸ ਵਿਚ ਚੌਦਾਂ ਖੰਡ ਲੋਕ ਬਣਾਏ ਹਨ। ਜਗਤ ਦਾ ਸਾਰਾ ਪਸਾਰਾ ਜਿਸ ਨੇ ਕੀਤਾ ਹੈ, ਉਹ ਉਦਾਰ ਦੇਹ ਤੋਂ ਰਹਿਤ ਰੂਪ ਵਾਲਾ ਹੈ ॥੭॥੩੭॥

ਜਿਹ ਕੋਟਿ ਇੰਦ੍ਰ ਨ੍ਰਿਪਾਰ ॥ ਕਈ ਬ੍ਰਹਮ ਬਿਸਨ ਬਿਚਾਰ ॥
ਕਈ ਰਾਮ ਕ੍ਰਿਸਨ ਰਸੂਲ ॥ ਬਿਨੁ ਭਗਤ ਕੋ ਨ ਕਬੂਲ ॥੮॥੩੮॥

ਪਦ ਅਰਥ : ਨ੍ਰਿਪਾਰ= ਰਾਜੇ । ਰਸੂਲ= ਮੁਹੰਮਦ । ਬਿਚਾਰ= (ਬਿਰਚੇ)[2] ਬਣਾਏ ਹਨ ।

ਅਰਥ : ਜਿਸ ਨੇ ਕ੍ਰੋੜਾਂ ਇੰਦ੍ਰ ਰਾਜੇ ਬਣਾਏ ਹਨ ਅਤੇ ਕਈ ਬ੍ਰਹਮਾ ਤੇ ਬਿਸਨ ਰਚੇ ਹਨ। ਕਿੰਨੇ ਹੀ ਰਾਮ, ਕ੍ਰਿਸ਼ਨ ਤੇ ਮੁਹੰਮਦ ਸਾਜੇ ਹਨ ਭਗਤੀ ਤੋਂ ਬਿਨਾਂ ਉਸ ਦੇ ਦਰ ਤੇ ਕੋਈ ਕਬੂਲ ਨਹੀਂ ਹੁੰਦਾ ॥੮॥੩੮॥

ਕਈ ਸਿੰਧ ਬਿੰਦ ਨਗਿੰਦ੍ਰ ॥ ਕਈ ਮੱਛ ਕੱਛ ਫਨਿੰਦ੍ਰ ॥
ਕਈ ਦੇਵ ਆਦਿ ਕੁਮਾਰ ॥ ਕਈ ਕ੍ਰਿਸਨ ਬਿਸਨ ਅਵਤਾਰ ॥੯॥੩੯॥

ਪਦ ਅਰਥ : ਸਿੰਧ= ਸਮੁੰਦਰ । ਬਿੰਦ= ਵਿੰਧਜ, ਪਹਾੜ । ਨਗਿੰਦ੍ਰ= ਸੁਮੇਰ । ਆਦਿ ਕੁਮਾਰ= ਪਹਿਲੇ ਪੁੱਤਰ, ਬ੍ਰਹਮਾ ਦੇ ਪੁੱਤਰ, ਸਨਕਾਦਿਕ ।

ਅਰਥ : ਜਿਸ ਦੇ ਬਣਾਏ ਹੋਏ ਕਿੰਨੇ ਹੀ ਸਮੁੰਦਰ, ਪਹਾੜ ਤੇ ਸੁਮੇਰ ਹਨ । ਕਿੰਨੇ ਹੀ ਮੱਛ, ਕੱਛ ਤੇ ਸ਼ੇਸ਼ਨਾਗ ਹਨ । ਕਿੰਨੇ ਹੀ ਦੇਵੀਆਂ ਤੇ ਸਨਕਾਦਿਕ ਹਨ ਅਤੇ ਕਿੰਨੇ ਹੀ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਹਨ ॥੯॥੩੯॥

ਕਈ ਇੰਦ੍ਰ ਬਾਰ ਬੁਹਾਰ ॥ ਕਈ ਬੇਦ ਅਉ ਮੁਖਚਾਰ ॥
ਕਈ ਰੁਦ੍ਰ ਛੁੱਦ੍ਰ ਸਰੂਪ ॥ ਕਈ ਰਾਮ ਕ੍ਰਿਸਨ ਅਨੂਪ ॥੧੦॥੪੦॥

ਪਦ ਅਰਥ : ਬਾਰ= ਬੂਹੇ । ਬੁਹਾਰ= ਝਾੜੂ, ਬੌਕਰ । ਛੁੱਦ੍ਰ= ਤੁਛ ।

ਅਰਥ : ਕਿੰਨੇ ਹੀ ਇੰਦ੍ਰ ਉਸ ਦੇ ਬੂਹੇ ਤੇ ਝਾੜੂ ਫੇਰਦੇ ਹਨ । ਕਿੰਨੇ ਹੀ ਉਸ ਦੇ ਬਣਾਏ ਹੋਏ ਦੇਵਤੇ ਤੇ ਬ੍ਰਹਮਾ ਹਨ । ਕਿੰਨੇ ਹੀ ਤੁਛ ਰੂਪ ਵਾਲੇ ਸ਼ਿਵਜੀ ਹਨ ਅਤੇ ਕਿੰਨੇ ਹੀ ਮਹਾਨ ਸੁੰਦਰ ਰੂਪ ਵਾਲੇ ਰਾਮ ਜੀ ਤੇ ਕ੍ਰਿਸ਼ਨ ਜੀ ਹਨ ॥੧੦॥੪੦॥

ਕਈ ਕੋਕ ਕਾਬ ਭਣੰਤ ॥ ਕਈ ਬੇਦ ਭੇਦ ਕਹੰਤ ॥
ਕਈ ਸਾਸਤ੍ਰ ਸਿੰਮ੍ਰਿਤਿ ਬਖਾਨ ॥ ਕਹੂੰ ਕਥਤ ਹੀ ਸੁ ਪੁਰਾਨ ॥੧੧॥੪੧॥

---

੧. ਮਨੂ ਸਿੰਮ੍ਰਿਤੀ ਦਾ ਕਥਨ ਹੈ ਪਹਿਲੇ ਇਕ ਸੁਨਹਿਰੀ ਅੰਡਾ ਪੈਦਾ ਹੋਇਆ, ਉਸ ਦੇ ਦੋ ਟੁਕੜੇ ਹੋਏ, ਉਹ ਧਰਤੀ ਤੇ ਅਕਾਸ਼ ਹੈ—ਵੇਖੋ ਗੁਰਮੁਖੀ ਸ਼ਬਦ ਸਾਗਰ ਵਿਚੋਂ 'ਅੰਡ' ।

੨. ਤੁਕਾਂਤ ਮੇਲਨ ਲਈ 'ਬਿਰਚੇ' ਤੋਂ 'ਬਿਚਾਰ' ਕੀਤਾ ਹੈ ।

ਪਦ ਅਰਥ : ਬਖਾਨ= ਟੀਕੇ ।

ਅਰਥ : ਕਿੰਨੇ ਹੀ ਕੋਕ ਨੂੰ ਤੇ ਕਿੰਨੇ ਹੀ ਕਾਵਯ ਨੂੰ ਪੜ੍ਹਦੇ ਹਨ, ਕਿੰਨੇ ਹੀ ਵੇਦਾਂ ਦੇ ਭੇਦ ਨੂੰ ਕਹਿੰਦੇ ਹਨ। ਕਿੰਨੇ ਹੀ ਸਿੰਮ੍ਰਤੀਆਂ ਤੇ ਸ਼ਾਸਤ੍ਰਾਂ ਦੇ ਟੀਕੇ ਕਰਦੇ ਹਨ ਅਤੇ ਕਿੰਨੇ ਹੀ ਪੁਰਾਨਾਂ ਨੂੰ ਪੜ੍ਹਦੇ ਹਨ ॥੧੧॥੪੧॥

ਕਈ ਅਗਨ ਹੋਤ੍ਰ ਕਰੰਤ ॥ ਕਈ ਉਰਧ ਤਾਪ ਦੁਰੰਤ ॥
ਕਈ ਉਰਧ ਬਾਹੁ ਸੰਨਿਆਸ ॥ ਕਹੂੰ ਜੋਗ ਭੇਸ* ਉਦਾਸ ॥੧੨॥੪੨॥

ਪਦ ਅਰਥ : ਉਰਧ ਤਾਪ= ਉਗ੍ਰ ਤਪ (੨) ਖੜਾ ਹੋ ਕੇ ਕੀਤਾ ਤਪ । ਅਗਨ ਹੋਤ੍ਰ= ਹੋਮ। ਉਰਧ ਬਾਹੁ= ਐਸਾ ਤਪੀਆ, ਜੋ ਆਪਣੀਆਂ ਬਾਹਾਂ ਸਦਾ ਉਤਾਂਹ ਉਠਾਈ ਰਖਦਾ ਹੈ ।

ਅਰਥ : ਕਿੰਨੇ ਹੀ ਹੋਮ ਕਰਦੇ ਹਨ, ਕਿੰਨੇ ਖੜੇ ਹੋ ਕੇ ਕਠਿਨ ਤਪ ਕਰਦੇ ਹਨ । ਕਈ ਉਰਧਬਾਹਹੁ ਹਨ, ਕਈ ਸੰਨਿਆਸੀ ਹਨ, ਕਈ ਜੋਗ ਭੇਸ ਤੇ ਕਈ ਉਦਾਸ ਭੇਸ ਵਾਲੇ ਹਨ ॥੧੨॥੪੨॥

ਕਹੂੰ ਨਿਵਲੀ ਕਰਮ ਕਰੰਤ ॥ ਕਹੂੰ ਪਉਨ ਅਹਾਰ ਦੁਰੰਤ ॥
ਕਹੂੰ ਤੀਰਥ ਦਾਨ ਅਪਾਰ ॥ ਕਹੂੰ ਜੱਗ ਕਰਮ ਉਦਾਰ ॥੧੩॥੪੩॥

ਪਦ ਅਰਥ : ਨਿਵਲੀ ਕਰਮ= (ਨੌਲਿ ਕਰਮ) ਯੋਗ ਦੀ ਇਕ ਕ੍ਰਿਆ, ਜਿਸ ਵਿਚ ਦੋਵੇਂ ਕੰਨ੍ਹੇ (ਮੋਢੇ) ਨੀਵੇਂ ਕਰ ਕੇ, ਪਿੱਠ ਦਾ ਵੱਲ ਕੱਢ ਕੇ ਸਿੱਧਾ ਬੈਠਨਾ, ਅਤੇ ਪ੍ਰਾਣਾਂ ਦੇ ਜੋਰ ਨਾਲ ਪੇਟ ਨੂੰ ਸੱਜੇ, ਖੱਬੇ, ਹੇਠਾਂ, ਉਤਾਂਹ ਇਸ ਤਰ੍ਹਾਂ ਚਲਾਉਣਾ, ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀਂ ਫਿਰਦਾ ਹੈ। ਉਦਾਰ= ਚਤਰ।

ਅਰਥ : ਕਿਤੇ ਕੋਈ ਨੌਲਿ ਕਰਮ ਕਰਦਾ ਹੈ, ਕਿਤੇ ਬੇਅੰਤ ਹੀ ਪੌਨਹਾਰੀ ਹਨ । ਕਿਤੇ ਕੋਈ ਤੀਰਥਾਂ ਤੇ ਜਾ ਕੇ ਅਪਾਰ ਦਾਨ ਕਰਦੇ ਹਨ, ਅਤੇ ਕਿਤੇ ਕੋਈ ਜੱਗ ਆਦਿਕ ਕਰਮਾਂ ਵਿਚ ਚਤਰ ਹੈ ॥੧੩॥੪੩॥

ਕਹੂੰ ਅਗਨ ਹੋਤ੍ਰ ਅਨੂਪ ॥ ਕਹੂੰ ਨਿਆਇ ਰਾਜ ਬਿਭੂਤ ॥
ਕਹੂੰ ਸਾਸਤ੍ਰ ਸਿੰਮ੍ਰਿਤਿ ਰੀਤ ॥ ਕਹੂੰ ਬੇਦ ਸਿਉ ਬਿਪ੍ਰੀਤ ॥੧੪॥੪੪॥

ਅਰਥ : ਕਿਤੇ ਮਹਾਂ ਸੁੰਦਰ ਹੋਮ ਹੁੰਦਾ ਹੈ, ਕਿਤੇ ਰਾਜ ਬਿਭੂਤੀ ਨੂੰ ਪਾ ਕੇ ਇਨਸਾਫ਼ ਹੁੰਦਾ ਹੈ ਕਿਤੇ ਸ਼ਾਸਤ੍ਰ ਤੇ ਸਿੰਮ੍ਰਤੀਆਂ ਦੀ ਬਿਧੀ ਹੁੰਦੀ ਹੈ, ਕਿਤੇ ਵੇਦਾਂ ਤੋਂ ਉਲਟ ਹੁੰਦਾ ਹੈ ॥੧੪॥੪੪॥

ਕਈ ਦੇਸ ਦੇਸ ਫਿਰੰਤ ॥ ਕਈ ਏਕ ਠੌਰ ਇਸਥੰਤ ॥
ਕਹੂੰ ਕਰਤ ਜਲ ਮਹਿ ਜਾਪ ॥ ਕਹੂੰ ਸਹਤ ਤਨ ਪਰ ਤਾਪ ॥੧੫॥੪੫॥

ਅਰਥ : ਕਈ ਦੇਸਾਂ ਦੇਸਾਂ ਵਿਚ ਫਿਰਦੇ ਹਨ, ਕਈ ਇਕੋ ਜਗ੍ਹਾ ਤੇ ਸਥਿਰ ਬੈਠੇ ਹਨ । ਕਿਤੇ ਕੋਈ ਪਾਣੀ ਵਿਚ ਜਾਪ ਕਰਦੇ ਹਨ, ਕਿਤੇ ਕੋਈ ਸਰੀਰ ਉਤੇ ਤਾਪ ਅੱਗ ਦਾ ਤੇਜ਼ ਜਾਂ ਸੂਰਜ ਦੀ ਤਪਸ਼ ਸਹਾਰਦੇ ਹਨ ॥੧੫॥੪੫॥

ਕਹੂੰ ਬਾਸ ਬਨਹਿ ਕਰੰਤ ॥ ਕਹੂੰ ਤਾਪ ਤਨਹਿ ਸਹੰਤ ॥
ਕਹੂੰ ਗ੍ਰਿਹਸਤ ਧਰਮ ਅਪਾਰ ॥ ਕਹੂੰ ਰਾਜ ਰੀਤ ਉਦਾਰ ॥੧੬॥੪੬॥

ਇਹ 'ਭੇਸ' ਦੇਹਲੀ ਦੀਪਕ ਹੈ, ਜੋ 'ਜੋਗ' ਤੇ 'ਉਦਾਸ' ਦੋਹਾਂ ਨਾਲ ਸੰਬੰਧ ਰੱਖਦਾ ਹੈ ।

ਪਦ ਅਰਥ : ਤਾਪ= ਦੁਖ। ਅਪਾਰ= ਕਿੰਨੇ ਹੀ। ਉਦਾਰ= ਧਨੀ।

ਅਰਥ : ਕਿਤੇ ਕੋਈ ਬਨ ਵਿਚ ਵਾਸਾ ਕਰ ਰਿਹਾ ਹੈ, ਕਿਤੇ ਕੋਈ ਤਨ ਉਤੇ ਦੁਖ ਸਹਾਰ ਰਿਹਾ ਹੈ। ਕਿੰਨੇ ਹੀ ਗ੍ਰਿਹਿਸਤ ਧਰਮ ਵਿਚ ਹਨ ਅਤੇ ਕਿਤੇ ਰਾਜਨੀਤੀ ਦੇ ਹੀ ਧਨੀ ਹਨ ॥੧੬॥੪੬॥

ਕਹੂੰ ਰੋਗ ਰਹਤ ਅਭਰਮ ॥ ਕਹੂੰ ਕਰਮ ਕਰਤ ਅਕਰਮ ॥
ਕਹੂੰ ਸੇਖ ਬ੍ਰਹਮ ਸਰੂਪ ॥ ਕਹੂੰ ਨੀਤ ਰਾਜ ਅਨੂਪ ॥੧੭॥੪੭॥

ਪਦ ਅਰਥ : ਅਕਰਮ= ਨਾ ਕੀਤੇ ਜਾਣ ਵਾਲਾ ਕਰਮ। ਸੇਖ= ਸੱਯਦ।

ਅਰਥ : ਕਿਤੇ ਰੋਗ ਤੋਂ ਰਹਿਤ ਤੇ ਭਰਮ ਤੋਂ ਰਹਿਤ ਹੈ। ਕਿਤੇ ਨਾ ਕੀਤੇ ਜਾਣ ਵਾਲੇ ਕਰਮ ਕਰਦਾ ਹੈ। ਕਿਤੇ ਸੱਯਦ ਰੂਪ ਹੈ, ਕਿਤੇ ਬ੍ਰਾਹਮਣ ਰੂਪ ਹੈ, ਕਿਤੇ ਮਹਾਂ ਸੁੰਦਰ ਰਾਜਨੀਤੀ ਹੈ ॥੧੭॥੪੭॥

ਕਹੂੰ ਰੋਗ ਸੋਗ ਬਿਹੀਨ ॥ ਕਹੂੰ ਏਕ ਭਗਤ ਅਧੀਨ ॥
ਕਹੂੰ ਰੰਕ ਰਾਜ ਕੁਮਾਰ ॥ ਕਹੂੰ ਬੇਦ ਬਿਆਸ ਅਵਤਾਰ ॥੧੮॥੪੮॥

ਅਰਥ : ਕਿਤੇ ਰੋਗ ਸੋਗ ਤੋਂ ਰਹਿਤ ਹੈ। ਕਿਤੇ ਇਕ ਭਗਤ ਦੇ ਵੱਸ ਹੋ ਰਿਹਾ ਹੈ। ਕਿਤੇ ਰੰਕ ਕੁਮਾਰ ਤੇ ਕਿਤੇ ਰਾਜ ਕੁਮਾਰ ਹੈ। ਕਿਤੇ ਵੇਦ ਵਿਆਸ ਦਾ ਅਵਤਾਰ ਹੈ ॥੧੮॥੪੮॥

ਕਈ ਬ੍ਰਹਮ ਬੇਦ ਰਟੰਤ ॥ ਕਈ ਸੇਖ ਨਾਮ ਉਚਰੰਤ ॥
ਬੈਰਾਗ ਕਹੂੰ ਸੰਨਿਆਸ ॥ ਕਹੂੰ ਫਿਰਤ ਰੂਪ ਉਦਾਸ ॥੧੯॥੪੯॥

ਅਰਥ : ਕਈ ਬ੍ਰਾਹਮਣ ਵੇਦ ਪੜ੍ਹਦੇ ਹਨ। ਕਈ ਸੱਯਦ* ਅਲਾਹ ਅਲਾਹ ਜਪਦੇ ਹਨ। ਕਿਤੇ ਬੈਰਾਗ ਵਾਲਾ ਤੇ ਕਿਤੇ ਸੰਨਯਾਸ ਧਰਮ ਵਾਲਾ ਹੈ। ਕਿਤੇ ਕੋਈ ਉਦਾਸ ਰੂਪ ਧਾਰ ਕੇ ਫਿਰਦਾ ਹੈ ॥੧੯॥੪੯॥

ਸਭ ਕਰਮ ਫੋਕਟ ਜਾਨ ॥ ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਅਧਾਰ ॥ ਸਭ ਕਰਮ ਭਰਮ ਬਿਚਾਰ ॥੨੦॥੫੦॥

ਅਰਥ : ਪਿਛੇ ਦੱਸੇ ਸਾਰੇ ਕਰਮ ਫੋਕੇ ਜਾਣੋ ਤੇ ਸਾਰੇ ਧਰਮ ਨਿਕੰਮੇ ਮੰਨੋ। ਇਕ ਨਾਮ ਦੇ ਆਸਰੇ ਤੋਂ ਬਿਨਾਂ ਹੋਰ ਸਾਰੇ ਕਰਮ ਤੇ ਧਰਮ ਭਰਮ ਰੂਪ ਸਮਝੋ ॥੨੦॥੫੦॥

ਤ੍ਵ ਪ੍ਰਸਾਦਿ ॥ ਲਘੁ ਨਿਰਾਜ ਛੰਦ ॥

ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ॥ ਬਨੇ ਹਰੀ ॥੧॥੫੧॥

ਅਰਥ : ਜਲ ਵਿਚ ਹਰੀ ਹੈ। ਰੇਤ ਥਲੀ ਵਿਚ ਹਰੀ ਹੈ। [ਉਰੇ] ਹਿਰਦੇ ਵਿਚ ਹਰੀ ਹੈ, ਜੰਗਲਾਂ ਵਿਚ ਹਰੀ ਹੈ ॥੧॥੫੧॥

ਗਿਰੇ ਹਰੀ ॥ ਗੁਫੇ ਹਰੀ ॥ ਛਿਤੇ ਹਰੀ ॥ ਨਭੇ ਹਰੀ ॥੨॥੫੨॥

ਪਦ ਅਰਥ : ਗਿਰੇ= ਪਹਾੜ ਵਿਚ। ਗੁਫੇ= ਕੰਦਰਾਂ ਵਿਚ। ਛਿਤੇ= ਧਰਤੀ ਵਿਚ। ਨਭੇ= ਅਕਾਸ਼

** ਸੰਸਕ੍ਰਿਤ ਕੋਸ਼ਾਂ ਵਿਚ ਜਾਤੀ ਤੋਂ ਪਤਿਤ ਹੋ ਚੁੱਕੇ ਬ੍ਰਾਹਮਣ ਦਾ ਨਾਮ ਸ਼ੇਖ ਲਿਖਿਆ ਹੈ।*

ਵਿਚ।

ਅਰਥ : ਪਹਾੜਾਂ ਵਿਚ ਹਰੀ ਹੈ। ਕੰਦਰਾਂ ਵਿਚ ਹਰੀ ਹੈ। ਧਰਤੀ ਵਿਚ ਹਰੀ ਹੈ। ਅਕਾਸ਼ ਵਿਚ ਹਰੀ ਹੈ ॥੨॥੫੨॥

ਈਹਾਂ ਹਰੀ ॥ ਊਹਾਂ ਹਰੀ ॥ ਜਿਮੀ ਹਰੀ ॥ ਜਮਾ ਹਰੀ ॥੩॥੫੩॥

ਅਰਥ : ਇਥੇ ਲੋਕ ਵਿਚ ਹਰੀ ਹੈ। ਉਥੇ ਪ੍ਰਲੋਕ ਵਿਚ ਹਰੀ ਹੈ। ਜਿਮੀਂ ਵੀ ਹਰੀ ਹੈ। [ਜਮਾ] ਅਕਾਸ਼ ਵੀ ਹਰੀ ਹੈ। (੨) ਅਥਵਾ ਜਿਮੀ ਵਿਚ ਹਰੀ ਹੈ ਅਕਾਸ਼ ਵਿਚ ਹਰੀ ਹੈ ॥੩॥੫੩॥

ਅਲੇਖ ਹਰੀ ॥ ਅਭੇਖ ਹਰੀ ॥ ਅਦੋਖ ਹਰੀ ॥ ਅਦ੍ਵੈਖ ਹਰੀ ॥੪॥੫੪॥

ਅਰਥ : ਹਰੀ ਲੇਖ ਤੋਂ ਬਿਨਾਂ ਹੈ। ਹਰੀ ਭੇਖ ਤੋਂ ਬਿਨਾਂ ਹੈ। ਹਰੀ ਦੋਖ ਤੋਂ ਬਿਨਾਂ ਹੈ। ਹਰੀ ਦ੍ਵੈਤ ਤੋਂ ਬਿਨਾਂ ਹੈ ॥੪॥੫੪॥

ਅਕਾਲ ਹਰੀ ॥ ਅਪਾਲ ਹਰੀ ॥ ਅਛੇਦ ਹਰੀ ॥ ਅਭੇਖ ਹਰੀ ॥੫॥੫੫॥

ਪਦ ਅਰਥ : ਅਪਾਲ= ਪਾਲਣਾ ਦੇ ਮੁਥਾਜ (ਅ+ਪਾਲ= 'ਅ' ਉਪਸਰਗ ਹੈ, ਇਸ ਦਾ ਅਰਥ ਅਤਸੇ ਹੈ)।

ਅਰਥ : ਹਰੀ ਕਾਲ ਰਹਿਤ ਹੈ। ਹਰੀ ਪਾਲਣ ਯੋਗ ਨਹੀਂ ਹੈ। ਅਥਵਾ= ਵਿਸ਼ੇਸ਼ ਕਰਕੇ ਪਾਲਣਾ ਕਰਨ ਵਾਲਾ ਹੈ। ਹਰੀ ਦਾ ਛੇਦ ਨਹੀਂ ਹੁੰਦਾ। ਹਰੀ ਦਾ ਭੇਦ ਨਹੀਂ ਮਿਲ ਸਕਦਾ ॥੫॥੫੫॥

ਅਜੰਤ੍ਰ ਹਰੀ ॥ ਅਮੰਤ੍ਰ ਹਰੀ ॥ ਸੁ ਤੇਜ ਹਰੀ ॥ ਅਤੰਤ੍ਰ ਹਰੀ ॥੬॥੫੬॥

ਅਰਥ : ਹਰੀ ਜੰਤ੍ਰਾਂ ਤੋਂ ਰਹਿਤ ਹੈ। ਹਰੀ ਮੰਤ੍ਰਾਂ ਤੋਂ ਰਹਿਤ ਹੈ। ਹਰੀ ਵੱਡੇ ਤੇਜ ਵਾਲਾ ਹੈ, ਹਰੀ ਤੰਤ੍ਰਾਂ ਤੋਂ ਬਿਨਾਂ ਹੈ, ਅਰਥਾਤ ਪ੍ਰਕਾਸ਼ ਸਰੂਪ ਵਾਹਿਗੁਰੂ ਜੰਤ੍ਰ ਮੰਤ੍ਰ ਤੇ ਤੰਤ੍ਰਾਂ ਤੋਂ ਪਰੇ ਹੈ ॥੬॥੫੬॥

ਅਜਾਤ ਹਰੀ ॥ ਅਪਾਤ ਹਰੀ ॥ ਅਮਿਤ੍ਰ ਹਰੀ ॥ ਅਮਾਤ ਹਰੀ ॥੭॥੫੭॥

ਅਰਥ : ਹਰੀ ਜਨਮ ਤੋਂ ਰਹਿਤ ਹੈ। ਹਰੀ [ਪਾਤ] ਮਰਨ ਤੋਂ ਰਹਿਤ ਹੈ। ਹਰੀ ਮਿਤ੍ਰ ਤੋਂ ਬਿਨਾਂ ਹੈ। ਹਰੀ ਮਾਤਾ ਤੋਂ ਬਿਨਾਂ ਹੈ ॥੭॥੫੭॥

ਅਰੋਗ ਹਰੀ ॥ ਅਸੋਕ ਹਰੀ ॥ ਅਭਰਮ ਹਰੀ ॥ ਅਕਰਮ ਹਰੀ ॥੮॥੫੮॥

ਅਰਥ : ਹਰੀ ਨੂੰ ਰੋਗ ਨਹੀਂ ਹੈ। ਹਰੀ ਨੂੰ ਸ਼ੋਕ ਨਹੀਂ ਹੈ। ਹਰੀ ਨੂੰ ਭਰਮ ਨਹੀਂ ਹੈ। ਹਰੀ ਦਾ ਕਰਮ ਨਹੀਂ ਜਾਣਿਆ ਜਾਂਦਾ ॥੮॥੫੮॥

ਅਜੈ ਹਰੀ ॥ ਅਭੈ ਹਰੀ ॥ ਅਭੇਦ ਹਰੀ ॥ ਅਛੇਦ ਹਰੀ ॥੯॥੫੯॥

ਅਰਥ : ਹਰੀ ਅਜਿੱਤ ਹੈ। ਹਰੀ ਨਿਡਰ ਹੈ, ਹਰੀ ਦਾ ਭੇਦ ਨਹੀਂ ਮਿਲ ਸਕਦਾ। ਹਰੀ ਦਾ ਨਾਸ ਨਹੀਂ ਹੁੰਦਾ ॥੯॥੫੯॥

ਅਖੰਡ ਹਰੀ ॥ ਅਭੰਡ ਹਰੀ ॥ ਅਡੰਡ ਹਰੀ ॥ ਪ੍ਰਚੰਡ ਹਰੀ ॥੧੦॥੬੦॥

ਅਰਥ : ਹਰੀ ਖੰਡਿਆ ਨਹੀਂ ਜਾਂਦਾ। ਹਰੀ ਭੰਡਿਆ ਨਹੀਂ ਜਾਂਦਾ। ਹਰੀ ਨੂੰ ਦੰਡ ਨਹੀਂ ਮਿਲ ਸਕਦਾ।

ਹਰੀ ਵਡੇ ਤੇਜ ਵਾਲਾ ਹੈ ॥੧੦॥੬੦॥

ਅਤੇਵ ਹਰੀ ॥ ਅਭੇਵ ਹਰੀ ॥ ਅਜੇਵ ਹਰੀ ॥ ਅਛੇਵ ਹਰੀ ॥੧੧॥੬੧॥

ਪਦ ਅਰਥ : ਅਤੇਵ= ਅਤਯੰਤ, ਮਹਾਂ ਵੱਡਾ। ਅਭੇਵ= ਅਭੇਦ। ਜੇਵ= ਜੇਵਣਾ ਖਾਣਾ।

ਅਰਥ : ਹਰੀ ਬਹੁਤ ਵੱਡਾ ਹੈ। ਹਰੀ ਭੇਦ ਰਹਿਤ ਹੈ। ਹਰੀ ਖਾਣੇ ਤੋਂ ਬਿਨਾਂ ਹੈ, ਹਰੀ ਅਛੇਦ ਹੈ ॥੧੧॥੬੧॥

ਭਜੋ ਹਰੀ ॥ ਥਪੋ ਹਰੀ ॥ ਤਪੋ ਹਰੀ ॥ ਜਪੋ ਹਰੀ ॥੧੨॥੬੨॥

ਅਰਥ : ਹਰੀ ਦਾ ਭਜਨ ਕਰੋ। ਹਰੀ ਦੀ ਪੂਜਾ ਕਰੋ। ਹਰੀ ਦੀ ਸੇਵਾ ਕਰੋ, ਹਰੀ ਦਾ ਜਾਪ ਕਰੋ ॥੧੨॥੬੨॥

ਜਲਸ ਤੁਹੀਂ ॥ ਥਲਸ ਤੁਹੀਂ ॥ ਨਦਿਸ ਤੁਹੀਂ ॥ ਨਦਸ ਤੁਹੀਂ ॥੧੩॥੬੩॥

ਪਦ ਅਰਥ : ਨਦਸ= (ਨਦ+ਅਸ) ਸਮੁੰਦਰ ਹੈ।

ਅਰਥ : ਹੇ ਹਰੀ ! ਤੂੰ ਹੀ ਜਲ ਹੈਂ, ਤੂੰ ਹੀ ਥਲ ਹੈਂ। ਤੂੰ ਹੀ ਨਦੀ ਹੈਂ ਤੂੰ ਹੀ ਸਮੁੰਦਰ ਹੈਂ ॥੧੩॥੬੩॥

ਬ੍ਰਿਛਸ ਤੁਹੀਂ ॥ ਪਤਸ ਤੁਹੀਂ ॥ ਛਿਤਸ ਤੁਹੀਂ ॥ ਉਰਧਸ ਤੁਹੀਂ ॥੧੪॥੬੪॥

ਪਦ ਅਰਥ : ਉਰਧਸ= ਉਰਧ+ਅਸ= ਅਕਾਸ਼ ਹੈਂ।

ਅਰਥ : ਤੂੰ ਹੀ ਬਿਰਛ ਹੈਂ, ਤੂੰ ਹੀ ਪੱਤਰ ਹੈਂ। ਤੂੰ ਹੀ ਧਰਤੀ ਹੈਂ, ਤੂੰ ਹੀ ਅਕਾਸ਼ ਹੈਂ ॥੧੪॥੬੪॥

ਭਜਸ ਤੁਅੰ ॥ ਭਜਸ ਤੁਅੰ ॥ ਰਟਸ ਤੁਅੰ ॥ ਠਟਸ ਤੁਅੰ ॥੧੫॥੬੫॥

ਪਦ ਅਰਥ : ਰਟਸ= ਜਪਦਾ ਹਾਂ। ਠਟਸ= ਪੂਜਦਾ ਹਾਂ।

ਅਰਥ : ਤੈਨੂੰ ਭਜਦਾ ਹਾਂ। ਤੈਨੂੰ ਭਜਦਾ ਹਾਂ। ਤੈਨੂੰ ਜਪਦਾ ਹਾਂ। ਤੈਨੂੰ ਪੂਜਦਾ ਹਾਂ ॥੧੫॥੬੫॥

ਜਿਮੀ ਤੁਹੀਂ ॥ ਜਮਾ ਤੁਹੀਂ ॥ ਮਕੀ ਤੁਹੀਂ ॥ ਮਕਾ ਤੁਹੀਂ ॥੧੬॥੬੬॥

ਪਦ ਅਰਥ : ਜਮਾ= ਅਕਾਸ਼। ਮਕੀ= ਮਕਾਨ ਵਾਲਾ।

ਅਰਥ : ਤੂੰ ਹੀ ਜਿਮੀਂ ਹੈਂ। ਤੂੰ ਹੀ ਅਕਾਸ਼ ਹੈਂ। ਤੂੰ ਹੀ ਮਕਾਨ ਵਾਲਾ ਹੈਂ। ਤੂੰ ਹੀ ਮਕਾਨ ਹੈਂ ॥੧੬॥੬੬॥

ਅਭੂ ਤੁਹੀਂ ॥ ਅਭੈ ਤੁਹੀਂ ॥ ਅਛੂ ਤੁਹੀਂ ॥ ਅਛੈ ਤੁਹੀਂ ॥੧੭॥੬੭॥

ਪਦ ਅਰਥ : ਭੂ= ਜਨਮ। ਛੂ= ਛੁਹ, ਸਪਰਸ਼।

ਅਰਥ : ਤੂੰ ਹੀ [ਭੂ] ਜਨਮ ਤੋਂ ਬਿਨਾਂ ਹੈਂ। ਤੂੰ ਹੀ ਡਰ ਤੋਂ ਬਿਨਾਂ ਹੈਂ। ਤੂੰ ਹੀ ਛੋਹ (ਸਪਰਸ਼) ਤੋਂ ਬਿਨਾਂ ਹੈਂ, ਤੂੰ ਹੀ ਨਾਸ ਤੋਂ ਬਿਨਾਂ ਹੈਂ ॥੧੭॥੬੭॥

ਜਤਸ ਤੁਹੀਂ ॥ ਬ੍ਰਤਸ ਤੁਹੀਂ ॥ ਗਤਸ ਤੁਹੀਂ ॥ ਮਤਸ ਤੁਹੀਂ ॥੧੮॥੬੮॥

ਪਦ ਅਰਥ : ਗਤਸ= ਗਤੀ ਹੈਂ। ਮਤਸ= ਮੁਕਤੀ ਹੈਂ। (੨) ਮੱਛੀ।

ਅਰਥ : ਤੂੰ ਹੀ ਜਤ ਹੈਂ, ਤੂੰ ਹੀ ਬ੍ਰਤ ਹੈਂ। ਤੂੰ ਹੀ ਗਤੀ ਹੈਂ, ਤੂੰ ਹੀ ਮੁਕਤੀ ਹੈਂ। ਅਥਵਾ (੨)—

ਤੂੰ ਹੀ ਜਲ ਰੂਪ ਹੈਂ, ਤੂੰ ਹੀ ਮੱਛੀ ਰੂਪ ਹੋ ਕੇ ਜਲ ਵਿਚ ਗਮਨ ਕਰ ਰਿਹਾ ਹੈਂ ॥੧੮॥੬੮॥

ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥੧੯॥੬੯॥

ਅਰਥ : 'ਕਬੀਰ ਤੂੰ ਤੂੰ ਕਰਤਾ ਤੂੰ ਹੂਆ ਮੁਝ ਮੇ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਤੁ ਤਤ ਤੂੰ ॥'

ਇਸੇ ਸਲੋਕ ਦਾ ਭਾਵ ਸਪਸ਼ਟ ਹੁੰਦਾ ਹੈ, ਪਰ ਸੰਪ੍ਰਦਾ ਵਾਲੇ ਇਹਨਾਂ ਤੁਕਾਂ ਨੂੰ ਇਉਂ ਸਫਲਾ ਕਰਦੇ ਹਨ :—

ਸਤਿਜੁਗ ਵਿਚ ਤੂੰ ਹੀ ! ਤੂੰ ਹੀ ! ਤੂੰ ਹੀ ! ਤ੍ਰੇਤੇ ਵਿਚ ਤੂੰ ਹੀ ਤੂੰ ਹੀ ! ਦੁਆਪਰ ਵਿਚ ਤੂੰ ਹੀ ਤੂੰ ਹੀ ! ਕਲਜੁਗ ਵਿਚ ਤੂੰ ਹੀ ਤੂੰ ਹੀ ॥੧੯॥੬੯॥

ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥੨੦॥੭੦॥

ਅਰਥ : ਚਾਰੇ ਖਾਣੀਆਂ ਵਿਚ ਵੀ ਤੂੰਹੀ । ਚਾਰ ਬਾਣੀਆਂ ਵਿਚ ਵੀ ਤੂੰਹੀ । ਚਾਰ ਮੁਕਤੀਆਂ ਵਿਚ ਵੀ ਤੂੰਹੀ । ਚਾਰੇ ਪਦਾਰਥਾਂ ਵਿਚ ਵੀ ਤੂੰਹੀ । ਚਾਰੇ ਕਲਾਂ ਵਿਚ ਵੀ ਤੂੰਹੀ। ਚਾਰੇ ਦਿਸਾਂ ਵਿਚ ਵੀ ਤੂੰਹੀ। ਚਾਰੇ ਬਦਿਸਾਂ ਵਿਚ ਵੀ ਤੂੰਹੀ । ਅਤੇ ਚਾਰੇ ਚੱਕਾਂ ਵਿਚ ਵੀ ਤੂੰਹੀ ਹੈਂ ॥੨੦॥੭੦॥

ਤ੍ਵ ਪ੍ਰਸਾਦਿ ॥ ਕਬਿੱਤ ॥

ਖੂਕ ਮਲਹਾਰੀ ਗਜ ਗਦਹਾ ਬਿਭੂਤਧਾਰੀ
ਗਿਦੂਆ ਮਸਾਨ ਬਾਸ ਕਰਿਓ ਈ ਕਰਤ ਹੈਂ ॥

ਪਦ ਅਰਥ : ਖੂਕ= ਸੂਰ । ਗਜ= ਹਾਥੀ । ਗਦਹਾ= ਖੋਤਾ । ਗਿਦੂਆ= ਬਿਜੂ (੨) ਗਿੱਦੜ।

ਅਰਥ : ਜੇ ਅਘੋਰੀ ਹੋ ਕੇ ਗੰਦਗੀ ਖਾਧਿਆਂ ਰੱਬ ਮਿਲਦਾ ਹੋਵੇ, ਤਾਂ ਸੂਰ ਗੰਦਗੀ ਖਾਂਦਾ ਹੈ, ਜੇ ਸੁਆਹ ਮਲਿਆਂ ਮੁਕਤੀ ਮਿਲਦੀ ਹੋਵੇ, ਤਾਂ ਹਾਥੀ ਤੇ ਗਧਾ (ਖੋਤਾ) ਸਵਾਹ ਲਗਾਉਂਦੇ ਹਨ, ਜੇ ਮਸਾਨਾਂ ਵਿਚ ਰਿਹਾਂ ਮੁਕਤ ਹੋਈਦਾ ਹੋਵੇ, ਤਾਂ ਬਿੱਜੂ ਸਦਾ ਮਸਾਨਾਂ ਵਿਚ ਹੀ ਵਾਸਾ ਕਰਦਾ ਹੈ, ਉਹਨਾਂ ਨੂੰ ਮੁਕਤੀ ਪਹਿਲਾਂ ਮਿਲਣੀ ਚਾਹੀਦੀ ਹੈ ।

ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ
ਮ੍ਰਿਗ ਤਰਵਰ ਸਦੀਵ ਮੋਨ ਸਾਧੇ ਈ ਮਰਤ ਹੈਂ ॥

ਅਰਥ : ਘੁਘੂ= ਉੱਲੂ ਜੇ ਮਠਾਂ ਵਿਚ ਵਸਿਆਂ ਮਿਲਦਾ ਹੈ, ਤਾਂ ਉੱਲੂ ਮਠਾਂ ਵਿਚ ਵੱਸਦੇ ਹਨ, ਉਦਾਸੀ ਹੋ ਕੇ ਫਿਰਿਆਂ ਮਿਲਦਾ ਹੋਵੇ ਤਾਂ ਹਰਨ ਉਦਾਸੀ ਵਿਚ ਲਗੇ ਫਿਰਦੇ ਹਨ, ਚੁਪ ਕੀਤਿਆਂ ਮਿਲਦਾ ਹੋਵੇ, ਤਾਂ ਦਰਖ਼ਤ ਸਦਾ ਹੀ ਚੁਪ ਧਾਰੇ ਹੀ ਮਰ ਜਾਂਦੇ (ਨਾਸ ਹੁੰਦੇ) ਹਨ ।

ਬਿੰਦ ਕੇ ਸਧੱਯਾ ਤਾਹਿ ਹੀਜ ਕੀ ਬਡੱਯਾ ਦੇਤ
ਬੰਦਰਾ ਸਦੀਵ ਪਾਇ ਨਾਗੇ ਹੀ ਫਿਰਤ ਹੈਂ ॥

ਪਦ ਅਰਥ : ਸਧੱਯਾ= ਰੋਕਣ ਨਾਲ, ਹੀਜੜਾ।

ਅਰਥ : ਜੇ ਬੀਰਜ ਦੇ ਰੋਕਿਆਂ ਮਿਲਦਾ ਹੈ, ਤਦ ਤਾਂ ਹੀਜੜੇ ਨੂੰ ਵਡਿਆਈ ਮਿਲਣੀ ਚਾਹੀਦੀ ਹੈ, ਜੇ ਨੰਗੇ ਪੈਰੀਂ ਫਿਰਿਆਂ ਮਿਲਦਾ ਹੈ, ਤਾਂ ਬਾਂਦਰਾਂ ਦਾ ਝੁੰਡ ਸਦਾ ਹੀ ਨੰਗੇ ਪੈਰੀਂ ਫਿਰਦਾ ਹੈ, ਉਸ ਨੂੰ ਮਿਲਣਾ ਚਾਹੀਦਾ ਹੈ ।

ਅੰਗਨਾ ਅਧੀਨ ਕਾਮ ਕ੍ਰੋਧ ਮੈ ਪ੍ਰਬੀਨ
ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈਂ ॥੧॥੭੧॥

ਅਰਥ : ਜੋ [ਅੰਗਨਾ] ਇਸਤਰੀ ਦੇ ਅਧੀਨ ਤੇ ਕਾਮ ਕ੍ਰੋਧ ਵਿਚ ਚਤਰ ਹਨ ਅਤੇ ਇਕ ਦੇ ਗਿਆਨ ਤੋਂ ਹੀਣ ਹਨ ਉਹ ਛੀਨ (ਪੁਰਸ਼) ਕਿਵੇਂ ਤਰ ਸਕਦੇ ਹਨ ? ॥੧॥੭੧॥

ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ
ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈਂ ॥

ਪਦ ਅਰਥ : ਛਿਤ ਛਉਨਾ= ਛੋਟੇ ਬੱਚੇ । ਭੁਜੰਗ= ਸੱਪ ।

ਅਰਥ : ਭੂਤ ਬਨ ਵਿਚ ਫਿਰਨ ਵਾਲਾ ਹੈ, ਛੋਟੇ ਬੱਚੇ ਸਾਰੇ ਦੁਧ ਅਧਾਰ ਤੇ ਰਹਿੰਦੇ ਹਨ, ਪੌਣ ਦੇ ਅਹਾਰ ਵਾਲੇ 'ਸੱਪ' ਜਾਣੀਦੇ ਹਨ ਭਾਵ—ਬਨ ਵਿਚ ਫਿਰਿਆਂ ਮਿਲੇ ਤਾਂ ਭੂਤਾਂ ਨੂੰ, ਦੁਧਾਧਾਰੀ ਹੋਇਆਂ ਮਿਲੇ ਤਾਂ ਬੱਚਿਆਂ ਨੂੰ ਪੌਨਾਹਾਰੀ ਹੋਇਆਂ ਮਿਲੇ ਤਾਂ ਸੱਪਾਂ ਨੂੰ ਮਿਲਣਾ ਚਾਹੀਦਾ ਹੈ ।

ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ
ਤੇ ਤੋ ਗਊਅਨ ਕੇ ਜੱਯਾ ਬ੍ਰਿਖਭੱਯਾ ਮਾਨੀਅਤੁ ਹੈਂ ॥

ਪਦ ਅਰਥ : ਤ੍ਰਿਣ= ਘਾਹ-ਫੂਸ । ਜੱਯਾ= ਬੱਚੇ । ਬ੍ਰਿਖਭੱਯਾ= ਬਲਦ ਹੀ ।

ਅਰਥ : ਜੋ ਘਾਹ ਫੂਸ ਦੇ ਖਾਣ ਵਾਲੇ ਤੇ ਧਨ ਦਾ ਲੋਭ ਤਿਆਗਣ ਵਾਲੇ ਹਨ, ਉਨ੍ਹਾਂ ਨੂੰ ਤਾਂ ਗਊਆਂ ਦੇ ਬੱਚੇ ਬਲਦ ਹੀ ਮੰਨਣਾ ਚਾਹੀਦਾ ਹੈ । (ਕਿਉਂਕਿ ਬਲਦ ਘਾਹ ਫੂਸ ਖਾ ਕੇ ਪੇਟ ਭਰ ਲੈਂਦੇ ਤੇ ਸਬਰ ਨਾਲ ਕੰਮ ਕਰੀ ਜਾਂਦੇ ਹਨ, ਹੋਰ ਕੋਈ ਲੋਭ ਨਹੀਂ ਕਰਦੇ) ।

ਨਭ ਕੇ ਉਡੱਯਾ ਤਾਹਿ ਪੰਛੀ ਕੀ ਬਡੱਯਾ ਦੇਤ
ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ ॥

ਪਦ ਅਰਥ : ਨਭ= ਅਕਾਸ਼ । ਬਡੱਯਾ= ਉਪਮਾ । ਬਿੜਾਲ= ਬਿੱਲਾ । ਬ੍ਰਿਕ= ਬਘਿਆੜ।

ਅਰਥ : ਜੋ ਸਿੱਧੀਆਂ ਦੇ ਬਲ ਨਾਲ ਅਕਾਸ਼ ਵਿਚ ਉੱਡ ਜਾਂਦੇ ਹਨ, ਉਨ੍ਹਾਂ ਨੂੰ ਪੰਛੀ ਦੀ ਉਪਮਾ ਦੇਣੀ ਚਾਹੀਦੀ ਹੈ, ਅਰਥਾਤ ਉਹ ਪੰਛੀਆਂ ਵਰਗੇ ਹਨ ਅਤੇ ਜੋ ਕੇਵਲ ਅੱਖਾਂ ਮੀਟ ਬੈਠਦੇ ਹਨ, ਉਨ੍ਹਾਂ ਨੂੰ ਬਗਲਾ, ਬਿੱਲਾ ਜਾਂ ਬਘਿਆੜ ਮੰਨਣਾ ਚਾਹੀਦਾ ਹੈ, ਕਿਉਂਕਿ ਇਹ ਵੀ ਸ਼ਿਕਾਰ ਕਰਨ ਵੇਲੇ ਧਿਆਨੀ ਬਣ ਜਾਂਦੇ ਹਨ ।

ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ
ਐਸੇ ਨ ਪ੍ਰਪੰਚ ਮਨ ਭੂਲ ਆਨੀਅਤੁ ਹੈਂ ॥੨॥੭੨॥

ਪਦ ਅਰਥ : ਬਡੇ ਗਿਆਨੀ= ਬ੍ਰਹਮ ਗਿਆਨੀ। ਪ੍ਰਪੰਚ= ਵਿਖਾਵੇ ਦੇ ਕੰਮ।

ਅਰਥ : ਜਿੰਨੇ ਬ੍ਰਹਮ ਗਿਆਨੀ ਹੋਏ ਹਨ, ਉਨ੍ਹਾਂ ਨੇ ਇਨ੍ਹਾਂ ਪਖੰਡੀਆਂ ਦੀ ਅਸਲੀਅਤ ਜਾਣ ਲਈ ਹੈ, ਪਰ ਕਹੀ ਨਹੀਂ, ਹੁਣ ਅਸੀਂ ਪੁਕਾਰ ਕੇ ਕਹਿੰਦੇ ਹਾਂ ਕਿ ਇਸ ਤਰ੍ਹਾਂ ਦੇ ਵਿਖਾਵੇ ਦੇ ਕੰਮਾਂ ਨੂੰ ਭੁੱਲ ਕੇ ਵੀ ਮਨ ਵਿਚ ਨਾ ਲਿਆਓ ॥੨॥੭੨॥

ਭੂਮ ਕੇ ਬਸੱਯਾ ਤਾਹਿ ਭੂਚਰੀ ਕੇ ਜੱਯਾ ਕਹੈ
ਨਭ ਕੇ ਉਡੱਯਾ ਸੋ ਚਿਰੱਯਾ ਕੈ ਬਖਾਨੀਐ ॥

ਪਦ ਅਰਥ : ਭੂਚਰੀ= ਦੀਮਕ, ਜਾਂ ਸਿਉਂਕ। ਚਿਰੱਯਾ= ਚਿੜੀਆਂ।

ਅਰਥ : ਜੋ ਧਰਤੀ ਪਰ ਵੱਸਣ ਵਾਲਾ ਹੈ, ਉਸ ਨੂੰ ਦੀਮਕ (ਜਾਂ ਘੀਸ) ਦਾ ਬੱਚਾ ਕਹਿਣਾ ਚਾਹੀਦਾ ਹੈ, ਅਤੇ ਅਕਾਸ਼ ਵਿਚ ਉੱਡਣ ਵਾਲਿਆਂ ਨੂੰ ਚਿੜੀਆਂ ਕਰਕੇ ਕਹਿਣਾ ਚਾਹੀਦਾ ਹੈ।

ਫਲ ਕੇ ਭਛੱਯਾ ਤਾਹਿ ਬਾਂਦਰੀ ਕੇ ਜੱਯਾ ਕਹੈ
ਆਦਿਸ ਫਿਰੱਯਾ ਤੇ ਤੋ ਭੂਤ ਕੈ ਪਛਾਨੀਐ ॥

ਪਦ ਅਰਥ : ਆਦਿਸ= ਲੁਕ ਕੇ। ਜੱਯਾ= ਪੁੱਤਰ।

ਅਰਥ : ਜੋ ਫਲਾਂ ਦੇ ਖਾਣ ਵਾਲੇ, ਉਨ੍ਹਾਂ ਨੂੰ ਬਾਂਦਰੀ ਦੇ ਪੁੱਤਰ ਕਹਿਣਾ ਯੋਗ ਹੈ, ਅਤੇ ਜੋ ਲੁਕ ਕੇ ਫਿਰਨ ਵਾਲੇ ਹਨ, ਉਨ੍ਹਾਂ ਨੂੰ 'ਭੂਤ' ਕਰਕੇ ਸਮਝਣਾ ਚਾਹੀਦਾ ਹੈ।

ਜਲ ਕੇ ਤਰੱਯਾ ਕੋ ਗੰਗੇਰੀ ਸੀ ਕਹਤ ਜਗ
ਆਗ ਕੇ ਭਛੱਯਾ ਸੁ ਚਕੋਰ ਸਮ ਮਾਨੀਐ ॥

ਅਰਥ : ਪਾਣੀ ਪਰ ਤਰਨ ਵਾਲੇ ਨੂੰ (ਗੰਗੇਰੀ)* ਜਲ-ਜੁਲਾਹੇ ਵਰਗਾ ਜਗਤ ਕਹਿੰਦਾ ਹੈ ਅਤੇ ਅੱਗ ਖਾਣ ਵਾਲੇ ਨੂੰ ਚਕੋਰ ਵਰਗਾ ਮੰਨਣਾ ਚਾਹੀਦਾ ਹੈ।

ਸੂਰਜ ਸਿਵੱਯਾ ਤਾਹਿ ਕੌਲ ਕੀ ਬਡਾਈ ਦੇਤ
ਚੰਦ੍ਰਮਾ ਸਿਵੱਯਾ ਕੌ ਕਵੀ ਕੈ ਪਹਿਚਾਨੀਐ ॥੩॥੭੩॥

ਅਰਥ : ਜੋ ਸੂਰਜ ਉਪਾਸ਼ਕ ਹੈ, ਉਸ ਨੂੰ ਕੌਲ ਫੁੱਲ ਦੀ ਉਪਮਾ ਦੇਣੀ ਚਾਹੀਦੀ ਹੈ ਅਤੇ ਚੰਦ੍ਰਮਾ ਪੂਜਕ ਨੂੰ 'ਕੱਮੀ' ਕਰਕੇ ਪਛਾਨਣਾ ਚਾਹੀਦਾ ਹੈ, ਕਿਉਂਕਿ ਸੂਰਜ ਨੂੰ ਵੇਖ ਕੇ ਕਮਲ ਖਿੜਦਾ ਹੈ ਅਤੇ ਚੰਦ੍ਰਮਾ ਨੂੰ ਵੇਖ ਕੇ ਕੱਮੀ ਖਿੜਦੀ ਹੈ, ਇਸ ਲਈ ਇਹ ਦੋਵੇਂ ਸੂਰਜ ਤੇ ਚੰਦ੍ਰਮਾ ਸੇਵੀ ਹਨ ॥੩॥੭੩॥

ਨੋਟ : 'ਕੱਮੀ' ਦਾ ਨਾਮ ਹੀ 'ਨੀਲੋਫਰ' ਦਾ ਫੁੱਲ ਹੈ।

ਨਾਰਾਇਣ ਕੱਛ ਮੱਛ ਤਿੰਦੂਆ ਕਹਤ ਸਭ
ਕਉਲ ਨਾਭ ਕਉਲ ਜਿਹ ਤਾਲ ਮੈਂ ਰਹਤੁ ਹੈਂ ॥

---

* *ਇਕ ਨਿੱਕਾ ਜਿਹਾ ਮਕੜੀ ਵਰਗਾ ਕੀੜਾ ਹੁੰਦਾ ਹੈ, ਜੋ ਪਾਣੀ ਵਿਚ ਵਡੀ ਤੇਜੀ ਨਾਲ ਭੱਜਾ ਫਿਰਦਾ ਹੈ, ਜਿਸ ਨੂੰ ਜਲ ਦਾ ਸਪਰਸ਼ ਨਹੀਂ ਹੁੰਦਾ। ਉਸ ਨੂੰ ਸੰਸਕ੍ਰਿਤ ਵਿਚ 'ਜਲਅਲਿ' ਹਿੰਦੀ ਵਿਚ 'ਗੰਗੇਰੀ' ਅਤੇ ਪੰਜਾਬੀ ਵਿਚ 'ਜਲ-ਜੁਲਾਹ' ਕਹਿੰਦੇ ਹਨ।*

ਅਰਥ : ਜੇ ਵਾਹਿਗੁਰੂ ਦਾ ਨਾਮ 'ਨਾਰਾਯਨ' ਹੈ ? ਤਾਂ ਜਿਸ ਦਾ ਪਾਣੀ ਵਿਚ ਘਰ ਹੋਵੇ, ਤਾਂ 'ਨਾਰਾਯਣ' ਫਿਰ ਤਾਂ ਕੱਛ ਮੱਛ, ਤੰਦੂਆ ਆਦਿਕ ਸਾਰੇ ਨਾਰਾਯਣ ਕਹੇ ਜਾਣਗੇ ਅਤੇ ਜੇ ਵਾਹਿਗੁਰੂ ਦਾ ਨਾਮ 'ਕੌਲ ਨਾਭਿ' ਹੈ ਤਾਂ ਜਿਸ ਤਲਾ ਵਿਚ ਕਮਲ ਉੱਗਿਆ ਹੋਵੇ ਉਸ ਤਲਾ ਦਾ ਨਾਮ ਵੀ 'ਕੌਲ ਨਾਭਿ' ਹੈ ।

ਗੋਪੀ ਨਾਥ ਗੂਜਰ ਗੁਪਾਲ ਸਭੈ ਧੇਨਚਾਰੀ
ਰਿਖੀਕੇਸ ਨਾਮ ਕੈ ਮਹੰਤ ਲਹੀਅਤੁ ਹੈਂ ॥

ਪਦ ਅਰਥ : ਗੁਪਾਲ= ਗੁਆਲੇ, ਵੱਗੀ ਲੋਕ । ਧੇਨਚਾਰੀ= ਗਊਆਂ ਚਾਰਨ ਵਾਲਾ।

ਅਰਥ : ਜੇ ਉਸ ਦਾ ਨਾਮ ਗੋਪੀ ਨਾਥ ਹੈ ਤਾਂ 'ਗੋਪੀ ਦਾ ਸਵਾਮੀ' ਗੁੱਜਰ ਹੈ । ਜੇ ਉਸ ਦਾ ਨਾਮ ਧੇਨਚਾਰੀ ਹੈ ? ਤਾਂ ਸਾਰੇ ਗਊਆਂ ਚਾਰਨ ਵਾਲੇ ਵੱਗੀ 'ਧੇਨਚਾਰੀ' ਹਨ, ਜੇ ਉਸ ਦਾ ਨਾਮ 'ਰਿਖੀਕੇਸ' ਹੈ ਤਾਂ ਇਸ ਨਾਮ ਦੇ ਕਈ 'ਮਹੰਤ' ਵੇਖੇ ਜਾਂਦੇ ਹਨ ।

ਮਾਧਵ ਭਵਰ ਔ ਅਟੇਰੂ ਕੋ ਕਨ੍ਹਯਾ ਨਾਮ
ਕੰਸ ਕੋ ਬਧੱਯਾ ਜਮਦੂਤ ਕਹੀਅਤੁ ਹੈਂ ॥

ਅਰਥ : ਜੇ ਉਸ ਦਾ ਨਾਮ ਮਾਧਵ ਹੈ ਤਾਂ ਭੌਰੇ ਦਾ ਨਾਮ ਵੀ 'ਮਾਧਵ' ਹੈ ਜੇ ਉਸ ਦਾ ਨਾਮ ਕਨ੍ਹੱਯਾ ਹੈ ਤਾਂ (ਅਟੇਰੂ) 'ਕਹਣੇ'[੧] ਦਾ ਨਾਮ ਵੀ 'ਕਨ੍ਹੱਯਾ' ਹੈ । ਜੇ ਉਸ ਦਾ ਨਾਮ 'ਕੰਸ ਮਾਰਨ ਵਾਲਾ' ਹੈ ਤਾਂ ਜ਼ਮਦੂਤ ਨੇ ਕੰਸ ਨੂੰ ਮਾਰਿਆ ਸੀ, ਉਸ ਦਾ ਨਾਮ ਵੀ 'ਕੰਸ ਬਧੱਯਾ' ਕਿਹਾ ਜਾ ਸਕਦਾ ਹੈ ।

ਮੂੜ੍ਹ ਰੂੜ੍ਹ ਪੀਟਤ ਨ ਗੂੜ੍ਹਤਾ ਕੋ ਭੇਦ ਪਾਵੈ
ਪੂਜਤ ਨ ਤਾਹਿ ਜਾ ਕੇ ਰਾਖੇ ਰਹੀਅਤੁ ਹੈਂ ॥੪॥੭੪॥

ਅਰਥ : ਮੂਰਖ 'ਰੂਢ'[੨] ਪਿੱਟਦੇ ਹਨ ਵਿਚਲੇ ਗੁਪਤ ਭੇਦ ਨੂੰ ਪਾਂਦੇ ਨਹੀਂ ਹਨ ਅਤੇ ਉਸ ਨੂੰ ਪੂਜਦੇ ਨਹੀਂ ਹਨ, ਜਿਸ ਦੇ ਰਖਿਆਂ ਰਹੀਦਾ ਹੈ ॥੪॥੭੪॥

ਬਿਸ੍ਵਪਾਲ ਜਗਤ ਕਾਲ ਦੀਨ ਦਿਆਲ ਬੈਰੀ ਸਾਲ
ਸਦਾ ਪ੍ਰਤਪਾਲ ਜਮ ਜਾਲ ਤੇ ਰਹਤ ਹੈਂ ॥

ਪਦ ਅਰਥ : ਬਿਸ੍ਵ= ਜਗਤ । ਸਾਲ= ਦੁਖਦਾਈ । ਜਾਲ= ਧੋਖਾ, ਦੁੱਖ ।

ਅਰਥ : ਜੋ ਜਗਤ ਨੂੰ ਪਾਲਦਾ ਤੇ ਜਗਤ ਦਾ ਕਾਲ ਹੈ, ਦੀਨਾਂ ਉੱਤੇ ਦਿਆਲੂ ਹੈ, ਵੈਰੀਆਂ ਨੂੰ ਦੁਖ ਦੇਂਦਾ ਹੈ, ਸਦਾ ਹਰ ਇਕ ਦੀ ਪਾਲਨਾ ਕਰਦਾ ਹੈ, ਅਤੇ ਜਮ ਦੇ ਦੁੱਖ ਤੋਂ ਰਹਿਤ ਹੈ।

---

੧. ਲੰਮੀਆਂ ਟੰਗਾਂ ਵਾਲੀ ਮਕੜੀ, ਜੋ ਮਕਾਨਾਂ ਦੀਆਂ ਛੱਤਾਂ ਤੇ ਨੁਕਰਾਂ ਵਿਚ ਜਾਲਾ ਲਾਂਦੀ ਹੈ।

੨. ਜਿਸ ਪਦ ਵਿਚ ਅਰਥ ਦੀ 'ਰੂਢਿ' ਹੈ ਉਸ ਸ਼ਬਦ ਦਾ ਨਾਮ ਰੂਢ ਹੈ ਜਿਵੇਂ 'ਸਿੰਹ' ਅਰਥ ਦੀ ਵੀਚਾਰ ਕਰੀਏ ਤਾਂ ਹਿੰਸਾ ਕਰਨ ਵਾਲੇ ਹਿੰਸਕ ਜੀਵ ਦਾ ਨਾਮ 'ਸਿੰਹ' ਹੈ ਅਤੇ ਜਿੰਨੇ ਵੀ 'ਸ਼ਿਕਾਰੀ ਜੀਵ' ਹਨ ਉਹ ਸਾਰੇ ਹੀ 'ਹਿੰਸਕ' ਹਨ ਪਰ ਉਨ੍ਹਾਂ ਨੂੰ 'ਸਿੰਹ' ਕੋਈ ਨਹੀਂ ਕਹਿੰਦਾ ਕਿਉਂਕਿ ਸ਼ੇਰ ਵਿਚ 'ਸਿੰਹ' ਸ਼ਬਦ ਦੀ 'ਰੂਢਿ ਸ਼ਕਤੀ' ਹੈ ਇਸ ਲਈ 'ਸਿੰਹ' ਸ਼ਬਦ ਰੂਢ ਹੈ ਇਵੇਂ ਉਪਰਲੇ ਸਾਰੇ ਨਾਮ ਹਨ। ਲੱਖਣਾ ਬ੍ਰਿਤੀ ਕਰਕੇ ਉਪਰਲੇ ਨਾਮ 'ਵਾਹਿਗੁਰੂ' ਦੇ ਸਿੱਧ ਨਹੀਂ ਹੁੰਦੇ ਅਤੇ ਜਿਨ੍ਹਾਂ ਵਿਚ ਲੱਖਣਾ ਨਾਲ ਘਟਦੇ ਹਨ ਉਨ੍ਹਾਂ ਨੂੰ ਉਸ ਨਾਮ ਲਈ ਕੋਈ ਯਾਦ ਨਹੀਂ ਕਰਦਾ ਤਾਂ ਤੇ ਉਪਰਲੇ ਸਾਰੇ ਨਾਮ 'ਰੂਢਿ' ਹਨ।

ਜੋਗੀ ਜਟਾਧਾਰੀ ਸਤੀ ਸਾਚੇ ਬਡੇ ਬ੍ਰਹਮਚਾਰੀ
ਧਿਆਨ ਕਾਜ ਭੂਖ ਪਿਆਸ ਦੇਹ ਪੈ ਸਹਤ ਹੈਂ ॥

ਪਦ ਅਰਥ : ਧਿਆਨ= ਦਰਸ਼ਨ । ਕਾਜ= ਵਾਸਤੇ । ਸਹਤ= ਸਹਾਰਦੇ ਹਨ ।

ਅਰਥ : ਕਈ ਜੋਗੀ, ਕਈ ਜਟਾਧਾਰੀ, ਕਈ ਸਤੀ, ਕਈ ਸੱਚੇ ਤੇ ਵੱਡੇ ਬ੍ਰਹਮਚਾਰੀ ਉਸ ਦੇ ਦਰਸ਼ਨ ਵਾਸਤੇ ਦੇਹ ਉੱਤੇ ਭੁਖ ਪਿਆਸ ਸਹਾਰਦੇ ਹਨ ।

ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ
ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈਂ ॥

ਪਦ ਅਰਥ : ਹੋਮ= ਭੇਟਾ ਅਰਪਨਾ । ਪਾਵਕ= ਅੱਗ । ਅਧੋਮੁਖ= ਮੂਧੇ ਮੂੰਹ । ਨਿਬਹਤ= ਗੁਜ਼ਾਰਦੇ।

ਅਰਥ : ਉਸ ਦੇ ਦਰਸ਼ਨ ਵਾਸਤੇ ਕਈ ਨੌਲਿ ਕਰਮ ਕਰਦੇ ਹਨ, ਕਈ ਜਲ ਨੂੰ ਭੇਟਾ ਦੇਣੀ ਕਰਦੇ ਹਨ, ਕਈ ਅੱਗ ਨੂੰ ਭੇਟਾ ਦੇਣੀ ਤੇ ਹਵਾ ਨੂੰ ਭੇਟਾ ਦੇਣੀ ਕਰਦੇ ਹਨ ਅਤੇ ਕਈ ਮੂਧੇ ਮੂੰਹ ਲਟਕੇ ਹੋਏ ਹਨ, ਤੇ ਕਈ ਇਕ ਪੈਰ ਦੇ ਭਾਰ ਖੜੇ ਹੋ ਕੇ ਸਮਾਂ ਗੁਜ਼ਾਰ ਰਹੇ ਹਨ ।

ਮਾਨਵ ਫਨਿੰਦ ਦੇਵ ਦਾਨਵ ਨ ਪਾਵੈ ਭੇਦ
ਬੇਦ ਔ ਕਤੇਬ ਨੇਤ ਨੇਤ ਕੈ ਕਹਤ ਹੈਂ ॥੫॥੭੫॥

ਅਰਥ : ਮਨੁੱਖ, ਸ਼ੇਸ਼ਨਾਗ, ਦੇਵਤੇ ਤੇ ਦੈਂਤ, ਉਸ ਦੇ ਭੇਦ ਨੂੰ ਨਹੀਂ ਪਾ ਸਕੇ ਅਤੇ ਵੇਦ ਕਤੇਬ ਵੀ ਉਸ ਨੂੰ ਬੇਅੰਤ ਬੇਅੰਤ ਕਹਿੰਦੇ ਹਨ ॥੫॥੭੫॥

ਨਾਚਤ ਫਿਰਤ ਮੋਰ ਬਾਦਰ ਕਰਤ ਘੋਰ
ਦਾਮਨੀ ਅਨੇਕ ਭਾਉ ਕਰਿਓ ਈ ਕਰਤ ਹੈ ॥

ਪਦ ਅਰਥ : ਘੋਰ= ਗਰਜਨਾ । ਦਾਮਨੀ= ਬਿਜਲੀ । ਭਾਉ= ਚਮਤਕਾਰੇ ।

ਅਰਥ : ਜੇ ਨ੍ਰਿਤ ਭਗਤੀ ਕਰਨ ਨਾਲ ਮਿਲਦਾ ਹੋਵੇ, ਤਾਂ ਜਿਸ ਵੇਲੇ ਬੱਦਲ ਗਰਜਨਾ ਕਰਦੇ ਹਨ, ਉਸ ਵੇਲੇ ਮੋਰ ਨੱਚਦੇ ਫਿਰਦੇ ਹਨ, ਜੇ ਸਖਾ ਭਗਤੀ ਦੇ ਹਾਵ-ਭਾਵ ਨੂੰ ਵੇਖ ਕੇ ਖ਼ੁਸ਼ ਹੁੰਦਾ ਹੋਵੇ ਤਾਂ ਬਿਜਲੀ ਅਨੇਕਾਂ ਲਿਸ਼ਕਾਰੇ ਕਰਦੀ ਹੈ, ਇਨ੍ਹਾਂ ਨੂੰ ਮਿਲਨਾ ਚਾਹੀਦਾ ਹੈ ।

ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ
ਇੰਦ੍ਰ ਸੋ ਨ ਰਾਜਾ ਭਵ ਭੂਮ ਕੋ ਭਰਤ ਹੈ ॥

ਪਦ ਅਰਥ : ਤਪਤ ਤੇਜ= ਗਰਮ ਸੁਭਾਵ ਵਾਲਾ । ਭਵ= ਜਗਤ । ਸੀਤਲ= ਠੰਡਾ ।

ਅਰਥ : ਜੇ ਸ਼ਾਂਤੀ ਧਾਰਿਆਂ ਮਿਲਦਾ ਹੋਵੇ, ਤਾਂ ਚੰਦ੍ਰਮਾ ਨਾਲੋਂ ਠੰਡਾ ਕੋਈ ਨਹੀਂ, ਜੇ ਗਰਮੀ ਸਹਾਰਿਆਂ ਮਿਲਦਾ ਹੋਵੇ, ਤਾਂ ਸੂਰਜ ਨਾਲੋਂ ਗਰਮ ਸੁਭਾਵ ਵਾਲਾ ਕੋਈ ਨਹੀਂ, ਜੇ ਲੋਕਾਂ ਦੇ ਘਰ ਨੂੰ ਭਰ ਦੇਣ ਨਾਲ ਮਿਲਦਾ ਹੋਵੇ, ਤਾਂ ਕੋਈ ਵੀ ਰਾਜਾ ਇੰਦਰ ਵਾਂਗੂੰ ਜਗਤ ਅਤੇ ਧਰਤੀ ਨੂੰ ਭਰਦਾ ਨਹੀਂ ਹੈ, ਅਰਥਾਤ ਜਦੋਂ ਮੀਂਹ ਵੱਸਦਾ ਹੈ, ਤਾਂ ਧਰਤੀ ਸਣੇ ਸਾਰੇ ਜਗਤ ਨੂੰ ਖ਼ੁਸ਼ੀ ਹੁੰਦੀ ਹੈ ।

ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦਚਾਰੀ
ਸਨਤ ਕੁਮਾਰ ਸੀ ਤਪੱਸਿਆ ਨ ਅਨਤ ਹੈ ॥

ਪਦ ਅਰਥ : ਅਨਤ= ਹੋਰ ਕਿਸੇ ਪਾਸੇ । ਤਪਸੀ= ਤਪ ਕਰਨ ਵਾਲਾ । ਬੇਦਚਾਰੀ= ਵੇਦ ਵਕਤਾ।

ਅਰਥ : ਜੇ ਤਪ ਕੀਤਿਆਂ ਮਿਲਦਾ ਹੋਵੇ ਤਾਂ ਸ਼ਿਵਜੀ ਵਰਗਾ ਤਪਸੀ ਕੋਈ ਨਹੀਂ, ਜੇ ਵੇਦ ਪੜ੍ਹਿਆਂ ਮਿਲਦਾ ਹੋਵੇ, ਤਾਂ ਬ੍ਰਹਮਾ ਵਰਗਾ ਵੇਦਾਂ ਦੀ ਵਿਚਾਰ ਵਾਲਾ ਕੋਈ ਨਹੀਂ ਅਤੇ ਨਾ ਹੀ ਸਨਤ ਕੁਮਾਰ ਵਰਗੀ ਤਪੱਸਿਆ ਕਿਸੇ ਹੋਰ ਤੋਂ ਹੋਣੀ ਹੈ ।

ਗਿਆਨ ਕੇ ਬਿਹੀਨ ਕਾਲ ਫਾਸ ਕੇ ਅਧੀਨ ਸਦਾ
ਜੁੱਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ ॥੬॥੭੬॥

ਅਰਥ : ਗਿਆਨ ਤੋਂ ਹੀਣੇ ਪੁਰਸ਼ ਕਾਲ ਦੀ ਫਾਹੀ ਦੇ ਵੱਸ ਵਿਚ ਪੈ ਕੇ, ਹਮੇਸ਼ਾਂ ਹੀ ਜੁੱਗਾਂ ਦੀ ਚੌਕੜੀ ਦੇ ਫਿਰਾਏ (ਹੋਏ ਜਗਤ ਵਿਚ) ਫਿਰਦੇ ਰਹਿੰਦੇ ਹਨ ॥੬॥੭੬॥

ਪ੍ਰਸ਼ਨ—ਬ੍ਰਹਮਾ, ਬਿਸ਼ਨ ਤੇ ਸ਼ਿਵਜੀ ਤਾਂ ਜੁਗਾਂ ਦੀ ਚੌਕੜੀ ਵਿਚ ਨਹੀਂ ਫਿਰਦੇ ਹੋਣੇ ? ਉੱਤਰ—

ਏਕ ਸਿਵ ਭਏ ਏਕ ਗਏ ਏਕ ਫੇਰ ਭਏ
ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ॥

ਅਰਥ : ਇਕ ਸ਼ਿਵ ਹੋਏ, ਉਹ ਚਲੇ ਗਏ, ਇਕ ਹੋਰ ਹੋਏ, ਫੇਰ ਉਹ ਵੀ ਚਲੇ ਗਏ, ਤਾਂ ਹੋਰ ਹੋਏ, ਇਸੇ ਤਰ੍ਹਾਂ ਰਾਮ ਚੰਦ੍ਰ ਅਤੇ ਕ੍ਰਿਸ਼ਨ ਦੇ ਅਵਤਾਰ ਵੀ ਅਨੇਕਾਂ (ਵੇਰੀ ਹੋਏ ਹਨ) ।

ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ ॥

ਅਰਥ : ਕਿੰਨੇ ਹੀ ਬ੍ਰਹਮਾ ਤੇ ਕਿੰਨੇ ਹੀ ਬਿਸ਼ਨ ਹੋਏ ਤੇ ਹੋ ਬੀਤੇ[1] ਹਨ, ਕਿੰਨੇ ਹੀ ਬੇਦ ਤੇ ਪੁਰਾਨ ਹੋਏ ਤੇ ਹੋ ਬੀਤੇ ਹਨ ਅਤੇ ਸਮੂਹ ਸਿੰਮ੍ਰਤੀਆਂ ਦੇ ਕਰਤੇ ਵੀ ਕਿੰਨੇ ਹੀ ਹੋਏ ਤੇ ਹੋ ਬੀਤੇ ਹਨ ।

ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ॥

ਪਦ ਅਰਥ : ਮੋਦਨੀ= (ਮੁਆਵਨੁੱਦੀਨ) ਦੀਨ ਦਾ ਸਹਾਇਕ, ਮਜ਼ਬ ਦੀ ਰਖਿਆ ਕਰਨ ਵਾਲਾ। ਮਦਾਰ= ਮਦਾਰਿਹ (ਮਿਦਰਹ ਦਾ ਬ: ਬ:) ਕੁਲ ਦੇ ਸਿਰਤਾਜ । (੨) ਫ਼ੌਜ ਦੇ ਸਰਦਾਰ, ਸੈਨਾਪਤਿ । ਅਸੁਨੀ ਕੁਮਾਰ= (ਅਸ਼੍ਵਨੀ ਕੁਮਾਰ[2]) ਘੋੜੀ ਦੇ ਪੁੱਤਰ ਦੇ ਪੁੱਤਰ ਦੋ ਦੇਵਤਾ ਜੋ ਦੇਵਤਿਆਂ ਦੇ ਵੈਦਰ ਹਨ । ਅੰਸਾ

---

੧. 'ਹੁਇ ਹੁਇ ਬਿਤਏ ਹੈਂ' ਕ੍ਰਿਆ ਤਿੰਨਾਂ ਨਾਲ ਜੋੜਨੀ ਚਾਹੀਦੀ ਹੈ ।

੨. ਨਿਰੁਕਤ ਦੇ ਦੈਵਤ ਕਾਂਡ ਵਿਚ ਲਿਖਿਆ ਹੈ । 'ਇਕ ਵੇਰੀ ਸੂਰਜ ਦੀ ਇਸਤਰੀ 'ਸੰਗਜਾ' ਆਪਣੇ ਪਤੀ ਦੇ ਤੇਜ ਨੂੰ ਨਾ ਸਹਾਰ ਕੇ ਆਪਣੀ ਥਾਂ ਉਤੇ ਇਕ ਬਨੌਟੀ ਇਸਤਰੀ 'ਛਾਯਾ' ਨੂੰ ਘਰ ਵਿਚ ਛੱਡ ਕੇ ਆਪ ਘੋੜੀ

(ਬਾਕੀ ਅਗਲੇ ਪੰਨੇ 'ਤੇ)

ਅਵਤਾਰ= (ਅੰਸ਼ਾਵਤਾਰ) ਪੁਰਾਣਾਂ ਵਿਚ ਦੇਵਤਿਆਂ ਦੀ ਸ਼ਕਤੀ ਦੇ ਕਈ ਕਈ ਅੰਸ਼ (ਹਿੱਸੇ) ਮੰਨੇ ਹਨ, ਉਨ੍ਹਾਂ ਅੰਸ਼ਾਂ ਵਿਚੋਂ ਜਿਨ੍ਹਾਂ ਅਵਤਾਰਾਂ ਵਿਚ ਕੁਝ ਹਿੱਸੇ ਪਾਈਦੇ ਹਨ, ਉਨ੍ਹਾਂ ਦਾ ਨਾਮ 'ਅੰਸਾਵਤਾਰ' ਹੈ। ਇਸੇ ਭਾਵ ਨੂੰ ਲੈ ਕੇ ਸ੍ਰੀ ਰਾਮ ਜੀ ਨੂੰ ਚੌਦਾਂ ਕਲਾਂ ਤੇ ਸ੍ਰੀ ਕ੍ਰਿਸ਼ਨ ਜੀ ਨੂੰ ਸੋਲਾਂ ਕਲਾਂ ਵਾਲਾ ਅਵਤਾਰ ਕਹੀਦਾ ਹੈ।

ਅਰਥ : ਕਿੰਨੇ ਹੀ ਮੋਨਦੀ ਤੇ ਕਿੰਨੇ ਹੀ ਮਦਾਰ ਹਨ, ਕਿੰਨੇ ਹੀ ਅਸ਼੍ਵਿਨੀ ਕੁਮਾਰ ਹਨ, ਕਿੰਨੇ ਹੀ ਅੰਸ਼ਾਵਤਾਰ ਹਨ ਇਹ ਸਾਰੇ ਕਾਲ ਦੇ ਵੱਸ ਹੋ ਗੁਜ਼ਰੇ ਹਨ।

ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇ ਕੈ ਫੇਰਿ ਭੂਮਿ ਹੀ ਮਿਲਏ ਹੈਂ ॥੭॥੭੭॥

ਅਰਥ : ਕਿੰਨੇ ਹੀ ਪੀਰ ਤੇ ਪੈਗੰਬਰ ਹੋਏ ਹਨ, ਜੋ ਗਿਣੇ ਨਹੀਂ ਜਾ ਸਕਦੇ, ਇਹ ਸਾਰੇ ਧਰਤੀ ਤੋਂ ਪੈਦਾ ਹੋ ਕੇ ਫਿਰ ਧਰਤੀ ਦੇ ਵਿਚ ਹੀ ਮਿਲ ਗਏ ਹਨ ॥੭॥੭੭॥

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ ॥

ਅਰਥ : ਵਡੇ ਵਡੇ ਜੋਗੀ ਜਤੀ ਬ੍ਰਹਮਚਾਰੀ ਅਤੇ ਵਡੇ ਵਡੇ ਛਤਰਧਾਰੀ ਹੋਏ ਹਨ, ਜੋ ਕਈ ਕੋਹਾਂ ਤਕ ਛਤਰਾਂ ਦੀ ਛਾਇਆ[1] ਹੇਠਾਂ ਹੀ ਤੁਰਦੇ ਸਨ।

ਬਡੇ ਬਡੇ ਰਾਜਨ ਕੇ ਦਾਬਿਤ ਫਿਰਤਿ ਦੇਸ
ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈਂ ॥

ਅਰਥ : ਜੋ ਵਡੇ ਵਡੇ ਰਾਜਿਆਂ ਦੇ ਦੇਸ ਨੂੰ ਦਬਾ ਲੈਂਦੇ ਸਨ ਅਤੇ ਵਡੇ ਵਡੇ ਰਾਜਿਆਂ ਦੇ [ਦ੍ਰਪ] ਹੰਕਾਰ ਦਾ ਮਲੀਆ ਮੇਟ ਕਰ ਦੇਂਦੇ ਸਨ।

ਮਾਨ ਸੇ ਮਹੀਪ ਔ ਦਿਲੀਪ ਕੈ ਸੇ ਛਤ੍ਰਧਾਰੀ
ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ ॥

(ਪਿਛਲੇ ਪੰਨੇ ਦੀ ਬਾਕੀ)

ਦਾ ਰੂਪ ਧਾਰ ਕੇ ਜੰਗਲ ਨੂੰ ਚਲੀ ਗਈ। ਜਦ ਸੂਰਜ ਨੂੰ ਭੇਦ ਮਲੂਮ ਹੋਇਆ ਤਾਂ ਉਸ ਨੇ ਘੋੜੀ ਦਾ ਰੂਪ ਧਾਰ ਕੇ ਉਸ ਤੋਂ ਜੌੜੇ ਪੁੱਤਰ ਉਤਪੰਨ ਕੀਤੇ, ਜੋ 'ਅਸ਼੍ਵਿਨੀ ਕੁਮਾਰ' ਨਾਉਂ ਤੋਂ ਪ੍ਰਸਿੱਧ ਹੋਏ। ਪੰਡੂ ਦੀ ਵਿਧਵਾ ਇਸਤਰੀ ਮਾਦਰੀ ਨੇ ਨਕੁਲ ਤੇ ਸਹਿਦੇਵ ਨੂੰ ਇਹਨਾਂ ਦੇ ਸੰਜੋਗ ਤੋਂ ਜਾਣਿਆ ਸੀ। (ਵੇਦਿਕ ਗ੍ਰੰਥਾਂ ਵਿਚ ਇਨ੍ਹਾਂ ਨੂੰ ਸੰਝੇ ਤੇ ਪ੍ਰਭਾਤ ਦੇ ਦੇਵਤੇ ਮੰਨਿਆ ਜਾਂਦਾ ਹੈ।)

੧. *ਰਵਾਯਤ ਹੈ ਜੋ ਦੁਰਯੋਧਨ ਭੀਸ਼ਮ ਪਿਤਾਮਾ ਨੂੰ ਮਿਲਣ ਲਈ 48 ਕੋਹਾਂ ਤਕ ਛਤਰਾਂ ਦੀ ਛਾਂ ਹੇਠਾਂ ਤੁਰਿਆ ਸੀ ਅਤੇ ਉਹਨਾਂ ਛਤਰਾਂ ਨੂੰ ਰਾਜਿਆਂ ਨੇ ਫੜਿਆ ਹੋਇਆ ਸੀ ਯਥਾ—'ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝ ਨ ਖਾਈ।' (ਧਨਾਸਰੀ ਨਾਮਦੇਵ)।*

ਪਦ ਅਰਥ : ਮਾਨ= (ਮਾਂਧਾਤ੍ਰਿ[1]) ਮਾਨਧਾਤਾ ਇਖ੍ਵਾਕੂ ਵੰਸ ਦੇ ਰਾਜਾ ਯਵਨਾਸ਼੍ਵਦਾ ਪੁੱਤਰ ਵੱਡਾ ਪ੍ਰਤਾਪੀ ਰਾਜਾ। ਦਿਲੀਪ= ਸੂਰਜਵੰਸੀ ਰਾਜੇ ਰਘੁ ਦਾ ਪਿਤਾ। ਭੁਜ ਦੰਡ= ਸੋਟੇ ਵਰਗੀਆਂ ਮਜ਼ਬੂਤ ਬਾਹਾਂ। ਮਹੀਪ= ਰਾਜਾ।

ਅਰਥ : ਮਾਨਧਾਤਾ ਵਰਗੇ ਰਾਜੇ ਅਤੇ [2]ਦਿਲੀਪ ਵਰਗੇ ਚਕ੍ਰਵਰਤੀ, ਜੋ ਆਪਣੀਆਂ ਬਲਵਾਨ ਬਾਹਾਂ ਤੇ ਵੱਡਾ ਅਭਿਮਾਨ ਕਰਦਾ ਸੀ।

ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ
ਭੋਗ ਭੋਗ ਭੂਮਿ ਅੰਤ ਭੂਮਿ ਮੈ ਮਿਲਤ ਹੈਂ ॥੯॥੭੯॥

ਪਦ ਅਰਥ : ਦਾਰਾ= ਕੇਯਾਨ ਵੰਸ਼ੀ ਫ਼ਾਰਸ ਦਾ ਬਾਦਸ਼ਾਹ, ਜਿਸ ਨੂੰ ਇਤਿਹਾਸ ਵਿਚ ਦਰਾ ਯੁਸ, ਦਾਰ ਯਵੁਸ ਡਰੀਅਸ ਲਿਖਿਆ ਹੈ, ਇਸ ਨਾਮ ਦੇ ਤਿੰਨ ਬਾਦਸ਼ਾਹ ਹੋਏ ਹਨ। ਦਿਲੀਸਰ= (ਦਲ, ਪ੍ਰਜਾ+ਈਸਰ) ਪ੍ਰਜਾਪਤਿ, ਰਾਜਾ। (੨) ਦਿੱਲੀ ਦਾ ਰਾਜਾ। ਦ੍ਰਜੋਧਨ= ਪਾਂਡਵਾਂ ਦਾ ਵਿਰੋਧੀ ਰਾਜਾ, ਕੁਰੂਵੰਸ਼ ਦਾ ਸਭ ਤੋਂ ਵੱਡਾ ਰਾਜਾ, ਜੋ ਗੰਧਾਰੀ ਦੇ ਪੇਟੋਂ, ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਸੀ।

ਅਰਥ : ਦਾਰਾ ਵਰਗੇ ਰਾਜੇ ਅਤੇ ਦੁਰਯੋਧਨ ਵਰਗੇ ਹੰਕਾਰੀ, ਜੋ ਧਰਤੀ ਦੇ ਭੋਗਾਂ ਨੂੰ ਭੋਗ ਕੇ ਅੰਤ ਨੂੰ ਧਰਤੀ ਵਿਚ ਹੀ ਮਿਲ ਗਏ ਹਨ ॥੯॥੭੯॥

ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ
ਪੋਸਤੀ ਅਨੇਕ ਦਾ ਨਿਵਾਵਤ ਹੈ ਸੀਸ ਕੌ ॥

ਪਦ ਅਰਥ : ਤੋਪਚੀ= ਤੋਪ ਨੂੰ ਚਲਾਉਣ ਵਾਲਾ। ਅਨੇਕ ਦਾ= ਅਨੇਕਾਂ ਵੈਰੀ।

---

੧. ਹਰਵੰਸ ਵਿਚ ਲਿਖਿਆ ਹੈ ਇਹ ਯੁਵਨਾਸ਼੍ਵ ਦੀ ਪਟਰਾਨੀ 'ਗੌਰ' ਦੇ ਪੇਟੋਂ ਹੋਇਆ ਪਰ ਵਿਸ਼ਨ ਪੁਰਾਣ ਵਿਚ ਲਿਖਿਆ ਹੈ—ਯੁਵਨਾਸ਼੍ਵ ਦੇ ਘਰ ਕੋਈ ਪੁੱਤਰ ਨਹੀਂ ਸੀ, ਇਸ ਲਈ ਉਸ ਨੂੰ ਵੱਡਾ ਫ਼ਿਕਰ ਹੋਇਆ, ਕਈ ਰਿਖੀਆਂ ਨੇ ਯਗ ਹਵਨ ਆਦਿ ਕੀਤੇ ਕਿ ਰਾਜੇ ਦੇ ਘਰ ਪੁੱਤਰ ਹੋਵੇ। ਇਕ ਦਿਨ ਉਨ੍ਹਾਂ ਨੂੰ ਇਕ ਪਵਿੱਤਰ ਜਲ ਦਾ ਘੜਾ ਇਕ ਉਚੀ ਜਿਹੀ ਜਗ੍ਹਾਂ ਤੇ ਰਖਿਆ ਤਾਂ ਉਸ ਜਲ ਵਿਚ ਬੱਚਾ ਪੈਦਾ ਕਰਨ ਦੀ ਸ਼ਕਤੀ ਆ ਗਈ, ਰਾਤ ਸਮੇਂ ਜਦ ਰਾਜੇ ਨੂੰ ਪਿਆਸ ਲੱਗੀ ਤਾਂ ਉਸ ਨੇ ਓਹੋ ਪਾਣੀ ਪੀ ਲਿਆ, ਜਿਸ ਤੋਂ ਰਾਜੇ ਨੂੰ ਗਰਭ ਹੋ ਗਿਆ ਤੇ ਠੀਕ ਵਕਤ ਸਿਰ ਸੱਜੀ ਵੱਖੀ ਤੋਂ ਬੱਚਾ ਜੰਮਿਆ, ਤਾਂ ਰਿਖੀ ਦੇ ਪੁੱਛਣ ਤੇ ਇੰਦਰ ਨੇ ਆਪਣਾ ਅੰਗੂਠਾ ਬੱਚੇ ਦੇ ਮੂੰਹ ਵਿਚ ਦੇ ਕੇ ਆਖਿਆ ਕਿ ਮੈਂ ਇਸ ਨੂੰ ਇਸ ਤਰ੍ਹਾਂ ਧਾਰਾਂਗਾ (ਪਾਲਾਂਗਾ)। ਜਿਸ ਕਰਕੇ ਬੱਚੇ ਦਾ ਨਾਮ 'ਮਾਂਧਾਤ੍ਰਿ ਰਖਿਆ ਗਿਆ।

੨. ਹਰਵੰਸ ਵਿਚ ਲਿਖਿਆ ਹੈ—ਰਾਜਾ ਦਿਲੀਪ ਇਕ ਵਾਰੀ ਸਵਰਗ ਤੋਂ ਮਾਤ ਲੋਕ ਵਿਚ ਆਪਣੀ ਇਸਤਰੀ ਨੂੰ ਮਿਲਣ ਲਈ ਆਉਣ ਦੇ ਸਮੇਂ ਸਵਰਗ ਦੀ ਗਊ 'ਸੁਰਭਿ' ਦੀ ਪੂਜਾ ਕਰਨਾ ਭੁੱਲ ਗਿਆ, ਤਾਂ ਉਸ ਨੇ ਰਾਜੇ ਨੂੰ ਸਰਾਪ ਦਿੱਤਾ ਕਿ ਜਦ ਤਕ ਤੂੰ ਮੇਰੀ ਨੰਦਿਨੀ ਦੀ ਸੇਵਾ ਨਾ ਕਰੇਂਗਾ, ਤਦ ਤਕ ਤੇਰੇ ਘਰ ਪੁੱਤਰ ਨਹੀਂ ਹੋਵੇਗਾ। ਇਸ ਲਈ ਉਹ ਸਦਾ ਨੰਦਿਨੀ ਦੀ ਸੇਵਾ ਕਰਨ ਲਗਾ। ਇਕ ਵਾਰੀ ਇਕ ਸ਼ੇਰ ਨੇ ਨੰਦਿਨੀ ਨੂੰ ਖਾਣਾ ਚਾਹਿਆ ਤਾਂ ਦਿਲੀਪ ਨੇ ਉਸ ਦੀ ਰੱਖਿਆ ਕਰਨ ਲਈ ਆਪਣੇ ਆਪ ਨੂੰ ਸ਼ੇਰ ਦੇ ਅਗੇ ਪਾ ਦਿੱਤਾ, ਇਸ ਕਰਕੇ ਸੁਰਭਿ ਪ੍ਰਸੰਨ ਹੋ ਗਈ, ਅਤੇ ਇਨ੍ਹਾਂ ਦੀ ਰਾਣੀ 'ਸੁਦੱਖਣਾ' ਦੇ ਪੇਟੋਂ 'ਰਘੁ' ਦੀ ਉਤਪਤੀ ਹੋਈ। ਪਰ ਬਾਲਮੀਕ ਜੀ ਨੇ ਇਨ੍ਹਾਂ ਨੂੰ ਰਾਜੇ ਸਗਰ ਦਾ ਪੜਪੋਤਰਾ, ਅੰਸਮਾਨ ਦਾ ਪੁੱਤਰ ਤੇ ਭਗੀਰਥ ਦਾ ਪਿਤਾ, ਅਤੇ ਰਾਜੇ ਰਘੁ ਦਾ ਪੜਦਾਦਾ ਲਿਖਿਆ ਹੈ।

ਅਰਥ : ਜੇ ਸਿਜਦੇ ਕਰਨ ਨਾਲ ਵਾਹਿਗੁਰੂ ਖ਼ੁਸ਼ ਹੁੰਦਾ ਹੋਵੇ, ਤਾਂ ਕਪਟ ਭੇਸਧਾਰੀ ਤੋਪ ਚਲਾਉਣ ਵਾਲਾ ਅਨੇਕਾਂ ਵਾਰ ਝੁਕ ਕੇ ਤੋਪ ਵਿਚ ਪਲੀਤਾ ਦੇਂਦਾ ਹੈ, ਅਤੇ ਪੋਸਤੀ ਵੀ ਅਨੇਕਾਂ ਵਾਰ ਸਿਰ ਨੂੰ ਨਿਵਾਉਂਦਾ ਹੈ (ਅਰਥਾਤ ਪੋਸਤ ਦੇ ਨਸ਼ੇ ਵਿਚ ਬੈਠਾ ਝੋਕਾਂ ਖਾਂਦਾ ਹੈ)।

ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ
ਸੋ ਤੌ ਨ ਡੰਡੌਤ ਅਸਟਾਂਗ ਅਥਤੀਸ ਕੌ ॥

ਪਦ ਅਰਥ : (ਅਥਤੀਸ= ਅਥਿਤੇਸ) ਵਾਹਿਗੁਰੂ, ਅਥਿੱਤਾਂ ਦਾ ਸਵਾਮੀ। ਅਸਟਾਂਗ= ਅੱਠਾਂ ਅੰਗਾਂ ਨਾਲ।

ਅਰਥ : ਕੀ ਹੋ ਗਿਆ, ਜੇਕਰ (ਮੱਲ) ਪਹਿਲਵਾਨ ਨੇ ਅਨੇਕਾਂ ਡੰਡ ਕਢੇ, ਉਹ ਤਾਂ ਵਾਹਿਗੁਰੂ ਨੂੰ ਅਸਟਾਂਗ ਡੰਡੌਤ ਨਹੀਂ ਹੈ (ਭਾਵ—ਜੇਕਰ ਨਿਰੀਆਂ ਡੰਡੌਤਾਂ ਹੀ ਕਰਦਾ ਹੈ, ਸਿਮਰਨ ਤੋਂ ਹੀਣਾ ਹੈ, ਤਾਂ ਉਹ ਡੰਡੌਤਾਂ ਨਹੀਂ ਹਨ, ਉਹ ਤਾਂ ਮੱਲਾਂ ਵਾਂਗੂੰ ਡੰਡ ਕਸਰਤ ਕਰਨੀ ਹੈ।)

ਕਹਾ ਭਇਓ ਰੋਗੀ ਜੌ ਪੈ ਡਾਰਿਓ ਰਹਿਓ ਉਰਧ ਮੁਖ
ਮਨ ਤੇ ਨ ਮੂੰਡ ਨਿਹਰਾਇਓ ਆਦਿ ਈਸ ਕੌ ॥

ਅਰਥ : ਜੇ ਮੂੰਹ ਉਤਾਂਹ (ਕਰਕੇ ਪਿਆ ਰਹੇ, ਤਾਂ) ਕੀ ਹੋਣਾ ਹੈ, ਕਿਉਂਕਿ ਰੋਗੀ ਵੀ ਤਾਂ ਮੂੰਹ ਉਤਾਂਹ ਕਰਕੇ ਪਿਆ ਰਹਿੰਦਾ ਹੈ, ਜੇ ਆਦਿ ਈਸ਼ੂਰ ਨੂੰ ਮਨ ਕਰਕੇ [ਮੂੰਡ] ਸਿਰ ਨਹੀਂ ਨਿਵਾਯਾ (ਤਾਂ ਉਰਧ ਮੁਖ ਹੋ ਕੇ ਰਹਿਣਾ, ਮਾਨੋ ਰੋਗੀ ਦੇ ਸਮਾਨ ਹੈ)।

ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ
ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੌ ॥੯॥੭੯॥

ਪਦ ਅਰਥ : ਦਾਮਨ= ਰੱਸੀ, ਭਾਵ ਮਾਲਾ। (੨) ਦਮੜੇ।

ਅਰਥ : ਜੇਕਰ ਕਾਮਨਾ ਦੇ ਵੱਸ ਹੋ ਕੇ ਸਦਾ ਮਾਲਾ ਫੇਰਨ ਜਾਂ ਦਮੜੇ ਲੈਣ ਵਿਚ ਚਤਰ ਹੈ, ਅਤੇ ਇਕ ਦੀ ਸ਼ਰਧਾ ਤੋਂ ਖ਼ਾਲੀ ਹੈ, ਤਾਂ ਉਹ ਜਗਤ ਦੇ ਈਸ਼ਵਰ ਨੂੰ ਕਿਸ ਤਰ੍ਹਾਂ ਪਾਵੇਗਾ ? ॥੯॥੭੯॥

ਸੀਸ ਪਟਕਤ ਜਾ ਕੇ ਕਾਨ ਮੈ ਖਜੂਰਾ ਧਸੈ
ਮੂੰਡ ਛਟਕਤ ਮਿਤ੍ਰ ਪੁਤ੍ਰ ਹੂੰ ਕੇ ਸੋਕ ਸੌ ॥

ਪਦ ਅਰਥ : ਖਜੂਰਾ= ਕੰਨ ਖਜੂਰਾ, ਕੰਨਕੋਲ। ਮੂੰਡ= ਸਿਰ। ਛਟਕਤ= ਪਿੱਟਦਾ ਹੈ।

ਅਰਥ : ਜੇ ਸਿਰ ਪਟਕਾਉਣ ਨਾਲ ਮਿਲਦਾ ਹੋਵੇ, ਤਾਂ ਜਿਸ ਦੇ ਕੰਨ ਵਿਚ ਕੰਨਕੋਲ ਵੜ ਜਾਂਦੀ ਹੈ, ਉਹ ਵੀ ਸਿਰ ਨੂੰ ਪਟਕਾਉਂਦਾ ਹੈ, ਅਤੇ ਸਿਰ ਨੂੰ ਪਿੱਟਣ ਨਾਲ ਮਿਲਦਾ ਹੋਵੇ ਤਾਂ ਮਿੱਤਰਾਂ, ਪੁੱਤਰਾਂ ਦੇ ਸ਼ੋਕ ਨਾਲ ਪੁਰਸ਼ ਸਿਰ ਨੂੰ ਪਿੱਟਦਾ ਹੈ।

ਆਕ ਕੋ ਚਰੱਯਾ ਫਲ ਫੂਲ ਕੋ ਭਛੱਯਾ ਸਦਾ
ਬਨ ਕੌ ਭ੍ਰਮੱਯਾ ਔਰ ਦੂਸਰੋ ਨ ਬੋਕ ਸੌ ॥

ਪਦ ਅਰਥ : ਚਰੱਯਾ= ਚਰਨ ਵਾਲਾ। ਬੋਕ= ਬੱਕਰਾ।

ਅਰਥ : ਅੱਕ ਨੂੰ ਚਰਨ ਵਾਲਾ, ਫਲ ਫੁਲ ਨੂੰ ਖਾਣ ਵਾਲਾ, ਸਦਾ ਬਨ ਵਿਚ ਫਿਰਨ ਵਾਲਾ ਬੱਕਰੇ ਵਰਗਾ ਹੋਰ ਕੋਈ ਦੂਜਾ ਨਹੀਂ ਹੈ, ਜੋ ਇਨ੍ਹਾਂ ਕੰਮਾਂ ਨਾਲ ਮਿਲਦਾ ਹੋਵੇ, ਤਾਂ ਬੱਕਰੇ ਨੂੰ ਪਹਿਲੇ ਮਿਲਣਾ ਚਾਹੀਦਾ ਹੈ।

ਕਹਾ ਭਯੋ ਭੇਡ ਜੋ ਘੱਸਤ ਸੀਸ ਬ੍ਰਿੱਛਨ ਸੋਂ
ਮਾਟੀ ਕੇ ਭਛੱਯਾ ਬੋਲ ਪੂਛ ਲੀਜੈ ਜੋਕ ਸੌਂ ॥

ਅਰਥ : (ਨੀਂਦ ਨੂੰ ਹਟਾਉਣ ਲਈ ਸਿਰ ਨੂੰ ਦਰਖ਼ਤਾਂ ਨਾਲ ਘਸਾਉਣ ਤੋਂ ਰੱਬ ਮਿਲਦਾ ਹੋਵੇ ਤਾਂ) ਭੇਡ ਸਦਾ ਹੀ ਸਿਰ ਨੂੰ ਦਰਖ਼ਤਾਂ ਨਾਲ ਰਗੜਦੀ ਰਹਿੰਦੀ ਹੈ (ਅਜਿਹਾ ਕਰਨ ਨਾਲ) ਕੀ ਹੋਣਾ ਹੈ ? (ਅਤੇ ਮਿੱਟੀ ਦੇ ਖਾਣ ਨਾਲ ਮਿਲਦਾ ਹੋਵੇ ਤਾਂ) ਮਿੱਟੀ ਨੂੰ ਖਾਣ ਵਾਲੀ ਜੋਕ ਨੂੰ ਸੱਦ ਕੇ ਪੁੱਛ ਲਵੋ (ਕੀ ਉਸ ਨੂੰ ਮਿਲ ਪਿਆ ਹੈ ?)।

ਕਾਮਨਾ ਅਧੀਨ ਕਾਮ ਕ੍ਰੋਧ ਮੈਂ ਪ੍ਰਬੀਨ ਏਕ
ਭਾਵਨਾ ਬਿਹੀਨ ਕੈਸੇ ਭੇਟੈ ਪਰਲੋਕ ਸੌਂ ॥੧੦॥੮੦॥

ਪਦ ਅਰਥ : ਭਾਵਨਾ= ਸ਼ਰਧਾ। ਪਰਲੋਕ= ਜੋ ਲੋਕਾਂ ਤੋਂ ਪਰੇ ਹੈ, ਪਾਰਬ੍ਰਹਮ।

ਅਰਥ : ਜੋ ਇੱਛਾ ਦੇ ਵੱਸ ਵਰਤੀ ਹੈ, ਕਾਮ ਕ੍ਰੋਧ ਵਿਚ ਚਤਰ ਹੈ ਅਤੇ ਇਕ ਸ਼ਰਧਾ ਤੋਂ ਖ਼ਾਲੀ ਹੈ, ਉਹ ਪਾਰਬ੍ਰਹਮ ਨੂੰ ਕਿਸ ਤਰ੍ਹਾਂ ਮਿਲੇਗਾ ? ॥੧੦॥੮੦॥

ਨਾਚਿਓ ਈ ਕਰਤ ਮੋਰ ਦਾਦਰ ਕਰਤ ਸੋਰ
ਸਦਾ ਘਨਘੋਰ ਘਨ ਕਰਿਓ ਈ ਕਰਤ ਹੈਂ ॥

ਪਦ ਅਰਥ : ਦਾਦਰ= ਡੱਡੂ। ਘਨ= ਬੱਦਲ। ਘਨਘੋਰ= ਗੜਗੱਜ।

ਅਰਥ : ਜੇ ਛੈਣੇ ਵਜਾ ਕੇ ਨੱਚਣ, ਟੱਪਣ ਤੇ ਰੌਲਾ ਪਾਉਣ ਨਾਲ ਮਿਲਦਾ ਹੋਵੇ, ਤਾਂ ਮੋਰ ਨਾਚ ਕਰਦਾ ਹੈ। ਡੱਡੂ ਰੌਲਾ ਪਾਂਦੇ ਹਨ ਤੇ ਬੱਦਲ ਸਦਾ ਹੀ ਗੜਗਜ ਕਰਦੇ ਹਨ।

ਏਕ ਪਾਇ ਠਾਢੇ ਸਦਾ ਬਨ ਮੈ ਰਹਤ ਬ੍ਰਿਛ
ਫੂਕ ਫੂਕ ਪਾਵ ਭੂਮ ਸ੍ਰਾਵਗ ਧਰਤ ਹੈਂ ॥

ਅਰਥ : (ਜੇ ਇਕ ਪੈਰ ਦੇ ਭਾਰ ਖਲੋ ਕੇ ਤਪ ਕੀਤਿਆਂ ਮਿਲਦਾ ਹੋਵੇ ਤਾਂ) ਬਨ ਵਿਚ ਬ੍ਰਿਛ ਸਦਾ ਹੀ ਇਕ ਪੈਰ ਦੇ ਭਾਰ ਖੜੇ ਰਹਿੰਦੇ ਹਨ, ਅਤੇ (ਜੀਵਾਂ ਨੂੰ ਦੁਖ ਨਾ ਦੇਣ ਤੋਂ ਮਿਲਦਾ ਹੋਵੇ, ਤਾਂ) ਸ੍ਰੇਵੜੇ ਧਰਤੀ ਨੂੰ [ਫੂਕ ਫੂਕ] ਹੂੰਝ ਹੂੰਝ ਕੇ ਪੈਰ ਰੱਖਦੇ ਹਨ, (ਅਰਥਾਤ ਪੈਰਾਂ ਨਾਲ ਕਿਸੇ ਨੂੰ ਮਿੱਧਦੇ ਨਹੀਂ ਹਨ)।

ਪਾਹਨ ਅਨੇਕ ਜੁਗ ਏਕ ਠਉਰ ਬਾਸੁ ਕਰੈ
ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈਂ ॥

ਅਰਥ : ਜੇ ਇਕ ਥਾਂ ਤੇ ਵੱਸਣ ਨਾਲ ਮਿਲਦਾ ਹੋਵੇ, ਤਾਂ ਪੱਥਰ ਅਨੇਕਾਂ ਜੁਗਾਂ ਤੱਕ ਇਕ ਥਾਂ ਤੇ

ਵਾਸਾ ਰੱਖਦਾ ਹੈ, ਅਤੇ ਜੇ ਫਿਰਨ ਨਾਲ ਮਿਲਦਾ ਹੋਵੇ, ਤਾਂ ਕਾਂ ਅਤੇ ਇੱਲ ਹਮੇਸ਼ਾਂ ਦੇਸਾਂ ਦੇਸਾਂ ਵਿਚ ਫਿਰਦੇ ਰਹਿੰਦੇ ਹਨ ।

ਗਿਆਨ ਕੇ ਬਿਹੀਨ ਮਹਾ ਦਾਨ ਮੈ ਨ ਹੂਜੈ ਲੀਨ
ਭਾਵਨਾ ਯਕੀਨ ਦੀਨ ਕੈਸੇ ਕੈ ਤਰਤ ਹੈਂ ॥੧੧॥੮੧॥

ਅਰਥ : ਜਦ ਕਿ ਗਿਆਨ ਤੋਂ ਹੀਣੇ ਪੁਰਸ਼ [ਮਹਾਦਾਨ] ਵਾਹਿਗੁਰੂ ਵਿਚ ਅਭੇਦ ਨਹੀਂ ਹੋ ਸਕਦੇ, ਤਾਂ ਸ਼ਰਧਾ ਤੇ ਸਿਦਕ ਤੋਂ ਕੰਗਲੇ ਕਿਸ ਤਰ੍ਹਾਂ ਤਰਨਗੇ ? ॥੧੧॥੮੧॥

ਜੈਸੇ ਏਕ ਸ੍ਵਾਂਗੀ ਕਹੂੰ ਜੋਗੀਆ ਬੈਰਾਗੀ ਬਨੈ
ਕਬਹੂੰ ਸਨਿਆਸ ਭੇਸ ਬਨ ਕੈ ਦਿਖਾਵਈ ॥

ਅਰਥ : ਜਿਸ ਤਰ੍ਹਾਂ ਇਕ ਬਹੁਰੂਪੀਆ ਕਦੇ ਜੋਗੀ ਤੇ ਕਦੇ ਬੈਰਾਗੀ ਬਣਦਾ ਹੈ, ਅਤੇ ਕਦੇ ਸੰਨਿਆਸੀ ਰੂਪ ਧਾਰ ਕੇ ਵਿਖਾਉਂਦਾ ਹੈ ।

ਕਹੂੰ ਪਉਨਹਾਰੀ ਕਹੂੰ ਬੈਠੇ ਲਾਇ ਤਾਰੀ
ਕਹੂੰ ਲੋਭ ਕੀ ਖੁਮਾਰੀ ਸੌਂ ਅਨੇਕ ਗੁਨ ਗਾਵਈ ॥

ਪਦ ਅਰਥ : ਤਾਰੀ= ਸਮਾਧੀ । ਖੁਮਾਰੀ= ਮਸਤੀ ।

ਅਰਥ : ਕਦੇ ਪੌਣਾਹਾਰੀ ਹੁੰਦਾ ਹੈ ਕਦੇ ਸਮਾਧੀ ਲਾ ਬੈਠਦਾ ਹੈ, ਅਤੇ ਕਦੀ ਲੋਭ ਦੀ ਮਸਤੀ ਨਾਲ ਅਨੇਕ ਤਰ੍ਹਾਂ ਦੇ ਗੁਣ ਗਾਉਂਦਾ ਹੈ ।

ਕਹੂੰ ਬ੍ਰਹਮਚਾਰੀ ਕਹੂੰ ਹਾਥ ਪੈ ਲਗਾਵੈ ਬਾਰੀ
ਕਹੂੰ ਡੰਡ ਧਾਰੀ ਹੁਇ ਕੈ ਲੋਗਨ ਭ੍ਰਮਾਵਈ ॥

ਪਦ ਅਰਥ : ਬਾਰੀ= ਖੇਤੀ ।

ਅਰਥ : ਕਦੇ ਬ੍ਰਹਮਚਾਰੀ ਹੁੰਦਾ ਹੈ ਅਤੇ ਕਦੇ ਹੱਥ ਉਤੇ ਖੇਤੀ ਉਗਾ ਕੇ ਵਿਖਾਂਦਾ ਹੈ ਅਤੇ ਕਦੇ ਦੰਡਧਾਰੀ ਬਣ ਕੇ ਲੋਕਾਂ ਨੂੰ ਭੁਲੇਖੇ ਵਿਚ ਪਾਂਦਾ ਹੈ ।

ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋਂ
ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ ॥੧੨॥੮੨॥

ਅਰਥ : ਕਾਮਨਾ ਦੇ ਵੱਸ ਹੋ ਕੇ ਨਾਚ ਪਿਆ ਨੱਚਦਾ ਹੈ, ਗਿਆਨ ਤੋਂ ਹੀਣਾ ਹੋਣ ਕਰਕੇ ਬ੍ਰਹਮ ਲੋਕ ਨੂੰ ਕਿਵੇਂ ਪਾਵੇਗਾ ? ॥੧੨॥੮੨॥

ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤਕਾਲ
ਕੁੰਚਰ ਔ ਗਦਹਾ ਅਨੇਕਦਾ ਪੁਕਾਰ ਹੀਂ ॥

ਅਰਥ : ਜਿਵੇਂ ਦਿਨ ਵਿਚ ਪੰਜ ਵੇਲੇ ਗਿੱਦੜ ਬੋਲੇ ਤਾਂ ਸਰਦੀ ਤੇ ਕਾਲ ਪੈਂਦਾ ਹੈ । ਪਰ ਹਾਥੀ

ਤੇ ਗਧਾ ਅਨੇਕਾਂ ਵਾਰ ਬੋਲਦਾ ਹੈ, (ਕੁਝ ਵੀ ਨਹੀਂ ਹੁੰਦਾ। ਇਵੇਂ ਹੀ ਗਿਆਨ ਦੇ ਕਰਮ ਸਫਲੇ ਹਨ, ਅਗਿਆਨੀ ਦੇ ਓਹੀ ਕਰਮ ਸਫਲ ਹਨ)। (ਨੋਟ—ਇਹ ਭੱਡਲੀ ਦਾ ਮੱਤ ਹੈ)।

ਕਹਾ ਭਯੋ ਜੋ ਪੈ ਕਲਵਤ੍ਰ ਲੀਓ ਕਾਂਸੀ ਬੀਚ
ਚੀਰ ਚੀਰ ਚੋਰਟਾ ਕੁਠਾਰਨ ਸੋਂ ਮਾਰ ਹੀਂ॥

ਪਦ ਅਰਥ : ਕਲਵਤ੍ਰ= ਆਰਾ। ਚੋਰਟਾ= ਚੋਰ। ਕੁਠਾਰਨ= ਕੁਹਾੜੇ।

ਅਰਥ : ਜੇਕਰ ਕਾਸ਼ੀ ਵਿਚ ਜਾ ਕੇ ਕਲਵੱਤ੍ਰ ਲੈ ਲਿਆ ਤਾਂ ਕੀ ਹੋਣਾ ਹੈ ? ਕਿਉਂਕਿ ਕਈ ਵਾਰੀ ਚੋਰ ਨੂੰ ਵੀ ਕੁਹਾੜਿਆਂ ਨਾਲ ਚੀਰ ਚੀਰ ਕੇ ਮਾਰ ਦਿੱਤਾ ਜਾਂਦਾ ਹੈ।

ਕਹਾ ਭਯੋ ਫਾਂਸੀ ਡਾਰਿ ਬੂਡਿਓ ਜੜ ਗੰਗ ਧਾਰ
ਡਾਰਿ ਡਾਰਿ ਫਾਂਸ ਠਗ ਮਾਰਿ ਮਾਰਿ ਡਾਰ ਹੀਂ॥

ਪਦ ਅਰਥ : ਜੜ= ਮੂਰਖ। ਡਾਰਿ ਡਾਰਿ= ਪਾ ਪਾ ਕੇ। [1]ਮਾਰਿ ਮਾਰਿ= ਝਟ ਪਟ।

ਅਰਥ : ਜੇ ਕੋਈ ਮੂਰਖ ਆਪਣੇ ਗਲ ਵਿਚ ਫਾਹੀ ਪਾ ਕੇ ਗੰਗਾ ਦੀ ਧਾਰ ਵਿਚ ਡੁੱਬ ਗਿਆ ਤਾਂ ਕੀ ਹੋਣਾ ਹੈ ? (ਕਿਉਂਕਿ ਕਈ ਵਾਰ ਰਾਹ ਮਾਰ) 'ਠੱਗ ਲੋਕ' ਰਾਹੀਆਂ ਦੇ ਗਲ ਵਿਚ ਰੱਸੀ ਪਾ ਪਾ ਕੇ ਝਟ ਪਟ ਮਾਰ ਸੁੱਟਦੇ ਹਨ।

ਡੂਬੇ ਨਰਕ ਧਾਰ ਮੂੜ੍ਹ ਗਿਆਨ ਕੇ ਬਿਨਾ ਬਿਚਾਰ
ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰ ਹੀਂ॥੧੩॥੮੩॥

ਅਰਥ : ਗਿਆਨ ਦੀ ਵਿਚਾਰ ਤੋਂ ਹੀਣੇ ਮੂਰਖ ਨਰਕ ਦੀ ਧਾਰ ਵਿਚ ਡੁੱਬ ਗਏ ਹਨ, (ਕਿਉਂਕਿ) ਸ਼ਰਧਾ ਤੋਂ ਹੀਣੇ ਨੂੰ ਗਿਆਨ ਦੀ ਵਿਚਾਰ ਕਿਸ ਤਰ੍ਹਾਂ ਹੋ ਸਕਦੀ ਹੈ॥੧੩॥੮੩॥

ਤਾਪ ਕੇ ਸਹੇ ਤੇ ਜੋ ਪੈ ਪਾਈਐ ਅਤਾਪ ਨਾਥ
ਤਾਪਨਾ ਅਨੇਕ ਤਨ ਘਾਇਲ ਸਹਤ ਹੈਂ॥

ਪਦ ਅਰਥ : ਅਤਾਪ= ਦੁੱਖਾਂ ਤੋਂ ਰਹਿਤ। ਘਾਇਲ= ਜ਼ਖ਼ਮੀ।

ਅਰਥ : ਜੇਕਰ ਦੁੱਖ ਦੇ ਸਹਾਰਨ ਨਾਲ ਦੁੱਖਾਂ ਤੋਂ ਰਹਿਤ ਸੁਆਮੀ (ਵਾਹਿਗੁਰੂ) ਪਾਈਦਾ ਹੋਵੇ, ਤਾਂ ਜ਼ਖ਼ਮੀ ਪੁਰਸ਼ ਅਨੇਕ ਤਰ੍ਹਾਂ ਦਾ ਦੁੱਖ ਤਨ ਉਤੇ ਸਹਾਰਦਾ ਹੈ।

ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ ਦੇਵ
ਪੂਦਨਾ ਸਦੀਵ ਤੁਹੀਂ ਤੁਹੀਂ ਉਚਰਤ ਹੈਂ॥

ਅਰਥ : ਜੇਕਰ ਜਾਪ ਦੇ ਕਰਨ ਨਾਲ ਨਾ ਜਪੇ ਜਾਣ ਵਾਲਾ ਸੁਆਮੀ ਪਾਈਦਾ ਹੋਵੇ, ਤਾਂ ਪੂਦਨਾ[2]

---

੧. ਹਿੰਦੀ, ਮਾਰਾ ਮਾਰ ਤੋਂ ਮਾਰ ਮਾਰ= ਝਟ ਪਟ, ਬਹੁਤ ਛੇਤੀ (ਵੇਖੋ, ਹਿੰਦ: ਸ਼: ਸਾ: ਸਫਾ ੨੭੩੦)

੨. ਇਕ ਤਰ੍ਹਾਂ ਦਾ ਪੰਛੀ, ਜੋ ਉਤਰੀ ਭਾਰਤ ਵਿਚ ਵੇਖਿਆ ਜਾਂਦਾ ਹੈ, ਇਸ ਦਾ ਰੰਗ ਅਕਸਰ ਭੂਰਾ ਹੁੰਦਾ ਹੈ, ਪਰ ਮੌਸਮ ਦੇ ਪ੍ਰਭਾਵ ਕਰਕੇ ਕੁਝ ਬਦਲਦਾ ਰਹਿੰਦਾ ਹੈ, ਇਸ ਦਾ ਕੱਦ ੭ ਇੰਚ ਹੁੰਦਾ ਹੈ ਇਹ ਜ਼ਮੀਨ ਤੇ ਤੁਰਦਾ ਹੈ, ਅਤੇ ਘਾਹ ਦਾ ਆਲ੍ਹਣਾ ਬਣਾ ਕੇ ਰਹਿੰਦਾ ਹੈ, ਇਸ ਦੀ ਬੋਲੀ ਤੁਹੀ-ਤੁਹੀ ਸਮਝ ਪੈਂਦੀ ਹੈ।

ਸਦਾ ਹੀ ਤੁਹੀ-ਤੁਹੀ ਉਚਰਦਾ ਹੈ।

ਨਭ ਕੇ ਉਡੇ ਤੇ ਜੋ ਪੈ ਨਾਰਾਇਣ ਪਾਈਯਤ
ਅਨਲ ਅਕਾਸ ਪੰਛੀ ਡੋਲਬੋ ਕਰਤ ਹੈਂ ॥

ਅਰਥ : ਅਕਾਸ਼ ਵਿਚ ਉਡਨ ਨਾਲ ਜੇਕਰ ਨਾਰਾਇਣ ਪਾਈਦਾ ਹੈ, ਤਾਂ ਅਨਲ ਪੰਛੀ* ਸਦਾ ਹੀ ਅਕਾਸ਼ ਵਿਚ ਫਿਰਨਾ ਕਰਦਾ ਹੈ।

ਆਗ ਮੈ ਜਰੇ ਤੇ ਗਤਿ ਰਾਂਡ ਕੀ ਪਰਤ ਕਰ
ਪਤਾਲ ਕੇ ਬਾਸੀ ਕਿਉ ਭੁਜੰਗ ਨ ਤਰਤ ਹੈਂ ॥੧੪॥੮੪॥

ਪਦ ਅਰਥ : ਕਰ= ਹੱਥ। ਗਤਿ= ਮੁਕਤੀ। ਭੁਜੰਗ= ਸੱਪ। ਤਰਤ= ਮੁਕਤ ਹੁੰਦੇ।

ਅਰਥ : ਅੱਗ ਵਿਚ ਸੜਨ ਨਾਲ ਮੁਕਤੀ ਮਿਲਦੀ ਹੈ, ਤਾਂ ਪਤੀ ਨਾਲ ਸੜਨ ਵਾਲੀ ਰੰਡੀ ਦੇ ਹੱਥ ਮੁਕਤੀ ਮਿਲਣੀ ਚਾਹੀਦੀ ਹੈ ਅਤੇ ਗੁਫਾ ਵੱਸਣ ਨਾਲ ਮੁਕਤ ਮਿਲ ਸਕਦੀ ਹੈ ਤਾਂ ਪਤਾਲ ਵਿਚ ਵੱਸਣ ਵਾਲੇ ਸੱਪ ਕਿਉਂ ਨਹੀਂ ਮੁਕਤ ਹੁੰਦੇ ॥੧੪॥੮੪॥

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥

ਪਦ ਅਰਥ : ਮੁੰਡੀਆ= ਰਾਮਾਨੰਦੀ ਸਾਧੂ, ਬੈਰਾਗੀ। ਅਨੁਮਾਨਬੋ= ਅਨੁਮਾਨ ਕੀਤਾ ਜਾਂਦਾ।

ਅਰਥ : ਕੋਈ ਬੈਰਾਗੀ ਹੋਇਆ ਹੈ, ਕੋਈ ਸੰਨਿਆਸੀ ਤੇ ਜੋਗੀ ਹੋਇਆ ਹੈ, ਅਤੇ ਕੋਈ ਬ੍ਰਹਮਚਾਰੀ ਤੇ ਕੋਈ ਜਤੀ ਵੇਖਿਆ ਜਾਂਦਾ ਹੈ।

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥

ਪਦ ਅਰਥ : ਰਾਫਜੀ= ਸ਼ੀਆ। ਇਮਾਮ ਸਾਫੀ= ਸ਼ਾਫਈ ਇਮਾਮ ਦਾ ਚੇਲਾ, ਭਾਵ ਸੁੰਨੀ। ਜਾਤ= ਪੈਦਾਇਸ਼।

ਅਰਥ : ਕੋਈ ਹਿੰਦੂ ਹੈ, ਕੋਈ ਮੁਸਲਮਾਨ, ਫਿਰ ਕੋਈ ਸ਼ੀਆ ਹੈ, ਕੋਈ ਸੁੰਨੀ ਹੈ, ਪਰ ਸਾਰੇ ਮਨੁੱਖਾਂ ਦੀ ਪੈਦਾਇਸ਼ ਤਾਂ ਇਕੋ ਜਿਹੀ ਪਛਾਣੀ ਜਾਂਦੀ ਹੈ।

ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥

** ਸੰਸਕ੍ਰਿਤ= ਅਲਿਲਪੱਖ, ਅਰਬੀ= ਉਨਕ। ਇਹ ਇਕ ਤਰ੍ਹਾਂ ਦਾ ਪੰਛੀ ਹੈ, ਕਹਿੰਦੇ ਹਨ, ਇਹ ਸਦਾ ਉਡਦਾ ਰਹਿੰਦਾ ਹੈ ਅਤੇ ਉਡਦਾ ਜਾਂਦਾ ਹੀ ਅੰਡਾ ਸੁੱਟ ਦੇਂਦਾ ਹੈ, ਜੋ ਜ਼ਮੀਨ ਤੇ ਆਉਣ ਤੋਂ ਪਹਿਲੇ ਹੀ ਪੱਕ ਕੇ ਟੁੱਟ ਜਾਂਦਾ ਹੈ ਅਤੇ ਉਸ ਵਿਚੋਂ ਬੱਚਾ ਨਿਕਲ ਕੇ ਉੱਡਣ ਲੱਗ ਪੈਂਦਾ ਹੈ, ਇਸ ਦੀ ਮਦੀਨ ਦਾ ਨਾਮ 'ਮਨਲ' ਹੈ। ਯਥਾ— 'ਅਨਲ ਮਨਲ ਦੁਇ ਪੰਖਣੂ ਲੈਣ ਉਡਾਰੀ ਅੰਤ ਨਾ ਜਾਣੈ।' (ਵਾ. ਭਾਈ ਗੁਰਦਾਸ)। ਜਨਮ ਸਾਖੀ ਵਿਚ ਇਸ ਦਾ ਨਾਮ 'ਅਲਲਾਚੀਨ ਪੰਛੀ' ਲਿਖਿਆ ਹੈ। ਵੇਖੋ ਪ੍ਰਹਿਲਾਦ ਭਗਤ ਦੀ ਸਾਖੀ।*

ਅਰਥ : ਸਭ ਦੇ ਕਰਨ ਵਾਲਾ ਕ੍ਰਿਪਾਲੂ ਓਹੀ (ਹੈ, ਸਭ ਨੂੰ) ਰਿਜ਼ਕ ਦੇਣ ਵਾਲਾ ਦਿਆਲੂ ਓਹੀ ਹੈ, ਹੋਰ ਕੋਈ ਦੂਜਾ ਨਹੀਂ ਹੈ (ਤਾਂ ਇਸ ਹਿੰਦੂ ਤੁਰਕ ਰੂਪ) ਭੇਦ ਨੂੰ ਭਰਮ ਦੀ ਭੁਲ ਮੰਨੋ, ਭਾਵ ਭਰਮ ਦੇ ਭੁਲਾਵੇ ਵਿਚ ਪੈ ਕੇ ਵੱਖੋ ਵੱਖਰੇ ਫ਼ਿਰਕੇ ਕਾਇਮ ਕਰ ਲਏ ਹਨ।

ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥

ਪਦ ਅਰਥ : ਗੁਰਦੇਵ= ਵੱਡਾ ਪ੍ਰਕਾਸ਼ਕ। ਜੋਤ= ਪ੍ਰਕਾਸ਼ ਸ਼ਕਤੀ ਜਾਂ ਚੇਤੰਨ ਸ਼ਕਤੀ।

ਅਰਥ : ਇਕੋ ਦੀ ਹੀ ਸੇਵਾ ਕਰੋ, ਕਿਉਂਕਿ ਸਭਨਾਂ ਦਾ ਵੱਡਾ ਤੇ ਪ੍ਰਕਾਸ਼ਕ ਇਕੋ ਹੈ, ਸਾਰੇ ਉਸ ਇਕੋ ਦਾ ਹੀ ਸਰੂਪ ਹਨ, ਕਿਉਂਕਿ ਸਭਨਾਂ ਵਿਚ ਇਕੋ ਦੀ ਜੋਤ ਚੇਤਨ ਸ਼ਕਤੀ ਜਾਣੀਦੀ ਹੈ ॥੧੫॥੮੫॥

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥

ਅਰਥ : ਮੰਦਰ ਤੇ ਮਸੀਤ ਓਹੀ ਹੈ, ਪੂਜਾ ਤੇ ਨਮਾਜ਼ ਓਹੀ ਹੈ, ਸਾਰੇ ਮਨੁੱਖ ਇਕੋ ਹਨ, ਪਰ ਭ੍ਰਮਾਉ= ਭੁਲੇਖਾ ਅਨੇਕ ਤਰ੍ਹਾਂ ਦਾ ਹੈ।

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥

ਅਰਥ : ਦੇਵਤੇ, ਦੈਂਤ, ਜੱਛ, ਗੰਧ੍ਰਬ, ਮੁਸਲਮਾਨ ਤੇ ਹਿੰਦੂ ਇਹ ਜੋ ਕੁਝ ਦਿੱਸਦਾ ਹੈ, ਇਹ ਸਭ ਵੱਖੋ ਵੱਖਰੇ ਦੇਸਾਂ ਦੇ [ਭੇਸ] ਲਿਬਾਸ ਦਾ ਪ੍ਰਤਾਪ ਹੈ, (ਭਾਵ ਜਿਵੇਂ ਸੂਰਜ ਦਾ ਪ੍ਰਕਾਸ਼ ਇਕ ਹੈ, ਪਰ ਸ਼ੀਸ਼ੇ ਵੱਖੋ ਵੱਖਰੇ ਹੋਣ ਕਰਕੇ ਉਹ ਪ੍ਰਕਾਸ਼ ਅਨੇਕ ਤਰ੍ਹਾਂ ਦਾ ਪ੍ਰਤੀਤ ਹੁੰਦਾ ਹੈ, ਇਸੇ ਤਰ੍ਹਾਂ ਆਤਮਾ ਤਾਂ ਇਕ ਹੈ, ਪਰ ਵੱਖੋ ਵੱਖਰੇ ਦੇਸਾਂ ਦੇ ਭੇਸ ਕਰਕੇ ਹਿੰਦੂ ਮੁਸਲਮਾਨ, ਦੇਵਤੇ, ਦੈਂਤ ਆਦਿਕ ਪ੍ਰਤੀਤ ਹੋ ਰਿਹਾ ਹੈ)।

ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥

ਪਦ ਅਰਥ : ਬਾਨ= ਬਨਾਵਟ= ਖਾਕ= ਮਿੱਟੀ। ਬਾਦ= ਹਵਾ। ਆਤਸ= ਅੱਗ। ਆਬ= ਪਾਣੀ।

ਅਰਥ : ਸਭ ਦੀਆਂ ਅੱਖਾਂ ਇਕੋ ਜਿਹੀਆਂ ਹਨ, ਕੰਨ ਇਕੋ ਜਿਹੇ ਹਨ, ਦੇਹ ਇਕੋ ਜਿਹੀ ਹੈ, ਬਨਾਵਟ ਇਕੋ ਜਿਹੀ ਹੈ, ਕਿਉਂਕਿ ਸਾਰੀ (ਰਚਨਾ) ਪੰਜਾਂ* ਤੱਤਾਂ ਦੇ ਇਕੱਠ ਤੋਂ ਹੋਈ ਹੈ।

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥

ਅਰਥ : ਜੋ [ਅਲਾਹ] ਜਾਣਿਆ ਨਹੀਂ ਜਾਂਦਾ, ਉਸੇ ਦਾ ਨਾਮ ਅਭੇਖ ਹੈ, ਜਿਸ ਦਾ ਪੁਰਾਣ ਵਿਚ ਕਥਨ ਹੈ, ਉਸੇ ਦਾ ਜ਼ਿਕਰ ਕੁਰਾਨ ਵਿਚ ਹੈ, ਕਿਉਂਕਿ ਸਾਰੇ ਇਕੋ ਦਾ ਸਰੂਪ ਹਨ ਅਤੇ ਇਕੋ ਦੀ ਹੀ

** ਹਿੰਦੂ ਗ੍ਰੰਥਾਂ ਵਿਚ ਰਚਨਾ ਪੰਜਾਂ ਤੱਤਾਂ ਅਤੇ ਇਸਲਾਮੀ ਕਿਤਾਬਾਂ ਵਿਚ ਚੌਹ ਤੱਤਾਂ ਦਾ ਇਕੱਠ ਮੰਨੀ ਹੈ।*

ਬਨਾਵਟ ਹਨ ॥੧੬॥੮੬॥

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥

ਅਰਥ : ਜਿਸ ਤਰ੍ਹਾਂ ਇਕ ਅੱਗ ਤੋਂ ਕ੍ਰੋੜਾਂ [ਕਨੂਕਾ] ਚਿਣਗਾਂ ਅੱਗ ਦੀਆਂ ਪੈਦਾ ਹੋ ਜਾਂਦੀਆਂ ਹਨ ਅਤੇ ਵਖੋ ਵਖਰੇ ਹੋ ਕੇ ਵੀ ਫੇਰ ਅੱਗ ਵਿਚ ਹੀ ਮਿਲ ਜਾਂਦੀਆਂ ਹਨ ।

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿੰਗੇ ॥

ਪਦ ਅਰਥ : ਧੂਰ ਪੂਰਤ= ਖ਼ਾਕ ਦੇ ਪੁਤਲੇ, ਖ਼ਾਕ ਦੇ ਜ਼ੱਰਰੇ, ਜੋ ਪੈਰਾਂ ਨਾਲ ਉਡੀ ਮਿੱਟੀ ਤੋਂ ਬਾਹਰ ਡਿਗਦੇ ਪ੍ਰਤੀਤ ਹੁੰਦੇ ਹਨ ।

ਅਰਥ : ਜਿਸ ਤਰ੍ਹਾਂ ਇਕ ਖ਼ਾਕ ਤੋਂ ਅਨੇਕਾਂ ਖ਼ਾਕ-ਜ਼ੱਰਰੇ ਪੈਦਾ ਹੁੰਦੇ ਹਨ ਅਤੇ ਖ਼ਾਕ ਦੇ ਕਿਨਕੇ (ਰੇਜ਼ੇ) ਫਿਰ ਖ਼ਾਕ ਦੇ ਵਿਚ ਹੀ ਸਮਾ ਜਾਂਦੇ ਹਨ ।

ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈਂ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ ॥

ਪਦ ਅਰਥ : ਨਦ= ਸਮੁੰਦਰ । ਤਰੰਗ= ਲਹਿਰਾਂ । ਪਾਨ= ਪਾਣੀ ।

ਅਰਥ : ਜਿਸ ਤਰ੍ਹਾਂ ਇਕ ਸਮੁੰਦਰ ਤੋਂ ਕ੍ਰੋੜਾਂ ਲਹਿਰਾਂ ਪੈਦਾ ਹੋ ਜਾਂਦੀਆਂ ਹਨ, ਪਰ ਪਾਣੀ ਦੀਆਂ ਲਹਿਰਾਂ ਸਭ ਪਾਣੀ ਹੀ ਕਹਾਉਂਦੀਆਂ ਹਨ ।

ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੁਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥

ਪਦ ਅਰਥ : ਬਿਸ੍ਵ ਰੂਪ= ਵਿਰਾਟ ਰੂਪ । ਅਭੂਤ= ਜੜ੍ਹ । ਭੂਤ= ਚੇਤਨ ।

ਅਰਥ : ਉਸੇ ਤਰ੍ਹਾਂ ਵਿਰਾਟ ਰੂਪ ਤੋਂ ਜੜ੍ਹ ਚੇਤਨ ਪ੍ਰਗਟ ਹੋਏ ਹਨ, ਉਸੇ ਤੋਂ ਪੈਦਾ ਹੋਏ ਹਨ ਤੇ ਉਸ ਦੇ ਵਿਚ ਹੀ ਲੀਨ ਹੋ ਜਾਣਗੇ ॥੧੭॥੮੭॥

ਕੇਤੇ ਕੱਛ ਮੱਛ ਕੇਤੇ ਉਨ ਕਉ ਕਰਤ ਭੱਛ
ਕੇਤੇ ਅੱਛ ਵੱਛ ਹੁਇ ਸਪੱਛ ਉਡ ਜਾਹਿੰਗੇ ॥

ਅਰਥ : ਕਿੰਨੇ ਹੀ ਕੱਛੂ ਤੇ ਮੱਛ ਹਨ, ਕਿੰਨੇ ਹੀ ਉਹਨਾਂ ਨੂੰ ਭੱਛਨ ਕਰਦੇ ਹਨ, ਕਿੰਨੇ ਹੀ [ਅੱਛ ਵੱਛ]* ਅਨਲ ਪੰਛੀ ਹਨ ਜੋ ਖੰਭਾਂ ਵਾਲੇ ਹੋ ਕੇ ਸਦਾ ਉਡਦੇ ਜਾਂਦੇ ਹਨ।

ਕੇਤੇ ਨਭ ਬੀਚ ਅੱਛ ਪੱਛ ਕਉ ਕਰੈਂਗੇ ਭੱਛ

** ਸੰਪ੍ਰਦਾਈ ਗਿਆਨੀ 'ਅੱਛ' ਦਾ ਅਰਥ 'ਅੰਡਾ' ਤੇ 'ਵੱਛ' ਦਾ 'ਬੱਚਾ' ਅਰਥ ਕਰਦੇ ਹਨ ।*

ਕੇਤਕ ਪ੍ਰਤੱਛ ਹੁਇ ਪਚਾਇ ਖਾਇ ਜਾਹਿੰਗੇ ॥

ਅਰਥ : ਕਿੰਨੇ ਹੀ [ਨਭ] ਅਕਾਸ਼ ਵਿਚਲੇ ਅਨਲ ਪੰਛੀਆਂ ਨੂੰ ਵੀ ਭੱਛਨ ਕਰ ਜਾਂਦੇ ਹਨ ਅਤੇ ਕਿੰਨੇ ਹੀ ਉਹਨਾਂ ਪ੍ਰਗਟ ਹੋਇਆਂ ਨੂੰ ਖਾ ਕੇ ਪਚ (ਹਜ਼ਮ ਕਰ) ਜਾਣ ਵਾਲੇ ਹਨ।

ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ
ਕਾਲ ਕੇ ਬਨਾਇ ਸਬੈ ਕਾਲ ਹੀ ਚਬਾਹਿੰਗੇ ॥

ਅਰਥ : ਕੀ* ਜਲ (ਵਾਸੀ), ਕੀ (ਥਲ ਵਾਸੀ), ਕੀ ਅਕਾਸ਼ ਚਾਰੀ ਸਾਰੇ ਕਾਲ ਦੇ ਬਣਾਏ ਹੋਏ ਹਨ ਅਤੇ ਸਭਨਾਂ ਨੂੰ ਕਾਲ ਹੀ ਖਾ ਜਾਏਗਾ।

ਤੇਜ ਜਿਉ ਅਤੇਜ ਮੈ ਅਤੇਜ ਜੈਸੇ ਤੇਜ ਲੀਨ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੮॥੮੮॥

ਅਰਥ : ਜਿਵੇਂ [ਤੇਜ] ਚਾਨਣ [ਅਤੇਜ] ਹਨੇਰੇ ਵਿਚ ਅਤੇ ਜਿਵੇਂ ਹਨੇਰਾ ਚਾਣਨੇ ਵਿਚ ਲੀਨ ਹੈ, ਤਿਵੇਂ ਹੀ ਸਾਰੇ ਉਸ ਤੋਂ ਪੈਦਾ ਹੋਏ ਹਨ ਅਤੇ ਉਸ ਵਿਚ ਹੀ ਸਮਾ ਜਾਣਗੇ॥੧੮॥੮੮॥

ਭਾਵ : ਨਯਾਯ ਦਾ ਸਿਧਾਂਤ ਹੈ ਕਿ 'ਤੇਜਾਭਾਵਾਤਮ:' ਪ੍ਰਕਾਸ਼ ਦੀ ਅਨਹੋਂਦ ਹੀ ਹਨੇਰਾ ਹੈ, ਅੰਧਕਾਰ ਵੱਖਰੀ ਹਸਤੀ ਨਹੀਂ ਹੈ, ਪ੍ਰਕਾਸ਼ ਦਾ ਅਭਾਵ ਹੋਵੇ ਤਾਂ ਅੰਧਕਾਰ, ਪ੍ਰਕਾਸ਼ ਦੀ ਹੋਂਦ ਅੰਧਕਾਰ ਦਾ ਅਭਾਵ ਹੈ, ਇਵੇਂ ਗਿਆਨ ਦਾ ਅਭਾਵ ਅਗਯਾਨ ਹੈ, ਗਿਆਨ ਦੀ ਹੋਂਦ ਅਗਯਾਨ ਦਾ ਅਭਾਵ ਹੈ। ਇਹੋ ਜੁਗਤੀ ਸੰਸਾਰ ਰਚਨਾ ਦੀ ਹੈ, ਇਕ ਦੀ ਏਕਤ੍ਵ ਦੀ ਅਨਹੋਂਦ ਅਨੇਕਤ੍ਵ ਹੈ, ਇਕ ਅਨੇਕਤ੍ਵ ਹੁੰਦੀ ਹੋਈ ਭੀ ਏਕਤ੍ਵ ਦੇ ਅੰਤਰਭੂਤ ਹੈ, ਉਸ ਤੋਂ ਭਿੰਨ ਨਹੀਂ ਹੈ।

ਕੂਕਤ ਫਿਰਤ ਕੇਤੇ ਰੋਵਤ ਮਰਤ ਕੇਤੇ
ਜਲ ਮੈਂ ਡੁਬਤ ਕੇਤੇ ਆਗ ਮੈਂ ਜਰਤ ਹੈਂ ॥

ਅਰਥ : ਕਿੰਨੇ ਕੂਕਦੇ ਫਿਰਦੇ ਹਨ, ਕਿੰਨੇ ਹੀ ਰੋਂਦੇ ਮਰ ਜਾਂਦੇ ਹਨ। ਕਿੰਨੇ ਹੀ ਪਾਣੀ ਵਿਚ ਡੁਬਦੇ ਹਨ ਅਤੇ ਕਿੰਨੇ ਹੀ ਅੱਗ ਵਿਚ ਸੜਦੇ ਹਨ।

ਕੇਤੇ ਗੰਗ ਬਾਸੀ ਕੇਤੇ ਮਦੀਨਾ ਮਕਾ ਨਿਵਾਸੀ

---

* *ਗਿਆਨੀ ਕਿਹਾ ਕਰਦੇ ਹਨ—ਇਕੇਰਾਂ ਦਸਮੇਸ਼ ਸਵਾਮੀ ਜੀ ਸਤਲੁਜ ਦੇ ਕਿਨਾਰੇ ਕਿਨਾਰੇ ਜਾ ਰਹੇ ਸਨ, ਇਕ ਬਾਰਾਂ ਸਿੰਗਾ ਪਾਣੀ ਪੀਣ ਆਇਆ, ਅਗੇ ਦਰਿਆ ਵਿਚ ਮੱਛੀ ਜਾਲਾ ਖਾ ਰਹੀ ਸੀ। ਜਦ ਬਾਰਾਂ ਸਿੰਗੇ ਨੇ ਪਾਣੀ ਵਿਚ ਮੂੰਹ ਪਾਇਆ ਤਾਂ ਉਹ ਮੱਛੀ ਉਛਲ ਕੇ ਉਸ ਦੇ ਸਿੰਗਾਂ ਵਿਚ ਫਸ ਗਈ। ਉਪਰੋਂ ਇੱਲ ਨੇ ਵੇਖਿਆ ਕਿ ਮੇਰਾ ਸ਼ਿਕਾਰ ਹੈ, ਉਸ ਨੂੰ ਝਪੱਟਾ ਮਾਰਿਆ ਤੇ ਉਹ ਵੀ ਸਿੰਗਾਂ ਵਿਚ ਫਸ ਗਈ। ਪਿਛੋਂ ਸ਼ਿਕਾਰੀ ਨੇ ਆ ਕੇ ਬਾਰਾਂ ਸਿੰਗੇ ਨੂੰ ਤੀਰ ਮਾਰਿਆ, ਉਹ ਵੀ ਉਥੇ ਡਿੱਗਾ। ਸ਼ਿਕਾਰੀ ਨੇ ਤਿੰਨੇ ਸ਼ਿਕਾਰ—ਬਾਰਾਂ ਸਿੰਗਾ, ਮੱਛੀ ਤੇ ਇੱਲ ਕਾਬੂ ਕੀਤੇ। ਉਸ ਅਵਸਥਾ ਨੂੰ ਵੇਖ ਕੇ ਸ੍ਰੀ ਹਜ਼ੂਰ ਜੀ ਨੇ ਫ਼ੁਰਮਾਇਆ—ਕਿਥੇ ਜਲ (ਵਿਚ ਰਹਿਣ ਵਾਲੀ ਮੱਛੀ), ਕਿਥੇ ਥਲ (ਵਿਚ ਫਿਰਨ ਵਾਲਾ ਬਾਰਾਂ ਸਿੰਗਾ) ਕਿਥੇ ਅਕਾਸ਼ ਵਿਚ ਉਡਨ ਵਾਲੀ (ਇੱਲ, ਇਕੋ ਸਮੇਂ ਤਿੰਨਾਂ ਦਾ ਸ਼ਿਕਾਰ ਹੋ ਕੇ ਇਕੋ ਨੂੰ ਮਿਲਦਾ ਹੈ, ਇਹ) ਸਭ ਕਾਲ ਦੀ ਹੀ ਖੇਡ ਹੈ।*

ਕੇਤਕ ਉਦਾਸੀ ਕੇ ਭ੍ਰਮਾਏ ਈ ਫਿਰਤ ਹੈਂ ॥

ਅਰਥ : ਕਿੰਨੇ ਹੀ ਗੰਗਾ ਵਾਸੀ ਹਨ, ਕਿੰਨੇ ਹੀ ਮੱਕਾ[1] ਤੇ ਮਦੀਨੇ ਦੇ ਰਹਿਣ ਵਾਲੇ ਹਨ, ਕਿੰਨੇ ਹੀ ਉਦਾਸੀ ਨੂੰ (ਧਾਰ ਕੇ) ਭੌਂਦੇ ਹੀ ਫਿਰਦੇ ਹਨ ।

ਕਰਵਤ ਸਹਤ ਕੇਤੇ ਭੂਮਿ ਮੈ ਗਡਤ ਕੇਤੇ
ਸੂਆ ਪੈ ਚੜ੍ਹਤ ਕੇਤੇ ਦੂਖ ਕਉ ਭਰਤ ਹੈਂ ॥

ਅਰਥ : ਕਈ ਕਲਵਤ੍ਰ ਸਹਾਰਦੇ ਹਨ, ਕਈ ਧਰਤੀ ਵਿਚ ਦੱਬੇ ਜਾਂਦੇ ਹਨ, ਕਈ [ਸੂਆ] ਸੂਲੀ ਉਤੇ ਚੜ੍ਹਦੇ ਹਨ ਕਈ ਹੋਰ ਅਨੇਕ ਤਰ੍ਹਾਂ ਦੇ ਦੁੱਖਾਂ ਨੂੰ ਬਰਦਾਸ਼ਤ ਕਰਦੇ ਹਨ ।

ਗੈਨ ਮੈਂ ਉਡਤ ਕੇਤੇ ਜਲ ਮੈਂ ਰਹਤ ਕੇਤੇ
ਗਿਆਨ ਕੇ ਬਿਹੀਨ ਜਕ ਜਾਰੇ ਈ ਮਰਤ ਹੈਂ ॥੧੯॥੮੯॥

ਅਰਥ : ਕਿੰਨੇ ਹੀ [ਗੈਨ] ਅਕਾਸ਼ ਵਿਚ ਉਡਦੇ ਹਨ, ਕਿੰਨੇ ਹੀ ਜਲ ਵਿਚ ਰਹਿੰਦੇ ਹਨ, ਕਈ ਗਿਆਨ ਤੋਂ ਹੀਣ [ਜੱਕ[2]] ਮਚਦੀ ਅੱਗ ਵਿਚ ਜਾ [ਜਾਰੇ ਈ] ਸੜ ਕੇ ਹੀ ਮਰ ਜਾਂਦੇ ਹਨ ॥੧੯॥੮੯॥

ਸੋਧ ਹਾਰੇ ਦੇਵਤਾ ਬਿਰੋਧ ਹਾਰੇ ਦਾਨੋ ਬਡੇ
ਬੋਧ ਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ ॥

ਪਦ ਅਰਥ : ਸੋਧ= ਸੌਂਧ, ਸੁਗੰਧੀ । ਹਾਰੇ= ਵਾਲੇ । (੨) ਹਾਰ ਗਏ, ਇਸ ਹਾਰੇ ਵਿਚ ਸਲੇਖ ਹੈ। ਬਿਰੋਧ= ਦੁਸ਼ਮਨੀ । ਬੋਧ= ਗਿਆਨ । ਬੋਧਕ= ਗਿਆਨ ਕਰਤਾ । ਪ੍ਰਬੋਧ= ਚੰਗੀ ਸਮਝ ।

ਅਰਥ : ਸੁਗੰਧੀ (ਚੜ੍ਹਾਨ) ਵਾਲੇ ਦੇਵਤੇ ਹਾਰ ਗਏ ਹਨ, ਦੁਸ਼ਮਣੀ ਕਰਨ ਵਾਲੇ ਦੈਂਤ ਹਾਰ ਗਏ ਹਨ, ਗਿਆਨ ਵਾਲੇ ਗਿਆਨ-ਕਰਤਾ ਹਾਰ ਗਏ ਹਨ, ਅਤੇ ਚੰਗੀ ਸਮਝ ਵਾਲੇ [ਜਾਪਸੀ] ਜਪ ਕਰਤਾ ਵੀ ਹਾਰ ਗਏ ਹਨ ।

ਘਸ ਹਾਰੇ ਚੰਦਨ ਲਗਾਇ ਹਾਰੇ ਚੋਆ ਚਾਰੁ
ਪੂਜ ਹਾਰੇ ਪਾਹਨ ਚਢਾਇ ਹਾਰੇ ਲਾਪਸੀ ॥

ਅਰਥ : ਚੰਦਨ ਘਸਾਨ ਵਾਲੇ ਹਾਰ ਗਏ ਹਨ, [ਚੋਆ ਚਾਰੁ] ਸੁੰਦਰ ਅਤਰ ਲਗਾਉਣ ਵਾਲੇ ਹਾਰ ਗਏ ਹਨ, ਠਾਕਰਾਂ ਨੂੰ ਪੂਜਾਣ ਵਾਲੇ ਹਾਰ ਗਏ ਹਨ ਅਤੇ [ਲਾਪਸੀ] ਮਿੱਠੀ ਕੜ੍ਹੀ ਚੜ੍ਹਾਉਣ ਵਾਲੇ ਹਾਰ ਗਏ ਹਨ ।

ਗਾਹ ਹਾਰੇ ਗੋਰਨ ਮਨਾਇ ਹਾਰੇ ਮੜ੍ਹੀ ਮੱਟ

---

੧. ਮੱਕੇ ਮਦੀਨੇ ਦਾ ਹਾਲ ਜਾਣਨ ਲਈ ਵੇਖੋ ਮੇਰਾ ਬਣਾਇਆ ਪੁਸਤਕ 'ਗਿਆਨ ਰਤਨ ਮਾਲਾ' ਲਈ ੧, ਮਣਕਾ ੩੨ ਤੇ ੩੭ ।

੨. ਅਰਬੀ, ਜ਼ਕਾ= ਲਟ ਲਟ ਕਰਦੀ ਹੋਈ ਅੱਗ । ਪਰ ਸੰਪ੍ਰਦਾਈ ਅਰਥ ਕਰਦੇ ਹਨ— 'ਜਕ= ਹਠੀਏ। ਜ਼ਾਰੇਈ= ਜੜ੍ਹਤਾਈ' ਹਠੀਏ ਮੂਰਖਤਾ ਕਰਦੇ ਮਰਦੇ ਹਨ ।

ਲੀਪ ਹਾਰੇ ਭੀਤਨ ਲਗਾਇ ਹਾਰੇ ਛਾਪਸੀ ॥

ਅਰਥ : [ਗੋਰਨ] ਕਬਰਾਂ ਤੋਂ [ਗਾਹ] ਫਿਰਨ ਵਾਲੇ ਹਾਰ ਗਏ ਹਨ, ਮੜ੍ਹੀਆਂ-ਮੱਠਾਂ ਨੂੰ ਮਨਾਣ ਵਾਲੇ ਹਾਰ ਗਏ ਹਨ, [ਭੀਤਨ] ਕੰਧਾ ਨੂੰ *ਲਿੰਬਣ ਵਾਲੇ ਹਾਰ ਗਏ ਹਨ ਅਤੇ [ਛਾਪਸੀ] ਛਾਪੇ ਲੁਆਉਣ ਵਾਲੇ ਵੀ ਹਾਰ ਗਏ ਹਨ।

ਗਾਇ ਹਾਰੇ ਗੰਧ੍ਰਬ ਬਜਾਇ ਹਾਰੇ ਕਿੰਨਰ ਸਭ
ਪਚ ਹਾਰੇ ਪੰਡਤ ਤਪੰਤ ਹਾਰੇ ਤਾਪਸੀ ॥੨੦॥੯੦॥

ਅਰਥ : (ਰਾਗ) ਗਾਉਣ ਵਾਲੇ ਗੰਧ੍ਰਬ ਹਾਰ ਗਏ ਹਨ, (ਸਾਜ) ਵਜਾਉਣ ਵਾਲੇ ਕਿੰਨਰ ਹਾਰ ਗਏ ਹਨ ਅਤੇ [ਤਪੰਤ] ਤਪ ਕਰਨ ਵਾਲੇ ਤਪਸੀ ਲੋਕ ਹਾਰ ਗਏ ਹਨ (ਪਰ ਉਸ ਦੇ ਭੇਦ ਨੂੰ ਕਿਸੇ ਨੇ ਵੀ ਪਾਇਆ ਨਹੀਂ ਹੈ ॥੨੦॥੯੦॥

ਤ੍ਵ ਪ੍ਰਸਾਦਿ ॥ ਭੁਜੰਗ ਪ੍ਰਯਾਤ ਛੰਦ ॥

ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥ ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ ॥
ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ॥
ਨ ਮਿੱਤ੍ਰੰ ਨ ਸੱਤ੍ਰੰ ਨ ਪਿੱਤ੍ਰੰ ਨ ਮਾਤੰ ॥੧॥੯੧॥

ਅਰਥ : ਨਾ ਉਸ ਦਾ ਕਿਸੇ ਨਾਲ ਰਾਗ ਹੈ, ਨਾ ਉਸ ਦਾ ਕੋਈ ਰੰਗ ਹੈ, ਨਾ ਰੂਪ ਹੈ, ਨਾ ਰੇਖ ਹੈ। ਨਾ ਉਸ ਦਾ ਕਿਸੇ ਨਾਲ ਮੋਹ ਹੈ, ਨਾ ਕ੍ਰੋਧ ਹੈ, ਨਾ ਦ੍ਰੋਹ ਹੈ, ਨਾ ਦਵੈਖ ਹੈ। ਨਾ ਉਸ ਲਈ ਕੋਈ ਕਰਮ ਹੈ, ਨਾ ਉਸ ਨੂੰ ਭਰਮ ਹੈ, ਨਾ ਉਸ ਦਾ ਜਨਮ ਹੈ, ਨਾ ਜਾਤਿ ਹੈ। ਨਾ ਉਸ ਦਾ ਕੋਈ ਮਿੱਤਰ ਹੈ, ਨਾ ਵੈਰੀ ਹੈ, ਨਾ ਪਿਊ ਹੈ, ਨਾ ਮਾਂ ਹੈ ॥੧॥੯੧॥

ਨ ਨੇਹੰ ਨ ਗੇਹੰ ਨ ਕਾਮੰ ਨ ਧਾਮੰ ॥ ਨ ਪੁੱਤ੍ਰੰ ਨ ਮਿੱਤ੍ਰੰ ਨ ਸੱਤ੍ਰੰ ਨ ਭਾਮੰ ॥
ਅਲੇਖੰ ਅਭੇਖੰ ਅਜੋਨੀ ਸਰੂਪੰ ॥
ਸਦਾ ਸਿੱਧ ਦਾ ਬੁੱਧਿ ਦਾ ਬ੍ਰਿੱਧ ਰੂਪੰ ॥੨॥੯੨॥

ਅਰਥ : ਨਾ ਉਸ ਦਾ ਕਿਸੇ ਨਾਲ ਪ੍ਰੇਮ ਹੈ, ਨਾ ਘਰ ਹੈ, ਨਾ ਕੰਮ ਹੈ, ਨਾ [ਧਾਮੰ] ਟਿਕਾਣਾ ਹੈ। ਨਾ ਪੁੱਤਰ ਹੈ, ਨਾ ਮਿੱਤਰ ਹੈ, ਨਾ ਵੈਰੀ ਹੈ, ਨਾ [ਭਾਮੰ] ਇਸਤਰੀ ਹੈ। ਉਸ ਦਾ ਲੇਖੇ ਤੋਂ ਬਿਨਾਂ, ਭੇਖ ਤੋਂ ਬਿਨਾਂ ਤੇ ਜੂਨਾਂ ਤੋਂ ਰਹਿਤ ਸਰੂਪ ਹੈ। ਸਦਾ ਸਿੱਧੀ ਦੇਂਦਾ ਹੈ, [ਬੁੱਧਿ] ਗਿਆਨ ਦੇਂਦਾ ਹੈ ਅਤੇ ਸਭ ਤੋਂ ਮਹਾਨ ਰੂਪ ਵਾਲਾ ਹੈ ॥੨॥੯੨॥

ਨਹੀਂ ਜਾਨ ਜਾਈ ਕਛੂ ਰੂਪ ਰੇਖੰ ॥ ਕਹਾ ਬਾਸੁ ਤਾ ਕੋ ਫਿਰੈ ਕਉਨ ਭੇਖੰ ॥
ਕਹਾ ਨਾਮ ਤਾ ਕੈ ਕਹਾ ਕੈ ਕਹਾਵੈ ॥

**ਕੰਧਾਂ ਲਿੰਬਣ ਤੋਂ ਭਾਵ ਹਨੂੰਮਾਨ ਦੀ ਮੂਰਤੀ ਨੂੰ ਸੰਧੂਰ ਤੇ ਘਿਓ ਨਾਲ ਇਸ਼ਨਾਨ ਕਰਾਉਣ ਵੱਲ ਇਸ਼ਾਰਾ ਹੈ।*

ਕਹਾ ਕੈ ਬਖਾਨੋ ਕਹੇ ਮੋ ਨ ਆਵੈ ॥੩॥੯੩॥

ਅਰਥ : ਉਸ ਦਾ ਕੁਝ ਰੇਖ ਰੂਪ ਜਾਣਿਆ ਨਹੀਂ ਜਾਂਦਾ ਹੈ, ਉਸ ਦਾ ਵਾਸਾ ਕਿਥੇ ਹੈ ? ਅਤੇ ਕਿਸ ਭੇਖ ਵਿਚ ਫਿਰਦਾ ਹੈ ? ਉਸ ਦਾ ਨਾਮ ਕੀ ਹੈ ? ਕੀ ਕਹਿ ਕੇ ਕਹਾਉਂਦਾ ਹੈ। ਕੀ ਕਹਿ ਕੇ ਸੁਣਾਵਾਂ ? ਕਿਉਂਕਿ ਕਹਿਣੇ ਵਿਚ ਨਹੀਂ ਆ ਸਕਦਾ ॥੩॥੯੩॥

ਨ ਰੋਗੰ ਨ ਸੋਗੰ ਨ ਮੋਹੰ ਨ ਮਾਤੰ ॥

ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ॥

ਅਦ੍ਵੈਖੰ ਅਭੇਖੰ ਅਜੋਨੀ ਸਰੂਪੇ ॥

ਨਮੋ ਏਕ ਰੂਪੇ ਨਮੋ ਏਕ ਰੂਪੇ ॥੪॥੯੪॥

ਅਰਥ : ਨਾ ਉਸ ਨੂੰ ਰੋਗ ਹੈ, ਨਾ ਸੋਗ ਹੈ, ਨਾ ਮੋਹ ਹੈ, ਨਾ [ਮਾਤੰ] ਮਸਤੀ ਹੈ। ਨਾ ਕਰਮ ਹੈ, ਨਾ ਭਰਮ ਹੈ, ਨਾ ਜਨਮ ਹੈ, ਨਾ ਜਾਤੀ ਹੈ, ਦਵੈਤ ਤੋਂ ਬਿਨਾਂ ਹੈ ਭੇਖ ਤੋਂ ਬਿਨਾਂ ਹੈ ਅਤੇ ਜੂਨੀ ਤੋਂ ਬਿਨਾਂ ਸਰੂਪ ਵਾਲਾ ਹੈ। ਇਕ ਰੂਪ ਵਾਲੇ ਨੂੰ ਨਮਸਕਾਰ ਹੈ, ਇਕ ਰੂਪ ਵਾਲੇ ਨੂੰ ਨਮਸਕਾਰ ਹੈ ॥੪॥੯੪॥

ਪਰੇਅੰ ਪਰਾ ਪਰਮ ਪ੍ਰਗਿਆ ਪ੍ਰਕਾਸੀ ॥

ਅਛੇਦੰ ਅਛੈ ਆਦਿ ਅਦ੍ਵੈ ਅਬਿਨਾਸੀ ॥

ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ ॥

ਨਮੋ ਆਦਿ ਅਭੰਗੇ ਨਮੋ ਆਦਿ ਅਭੰਗੇ ॥੫॥੯੫॥

ਅਰਥ : ਤੂੰ ਪਰੇ ਤੋਂ ਪਰੇ ਹੈਂ ਅਤੇ [ਪ੍ਰਗਿਆ] ਬੁਧੀ ਨੂੰ ਪ੍ਰਕਾਸ਼ ਕਰਨੇ ਵਾਲਾ ਹੈਂ। ਛੇਦਨ ਤੋਂ ਬਿਨਾਂ ਹੈਂ, ਨਾਸ ਤੋਂ ਰਹਿਤ ਹੈਂ, ਮੁਢ ਤੋਂ ਹੀ ਦ੍ਵੈਤ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈਂ। ਨਾ (ਤੇਰੀ ਕੋਈ) ਜਾਤੀ ਹੈ, ਨਾ ਬਿਰਾਦਰੀ ਹੈ, ਨਾ ਰੂਪ ਹੈ, ਨਾ ਰੰਗ ਹੈ। (ਸਾਰਿਆਂ ਦੇ) ਮੁਢ ਰੂਪ ਤੇ ਨਾਸ ਕਰਨ ਵਾਲੇ ਨੂੰ ਨਮਸਕਾਰ ਹੈ, ਮੁਢ ਤੋਂ ਹੀ ਨਾਸ ਨਾ ਹੋਣ ਵਾਲੇ ਨੂੰ ਨਮਸਕਾਰ ਹੈ ॥੫॥੯੫॥

ਨੋਟ : ਲਿਖਤ ਵਿਚ ਅਭੰਗੇ ਦੀ ਥਾਂ ਤੇ 'ਭੰਗੇ' ਪਾਠ ਹੈ।

ਕਿਤੇ ਕ੍ਰਿਸਨ ਸੇ ਕੀਟ ਕੋਟੈ ਉਪਾਏ ॥ ਉਸਾਰੇ ਗੜ੍ਹੇ ਫੇਰ ਮੇਟੇ ਬਨਾਏ ॥

ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ ॥

ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ ॥੬॥੯੬॥

ਅਰਥ : ਕਿੰਨੇ ਹੀ ਉਸ ਨੇ ਕ੍ਰਿਸ਼ਨ ਵਰਗੇ ਕ੍ਰੋੜਾਂ ਕੀੜੇ ਪੈਦਾ ਕੀਤੇ ਹਨ। (ਜੋ ਪਹਿਲੇ) ਉਸਾਰੇ ਫੇਰ ਢਾਹੇ, ਫੇਰ ਘੜੇ ਫੇਰ ਭੰਨੇ, ਫੇਰ ਬਣਾਏ ਤੇ ਫੇਰ ਮੇਟ ਦਿਤੇ ਹਨ। ਉਹ ਬਹੁਤ ਡੂੰਘਾ ਹੈ, ਡਰ ਤੋਂ ਬਿਨਾਂ ਹੈ, ਸਭ ਦਾ ਮੁੱਢ ਹੈ, ਦ੍ਵੈਤ ਤੋਂ ਬਿਨਾਂ ਨਾਸ ਤੋਂ ਰਹਿਤ ਹੈ। ਜੋ [ਪਰੇਅੰ] ਦੇਵਤਿਆਂ ਤੋਂ ਪਰੇ ਤੇ ਵੱਡਾ ਅਤੇ [ਪ੍ਰਗਿਆ] ਆਤਮ ਬੁਧੀ ਦਾ ਪ੍ਰਕਾਸ਼ਕ ਹੈ ॥੬॥੯੬॥

ਨ ਆਧੰ ਨ ਬਿਆਧੰ ਅਗਾਧੰ ਸਰੂਪੇ ॥
ਅਖੰਡਿਤ ਪ੍ਰਤਾਪ ਆਦਿ ਅਛੈ ਬਿਭੂਤੇ ॥
ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੇ ॥
ਅਖੰਡੇ ਪ੍ਰਚੰਡੇ ਅਦੰਡੇ ਅਸਾਧੇ ॥੭॥੯੭॥

ਪਦ ਅਰਥ : ਆਧਿ= ਮਨ ਦਾ ਦੁੱਖ । ਬਿਆਧਿ= ਸਰੀਰ ਦਾ ਦੁੱਖ ।

ਅਰਥ : ਨਾ ਉਸ ਨੂੰ ਆਧਿ ਹੈ, ਨਾ ਬਿਆਧਿ ਹੈ, ਮਹਾਨ ਡੂੰਘਤਾ ਸਰੂਪ ਵਾਲਾ ਹੈ, ਨਾ ਖੰਡਤ ਹੋਣ ਵਾਲੇ ਪ੍ਰਤਾਪ ਵਾਲਾ ਹੈ, ਮੁਢ ਤੋਂ ਹੀ ਨਾਸ ਰਹਿਤ ਸੰਪਦਾ ਵਾਲਾ ਹੈ । ਨਾ ਉਸ ਦਾ ਜਨਮ ਹੈ, ਨਾ ਮਰਣ ਹੈ, ਨਾ ਕੋਈ ਵਰਨ ਹੈ, ਨਾ ਉਸ ਨੂੰ ਕੋਈ ਰੋਗ ਹੈ । ਖੰਡਨ ਨਹੀਂ ਹੁੰਦਾ, ਵਡੇ ਤੇਜ ਵਾਲਾ ਹੈ, ਦੰਡ ਤੋਂ ਬਿਨਾਂ ਹੈ ਅਤੇ ਸਾਧਿਆ ਵੀ ਨਹੀਂ ਜਾਂਦਾ ॥੭॥੯੭॥

ਨ ਨੇਹੰ ਨ ਗੇਹੰ ਸਨੇਹੰ ਸਨਾਥੇ ॥ ਉਦੰਡੇ ਅਮੰਡੇ ਪ੍ਰਚੰਡੇ ਪ੍ਰਮਾਥੇ ॥
ਨ ਜਾਤੇ ਨ ਪਾਤੇ ਨ ਸੱਤ੍ਰੇ ਨ ਮਿੱਤ੍ਰੇ ॥
ਸੁ ਭੂਤੇ ਭਵਿੱਖੇ ਭਵਾਨੇ ਅਚਿਤ੍ਰੇ ॥੮॥੯੮॥

ਅਰਥ : ਨੇਹ ਤੋਂ ਬਿਨਾਂ ਹੈ, ਘਰ ਤੋਂ ਬਿਨਾਂ ਹੈ, [ਸਨਾਥ] ਪਵਿੱਤਰਤਾ ਨਾਲ ਪ੍ਰੇਮ ਰੱਖਦਾ ਹੈ [ਉਦੰਡੇ] ਦੰਡ ਤੋਂ ਬਿਨਾਂ ਹੈ, [ਮੰਡੇ] ਕਰਨ ਤੋਂ ਬਿਨਾਂ ਹੈ, ਵਡੇ ਤੇਜ ਵਾਲਾ ਹੈ, [ਪ੍ਰਮਾਥੇ] ਪਵਿਤਰ ਸਿਧਾਂਤ ਵਾਲਾ ਹੈ । ਨਾ ਉਸ ਦੀ ਜਾਤੀ ਹੈ, ਨਾ ਬਿਰਾਦਰੀ ਹੈ, ਨਾ ਦੁਸ਼ਮਣ ਹੈ ਨਾ ਮਿੱਤਰ ਹੈ । ਓਹੀ [ਭੂਤੇ] ਪਿਛੇ ਸੀ, [ਭਵਿਖੇ] ਅੱਗੇ ਹੋਵੇਗਾ, [ਭਵਾਨੇ] ਹੁਣ ਹੈ ਅਤੇ [ਅਚਿਤ੍ਰੇ] ਮੂਰਤੀ ਤੋਂ ਬਿਨਾਂ ਹੈ ॥੮॥੯੮॥

ਨ ਰਾਯੰ ਨ ਰੰਕੰ ਨ ਰੂਪੰ ਨ ਰੇਖੰ ॥ ਨ ਲੋਭੰ ਨ ਚੋਭੰ ਅਭੂਤੰ ਅਭੇਖੰ ॥
ਨ ਸਤ੍ਰੰ ਨ ਮਿਤ੍ਰੰ ਨ ਨੇਹੰ ਨ ਗੇਹੰ ॥
ਸਦੈਵੰ ਸਦਾ ਸਰਬ ਸਰਬਤ੍ਰ ਸਨੇਹੰ ॥੯॥੯੯॥

ਅਰਥ : ਨਾ ਰਾਜਾ ਹੈ, ਨਾ ਕੰਗਲਾ ਹੈ, ਨਾ ਉਸ ਦਾ ਕੋਈ ਰੂਪ ਹੈ ਨਾ ਰੇਖ ਹੈ । ਨਾ ਉਸ ਨੂੰ ਲੋਭ ਹੈ, ਨਾ [ਚੋਭ] ਈਰਖਾ ਹੈ, ਨਾ [ਭੂਤੰ] ਦੇਹ ਹੈ, ਨਾ [ਭੇਖੰ] ਰੂਪ ਹੈ । ਨਾ ਸ਼ੱਤ੍ਰੂ ਹੈ, ਨਾ ਮਿੱਤਰ ਹੈ, ਨਾ [ਨੇਹੰ] ਪਿਆਰ ਹੈ, ਨਾ [ਗੇਹੰ] ਪਕੜ ਹੈ । ਸਦਾ [ਸਦੈਵੰ] ਨਿੱਤ ਹੈ, ਸਭਨਾਂ ਨਾਲ ਹਰ ਸਮੇਂ ਪ੍ਰੇਮ ਕਰਦਾ ਹੈ ॥੯॥੯੯॥

ਨ ਕਾਮੰ ਨ ਕ੍ਰੋਧੰ ਨ ਲੋਭੰ ਨ ਮੋਹੰ ॥ ਅਜੋਨੀ ਅਛੈ ਆਦਿ ਅਦ੍ਵੈ ਅਜੋਹੰ ॥
ਨ ਜਨਮੰ ਨ ਮਰਨੰ ਨ ਬਰਨੰ ਨ ਬਿਆਧੰ ॥
ਨ ਰੋਗੰ ਨ ਸੋਗੰ ਅਭੈ ਨਿਰਬਿਖਾਧੰ ॥੧੦॥੧੦੦॥

ਅਰਥ : ਨਾ ਉਸ ਨੂੰ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ, ਨਾ ਮੋਹ ਹੈ । ਜੂਨ ਤੋਂ ਬਿਨਾਂ ਹੈ, ਨਾਸ

ਤੋਂ ਰਹਿਤ ਹੈ, ਮੁੱਢ ਤੋਂ ਹੀ ਦ੍ਵੈਤ ਤੋਂ ਬਿਨਾਂ ਤੇ [ਜੋਹ] ਦਿੱਸਣ ਤੋਂ ਬਿਨਾਂ ਹੈ। ਨਾ ਜੰਮਦਾ ਹੈ, ਨਾ ਮਰਦਾ ਹੈ, ਨਾ ਉਸ ਦਾ ਵਰਨਣ ਹੁੰਦਾ ਹੈ, ਨਾ ਉਸ ਨੂੰ [ਬਿਆਧੰ] ਕਲੰਕ ਹੈ। ਨਾ ਰੋਗ ਹੈ, ਨਾ ਸੋਗ ਹੈ, ਨਾ ਡਰ ਹੈ ਅਤੇ [ਬਿਖਾਧੰ] ਝਗੜੇ ਤੋਂ ਰਹਿਤ ਹੈ ॥੧੦॥੧੦੦॥

ਅਛੇਦੰ ਅਭੇਦੰ ਅਕਰਮੰ ਅਕਾਲੰ ॥ ਅਖੰਡੰ ਅਭੰਡੰ ਪ੍ਰਚੰਡੰ ਅਪਾਲੰ ॥

ਨ ਤਾਤੰ ਨ ਮਾਤੰ ਨ ਜਾਤੰ ਨ ਭਾਇਅੰ ॥

ਨ ਨੇਹੰ ਨ ਗੇਹੰ ਨ ਕਰਮੰ ਨ ਕਾਇਅੰ ॥੧੧॥੧੦੧॥

ਅਰਥ : ਕਟਿਆ ਨਹੀਂ ਜਾਂਦਾ, ਪਾੜਿਆ ਨਹੀਂ ਜਾਂਦਾ, ਕਰਮ ਤੋਂ ਬਿਨਾਂ ਤੇ ਕਾਲ ਤੋਂ ਰਹਿਤ ਹੈ। ਟੁਕੜੇ ਨਹੀਂ ਹੁੰਦਾ, ਬਦਨਾਮ ਨਹੀਂ ਹੁੰਦਾ, ਵਡੇ ਤੇਜ ਵਾਲਾ ਤੇ ਪਾਲਣ ਤੋਂ ਰਹਿਤ ਹੈ। ਨਾ ਉਸ ਦਾ ਪਿਉ ਹੈ, ਨਾ ਮਾਂ ਹੈ।

ਨਾ ਕਰਮ ਹੈ, ਨਾ [ਕਾਯੰ] ਦੇਹ ਹੈ। ਨਾ ਉਸ ਦਾ ਕਿਸੇ ਨਾਲ ਨੇਹ ਹੈ, ਨਾ ਗ੍ਰਿਹਣ ਹੈ, ਨਾ ਜਾਤ ਹੈ, ਨਾ ਭਾਉ ਹੈ ॥੧੧॥੧੦੧॥

ਨੋਟ : ਲਿਖਤ ਦੇ ਗ੍ਰੰਥਾਂ ਵਿਚ 'ਕਾਯੰ' ਤੇ 'ਭਾਯੰ' ਪਾਠ ਹੈ।

ਨ ਰੂਪੰ ਨ ਭੂਪੰ ਨ ਕਾਯੰ ਨ ਕਰਮੰ ॥

ਨ ਤ੍ਰਾਸੰ ਨ ਪ੍ਰਾਸੰ ਨ ਭੇਦੰ ਨ ਭਰਮੰ ॥

ਸਦੈਵੰ ਸਦਾ ਸਿੱਧ ਬ੍ਰਿੱਧੰ ਸਰੂਪੇ ॥

ਨਮੋ ਏਕ ਰੂਪੇ ਨਮੋ ਏਕ ਰੂਪੇ ॥੧੨॥੧੦੨॥

ਅਰਥ : ਉਸ ਦਾ ਨਾ ਰੂਪ ਹੈ, ਨਾ ਰਾਜਾ ਹੈ, ਨਾ ਦੇਹ ਹੈ, ਨਾ ਕਰਮ ਹੈ, ਨਾ [ਤ੍ਰਾਸੰ] ਦੁਖ ਹੈ, ਨਾ [ਪ੍ਰਾਸੰ] ਝਗੜਾ-ਬਖੇੜਾ ਹੈ, ਨਾ ਭੇਦ ਹੈ, ਨਾ ਭਰਮ ਹੈ। ਨਿੱਤ ਹੈ, ਸਦਾ ਸਿੱਧ ਹੈ, ਬ੍ਰਿਧ ਸਰੂਪ ਹੈ। ਇਕੋ ਰੂਪ ਵਾਲੇ ਨੂੰ ਨਮਸਕਾਰ ਹੈ। ਇਕਤਵ ਸਰੂਪ ਵਾਲੇ ਨੂੰ ਨਮਸਕਾਰ ਹੈ ॥੧੨॥੧੦੨॥

ਨਿਰੁਕਤੰ ਪ੍ਰਭਾ ਆਦਿ ਅਨੁਕਤੰ ਪ੍ਰਤਾਪੇ ॥

ਅਜੁਗਤੰ ਅਛੈ ਆਦਿ ਅਵਿਕਤੇ ਅਥਾਪੇ ॥

ਬਿਭੁਗਤੰ ਅਛੈ ਆਦਿ ਅੱਛੈ ਸਰੂਪੇ ॥

ਨਮੋ ਏਕ ਰੂਪੇ ਨਮੋ ਏਕ ਰੂਪੇ ॥੧੩॥੧੦੩॥

ਪਦ ਅਰਥ : ਉਕਤ= ਕਥਨ ਕਰਨਾ। ਅਵਿਕਤ= ਦੇਹ ਤੋਂ ਬਿਨਾਂ। ਨ੍ਰਿ+ਉਕਤੰ= ਅਨੋਖਾ।

ਅਰਥ : ਵੱਡੀ ਅਸਚਰਜ ਪ੍ਰਭਾ ਵਾਲਾ ਹੈ, ਆਦਿ ਤੋਂ ਹੀ ਕਥਨ ਨਾ ਕੀਤੇ ਜਾਣ ਵਾਲੇ ਪ੍ਰਤਾਪ ਵਾਲਾ ਹੈ। [ਜੁਗਤੰ] ਮਿਲਾਪ ਤੋਂ ਬਿਨਾਂ ਨਾਸ ਤੋਂ ਰਹਿਤ, ਮੁਢ ਤੋਂ ਹੀ ਦੇਹ ਤੋਂ ਬਿਨਾਂ ਤੇ ਥਾਪਿਆ ਨਹੀਂ ਜਾਂਦਾ। ਵਿਸ਼ੇਸ਼ ਕਰ ਕੇ ਭੋਗ ਰਿਹਾ ਹੈ, ਮੁੱਢ ਤੋਂ ਹੀ ਨਾਸ ਤੋਂ ਰਹਿਤ ਹੈ। ਨਾਸ ਤੋਂ ਰਹਿਤ ਸਰੂਪ ਵਾਲਾ ਹੈ। ਇਕ ਰੂਪ ਵਾਲੇ ਨੂੰ ਨਮਸਕਾਰ ਹੈ, 'ਏਕਾਂਗ' ਰੂਪ ਵਾਲੇ ਨੂੰ ਨਮਸਕਾਰ ਹੈ ॥੧੩॥੧੦੩॥

ਨ ਨੇਹੰ ਨ ਗੇਹੰ ਨ ਸੋਕੰ ਨ ਸਾਕੰ ॥ ਪਰੇਅੰ ਪਵਿਤ੍ਰੰ ਪੁਨੀਤੰ ਅਤਾਕੰ ॥
ਨ ਜਾਤੰ ਨ ਪਾਤੰ ਨ ਮਿਤ੍ਰੰ ਨ ਮੰਤ੍ਰੇ ॥
ਨਮੋ ਏਕ ਤੰਤ੍ਰੇ ਨਮੋ ਏਕ ਤੰਤ੍ਰੇ ॥੧੪॥੧੦੪॥

ਅਰਥ : ਨਾ ਉਸ ਨੂੰ ਨੇਹ ਹੈ, ਨਾ ਗੇਹੀ (ਗ੍ਰਹਸਤੀ) ਹੈ ਨਾ ਸ਼ੋਕ ਹੈ, ਨਾ ਸਾਕ ਹੈ। ਸਭ ਤੋਂ ਪਰੇ ਹੈ, ਪਵਿੱਤਰ ਤੋਂ ਪਵਿੱਤਰ ਹੈ, [ਅਤਾਕੰ= ਅਤਕ] ਅਜ਼ਾਦ (ਸੁਤੰਤਰ) ਹੈ। ਨਾ ਜਾਤ ਹੈ, ਨਾ ਕੌਮ ਹੈ, ਨਾ ਮਿਤ੍ਰ ਹੈ, ਨਾ ਮੰਤ੍ਰੀ (ਵਜ਼ੀਰ) ਹੈ। ਇਕ [ਤੰਤ੍ਰ] ਅਨੰਦ ਰੂਪ ਨੂੰ ਨਮਸਕਾਰ ਹੈ। ਇਕੋ [ਤੰਤ੍ਰ] ਕਾਰਣ ਰੂਪ ਨੂੰ ਨਮਸਕਾਰ ਹੈ ॥੧੪॥੧੦੪॥

ਨ ਧਰਮੰ ਨ ਭਰਮੰ ਨ ਸਰਮੰ ਨ ਸਾਕੇ ॥
ਨ ਬਰਮੰ ਨ ਚਰਮੰ ਨ ਕਰਮੰ ਨ ਬਾਕੇ ॥
ਨ ਸਤ੍ਰੰ ਨ ਮਿਤ੍ਰੰ ਨ ਪੁਤ੍ਰੰ ਸਰੂਪੇ ॥
ਨਮੋ ਆਦਿ ਰੂਪੇ ਨਮੋ ਆਦਿ ਰੂਪੇ ॥੧੫॥੧੦੫॥

ਅਰਥ : ਨਾ ਧਰਮ ਹੈ, ਨਾ ਭਰਮ ਹੈ, ਨਾ ਸ਼ਰਮ ਹੈ ਨਾ [ਸਾਕੇ] ਸਬੰਧ ਹੈ। ਨਾ ਉਸ ਨੂੰ [ਬਰਮੰ] ਸੰਜੋਯ ਹੈ, ਨਾ (ਉਸ ਕੋਲ) [ਚਰਮੰ] ਢਾਲ ਹੈ, ਨਾ [ਕਰਮੰ] ਕਦਮ ਹਨ, ਨਾ [ਬਾਕੇ] ਬਾਣੀ ਹੈ। ਨਾ ਸਤ੍ਰੂ ਹੈ, ਨਾ ਮਿਤ੍ਰ ਹੈ ਨਾ ਪੁਤ੍ਰ ਹੈ, ਅਜਿਹੇ ਰੂਪ ਵਾਲਾ ਹੈ, ਸਭਨਾਂ ਦੇ ਮੁੱਢ ਰੂਪ ਨੂੰ ਨਮਸਕਾਰ ਹੈ, ਰੂਪਾਂ ਦੇ ਮੁੱਢ ਨੂੰ ਨਮਸਕਾਰ ਹੈ ॥੧੫॥੧੦੫॥

ਕਹੂੰ ਕੰਜ ਕੇ ਮੰਜ ਕੇ ਭਰਮ ਭੂਲੇ॥ ਕਹੂੰ ਰੰਕ ਕੇ ਰਾਜ ਕੇ ਧਰਮ ਅਲੂਲੇ॥
ਕਹੂੰ ਦੇਸ ਕੇ ਭੇਸ ਕੇ ਧਰਮ ਧਾਮੇ॥
ਕਹੂੰ ਰਾਜ ਕੇ ਸਾਜ ਕੇ ਬਾਜ ਤਾਮੇ ॥੧੬॥੧੦੬॥

ਅਰਥ : ਕਿਤੇ ਕਮਲ ਦੇ ਵਿਚ [ਮੰਜ] ਸੁਗੰਧੀ ਹੋ ਰਿਹਾ ਹੈ ਅਤੇ ਕਿਤੇ ਸੁਗੰਧੀ ਉਤੇ ਭਰਮ= (ਭ੍ਰਮਰ) ਭੌਰਾ ਹੋ ਕੇ ਲੈ ਰਿਹਾ ਹੈ। ਕਿਤੇ ਰੰਕ ਦੇ [ਧਰਮ] ਸੁਭਾਵ ਵਿਚ [ਅਲੂਲੇ] ਸਥਿਰ ਹੈ ਅਤੇ ਕਿਤੇ ਰਾਜ ਦੇ ਧਰਮ ਰਾਜਨੀਤੀ ਵਿਚ ਸਥਿਰ ਹੈ। ਕਿਤੇ ਦੇਸ ਦੇ ਧਰਮ ਰਿਵਾਜ ਦਾ [ਧਾਮੇ] ਟਿਕਾਣਾ ਹੈ ਅਤੇ ਕਿਤੇ ਭੇਸ ਦੇ ਧਰਮ ਫ਼ਰਜ਼ ਦਾ ਘਰ ਹੈ। ਕਿਤੇ ਰਾਜ ਦੇ ਸਾਜ ਬਣ ਰਿਹਾ ਹੈ ਅਤੇ ਕਿਤੇ ਬਾਜ ਅਤੇ ਉਸ ਦਾ ਤਾਮਾ ਬਣ ਰਿਹਾ ਹੈ ॥੧੬॥੧੦੬॥

ਕਹੂੰ ਅਛ੍ਰ ਕੇ ਪਛ੍ਰ ਕੇ ਸਿੱਧ ਸਾਧੇ॥ ਕਹੂੰ ਸਿੱਧ ਕੇ ਬੁੱਧਿ ਕੇ ਬ੍ਰਿੱਧ ਲਾਧੇ ॥
ਕਹੂੰ ਅੰਗ ਕੇ ਰੰਗ ਕੇ ਸੰਗਿ ਦੇਖੇ॥
ਕਹੂੰ ਜੰਗ ਕੇ ਰੰਗ ਕੇ ਰੰਗ ਪੇਖੇ ॥੧੭॥੧੦੭॥

ਅਰਥ : ਕਿਤੇ ਅੱਖਰਾਂ ਦੇ [ਪੱਛਰ] *ਪ੍ਰਛ (ਪ੍ਰਤਯਯ) ਹੈ, ਕਿਤੇ ਉਨ੍ਹਾਂ ਪ੍ਰਤਯਯਾਂ ਦੇ ਸਿੱਧ ਰੂਪ ਹੋ, ਅਤੇ ਕਿਤੇ ਉਨ੍ਹਾਂ ਦੀ [ਸਾਧੇ] ਸਾਧਨਾ ਰੂਪ ਹੋ, (ਭਾਵ—ਵ੍ਯਾਕਰਣ ਸਬੰਧੀ ਸ਼ਬਦ ਸ਼ਬਦਾਂ ਦੇ ਰੂਪ ਤੇ ਉਨ੍ਹਾਂ ਦੀ ਰੂਪ ਸਾਧਨਾ ਵੀ ਤੁਸੀਂ ਹੋ। ਕਿਤੇ ਸਿੱਧੀ (ਹੋ, ਕਿਤੇ ਸਿੱਧੀ ਨੂੰ) ਲਾਦੇ ਪ੍ਰਾਪਤ ਕੀਤੇ ਹੋਏ ਸਿੱਧ ਪੁਰਸ਼ ਹੋ, ਕਿਤੇ ਬੁੱਧ ਹੋ, ਕਿਤੇ ਬੁੱਧੀ ਨੂੰ ਪ੍ਰਾਪਤ ਕੀਤੇ ਹੋਏ ਬ੍ਰਿਧ (ਬੁਧਿਮਾਨ) ਹੋ। ਕਿਤੇ [ਅੰਗ] ਇਸਤਰੀ ਦੇ [ਰੰਗ] ਇਸ਼ਕ ਨਾਲ ਦਿੱਸਦੇ ਹੋ। ਕਿਤੇ ਜੰਗ ਦੇ ਰੰਗ ਉਤਸ਼ਾਹ ਦੇ ਰੰਗ ਮੌਜ ਵਿਚ ਦਿੱਸਦੇ ਹੋ ॥੧੭॥੧੦੭॥

ਕਹੂੰ ਧਰਮ ਕੇ ਕਰਮ ਕੇ ਹਰਮ ਜਾਨੇ ॥ ਕਹੂੰ ਧਰਮ ਕੇ ਕਰਮ ਕੇ ਭਰਮ ਮਾਨੇ ॥
ਕਹੂੰ ਚਾਰ ਚੇਸਟਾ ਕਹੂੰ ਚਿਤ੍ਰ ਰੂਪੰ ॥
ਕਹੂੰ ਪਰਮ ਪ੍ਰਗਯਾ ਕਹੂੰ ਸਰਬ ਭੂਪੰ ॥੧੮॥੧੦੮॥

ਅਰਥ : ਕਿਤੇ ਧਰਮ ਦੇ ਕਰਮ ਦੇ [ਹਰਮ] ਮੰਦਰ (ਆਸਰਾ) ਜਾਣੇ ਜਾਂਦੇ ਹੋ। ਕਿਤੇ ਧਰਮ ਦੇ ਕਰਮ ਨੂੰ ਭਰਮ ਕਰ ਕੇ ਮੰਨਦੇ ਹੋ। ਕਿਤੇ ਸੁੰਦਰ ਚੇਸ਼ਟਾ ਕਰਦੇ ਹੋ ਤੇ ਕਿਤੇ ਚਿਤ੍ਰ (ਤਸਵੀਰ) ਰੂਪ ਹੋ, (ਭਾਵ—ਜਿਵੇਂ ਮੂਰਤੀ ਚੇਸ਼ਟਾ ਨਹੀਂ ਕਰ ਸਕਦੀ, ਇਵੇਂ ਚੇਸ਼ਟਾ ਤੋਂ ਬਿਨਾਂ ਹੋ ਰਹੇ ਹੋ)। ਕਿਤੇ ਪਰਮ [ਪ੍ਰਗਯਾ] ਸੂਖਮ ਬੁਧਿ ਵਾਲੇ ਹੋ ਅਤੇ ਕਿਤੇ ਸਭਨਾਂ ਦੇ ਰਾਜੇ ਹੋ ॥੧੮॥੧੦੮॥

ਕਹੂੰ ਨੇਹ ਗ੍ਰੇਹੰ ਕਹੂੰ ਦੇਹ ਦੋਖੰ ॥ ਕਹੂੰ ਔਖਧੀ ਰੋਗ ਕੇ ਸੋਕ ਸੋਖੰ ॥
ਕਹੂੰ ਦੇਵ ਬਿਦ੍ਯਾ ਕਹੂੰ ਦੈਤ ਬਾਨੀ ॥
ਕਹੂੰ ਜੱਛ ਗੰਧਰਬ ਕਿੰਨਰ ਕਹਾਨੀ ॥੧੯॥੧੦੯॥

ਅਰਥ : ਕਿਤੇ [ਨੇਹ ਗ੍ਰੇਹੰ] ਪ੍ਰੇਮ ਨੂੰ ਗ੍ਰਹਿਣ ਵਾਲੇ, ਕਿਤੇ ਦੇਹ ਵਿਚ ਰੋਗ ਹੋ। ਕਿਤੇ ਦਵਾਈ ਹੋ ਕੇ ਰੋਗ ਦੀ [ਸੋਕ] ਚਿੰਤਾ ਨੂੰ ਸੁਕਾਉਂਦੇ ਹੋ। ਕਿਤੇ ਦੇਵਤਿਆਂ ਦੀ ਵਿਦ੍ਯਾ ਹੋ, ਕਿਤੇ ਦੈਂਤਾਂ ਦੀ ਬੋਲੀ ਹੋ। ਕਿਤੇ ਜੱਛ, ਗੰਧਰਬ ਤੇ ਕਿੰਨਰ ਦੀ ਵਾਰਤਾ ਹੋ ॥੧੯॥੧੦੯॥

ਕਹੂੰ ਰਾਜਸੀ ਸਾਤਕੀ ਤਾਮਸੀ ਹੋ ॥ ਕਹੂੰ ਜੋਗ ਬਿਦ੍ਯਾ ਧਰੇ ਤਾਪਸੀ ਹੋ ॥
ਕਹੂੰ ਰੋਗ ਹਰਤਾ ਕਹੂੰ ਜੋਗ ਜੁਗਤੰ ॥
ਕਹੂੰ ਭੂਮਿ ਕੀ ਭੁਗਤ ਮੈ ਭਰਮ ਭੁਗਤੰ ॥੨੦॥੧੧੦॥

ਅਰਥ : ਕਿਤੇ ਰਜੋ ਗੁਣ ਵਾਲੇ ਹੋ, ਕਿਤੇ ਸਤੋ ਗੁਣ ਵਾਲੇ ਹੋ, ਕਿਤੇ ਤਮੋ ਗੁਣ ਵਾਲੇ ਹੋ। ਕਿਤੇ ਜੋਗ ਵਿਦ੍ਯਾਧਾਰੀ ਹੋ, ਕਿਤੇ [ਤਾਪਸੀ] ਤਪ ਕਰਨ ਵਾਲੇ ਹੋ। ਕਿਤੇ ਰੋਗਾਂ ਨੂੰ ਹਰਨ ਵਾਲੇ ਹੋ, ਕਿਤੇ ਜੋਗ ਨਾਲ ਜੁੜੇ ਹੋਏ ਹੋ, ਕਿਤੇ ਧਰਤੀ ਦੇ [ਭੁਗਤ] ਖਾਣ ਯੋਗ ਪਦਾਰਥਾਂ ਨੂੰ [ਭੁਗਤੰ] ਖਾ ਰਹੇ ਹੋ, ਅਤੇ (ਕਿਤੇ ਭੁਗਤਾਂ 'ਚੋਂ) ਭਰਮ ਭੁਲੇ ਹੋਏ ਹੋ ॥੨੦॥੧੧੦॥

ਕਹੂੰ ਦੇਵ ਕੰਨਿਆ ਕਹੂੰ ਦਾਨਵੀ ਹੋ ॥ ਕਹੂੰ ਜੱਛ ਬਿਦ੍ਯਾ ਧਰੇ ਮਾਨਵੀ ਹੋ ॥

---

* *ਸੰਪ੍ਰਦਾਈ ਗਿਆਨੀ ਇਸ 'ਅੱਛਰ-ਪੱਛਰ' ਦਾ ਅਰਥ 'ਅੱਤ੍ਰ ਪੱਤ੍ਰ' ਇਥੇ ਓਥੇ ਕਰਦੇ ਹਨ। ਪਰ ਸੁਹਾਣਾ ਗਿਆਨੀ ਜੀ ਨੇ 'ਅੱਛਰ' ਇਸ ਲੋਕ ਦੀ ਇਸਤਰੀ ਤੇ 'ਪੱਛਰ' ਪਰਲੋਕ ਦੀ ਇਸਤਰੀ ਅਰਥ ਕੀਤਾ ਹੈ।*

ਕਹੂੰ ਰਾਜਸੀ ਹੋ ਕਹੂੰ ਰਾਜ ਕੰਨਿਆ ॥
ਕਹੂੰ ਸ੍ਰਿਸਟਿ ਕੀ ਪ੍ਰਿਸਟ ਕੀ ਰਿਸਟ ਪੰਨਿਆ ॥੨੧॥੧੧੧॥

ਪਦ ਅਰਥ : ਦਾਨਵੀ= ਦੈਂਤ ਪੁੱਤਰੀ। ਮਾਨਵੀ= ਨਰ ਪੁੱਤਰੀ। ਰਾਜਸੀ= (ਰਾਜੇਸ੍ਰੀ) ਪਟਰਾਣੀ। ਸ੍ਰਿਸਟਿ ਕੀ ਪ੍ਰਿਸਟ= ਰਚਨਾ ਦਾ ਥੱਲਾ, ਪਤਾਲ। ਰਿਸਟ= ਉੱਤਮ। ਪੰਨਿਆ= ਪੰਨਗਪੁਤ੍ਰੀ।

ਅਰਥ : ਕਿਤੇ ਦੇਵ ਪੁੱਤਰੀ ਹੋ, ਕਿਤੇ ਦੈਂਤ ਪੁੱਤਰੀ ਹੋ। ਕਿਤੇ ਜੱਛ (ਪੁੱਤਰੀ ਹੋ, ਕਿਤੇ) ਵਿਦਜਾਧਾਰੀ (ਹੋ ਅਤੇ ਕਿਤੇ) ਨਰਪੁੱਤਰੀ ਹੋ। ਕਿਤੇ ਪਟਰਾਣੀ ਹੋ, ਕਿਤੇ ਰਾਜਪੁੱਤਰੀ ਹੋ। ਕਿਤੇ ਪਤਾਲ ਦੀ ਉੱਤਮ ਨਾਗਪੁੱਤਰੀ ਹੋ ॥੨੧॥੧੧੧॥

ਕਹੂੰ ਬੇਦ ਬਿੱਦਿਆ ਕਹੂੰ ਬਿਓਮ ਬਾਨੀ ॥ ਕਹੂੰ ਕੋਕ ਕੀ ਕਾਬਿ ਕੱਥੈ ਕਹਾਨੀ ॥
ਕਹੂੰ ਅਦ੍ਰ ਸਾਰੰ ਕਹੂੰ ਭਦ੍ਰ ਰੂਪੰ ॥
ਕਹੂੰ ਮੱਦ੍ਰ ਬਾਨੀ ਕਹੂੰ ਛਿਦ੍ਰ ਸਰੂਪੰ ॥੨੨॥੧੧੨॥

ਪਦ ਅਰਥ : ਬਿਓਮ= ਅਕਾਸ਼। ਅਦ੍ਰ ਸਾਰੰ= ਲੋਹਾ। ਭਦ੍ਰ ਰੂਪੰ= ਸੋਨਾ। ਮੱਦ੍ਰ ਬਾਨੀ= ਮੰਗਲ ਰੂਪ। ਛਿਦ੍ਰ= ਕਲੰਕ।

ਅਰਥ : ਕਿਤੇ ਵੇਦ ਵਿਦਜਾ ਹੈ, ਕਿਤੇ ਅਕਾਸ਼ ਬਾਣੀ ਹੈ। ਕਿਤੇ ਕੋਕ ਦੀ ਕਹਾਣੀ ਹੈ, ਕਿਤੇ ਕਾਬਜ ਦੀ ਕਥਾ ਹੈ। ਕਿਤੇ ਲੋਹਾ ਹੈ, ਕਿਤੇ ਸੋਨਾ ਹੈ। ਕਿਤੇ ਮੰਗਲ ਰੂਪ ਵਾਲਾ ਹੈ, ਕਿਤੇ ਕਲੰਕ ਸਰੂਪ ਵਾਲਾ ਹੈ ॥੨੨॥੧੧੨॥

ਨੋਟ : ਕਿਤੇ ਕਿਤੇ 'ਛਿੱਦ੍ਰ' ਦੇ ਥਾਂ ਤੇ 'ਛੱਦ੍ਰ' ਪਾਠ ਹੈ।

ਕਹੂੰ ਬੇਦ ਬਿਦਿਆ ਕਹੂੰ ਕਾਬ ਰੂਪੰ ॥ ਕਹੂੰ ਚੇਸਟਾ ਚਾਰਿ ਚਿਤ੍ਰੰ ਸਰੂਪੰ ॥
ਕਹੂੰ ਪਰਮ ਪੁਰਾਨ ਕੋ ਪਾਰ ਪਾਵੈ ॥
ਕਹੂੰ ਬੈਠ ਕੁਰਾਨ ਕੇ ਗੀਤ ਗਾਵੈ ॥੨੩॥੧੧੩॥

ਪਦ ਅਰਥ : ਕਾਬ ਰੂਪੰ= ਕਾਵ ਰੂਪ, ਕਾਵਜ, ਸਾਹਿਤਜ। *ਚੇਸਟਾ= ਯਤਨ, ਉੱਦਮ ਹਰਕਤ। ਚਿਤ੍ਰੰ ਸਰੂਪੰ= ਤਸਵੀਰ ਰੂਪ, ਭਾਵ ਚੇਸ਼ਟਾ ਤੋਂ ਰਹਿਤਾਵਸਥਾ। ਚਾਰਿ= ਕਰਨ ਵਾਲਾ।

ਅਰਥ : ਕਿਤੇ ਵੇਦ ਵਿਦਜਾ ਹੋ, ਕਿਤੇ ਸਾਹਿਤਜ ਹੋ। ਕਿਤੇ ਚੇਸ਼ਟਾ ਕਰਨ ਵਾਲਾ ਹੈ, ਕਿਤੇ ਚੇਸ਼ਟਾ ਤੋਂ ਰਹਿਤ ਅਵਸਥਾ ਹੈ। ਕਿਤੇ ਪਵਿਤ੍ਰ ਪੁਰਾਣਾਂ ਦੇ ਪਾਰ ਸਿਧਾਂਤ ਨੂੰ ਪਾਂਦਾ ਹੈ। ਕਿਤੇ ਬੈਠ ਕੇ ਕੁਰਾਨ ਦੇ (ਗੀਤ) ਮਸਲੇ ਪੜ੍ਹਦਾ ਹੈ ॥੨੩॥੧੧੩॥

ਕਹੂੰ ਸੁੱਧ ਸੇਖੰ ਕਹੂੰ ਬ੍ਰਹਮ ਧਰਮੰ ॥ ਕਹੂੰ ਬ੍ਰਿਧ ਅਵਸਥਾ ਕਹੂੰ ਬਾਲ ਕਰਮੰ ॥
ਕਹੂੰ ਜੁਆ ਸਰੂਪੰ ਜਰਾ ਰਹਤ ਦੇਹੰ ॥

---

* *ਹਿਤਾ ਹਿਤਾ ਪ੍ਰਾਪਤਿ ਪਰਿਹਾਰਥਾ ਕ੍ਰਿਯਾ ਚੇਸ਼ਟਾ—ਹਿਤ ਦੀ ਪ੍ਰਾਪਤੀ ਤੇ ਅਹਿਤ ਤੇ ਦੂਰ ਕਰਨ ਲਈ ਜੋ ਸਰੀਰ ਦੀ ਕ੍ਰਿਆ ਹੈ, ਉਸ ਦਾ ਨਾਮ ਚੇਸ਼ਟਾ ਹੈ।*

ਕਹੂੰ ਨੇਹ ਦੇਹੰ ਕਹੂੰ ਤਿਆਗ ਗ੍ਰੇਹੰ ॥੨੪॥੧੧੪॥

ਪਦ ਅਰਥ : ਸੁੱਧ ਸੇਖੰ= ਪੱਕੇ ਮੁਸਲਮਾਨ। ਬ੍ਰਹਮ ਧਰਮੰ= ਵੇਦ ਪੜ੍ਹਨਾ ਜਾਂ ਪੜ੍ਹਾਉਣਾ, ਦਾਨ ਦੇਣਾ ਜਾਂ ਲੈਣਾ, ਯੱਗ ਕਰਨਾ, ਕਰਾਉਣਾ—ਇਹ ਬ੍ਰਾਹਮਣ ਦਾ ਧਰਮ ਹੈ, ਇਸ ਧਰਮ ਵਾਲਾ ਬ੍ਰਾਹਮਣ ਹੈ। ਜਰਾ= ਬੁਢੇਪਾ।

ਅਰਥ : ਕਿਤੇ ਮੁਸਲਮਾਨ ਹੋ, ਕਿਤੇ ਬ੍ਰਾਹਮਣ ਹੋ। ਕਿਤੇ ਬ੍ਰਿਧ ਉਮਰਾ ਵਾਲੇ ਹੋ, ਕਿਤੇ ਬਾਲਾਂ ਦੇ ਕਰਮ ਕਰਦੇ ਹੋ। ਕਿਤੇ ਜਵਾਨ ਰੂਪ ਵਾਲੇ ਤੇ ਬੁਢੇਪੇ ਤੋਂ ਰਹਿਤ ਦੇਹ ਵਾਲੇ ਹੋ। ਕਿਤੇ ਦੇਹ ਦੇ ਪਿਆਰ ਵਾਲੇ ਹੋ, ਕਿਤੇ [ਗ੍ਰਹਿ] ਘਰ ਦੇ ਤਿਆਗ ਵਾਲੇ ਹੋ ॥੨੪॥੧੧੪॥

ਕਹੂੰ ਜੋਗ ਭੋਗੰ ਕਹੂੰ ਰੋਗ ਰਾਗੰ ॥ ਕਹੂੰ ਰੋਗ ਹਰਤਾ ਕਹੂੰ ਭੋਗ ਤਿਆਗੰ ॥
ਕਹੂੰ ਰਾਜ ਸਾਜੰ ਕਹੂੰ ਰਾਜ ਰੀਤੰ ॥
ਕਹੂੰ ਪੂਰਨ ਪ੍ਰਗਿਆ ਕਹੂੰ ਪਰਮ ਪ੍ਰੀਤੰ ॥੨੫॥੧੧੫॥

ਅਰਥ : ਕਿਤੇ ਜੋਗ ਨੂੰ ਭੋਗਦੇ ਹੋ, ਕਿਤੇ ਰੋਗ ਨਾਲ ਪ੍ਰੀਤ ਹੈ (ਭਾਵ, ਰੋਗ ਨੂੰ ਭੋਗ ਰਹੇ ਹੋ)। ਕਿਤੇ ਰੋਗਾਂ ਨੂੰ ਨਾਸ ਕਰ ਰਹੇ ਹੋ, ਕਿਤੇ ਭੋਗਾਂ ਦੇ ਤਿਆਗ ਵਾਲੇ ਹੋ। ਕਿਤੇ ਰਾਜ ਦਾ ਸਮਾਨ ਹੋ, ਕਿਤੇ ਰਾਜ ਦੀ [ਰੀਤੰ] ਮਰਯਾਦਾ ਹੋ। ਕਿਤੇ ਪੂਰਨ ਬੁਧਿਵਾਨ ਹੋ, ਕਿਤੇ ਵੱਡੀ ਪ੍ਰੀਤ ਕਰਨ ਵਾਲੇ ਹੋ ॥੨੫॥੧੧੫॥

ਕਹੂੰ ਆਰਬੀ ਤੋਰਕੀ ਪਾਰਸੀ ਹੋ ॥ ਕਹੂੰ ਪਹਿਲਵੀ ਪਸ਼ਤਵੀ ਸੰਸਕ੍ਰਿਤੀ ਹੋ ॥
ਕਹੂੰ ਦੇਸ ਭਾਖਯਾ ਕਹੂੰ ਦੇਵ ਬਾਨੀ ॥
ਕਹੂੰ ਰਾਜ ਬਿਦਿਆ ਕਹੂੰ ਰਾਜਧਾਨੀ ॥੨੬॥੧੧੬॥

ਪਦ ਅਰਥ : ਆਰਬੀ= ਅਰਬ ਦੇਸ ਦੀ ਬੋਲੀ। ਤੋਰਕੀ= ਤੁਰਕਿਸਤਾਨ ਦੀ ਬੋਲੀ ਤੁਰਕੀ। ਪਾਰਸ= ਪਾਰਸ ਦੇਸ ਦੀ ਬੋਲੀ, ਜਾਰਿਮੀ। ਪਹਿਲਵੀ= ਈਰਾਨ ਦੇਸ ਦੀ ਬੋਲੀ। ਇਹ ਵੀ ਫ਼ਾਰਸੀ ਦਾ ਹੀ ਇਕ ਭੇਦ ਹੈ, ਕਿਉਂਕਿ ਪਾਰਸ ਦੇਸ ਦੀਆਂ ਸੱਤ ਕਿਸਮ ਦੀਆਂ ਬੋਲੀਆਂ ਹਨ—(ਫ਼ਾਰਸੀ, ਪਹਲਵੀ, ਦਰੀ, ਹਰਵੀ, ਜਾਂਬੁਲੀ, ਸਕਜ਼ੀ ਅਤੇ ਸਗਦੀ)। ਪਸ਼ਤਵੀ= ਪਸ਼ਤੋ, ਅਫਗਾਨਿਸਤਾਨ ਦੀ ਬੋਲੀ। ਸੰਸਕ੍ਰਿਤੀ= ਪ੍ਰਕ੍ਰਿਤ ਭਾਸ਼ਾ। ਦੇਸ ਭਾਖਯਾ= ਦੇਸ਼ ਦੀ ਬੋਲੀ, ਜਿਵੇਂ ਪੰਜਾਬ ਦੀ ਪੰਜਾਬੀ, ਸਿੰਧ ਦੀ ਸਿੰਧੀ ਆਦਿਕ। ਦੇਵ ਬਾਨੀ= ਸੰਸਕ੍ਰਿਤ। ਰਾਜ ਬਿਦਿਆ= ਜਿਸ ਦਾ ਰਾਜ ਹੋਵੇ, ਉਸ ਦੀ ਬੋਲੀ, ਜਿਵੇਂ ਪੰਜਾਬ ਵਿਚ ਪੰਜਾਬੀ ਰਾਜ ਵਿਦਿਆ ਹੈ। (੨) ਰਾਜਨੀਤਕ ਵਿਦਯਾ। ਰਾਜਧਾਨੀ= ਉਹ ਜਗ੍ਹਾ ਜਿਥੇ ਰਾਜਾ ਰਹਿੰਦਾ ਹੋਵੇ ਤਖ਼ਤਗਾਹ। ਦਾਰੁਲ= ਸਲਤਨਤ। (੨) ਜਿਥੇ ਰਾਜ ਦਾ ਵੱਡਾ ਹੁਕਮਰਾਨ ਰਹਿੰਦਾ ਹੋਵੇ, ਜਿਵੇਂ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਅਤੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਹੈ।

ਅਰਥ : ਕਿਤੇ ਅਰਬੀ ਹੋ, ਕਿਤੇ ਤੁਰਕੀ ਹੋ, ਕਿਤੇ ਫ਼ਾਰਸੀ ਹੋ। ਕਿਤੇ ਪਹਿਲਵੀ (ਹੋ ਕਿਤੇ ਪਸ਼ਤੋ ਹੋ ਕਿਤੇ) ਪ੍ਰਾਕ੍ਰਿਤ ਭਾਸ਼ਾ ਹੋ। ਕਿਤੇ ਦੇਸ਼ ਭਾਸ਼ਾ ਹੋ, ਕਿਤੇ ਸੰਸਕ੍ਰਿਤ ਹੋ। ਕਿਤੇ ਰਾਜ ਵਿਦਯਾ ਹੋ ਅਤੇ ਕਿਤੇ ਰਾਜਧਾਨੀ ਹੋ ॥੨੬॥੧੧੬॥

ਕਹੂੰ ਮੰਤ੍ਰ ਬਿਦਿਆ ਕਹੂੰ ਤੰਤ੍ਰ ਸਾਰੰ ॥ ਕਹੂੰ ਜੰਤ੍ਰ ਰੀਤੰ ਕਹੂੰ ਸਸਤ੍ਰ ਧਾਰੰ ॥
ਕਹੂੰ ਹੋਮ ਪੂਜਾ ਕਹੂੰ ਦੇਵ ਅਰਚਾ ॥

ਕਹੂੰ ਪਿੰਗੁਲਾ ਚਾਰਣੀ ਗੀਤ ਚਰਚਾ ॥੨੭॥੧੧੭॥

ਪਦ ਅਰਥ : ਸਾਰੰ= ਸ਼ਾਸਤਰ। ਪਿੰਗੁਲਾ ਚਾਰਣੀ= ਪਿੰਗੁਲ* ਅਚਾਰਯ ਦੀ ਬਣਾਈ ਹੋਈ, ਛੰਦ-ਸ਼ਾਸਤਰ। ਗੀਤ ਚਰਚਾ= ਸੰਗੀਤ ਸ਼ਾਸਤਰ, ਰਾਗ ਵਿਦ੍ਯਾ।

ਅਰਥ : ਕਿਤੇ ਮੰਤਰ ਵਿਦ੍ਯਾ ਹੋ, ਕਿਤੇ ਤੰਤਰ ਸ਼ਾਸਤਰ ਹੋ। ਕਿਤੇ ਜੰਤਰਾਂ ਦੀ ਰੀਤੀ ਦੱਸਣ ਵਾਲੀ ਵਿਦਿਆ ਹੋ, ਕਿਤੇ ਸ਼ਸਤਰ ਵਿਦ੍ਯਾ ਦੇ ਅਧਾਰ (ਧਨੁਰ ਵਿਦ੍ਯਾ) ਹੋ। ਕਿਤੇ ਹੋਮ ਤੇ ਪੂਜਾ ਦੀ ਵਿਦ੍ਯਾ ਹੋ। ਕਿਤੇ ਦੇਵ ਪੂਜਨ ਵਿਦ੍ਯਾ ਹੋ। ਕਿਤੇ ਛੰਦ ਸ਼ਾਸਤਰ ਹੋ, ਕਿਤੇ ਸੰਗੀਤ ਵਿਦ੍ਯਾ ਹੋ ॥੨੭॥੧੧੭॥

ਕਹੂੰ ਬੀਨ ਬਿਦਿਆ ਕਹੂੰ ਗ੍ਯਾਨ ਗੀਤੰ ॥
ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ ॥
ਕਹੂੰ ਨ੍ਰਿਤ ਬਿਦਿਆ ਕਹੂੰ ਨਾਗ ਬਾਨੀ ॥
ਕਹੂੰ ਗਾਰੜੂ ਗੂੜ੍ਹ ਕੱਥੈਂ ਕਹਾਨੀ ॥੨੮॥੧੧੮॥

ਪਦ ਅਰਥ : ਮਲੇਛ ਭਾਖਿਆ= ਗੱਵਾਰੂੰ ਬੋਲੀ, ਉਹ ਬੋਲੀ ਜੋ ਵਿਆਕਰਣ ਨਾਲ ਸ਼ੁਧ ਨਾ ਹੋਵੇ। ਗਾਰੜੂ= ਗਾਰੁੜ ਮੰਤਰ, ਉਹ ਵਿਦ੍ਯਾ ਜੋ ਸੱਪ ਦੀ ਜ਼ਹਿਰ ਦੂਰ ਕਰਨ ਵਾਲੀ ਹੈ।

ਅਰਥ : ਕਿਤੇ ਵੀਣਾ ਦੀ ਵਿਦ੍ਯਾ ਹੋ, ਕਿਤੇ ਗੀਤ ਗਾਉਣ ਦੀ ਵਿਦਿਆ ਹੋ। ਕਿਤੇ ਜਾਂਗਲੀ ਬੋਲੀ ਹੋ, ਕਿਤੇ ਵੇਦ ਰੀਤੀ ਹੋ, ਕਿਤੇ ਨਾਚ ਵਿਦਿਆ ਹੋ। ਕਿਤੇ ਨਾਗ ਬੋਲੀ ਹੋ। ਕਿਤੇ ਗਾਰੁੜ ਮੰਤਰ ਹੋ ਕਿਤੇ ਗੁਪਤ ਵਾਰਤਾ ਕਥਨ ਵਾਲੀ ਜੋਤਸ਼ ਵਿਦਿਆ ਹੋ ॥੨੮॥੧੧੮॥

ਕਹੂੰ ਅੱਛਰਾ ਪੱਛਰਾ ਮੱਛਰਾ ਹੋ ॥ ਕਹੂੰ ਬੀਰ ਬਿਦਿਆ ਅਭੂਤੰ ਪ੍ਰਭਾ ਹੋ ॥
ਕਹੂੰ ਛੈਲ ਛਾਲਾ ਧਰੇ ਛਤ੍ਰਧਾਰੀ ॥
ਕਹੂੰ ਰਾਜ ਸਾਜੰ ਧਿਰਾਜਾਧਿਕਾਰੀ ॥੨੯॥੧੧੯॥

ਅਰਥ : ਕਿਤੇ [ਅੱਛਰਾ] ਇਸ ਲੋਕ ਦੀ ਸੁੰਦਰੀ, ਕਿਤੇ [ਪੱਛਰਾ] ਸਵਰਗ ਦੀ ਸੁੰਦਰੀ ਅਤੇ ਕਿਤੇ [ਮੱਛਰਾ] ਮਤਸਯ ਲੋਕ (ਪਤਾਲ) ਦੀ ਸੁੰਦਰੀ ਹੋ। ਕਿਤੇ ਬੀਰ ਬਿਦਿਆ ਸ਼ਸਤਰ ਵਿਦਿਆ ਹੋ। ਕਿਤੇ ਤਤ੍ਵਾਂ ਤੋਂ ਬਿਨਾਂ ਸੁੰਦਰਤਾ ਵਾਲੇ ਹੋ। ਕਿਤੇ [ਛੈਲ] ਸ਼ੌਕੀਨ ਜੁਆਨ ਹੋ। ਕਿਤੇ ਮ੍ਰਿਗਛਾਲਾ ਧਰੇ ਹੋ ਕਿਤੇ ਛਤਰਧਾਰੀ ਹੋ। ਕਿਤੇ ਰਾਜ ਦੇ [ਸਾਜੰ] ਸਮਾਨ ਹੋ ਕਿਤੇ ਰਾਜਿਆਂ ਦੇ ਅਧਿਰਾਜ (ਹੋ, ਕਿਤੇ ਰਾਜ ਦੇ) ਅਧਿਕਾਰੀ (ਹੱਕਦਾਰ) ਹੋ (ਭਾਵ ਰਾਜੇ ਕਿਤੇ ਮਹਾਰਾਜੇ ਤੇ ਕਿਤੇ ਯੁਵਰਾਜ ਹੋ) ॥੨੯॥੧੧੯॥

ਨਮੋ ਨਾਥ ਪੂਰੇ ਸਦਾ ਸਿੱਧ ਦਾਤਾ ॥ ਅਛੇਦੀ ਅਛੈ ਆਦਿ ਅਦ੍ਵੈ ਬਿਧਾਤਾ ॥
ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ ॥
ਨਮਸਤੰ ਨਮਸਤੰ ਤੁਅਸਤੰ ਅਭੂਤੇ ॥੩੦॥੧੨੦॥

---

* *ਪਿੰਗੁਲ ਅਚਾਰਯ—ਸੰਨ ਈਸਵੀ ਤੋਂ ੨੦੦ ਵਰ੍ਹੇ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ, ਸਭ ਤੋਂ ਪਹਿਲੇ ਛੰਦ ਸ਼ਾਸਤ੍ਰ ਇਸੇ ਨੇ ਬਣਾਇਆ ਸੀ।*

ਅਰਥ : ਹੇ ਪੂਰੇ ਸੁਾਮੀ ! ਤੈਨੂੰ ਨਮਸਕਾਰ ਹੈ, ਤੂੰਹੀ ਸਦਾ ਸਿੱਧੀ ਦਾਤਾ ਹੈਂ। ਤੇਰਾ ਛੇਦਨ ਨਹੀਂ ਹੁੰਦਾ, ਨਾਸ ਨਹੀਂ ਹੁੰਦਾ, ਤੂੰ ਮੁੱਢ ਤੋਂ ਹੀ ਦ੍ਵੈਤ ਤੋਂ ਰਹਿਤ ਹੈਂ ਅਤੇ [ਬਿਧਾਤਾ] ਕਰਮਾਂ ਦਾ ਫਲ ਦੇਣ ਵਾਲਾ ਹੈਂ। ਨਾ ਤੂੰ [ਤ੍ਰਸਤੰ] ਡਰਦਾ ਹੈਂ, ਨਾ ਤੈਨੂੰ ਕਿਸੇ ਦੀ [ਗ੍ਰਸਤੰ] ਪਕੜ ਹੈ, ਤੂੰ ਸਾਰੇ ਰੂਪਾਂ ਵਾਲਾ ਹੈਂ। [ਅਭੂਤੇ] ਹੇ ਅਸਚਰਜ ! ਤੈਨੂੰ ਨਮਸਕਾਰ [ਅਸਤੰ] ਹੈ, ਨਮਸਕਾਰ ਹੈ ॥੩੦॥੧੨੦॥

ਤ੍ਵ ਪ੍ਰਸਾਦਿ॥ ਪਾਧੜੀ ਛੰਦ ॥

ਅਬਜਕਤ ਤੇਜ ਅਨਭਉ ਪ੍ਰਕਾਸ ॥ ਅੱਛੈ ਸਰੂਪ ਅਦ੍ਵੈ ਅਨਾਸ ॥
ਅਨਤੁਟ ਤੇਜ ਅਨਖੁਟ ਭੰਡਾਰ॥ ਦਾਤਾ ਦੁਰੰਤ ਸਰਬੰ ਪ੍ਰਕਾਰ ॥੧॥੧੨੧॥

ਅਰਥ : ਦੇਹ ਤੋਂ ਬਿਨਾਂ ਤੇਜ ਹੈ ਗਿਆਨ ਦਾ ਉਜਾਲਾ ਹੈ। ਨਾਸ ਤੋਂ ਬਿਨਾਂ ਸਰੂਪ ਹੈ, ਦਵੈਤ ਤੋਂ ਬਿਨਾਂ ਤੇ [ਅਨ+ਆਸ] ਆਸ ਤੋਂ ਰਹਿਤ ਹੈ। ਉਸ ਦਾ ਤੇਜ ਟੁਟਦਾ ਨਹੀਂ ਹੈ ਅਤੇ ਭੰਡਾਰਾ ਖੁਟਦਾ ਨਹੀਂ ਹੈ। ਸਭ ਤਰ੍ਹਾਂ ਨਾਲ [ਦੁਰੰਤ] ਬੇਅੰਤ ਦਾਤਾ ਹੈ ॥੧॥੧੨੧॥

ਅਨਭੂਤ ਤੇਜ ਅਨਛਿੱਜ ਗਾਤ॥ ਕਰਤਾ ਸਦੀਵ ਹਰਤਾ ਸਨਾਤ ॥
ਆਸਨ ਅਡੋਲ ਅਨਭੂਤ ਕਰਮ॥
ਦਾਤਾ ਦਇਆਲ ਅਨਭੂਤ ਧਰਮ ॥੨॥੧੨੨॥

ਅਰਥ : [ਅਨਭੂਤ] ਅਸਚਰਜ ਤੇਜ ਹੈ ਅਤੇ ਉਸ ਦਾ ਨਾ ਛਿੱਜਣ ਵਾਲਾ [ਗਾਤ] ਸਰੀਰ ਹੈ। ਸਦਾ ਹੀ ਸਭ ਨੂੰ ਕਰਦਾ ਹੈ ਅਤੇ [ਸਨਾਤ] ਨੀਚਤਾ ਨੂੰ ਹਰਤਾ] ਦੂਰ ਕਰਦਾ ਹੈ। ਉਸ ਦਾ ਅਡੋਲ ਆਸਣ ਹੈ ਅਤੇ ਅਸਚਰਜ ਕਰਮ ਹੈ। ਦਾਤਾ ਹੈ, ਦਿਆਲੂ ਹੈ ਅਤੇ ਤਤ੍ਵਾਂ ਤੋਂ ਰਹਿਤ ਧਰਮ ਵਾਲਾ ਹੈ, ਭਾਵ ਉਸ ਵਿਚ ਤਤ੍ਵਾਂ ਦਾ ਸੁਭਾਰ ਨਹੀਂ ਹੈ ॥੨॥੧੨੨॥

ਜਿਹ ਸੱਤ੍ਰ ਮਿੱਤ੍ਰ ਨਹਿ ਜਨਮ ਜਾਤ ॥ ਜਿਹ ਪੁਤ੍ਰ ਭ੍ਰਾਤ ਨਹੀਂ ਮਿੱਤ੍ਰ ਮਾਤ॥
ਜਿਹ ਕਰਮ ਭਰਮ ਨਹੀਂ ਧਰਮ ਧਿਆਨ ॥
ਜਿਹ ਨੇਹ ਗੇਹ ਨਹੀਂ ਬਿਓਤ ਬਾਨ ॥੩॥੧੨੩॥

ਅਰਥ : ਜਿਸ ਦਾ ਕੋਈ ਵੈਰੀ, ਸੱਜਣ, ਜਨਮ ਤੇ ਜਾਤੀ ਨਹੀਂ ਹੈ। ਜਿਸ ਦਾ ਕੋਈ ਪੁੱਤਰ, ਭਰਾ [ਮਿੱਤਰ] ਸਖਾ ਤੇ [ਮਾਤ= ਅਮਾਤ] ਵਜ਼ੀਰ ਨਹੀਂ ਹੈ। ਜਿਸ ਵਿਚ ਕਰਮ ਭਰਮ ਤੇ ਧਿਆਨ ਧਰਮ ਨਹੀਂ ਹੈ। ਜਿਸ ਵਿਚ ਘਰ ਦਾ ਨੇਹ ਨਹੀਂ ਹੈ ਅਤੇ ਨਾ ਹੀ [ਬਿਓਤ ਬਾਨ] ਜੁਗਤਾਂ ਦੀ ਵਾਦੀ ਹੈ ॥੩॥੧੨੩॥

ਜਿਹ ਜਾਤ ਪਾਤ ਨਹੀਂ ਸੱਤ੍ਰ ਮਿੱਤ੍ਰ ॥ ਜਿਹ ਨੇਹ ਗੇਹ ਨਹੀਂ ਚਿਹਨ ਚਿੱਤ੍ਰ॥
ਜਿਹ ਰੰਗ ਰੂਪ ਨਹੀਂ ਰਾਗ ਰੇਖ ॥
ਜਿਹ ਜਨਮ ਜਾਤ ਨਹੀਂ ਭਰਮ ਭੇਖ ॥੪॥੧੨੪॥

ਅਰਥ : ਜਿਸ ਦੀ ਜਾਤ-ਪਾਤ ਤੇ ਸੱਤ੍ਰ ਮਿੱਤਰ ਨਹੀਂ ਹੈ। ਜਿਸ ਨੂੰ ਮੋਹ ਦੀ ਪਕੜ ਤੇ ਕੋਈ ਚਿੰਨ੍ਹ ਚਿੱਤਰ ਵੀ ਨਹੀਂ ਹੈ। ਜਿਸ ਦਾ ਕੋਈ ਰੂਪ-ਰੰਗ ਤੇ ਕਿਸੇ ਨਾਲ [ਰੇਖ= ਰਖ] ਗੁੱਸਾ ਤੇ ਰਾਗ ਪ੍ਰੇਮ ਨਹੀਂ

ਹੈ। ਜਿਸ ਵਿਚ ਕੋਈ ਭਰਮ ਭੇਖ ਤੇ ਜਨਮ (ਵੀ) ਨਹੀਂ [ਜਾਤ] ਜਾਣਿਆ ਜਾਂਦਾ ਹੈ ॥੪॥੧੨੪॥

ਜਿਹ ਕਰਮ ਭਰਮ ਨਹੀ ਜਾਤ ਪਾਤ ॥ ਨਹੀ ਨੇਹ ਗੇਹ ਨਹੀ ਪਿਤ੍ਰ ਮਾਤ ॥
ਜਿਹ ਨਾਮ ਥਾਮ ਨਹੀ ਬਰਗ ਬਿਆਧ ॥ ਜਿਹ ਰੋਗ ਸੋਗ ਨਹੀ ਸਤ੍ਰ ਸਾਧ ॥੫॥੧੨੫॥

ਅਰਥ : ਜਿਸ ਵਿਚ ਕਰਮ ਭਰਮ ਤੇ [ਜਾਤ= ਪਾਤ] ਜੰਮਣਾ, ਮਰਨਾ ਨਹੀਂ ਹੈ। ਜਿਸ ਵਿਚ [ਗੇਹ] ਇਸਤਰੀ ਦਾ ਮੋਹ ਨਹੀਂ ਹੈ ਤੇ ਨਾ ਹੀ ਪਿਉ-ਮਾਂ ਦਾ ਨੇਹ ਹੈ। ਜਿਸ ਦਾ ਨਾਮ ਟਿਕਾਣਾ (ਤੇ ਚੂਹੇ, ਬਿੱਲੀ ਆਦਿਕ) ਬਰਗ ਦੀ ਬਿਆਧ ਵੀ ਨਹੀਂ ਹੈ। ਜਿਸ ਨੂੰ ਰੋਗ ਸੋਗ ਨਹੀਂ ਹੈ ਅਤੇ ਨਾ ਹੀ ਵੈਰੀ (ਜਾਂ) [ਸਾਧ] ਸੱਜਣ ਹੈ ॥੫॥੧੨੫॥

ਜਿਹ ਤ੍ਰਾਸ ਵਾਸ ਨਹੀ ਦੇਹ ਨਾਸ ॥ ਜਿਹ ਆਦਿ ਅੰਤ ਨਹੀ ਰੂਪ ਰਾਸ ॥
ਜਿਹ ਰੋਗ ਸੋਗ ਨਹੀ ਜੋਗ ਜੁਗਤਿ ॥
ਜਿਹ ਤ੍ਰਾਸ ਆਸ ਨਹੀ ਭੂਮਿ ਭੁਗਤਿ ॥੬॥੧੨੬॥

ਅਰਥ : ਜਿਸ ਦਾ ਡਰ ਵਿਚ ਵਾਸਾ ਨਹੀਂ ਤੇ ਨਾ ਹੀ ਦੇਹ ਨਾਸ ਹੁੰਦੀ ਹੈ। ਜਿਸ ਦਾ ਆਦਿ ਤੇ ਅੰਤ ਨਹੀਂ ਹੈ ਅਤੇ ਰੂਪ ਤੇ [ਰਾਸ] ਮੂੜੀ ਵੀ ਨਹੀਂ ਹੈ। ਜਿਸ ਨੂੰ ਰੋਗ ਦਾ ਸੋਗ ਨਹੀਂ ਹੈ ਅਤੇ ਨਾ ਹੀ ਜੋਗ ਵਿਚ ਜੁੜਦਾ ਹੈ। ਜਿਸ ਨੂੰ ਡਰ ਨਹੀਂ ਹੈ ਅਤੇ ਨਾ ਹੀ ਧਰਤੀ ਨੂੰ ਭੋਗਨ ਦੀ ਆਸ ਕਰਦਾ ਹੈ ॥੬॥੧੨੬॥

ਜਿਹ ਕਾਲ ਬਿਆਲ ਕਟਿਓ ਨ ਅੰਗ ॥ ਅੱਛੈ ਸਰੂਪ ਅਖੈ ਅਭੰਗ ॥
ਜਿਹ ਨੇਤ ਨੇਤ ਉਚਰੰਤ ਬੇਦ ॥ ਜਿਹ ਅਲਖ ਰੂਪ ਕੱਥਤ ਕਤੇਬ ॥੭॥੧੨੭॥

ਅਰਥ : ਜਿਸ ਦੇ ਅੰਗ ਸਰੀਰ ਨੂੰ ਕਾਲ [ਬਿਆਲ] ਸੱਪ ਨੇ ਕਦੇ ਵੀ ਕੱਟਿਆ ਨਹੀਂ ਹੈ। ਜੋ ਹੱਛੇ ਸਰੂਪ ਵਾਲਾ ਨਾਸ ਤੋਂ ਰਹਿਤ ਅਤੇ [ਭੰਗ] ਬਿਘਨ ਤੋਂ ਬਿਨਾਂ ਹੈ। ਜਿਸ ਨੂੰ ਵੇਦ ਸਦਾ ਹੀ ਬੇਅੰਤ ਬੇਅੰਤ ਉਚਾਰਦੇ ਹਨ। ਕਤੇਬਾਂ ਵੀ ਜਿਸ ਨੂੰ ਅਲਖ ਰੂਪ ਕਥਨ ਕਰਦੀਆਂ ਹਨ ॥੭॥੧੨੭॥

ਜਿਹ ਅਲਖ ਰੂਪ ਆਸਨ ਅਡੋਲ ॥ ਜਿਹ ਅਮਿਤ ਤੇਜ ਅਛੈ ਅਤੋਲ ॥
ਜਿਹ ਧਿਆਨ ਕਾਜ ਮੁਨਿ ਜਨ ਅਨੰਤ ॥
ਕਈ ਕਲਪ ਜੋਗ ਸਾਧਤ ਦੁਰੰਤ ॥੮॥੧੨੮॥

ਅਰਥ : ਜਿਸ ਦਾ ਰੂਪ ਅਲੱਖ ਹੈ ਅਤੇ ਅਡੋਲ ਆਸਣ ਹੈ। ਜਿਸ ਦਾ ਤੇਜ ਅਮਿੱਤ ਹੈ, ਜੋ ਨਾਸ ਤੋਂ ਰਹਿਤ ਤੇ ਵਿਚਾਰ ਤੋਂ ਪਰੇ ਹੈ। ਬੇਅੰਤ ਮੁਨੀ ਜਨ ਜਿਸ ਦੇ [ਧਿਆਨ] ਦਰਸ਼ਨ ਕਾਜ ਵਾਸਤੇ ਕਈ ਕਲਪਾ* ਤਕ [ਦੁਰੰਤ] ਕਠਿਨ ਜੋਗ ਸਾਧਨਾ ਕਰਦੇ ਹਨ ॥੮॥੧੨੮॥

** ਬ੍ਰਹਮਾ ਦੇ ਇਕ ਦਿਨ ਬੀਤਣ ਦਾ ਨਾਮ 'ਕਲਪ' ਹੈ ਅਤੇ ਬ੍ਰਹਮਾ ਦੇ ਇਕ ਦਿਨ ਵਿਚ ੧੪ ਮਨਵੰਤਰ (ਜਾਂ ੪੩੨੦੦੦੦੦੦੦ ਵਰ੍ਹੇ ਗੁਜ਼ਰਦੇ ਹਨ)। ਪਰ ਜਨਮ ਸਾਖੀ ਮੱਕੇ ਦੀ ਗੋਸ਼ਟ ਵਿਚ ਲਿਖਿਆ ਹੈ, ਕਲਪ ਬ੍ਰਿਛ ਦਾ ਇਕ ਪੱਤਾ ਡਿੱਗਣ ਮਗਰੋਂ ਕਲਪ ਅਤੇ ਸਾਰੇ ਪੱਤੇ ਝੜ ਜਾਣ ਮਗਰੋਂ 'ਮਹਾਂ ਕਲਪ' ਹੁੰਦਾ ਹੈ। 'ਮਹਾਂ ਕਲਪ' ਨੂੰ ਹੀ 'ਪਰਲੋ' ਕਹਿੰਦੇ ਹਨ।*

ਤਨ ਸੀਤ ਘਾਮ ਬਰਖਾ ਸਹੰਤ ॥ ਕਈ ਕਲਪ ਏਕ ਆਸਨ ਬਿਤੰਤ ॥
ਕਈ ਜਤਨ ਜੋਗ ਬਿੱਦਿਆ ਬਿਚਾਰ ॥ ਸਾਧੰਤ ਤਦਪਿ ਪਾਵਤ ਨ ਪਾਰ ॥੯॥੧੨੯॥

ਅਰਥ : ਸਰੀਰ ਉਤੇ ਸਰਦੀ, ਗਰਮੀ ਤੇ ਵਰਖਾ ਸਹਾਰਦੇ ਹਨ। ਇਕੋ [ਆਸਨ] ਚੌਂਕੜੀ ਬੈਠੇ ਕਈ ਕਲਪ ਬਿਤਾ ਦਿੰਦੇ ਹਨ। ਕਈ (ਤਰ੍ਹਾਂ ਦੇ) ਜਤਨ ਤੇ ਜੋਗ ਵਿਦਿਆ ਦੀ ਵਿਚਾਰ [ਸਾਧੰਤ] ਕਰਦੇ ਹਨ। ਤਦ ਵੀ ਉਸ ਦਾ ਅੰਤ ਨਹੀਂ ਪਾ ਸਕਦੇ॥੯॥੧੨੯॥

ਕਈ ਉਰਧ ਬਾਹ ਦੇਸਨ ਭ੍ਰਮੰਤ ॥ ਕਈ ਉਰਧ ਮਧ ਪਾਵਕ ਝੁਲੰਤ ॥
ਕਈ ਸਿੰਮ੍ਰਿਤਿ ਸਾਸਤ੍ਰ ਉਚਰੰਤ ਬੇਦ ॥ ਕਈ ਕੋਕ ਕਾਬ ਕੱਥਤ ਕਤੇਬ ॥੧੦॥੧੩੦॥

ਅਰਥ : ਕਈ [ਉਰਧ ਬਾਹੁ] ਬਾਹਾਂ ਖੜੀਆਂ ਕਰਕੇ ਖੜੇ ਹਨ, ਕਈ ਦੇਸਾਂ ਵਿਚ ਫਿਰਦੇ ਹਨ। ਕਈ [ਉਰਧ] ਮੂਧੇ ਹੋ ਕੇ ਅੱਗ ਦੇ ਵਿਚ [ਝੁਲੰਤ] ਲਟਕਦੇ ਹਨ। ਕਈ ਸਿੰਮ੍ਰਤੀਆਂ, ਸ਼ਾਸਤ੍ਰ ਤੇ ਵੇਦ ਪੜ੍ਹਦੇ ਹਨ। ਕਈ ਕੋਕ, ਕਈ ਕਾਬਯ ਤੇ ਕਈ ਕਤੇਬਾਂ ਪੜ੍ਹਦੇ ਹਨ ॥੧੦॥੧੩੦॥

ਕਈ ਅਗਨ ਹੋਤ੍ਰ ਕਈ ਪਉਨ ਅਹਾਰ ॥ ਕਈ ਕਰਤ ਕੋਟ ਮ੍ਰਿਤ ਕੋ ਅਹਾਰ ॥
ਕਈ ਕਰਤ ਸਾਕ ਪੈ ਪਤ੍ਰ ਭੱਛ ॥ ਨਹੀ ਤਦਪਿ ਦੇਵ ਹੋਵਤ ਪ੍ਰਤੱਛ ॥੧੧॥੧੩੧॥

ਅਰਥ : ਕਈ ਅਗਨ ਹੋਤਰ ਕਰਦੇ ਹਨ, ਕਈ ਪੌਣ ਅਹਾਰ ਕਰਦੇ ਹਨ। ਕਈ ਕ੍ਰੋੜਾਂ [ਮ੍ਰਿਤ ਕੋ] ਮਿੱਟੀ ਦਾ ਭੋਜਨ ਕਰਦੇ ਹਨ। ਕਈ ਸਾਕ [ਪੈ] ਅਤੇ ਪੱਤਰ ਖਾਣਾ ਕਰਦੇ ਹਨ। ਪਰ ਤਦ ਵੀ ਪਰਮਾਤਮ ਦੇਵ ਪ੍ਰਤੱਖ ਨਹੀਂ ਹੁੰਦਾ ॥੧੧॥੧੩੧॥

ਕਈ ਗੀਤ ਗਾਨ ਗੰਧਰਬ ਰੀਤ ॥ ਕਈ ਬੇਦ ਸਾਸਤ੍ਰ ਬਿਦਿਆ ਪ੍ਰਤੀਤ ॥
ਕਹੂੰ ਬੇਦ ਰੀਤਿ ਜੱਗ ਆਦਿ ਕਰਮ ॥ ਕਹੂੰ ਅਗਨ ਹੋਤ੍ਰ ਕਹੂੰ ਤੀਰਥ ਧਰਮ ॥੧੨॥੧੩੨॥

ਅਰਥ : ਕਈ ਗੰਧਰਬਾ [ਰੀਤ] ਵਾਂਗ ਗੀਤ ਗਾਉਂਦੇ ਹਨ। ਕਈ ਵੇਦ, ਸ਼ਾਸਤ੍ਰਾਂ ਦੀ ਵਿਦਯਾ ਉਤੇ ਨਿਸਚਾ ਕਰਦੇ ਹਨ। ਕਈ ਵੇਦਾਂ ਦੀ ਰੀਤੀ ਅਨੁਸਾਰ ਜਗ ਆਦਿਕ ਕਰਮ ਕਰਦੇ ਹਨ। ਕਈ ਅਗਨ ਹੋਤਰ ਕਰਦੇ ਹਨ ਅਤੇ ਕਈ ਤੀਰਥਾਂ ਪੁਰ ਜਾ ਕੇ ਧਰਮ ਕਰਦੇ ਹਨ ॥੧੨॥੧੩੨॥

ਕਈ ਦੇਸ ਦੇਸ ਭਾਖਾ ਰਟੰਤ ॥ ਕਈ ਦੇਸ ਦੇਸ ਬਿਦਿਆ ਪੜ੍ਹੰਤ ॥
ਕਈ ਕਰਤ ਭਾਂਤ ਭਾਂਤਨ ਬਿਚਾਰ ॥ ਨਹੀ ਨੈਕੁ ਤਾਸੁ ਪਾਯਤ ਨ ਪਾਰ ॥੧੩॥੧੩੩॥

ਅਰਥ : ਕਈ ਦੇਸਾਂ ਦੇਸਾਂ ਦੀ ਬੋਲੀ ਬੋਲਦੇ ਹਨ। ਕਈ ਦੇਸਾਂ ਦੇਸਾਂ ਵਿਚ ਜਾ ਕੇ ਵਿਦਯਾ ਪੜ੍ਹਦੇ ਹਨ। ਕਈ ਅਨੇਕ ਤਰ੍ਹਾਂ ਦੀ ਵਿਚਾਰ ਕਰਦੇ ਹਨ। ਪਰ [ਤਾਸੁ] ਉਸ ਦਾ [ਨੈਕੁ] ਥੋੜ੍ਹਾ ਜਿੰਨਾ ਵੀ ਅੰਤ ਨਹੀਂ ਪਾ ਸਕਦੇ ॥੧੩॥੧੩੩॥

ਕਈ ਤੀਰਥ ਤੀਰਥ ਭਰਮਤ ਸੁ ਭਰਮ ॥ ਕਈ ਅਗਨ ਹੋਤ੍ਰ ਕਈ ਦੇਵ ਕਰਮ ॥
ਕਈ ਕਰਤ ਬੀਰ ਬਿਦਿਆ ਬਿਚਾਰ ॥ ਨਹੀਂ ਤਦਪ ਤਾਸ ਪਾਯਤ ਨ ਪਾਰ ॥੧੪॥੧੩੪॥

ਅਰਥ : ਕਈ ਤੀਰਥ ਤੀਰਥ ਉਤੇ ਭੌਂਦੇ [ਭਰਮ] ਫਿਰਦੇ ਹਨ। ਕਈ ਅਗਨ ਹੋਤ੍ਰ ਕਰਦੇ ਹਨ। ਕਈ ਦੇਵ ਕਰਮ ਕਰਦੇ ਹਨ ਕਈ ਸ਼ਸਤ੍ਰ ਵਿਦਯਾ ਦਾ ਵਿਚਾਰ ਕਰਦੇ ਹਨ। ਤਦ ਵੀ ਉਸ ਦਾ ਅੰਤ ਨਹੀਂ ਪਾ ਸਕਦੇ ॥੧੪॥੧੩੪॥

ਕਹੂੰ ਰਾਜ ਰੀਤ ਕਹੂੰ ਜੋਗ ਧਰਮ ॥ ਕਈ ਸਿੰਮ੍ਰਿਤਿ ਸਾਸਤ੍ਰ ਉਚਰਤ ਸੁ ਕਰਮ ॥
ਨਿਉਲੀ ਆਦਿ ਕਰਮ ਕਹੂੰ ਹਸਤ ਦਾਨ ॥ ਕਹੂੰ ਅਸ੍ਵਮੇਧ ਮਖ ਕੋ ਬਖਾਨ ॥੧੫॥੧੩੫॥

ਪਦ ਅਰਥ : ਹਸਤ= ਹਾਥੀ। ਅਸ੍ਵਮੇਧ ਮਖ= ਉਹ ਮਖ ਯੱਗ, ਜਿਸ ਵਿਚ [ਅਸ੍ਵ] ਘੋੜਾ [ਮੇਧ] ਮਾਰਿਆ ਜਾਵੇ। ਜਿਸ ਯੱਗ ਵਿਚ ਘੋੜੇ ਦੀ ਕੁਰਬਾਨੀ ਹੋਵੇ।

ਅਰਥ : ਕਿਤੇ ਰਾਜ ਰੀਤੀ ਕਰਦੇ ਹਨ ਕਿਤੇ ਜੋਗ ਧਰਮ ਨੂੰ ਧਾਰ ਰਹੇ ਹਨ। ਕਈ ਸਿੰਮ੍ਰਿਤੀਆਂ ਸ਼ਾਸਤ੍ਰਾਂ ਦੇ ਉਚਾਰਣ ਕੀਤੇ ਸ਼ੁਭ ਕਰਮ ਕਰ ਰਹੇ ਹਨ। ਕਈ ਨੌਲਿ ਕਰਮ ਆਦਿਕ (ਯੋਗ ਸਾਧਨ ਕਰਦੇ ਹਨ ਅਤੇ) ਕਈ ਹਾਥੀ ਦਾਨ ਕਰ ਰਹੇ ਹਨ। ਕਈ ਅਸ੍ਵਮੇਧ ਯੱਗ ਨੂੰ ਕਰਨ ਦੀਆਂ ਵਾਰਤਾਂ ਕਰ ਰਹੇ ਹਨ ॥੧੫॥੧੩੫॥

ਕਹੂੰ ਕਰਤ ਬ੍ਰਹਮ ਬਿਦਿਆ ਬਿਚਾਰ ॥ ਕਹੂੰ ਜੋਗ ਰੀਤ ਕਹੂੰ ਬ੍ਰਿੱਧ ਚਾਰ ॥
ਕਹੂੰ ਕਰਤ ਜੱਛ ਗੰਧ੍ਰਬ ਗਾਨ ॥ ਕਹੂੰ ਧੂਪ ਦੀਪ ਕਹੂੰ ਅਰਘ ਦਾਨ ॥੧੬॥੧੩੬॥

ਅਰਥ : ਕਿਤੇ ਕੋਈ ਬ੍ਰਹਮ ਵਿਦਿਆ ਦਾ ਵੀਚਾਰ ਕਰਦਾ ਹੈ ਕਿਤੇ ਕੋਈ ਜੋਗ ਦੀ ਰੀਤ ਕਰਦਾ ਹੈ ਅਤੇ ਕਿਤੇ ਕੋਈ [ਬ੍ਰਿਧਚਾਰ] ਅਚਾਰ ਬ੍ਰਿਧ[1] ਹੈ। ਕਿਤੇ ਕੋਈ ਜੱਛ ਤੇ ਗੰਧਰਬ (ਵਾਂਗ) ਗਾਯਨ ਕਰਦਾ ਹੈ। ਕਿਤੇ ਕੋਈ ਧੂਪ ਦੀਪ (ਸਜਾ ਕੇ ਆਰਤੀ) ਕਰਦਾ ਹੈ ਅਤੇ ਕੋਈ ਅਰਘ[2] ਦਾਨ ਕਰਦਾ ਹੈ ॥੧੬॥੧੩੬॥

ਕਹੂੰ ਪਿਤ੍ਰ ਕਰਮ ਕਹੂੰ ਬੇਦ ਰੀਤ ॥ ਕਹੂੰ ਨ੍ਰਿਤ ਨਾਚ ਕਹੂੰ ਗਾਨ ਗੀਤ ॥
ਕਹੂੰ ਕਰਤ ਸਾਸਤ੍ਰ ਸਿੰਮ੍ਰਿਤ ਉਚਾਰ ॥
ਕਈ ਭਜਤ ਏਕ ਪਗ ਨਿਰਾਧਾਰ ॥੧੭॥੧੩੭॥

ਅਰਥ : ਕਿਤੇ ਕੋਈ (ਪਿਤਰ ਕਰਮ[3] ਕਰਦਾ ਹੈ ਅਤੇ) ਕਿਤੇ ਕੋਈ ਗੀਤ ਗਾਉਂਦਾ ਹੈ। ਕਿਤੇ ਕੋਈ ਸਿੰਮ੍ਰਿਤੀਆਂ ਸ਼ਾਸਤ੍ਰਾਂ ਦਾ ਉਚਾਰ ਕਰਦਾ ਹੈ। ਕਿਤੇ ਕੋਈ ਇਕ ਪੈਰ ਦੇ [ਨਿਰਾਧਾਰ] ਆਸਰੇ ਖੜਾ ਹੋ ਕੇ ਭਜਨ ਕਰ ਰਿਹਾ ਹੈ ॥੧੭॥੧੩੭॥

ਕਈ ਨੇਹ ਦੇਹ ਕਈ ਗੇਹ ਵਾਸ ॥ ਕਈ ਭ੍ਰਮਤ ਦੇਸ ਦੇਸਨ ਉਦਾਸ ॥
ਕਈ ਜਲ ਨਿਵਾਸ ਕਈ ਅਗਨਿ ਤਾਪ ॥
ਕਈ ਜਪਤ ਉਰਧ ਲਟਕੰਤ ਜਾਪ ॥੧੮॥੧੩੮॥

---

੧. ਜੋ ਕਰਨੀ ਵਿਚ ਵੱਡੀ ਹੋਵੇ, ਆਮਿਲ ਪੁਰਸ਼।

੨. ਸੋਲ੍ਹਾਂ ਤਰ੍ਹਾਂ ਦੀ ਪੂਜਾ ਵਿਚ ਇਕ ਤਰੀਕਾ ਅਰਘ ਦਾਨ ਹੈ। ਉਹ ਪਾਣੀ ਜਿਸ ਵਿਚ ਫਲ, ਚਾਵਲ, ਦੱਭ ਆਦਿਕ ਹਨ, ਕਿਸੇ ਦੇਵਤੇ ਦੇ ਸਾਹਮਣੇ ਗਿਰਾਉਣ ਦਾ ਨਾਮ 'ਅਰਘ ਦਾਨ' ਹੈ।

੩. ਗਯਾਨ ਰਤਨ ਮਾਲਾ ਸਟੀਕ ਦੀ ਸਤਵੀਂ ਲੜੀ ਦੀ ਪੌੜੀ ਵਿਚ 'ਪਿਤਰ ਕਰਮ' ਵੇਖੋ।

ਅਰਥ : ਕਈ ਦੇਹ ਨਾਲ ਨੇਹ ਕਰਦੇ ਹਨ, ਕਈ ਘਰ ਵਿਚ ਵਾਸ ਕਰਦੇ ਹਨ ਅਤੇ ਕਈ ਉਦਾਸ ਹੋ ਕੇ ਦੇਸਾਂ ਵਿਚ ਫਿਰਦੇ ਹਨ। ਕਈ ਜਲ ਵਿਚ ਵੱਸਦੇ ਹਨ, ਕਈ ਪੰਜ ਅਗਨਿ ਤਪਦੇ ਹਨ। ਕਈ [ਉਰਧ] ਮੂਧੇ ਲਟਕ ਕੇ ਜਾਪ ਨੂੰ ਜਪਦੇ ਹਨ ॥੧੮॥੧੩੮॥

ਕਈ ਕਰਤ ਜੋਗ ਕਲਪੰ ਪ੍ਰਜੰਤ ॥ ਨਹੀ ਤਦਪਿ ਤਾਸ ਪਾਯਤ ਨ ਅੰਤ ॥
ਕਈ ਕਰਤ ਕੋਟ ਬਿੱਦਿਆ ਬਿਚਾਰ ॥
ਨਹੀ ਤਦਪਿ ਦਿਸਟਿ ਦੇਖੈ ਮੁਰਾਰ ॥੧੯॥੧੩੯॥

ਅਰਥ : ਕਿੰਨੇ ਹੀ ਕਲਪਾਂ ਤਕ ਜੋਗ ਧਾਰ ਕੇ ਜਪ ਕਰਦੇ ਹਨ। ਤਦ ਵੀ ਉਸ ਦਾ ਅੰਤ ਨਹੀਂ ਪਾ ਸਕਦੇ। ਕਈ ਕਰੋੜਾਂ ਵਿਦਯਾ ਦਾ ਵਿਚਾਰ ਕਰਦੇ ਹਨ। ਤਦ ਵੀ ਉਸ ਮੁਰਾਰੀ (ਦਾ ਦਰਸ਼ਨ) ਅੱਖਾਂ ਨਾਲ ਨਹੀਂ ਵੇਖ ਸਕਦੇ ॥੧੯॥੧੩੯॥

ਬਿਨ ਭਗਤਿ ਸਕਤਿ ਨਹੀ ਪਰਤ ਪਾਨ ॥ ਬਹੁ ਕਰਤ ਹੋਮ ਅਰ ਜੱਗ ਦਾਨ ॥
ਬਿਨ ਏਕ ਨਾਮ ਇਕ ਚਿੱਤ ਲੀਨ ॥
ਫੋਕਟੋ ਸਰਬ ਧਰਮਾ ਬਿਹੀਨ ॥੨੦॥੧੪੦॥

ਅਰਥ : ਭਗਤੀ ਦੀ [ਸਕਤਿ] ਤਾਕਤ ਤੋਂ ਬਿਨਾਂ ਉਹ [ਪਾਨ] ਹੱਥ ਨਹੀਂ [ਪਰਤ] ਆਉਂਦਾ ਹੈ। (ਭਾਵੇਂ) ਬਹੁਤੇ ਹੋਮ ਤੇ ਜਗ ਕੀਤੇ ਜਾਣ ਤੇ ਦਾਨ (ਵੀ ਕੀਤੇ ਜਾਵਣ)। ਇਕ ਵਾਰ (ਹੋ ਕੇ) ਇਕ ਨਾਮ ਵਿਚ ਲੀਨ (ਹੋਏ ਤੋਂ) ਬਿਨਾਂ ਸਾਰੇ [ਬਿਹੀਨ] ਨਿਕੰਮੇ ਧਰਮ ਫੋਕਟ ਹਨ ॥੨੦॥੧੪੦॥

ਤ੍ਵ ਪ੍ਰਸਾਦਿ ॥ ਤੋਟਕ ਛੰਦ ॥

ਜਯ ਜੰਪਤ ਜੁੱਗਣ ਜੂਹ ਜੁਅੰ ॥ ਭੈ ਕੰਪਹਿ ਮੇਰੁ ਪਯਾਲ ਭੁਅੰ ॥
ਤਪੁ ਤਾਪਸ ਸਰਬ ਜਲੇ ਰੁ ਥਲੰ ॥
ਧਨ ਉਚਰਤ ਇੰਦ੍ਰ ਕੁਬੇਰ ਬਲੰ ॥੧॥੧੪੧॥

ਪਦ ਅਰਥ : ਜੂਹ= ਸਮੂਹ, ਸਾਰੇ। ਜੁਅੰ= ਜੁੜ ਕੇ। ਭੁਅੰ= ਧਰਤੀ।

ਅਰਥ : ਸਾਰੇ ਜੋਗੀ ਜੁੜ ਕੇ ਜਿਸ ਨੂੰ ਜੋ ਜੋ ਜਪਦੇ ਹਨ। ਜਿਸ ਦੇ ਡਰ ਨਾਲ [ਮੇਰੁ] ਅਕਾਸ਼ ਪਤਾਲ ਤੇ ਧਰਤੀ ਕੰਬਦੇ ਹਨ। ਸਾਰੇ ਜਲਾਂ ਥਲਾਂ ਦੇ ਤਪਸੀ ਜਿਸ ਨੂੰ ਪਾਉਣ ਲਈ ਤਪ ਕਰਦੇ ਹਨ। ਇੰਦਰ, ਕੁਬੇਰ ਤੇ ਬਲ ਰਾਜਾ ਜਿਸ ਨੂੰ ਧੰਨ ਧੰਨ ਉਚਾਰਦੇ ਹਨ ॥੧॥੧੪੧॥

ਅਨਖੇਦ ਸਰੂਪ ਅਭੇਦ ਅਭਿਅੰ ॥ ਅਨਖੰਡ ਅਭੂਤ ਅਛੇਦ ਅਛਿਅੰ ॥
ਅਨਕਾਲ ਅਪਾਲ ਦਇਆਲ ਸੁਅੰ ॥
ਜਿਹ ਠਟੀਅੰ ਮੇਰ ਆਕਾਸ ਭੁਅੰ ॥੨॥੧੪੨॥

ਅਰਥ : ਜੋ ਖੇਦ ਤੋਂ ਬਿਨਾਂ ਸਰੂਪ ਵਾਲਾ, ਭੇਦ ਤੋਂ ਬਿਨਾਂ ਤੇ ਭੈ ਤੋਂ ਰਹਿਤ ਹੈ। ਖੰਡਿਆ ਨਹੀਂ ਜਾਂਦਾ,

ਤੱਤਾਂ ਤੋਂ ਬਿਨਾਂ, ਭੇਦ ਤੋਂ ਰਹਿਤ ਅਤੇ ਅਛੇਦ ਹੈ। ਕਾਲ ਤੋਂ ਬਿਨਾਂ ਪਾਲਨਾ ਤੋਂ ਰਹਿਤ [ਅਸੁਅੰ] ਬਿਲਕੁਲ ਆਪ ਹੀ ਦਿਆਲੂ ਹੈ। ਜਿਸ ਨੇ ਅਕਾਸ਼ ਸੁਮੇਰ ਤੇ ਪ੍ਰਿਥਵੀ ਨੂੰ ਕਾਇਮ ਕੀਤਾ ਹੋਇਆ ਹੈ ॥੨॥੧੪੨॥

ਅਨਖੰਡ ਅਮੰਡ ਪ੍ਰਚੰਡ ਨਰੰ ॥ ਜਿਹ ਰਚੀਅੰ ਦੇਵ ਅਦੇਵ ਬਰੰ ॥
ਸਭ ਕੀਨੀ ਦੀਨ ਜਮੀਨ ਜਮਾਂ ॥
ਜਿਹ ਰਚੀਅੰ ਸਰਬ ਮਕੀਨ ਮਕਾਂ ॥੩॥੧੪੩॥

ਅਰਥ : ਜੋ ਨ ਖੰਡਣ ਹੋਣ ਵਾਲਾ, ਨਾ ਸਥਿਰ ਹੋਣ ਵਾਲਾ ਤੇ ਵੱਡੇ ਤੇਜ ਵਾਲਾ ਪੁਰਖ ਹੈ। ਜਿਸ ਨੇ ਦੇਵ ਦੈਂਤ (ਤੇ ਹੋਰ ਸਭ) [ਬਰੰ] ਚੰਗੇ (ਮੰਦੇ) ਬਣਾਏ ਹਨ। ਉਸ ਨੇ ਹੀ ਸਾਰੀ ਧਰਤੀ ਤੇ [ਜਮਾਂ] ਅਕਾਸ਼ ਨੂੰ [ਕੀਨ ਦੀਨ] ਕਰ ਦਿੱਤਾ ਹੈ। ਜਿਸ ਨੇ ਸਾਰੇ ਮਕਾਨਾਂ ਵਾਲੇ ਅਤੇ ਮਕਾਨ ਬਣਾ ਦਿਤੇ ਹਨ ॥੩॥੧੪੩॥

ਜਿਹ ਰਾਗ ਨ ਰੂਪ ਨ ਰੇਖ ਨ ਰੁਖੰ ॥ ਜਿਹ ਤਾਪ ਨ ਸ੍ਰਾਪ ਨ ਸੋਕ ਸੁਖੰ ॥
ਜਿਹ ਰੋਗ ਨ ਸੋਗ ਨ ਭੋਗ ਭੁਯੰ ॥
ਜਿਹ ਖੇਦ ਨ ਭੇਦ ਨ ਛੇਦ ਛਯੰ ॥੪॥੧੪੪॥

ਅਰਥ : ਜਿਸ ਦਾ ਕਿਸੇ ਨਾਲ ਪ੍ਰੇਮ ਨਹੀਂ (ਤੇ) ਨਾ ਹੀ ਕਿਸੇ ਨਾਲ ਰੂਪ ਰੇਖ ਤੇ [ਰੁਖੰ] ਚਿਹਰਾ ਮਿਲਦਾ ਹੈ। ਜਿਸ ਨੂੰ ਤਾਪ ਸਰਾਪ ਨਹੀਂ ਤੇ ਨਾ ਹੀ [ਸੋਕ] ਦੁਖ ਸੁਖ ਹੈ। ਜਿਸ ਨੂੰ ਰੋਗ ਸੋਗ ਨਹੀਂ ਤੇ ਨਾ ਹੀ ਭੋਗ ਤੇ ਡਰ ਹੈ। ਜਿਸ ਨੂੰ [ਖੇਦ] ਤਕਲੀਫ਼ ਤੇ ਛੇਦ ਨਹੀਂ ਅਤੇ ਨਾ ਹੀ [ਛੇਦ] ਈਰਖਾ ਤੇ [ਛਯ] ਡੰਝ ਹੈ ॥੪॥੧੪੪॥

ਜਿਹ ਜਾਤਿ ਨ ਪਾਤਿ ਨ ਮਾਤ ਪਿਤੰ ॥ ਜਿਹ ਰਚੀਅੰ ਛਤ੍ਰੀ ਛਤ੍ਰ ਛਿਤੰ ॥
ਜਿਹ ਰਾਗ ਨ ਰੇਖ ਨ ਰੋਗ ਭਣੰ ॥
ਜਿਹ ਦ੍ਵੈਖ ਨ ਦਾਗ ਨ ਦੋਖ ਗਣੰ ॥੫॥੧੪੫॥

ਅਰਥ : ਜਿਸ ਦੀ ਜਾਤ ਬਿਰਾਦਰੀ ਨਹੀਂ ਹੈ, ਅਤੇ ਨਾ ਹੀ ਮਾਤਾ ਪਿਤਾ ਹੈ। ਜਿਸ ਨੇ [ਛਿਤੰ] ਪ੍ਰਿਥਵੀ ਪੁਰ ਛੱਤਰ (ਧਾਰਨ ਵਾਲੇ) ਛੱਤਰੀ ਬਣਾਏ ਹਨ। ਜਿਸ ਨੂੰ ਰਾਗ ਨਹੀਂ (ਹੈ, ਤੇ ਰੂਪ) ਰੇਖਾ ਨਹੀਂ (ਹੈ ਅਤੇ ਨਾ ਹੀ) ਰੋਗ ਕਹੀਦਾ ਹੈ। ਜਿਸ ਨੂੰ ਦਵੈਖ ਦਾ ਦਾਗ (ਨਿਸ਼ਾਨ) ਨਹੀਂ ਹੈ, ਅਤੇ ਨਾ ਹੀ [ਦੋਖ] (ਕਲੰਕ) ਵਿਚਾਰੀਦਾ ਹੈ ॥੫॥੧੪੫॥

ਜਿਹ ਅੰਡਹਿ ਤੇ ਬ੍ਰਹਿਮੰਡ ਰਚਿਓ ॥ ਦਿਸ ਚਾਰ ਕਰੀ ਨਵ ਖੰਡ ਸਚਿਓ ॥
ਰਜ ਤਾਮਸ ਤੇਜ ਅਤੇਜ ਕੀਓ ॥
ਅਨਭਉ ਪਦ ਆਪ ਪ੍ਰਚੰਡ ਲੀਓ ॥੬॥੧੪੬॥

ਅਰਥ : ਜਿਸ ਨੇ ਅੰਡੇ* ਤੋਂ ਬ੍ਰਹਮੰਡ ਬਣਾਇਆ ਹੈ। ਚੌਦਾਂ (ਲੋਕ) ਬਣਾ ਕੇ ਨੌ ਖੰਡ [ਸਚਿਓ]

** ਮਨੂੰ ਸਿਮ੍ਰਤੀ ਦਾ ਕਥਨ ਹੈ—ਪਹਿਲੇ ਸੁਨਹਿਰੀ ਅੰਡਾ ਪੈਦਾ ਹੋਇਆ, ਜਿਸ ਦੇ ਦੋ ਟੁਕੜੇ ਹੋ ਗਏ, ਹੇਠਲੇ ਤੋਂ ਧਰਤੀ ਤੇ ਉਪਰਲੇ ਤੋਂ ਅਕਾਸ਼ ਪੈਦਾ ਹੋਏ ਹਨ। (ਆਦਿਕ)*

ਸਾਜੇ ਹਨ। ਜਿਸ ਨੇ ਰਜੋ, ਤਮੋ ਅਤੇ [ਤੇਜ] ਦਿਨ ਤੇ [ਅਤੇਜ] ਰਾਤ ਨੂੰ ਬਣਾਇਆ ਹੈ। ਉਸ ਨੇ [ਅਨਭਉ] ਆਪਣੇ ਆਪ ਹੀ ਆਪਨ [ਪ੍ਰਚੰਡ] ਵੱਡਾ ਪ੍ਰਕਾਸ਼ ਸਰੂਪ ਬਣਾ ਲਿਆ ਹੈ ॥੬॥੧੪੬॥

ਸ੍ਰਿਅ ਸਿੰਧੁਰ ਬਿੰਧ ਨਗਿੰਦ ਨਗੰ ॥ ਸ੍ਰਿਅ ਜੱਛ ਗੰਧਰਬ ਫਣਿੰਦ ਭੁਜੰ ॥
ਰਚ ਦੇਵ ਅਦੇਵ ਅਭੇਵ ਨਰੰ ॥
ਨਰਪਾਲ ਨ੍ਰਿਪਾਲ ਕਰਾਲ ਤ੍ਰਿਗੰ ॥੭॥੧੪੭॥

ਅਰਥ : ਜਿਸ ਨੇ ਸਿੰਧ ਸਮੁੰਦਰ [ਬਿੰਧ] ਪਹਾੜ [ਨਗਿੰਦ] ਸੁਮੇਰ ਤੇ ਪੁਰਸ਼ਾਂ ਨੂੰ [ਸ੍ਰਿਅ] ਸਿਰਜਿਆ ਹੈ। ਜਿਸ ਨੇ ਜੱਛ ਗੰਧਰਬ, ਸ਼ੇਸ਼ਨਾਗ ਤੇ [ਭੁਜੰ] ਸੱਪਾਂ ਨੂੰ ਸਿਰਜਿਆ ਹੈ। ਜਿਸ ਨੇ ਦੇਵਤੇ, ਦੈਂਤ ਤੇ [ਅਭੇਵ ਨਰੰ] ਬ੍ਰਹਮਾ, ਵਿਸ਼ਨੂੰ ਨੂੰ ਰਚਿਆ ਹੈ, ਜੋ [ਤ੍ਰਿਗੰ] ਟੇਢੀ ਗਤੀ ਵਾਲਾ ਪੁਰਖਾਂ ਨੂੰ ਪਾਲਦਾ ਹੈ, ਅਤੇ [ਨ੍ਰਿਪਾਲ] ਰਾਜਿਆਂ ਨੂੰ [ਕਰਾਲ] ਭਿਆਨਕ (ਰੂਪ ਹੋ ਕੇ ਪ੍ਰਤੀਤ ਹੁੰਦਾ ਹੈ) ॥੭॥੧੪੭॥

ਕਈ ਕੀਟ ਪਤੰਗ ਭੁਜੰਗ ਨਰੰ ॥ ਰਚਿ ਅੰਡਜ ਸੇਤਜ ਉੱਤਭੁਜੰ ॥
ਕੀਏ ਦੇਵ ਅਦੇਵ ਸਰਾਧ ਪਿਤੰ ॥
ਅਨਖੰਡ ਪ੍ਰਤਾਪ ਪ੍ਰਚੰਡ ਗਤੰ ॥੮॥੧੪੮॥

ਅਰਥ : ਜਿਸ ਨੇ ਕਈ ਕਰੋੜਾਂ, ਪਤੰਗੇ, ਸੱਪ ਤੇ ਮਨੁੱਖ ਬਣਾਏ ਹਨ। ਜਿਸ ਨੇ ਚੌਹਾਂ ਖਾਣੀਆਂ ਦੇ ਜੀਵਾਂ ਨੂੰ ਰਚਿਆ ਹੈ। ਜਿਸ ਨੇ [ਦੇਵ] ਭਲੇ ਤੇ [ਅਦੇਵ] ਬੁਰੇ ਅਤੇ ਸਰਾਧ ਤੇ ਪਿਤਰ ਬਣਾਏ ਹਨ। ਜਿਸ ਦਾ ਪ੍ਰਤਾਪ ਖੰਡਨ ਨਹੀਂ (ਹੁੰਦਾ, ਤੇ) ਬਹੁਤ ਤੇਜ [ਗਤੰ] ਚਾਲ ਹੈ ॥੮॥੧੪੮॥

ਪ੍ਰਭੁ ਜਾਤਿ ਨ ਪਾਤਿ ਨ ਜੋਤਿ ਜੁਤੰ ॥ ਜਿਹ ਤਾਤ ਨ ਮਾਤ ਨ ਭ੍ਰਾਤ ਸੁਤੰ ॥
ਜਿਹ ਰੋਗ ਨ ਸੋਗ ਨ ਭੋਗ ਭੁਅੰ ॥
ਜਿਹ ਜੰਪਹਿ ਕਿੰਨਰ ਜੱਛ ਜੁਅੰ ॥੯॥੧੪੯॥

ਅਰਥ : ਜਿਸ ਸ੍ਵਾਮੀ ਦੀ ਜਾਤ ਪਾਤ ਨਹੀਂ ਹੈ ਅਤੇ ਨਾ ਹੀ ਜੋਤਿ ਜੋੜੀ ਵਿਚ ਜੁੜਿਆ ਹੈ। ਜਿਸ ਦਾ ਪਿਉ ਮਾਂ ਨਹੀਂ ਹੈ ਅਤੇ ਨਾ ਹੀ ਭਰਾ ਤੇ ਪੁੱਤਰ ਹੈ। ਜਿਸ ਨੂੰ ਰੋਗ ਸੋਗ ਨਹੀਂ ਅਤੇ ਨਾ ਹੀ ਭੋਗ ਭੋਗਦਾ ਹੈ। ਜਿਸ ਨੂੰ ਸਾਰੇ ਕਿੰਨਰ ਤੇ ਜੱਛ [ਜੁਅੰ] ਮਿਲ ਕੇ ਜਪਦੇ ਹਨ ॥੯॥੧੪੯॥

ਨਰ ਨਾਰਿ ਨਿਪੁੰਸਕ ਜਾਹਿ ਕੀਏ ॥ ਗਣ ਕਿੰਨਰ ਜੱਛ ਭੁਜੰਗ ਦੀਏ ॥
ਗਜਿ ਬਾਜਿ ਰਥਾਦਿਕ ਪਾਂਤਿ ਗਣੰ ॥
ਭਵ ਭੂਤ ਭਵਿੱਖ ਭਵਾਨ ਤੁਅੰ ॥੧੦॥੧੫੦॥

ਅਰਥ : ਜਿਸ ਨੇ ਪੁਰਸ਼ ਇਸਤਰੀਆਂ ਤੇ ਹੀਜੜੇ ਬਣਾਏ ਹਨ। ਜਿਸ ਨੇ ਗਣ ਸਾਰੇ ਕਿੰਨਰ, ਜੱਛ ਤੇ ਸੱਪਾਂ ਨੂੰ ਜਨਮ ਦਿੱਤਾ ਹੈ। ਹਾਥੀ ਘੋੜੇ ਰਥ ਆਦਿਕ ਤੇ [ਪਾਂਤਿ] ਪੈਦਲਾਂ ਦੇ [ਗਣੰ] ਝੁੰਡ ਬਣਾਏ ਹਨ। ਤਿੰਨਾਂ ਕਾਲਾਂ ਨੂੰ ਵੀ ਤੂੰ ਹੀ [ਭਵ] ਪੈਦਾ ਕੀਤਾ ਹੈ ॥੧੦॥੧੫੦॥

ਜਿਹ ਅੰਡਜ ਸੇਤਜ ਜੇਰਰਜੰ ॥ ਰਚਿ ਭੂਮ ਅਕਾਸ ਪਤਾਲ ਜਲੰ ॥
ਰਚਿ ਪਾਵਕ ਪਉਣ ਪ੍ਰਚੰਡ ਬਲੀ ॥
ਬਨ ਜਾਸੁ ਕੀਓ ਫਲ ਫੂਲ ਕਲੀ ॥੧੧॥੧੫੧॥

ਅਰਥ : ਜਿਸ ਨੇ ਚੌਹਾਂ ਖਾਣੀਆਂ ਦੇ ਜੀਵਾਂ ਨੂੰ [ਰਜੰ] ਰਚਿਆ ਹੈ। ਧਰਤੀ, ਅਕਾਸ਼ ਪਤਾਲ ਤੇ ਜਲ ਨੂੰ ਰਚਿਆ ਹੈ। ਵੱਡੇ ਤੇਜ ਵਾਲੀ ਅੱਗ ਤੇ ਬਲਵਾਨ ਪੌਣ ਨੂੰ ਰਚਿਆ ਹੈ। ਜਿਸ ਨੇ ਜੰਗਲ ਫਲ ਫੁਲ ਤੇ ਕਲੀਆਂ ਨੂੰ ਬਣਾਇਆ ਹੈ ॥੧੧॥੧੫੧॥

ਭੂਅ ਮੇਰ ਅਕਾਸ ਨਿਵਾਸ ਛਿਤੰ ॥ ਰਚਿ ਰੋਜ ਇਕਾਦਸ ਚੰਦ੍ਰ ਬ੍ਰਿਤੰ ॥
ਦੁਤਿ ਚੰਦ ਦਿਨੀ ਸਹਿ ਦੀਪ ਦਈ ॥
ਜਿਹ ਪਾਵਕ ਪੌਨ ਪ੍ਰਚੰਡ ਮਈ ॥੧੨॥੧੫੨॥

ਅਰਥ : ਧਰਤੀ ਸੁਮੇਰ ਤੇ ਅਕਾਸ਼ ਨੂੰ ਬਣਾ ਕੇ ਧਰਤੀ ਨੂੰ ਨਿਵਾਸ ਦੀ ਥਾਂ ਕੀਤਾ ਹੈ। ਅਤੇ ਫਿਰ ਰੋਜ਼ੇ, ਇਕਾਦਸੀ (ਆਦਿਕ) ਵਰਤ ਚੰਦ੍ਰਮਾ ਨਾਲ ਜੋੜੇ ਹਨ। ਚੰਦ੍ਰਮਾ ਨੂੰ [ਦੁਤਿ] ਪ੍ਰਕਾਸ਼ ਸਭਾ ਤੇ [ਦਿਨੀਸਹਿ] ਸੂਰਜ ਨੂੰ [ਦੀਪ] ਰੋਸ਼ਨੀ ਦਿੱਤੀ ਹੈ। ਜਿਸ ਨੇ ਵੱਡੇ ਤੇਜ ਵਾਲੀ ਅੱਗ ਤੇ ਹਵਾ ਨੂੰ ਰਚਿਆ ਹੈ ॥੧੨॥੧੫੨॥

ਜਿਹ ਖੰਡ ਅਖੰਡ ਪ੍ਰਚੰਡ ਕੀਏ ॥ ਜਿਹ ਛਤ੍ਰ ਉਪਾਇ ਛਿਪਾਇ ਦੀਏ ॥
ਜਿਹ ਲੋਕ ਚਤੁਰ ਦਸ ਚਾਰ ਰਚੇ ॥
ਗਣ ਗੰਧ੍ਰਬ ਦੇਵ ਅਦੇਵ ਸਚੇ ॥੧੩॥੧੫੩॥

ਪਦ ਅਰਥ : ਖੰਡ ਅਖੰਡ= ਨਾ ਟੁਕੜੇ ਹੋਣ ਵਾਲਾ (ਖੰਡ) ਦੇਸ= ਅਕਾਸ਼। ਪ੍ਰਚੰਡ= ਸੂਰਜ। ਛਤ੍ਰ= (ਨਛੱਤਰ) ਤਾਰੇ। ਚਤੁਰਦਸ= ਚੌਦਾਂ।

ਅਰਥ : ਜਿਸ ਨੇ ਅਕਾਸ਼ ਵਿਚ ਸੂਰਜ ਨੂੰ ਬਣਾਇਆ ਹੈ। ਜਿਸ ਨੇ ਤਾਰੇ ਪੈਦਾ ਕਰ ਕੇ ਸੂਰਜ ਦੇ ਤੇਜ ਵਿਚ ਲੁਕਾ ਦਿਤੇ ਹਨ। ਜਿਸ ਨੇ ਚਾਰ ਸੁੰਦਰ ਲੋਕ ਰਚੇ ਹਨ ਅਤੇ ਦੇਵਤੇ ਦੈਂਤ, ਮਨੁੱਖ ਅਤੇ ਗੰਧਰਬ [ਸਚੇ] ਸਾਜੇ ਹਨ ॥੧੩॥੧੫੩॥

ਅਨਧੂਤ ਅਭੂਤ ਅਛੂਤ ਮਤੰ ॥ ਅਨਗਾਧ ਅਬਜਾਧ ਅਨਾਦਿ ਗਤੰ ॥
ਅਨਖੇਦ ਅਭੇਦ ਅਛੇਦ ਨਰੰ ॥
ਜਿਹ ਚਾਰ ਚਤ੍ਰ ਦਿਸ ਚਕ੍ਰ ਫਿਰੰ ॥੧੪॥੧੫੪॥

ਅਰਥ : ਉਹ [ਅਨਧੁਤ] ਸੁਧ ਹੈ, ਤੱਤਾਂ ਤੋਂ ਬਿਨਾਂ ਹੈ। ਸਪਰਸ਼ ਤੋਂ ਰਹਿਤ ਮਤ ਵਾਲਾ ਹੈ। ਬਹੁਤ ਡੂੰਘਾ ਹੈ, ਦੁੱਖਾਂ ਤੋਂ ਰਹਿਤ ਹੈ, ਮੁਢ ਤੋਂ ਬਿਨਾਂ ਗਤੀ ਵਾਲਾ ਹੈ। ਕਸ਼ਟ ਤੋਂ ਬਿਨਾਂ ਹੈ। ਵਿਥ ਤੋਂ ਰਹਿਤ ਹੈ, ਕਟਿਆ ਨਹੀਂ ਜਾਂਦਾ, ਨਰ ਰੂਪ ਹੈ। ਜਿਸ ਦਾ ਚੌਦਾਂ ਲੋਕਾਂ ਵਿਚ ਸੁੰਦਰ ਚੱਕਰ ਫਿਰਦਾ ਹੈ (ਭਾਵ ਜਿਸ ਦਾ ਹੁਕਮ ਅਮੇਟ ਹੈ) ॥੧੪॥੧੫੪॥

ਜਿਹ ਰਾਗ ਨ ਰੰਗ ਨ ਰੇਖ ਰੁਗੰ ॥ ਜਿਹ ਸੋਗ ਨ ਭੋਗ ਨ ਜੋਗ ਜੁਗੰ ॥
ਭੂਅ ਭੰਜਨ ਗੰਜਨ ਆਦਿ ਸਿਰੰ ॥
ਜਿਹ ਬੰਦਤ ਦੇਵ ਅਦੇਵ ਨਰੰ ॥੧੫॥੧੫੫॥

ਪਦ ਅਰਥ : ਭੂਅ ਭੰਜਨ= ਪ੍ਰਿਥਵੀ ਨੂੰ ਭੰਜਨ ਵਾਲੇ, ਸ੍ਰਿਸ਼ਟੀ ਨੂੰ ਦੁੱਖ ਦੇਣ ਵਾਲੇ ਦੈਂਤ। ਆਦਿ ਸਿਰੰ= (ਸ੍ਰਿਸ਼ਟਾ) ਆਦਿ ਸ੍ਰਿਸ਼ਟਾ ਬ੍ਰਹਮਾ ਦਾ ਵੀ ਕਰਤਾ।

ਅਰਥ : ਜਿਸ ਦਾ ਕੋਈ ਰਾਗ ਨਹੀਂ ਹੈ ਅਤੇ ਨਾ [ਰੁਗੰ] ਰੰਗ ਦਾ ਕੋਈ [ਰੇਖ] ਨਿਸ਼ਾਨ ਹੈ। ਜਿਸ ਨੂੰ ਸੋਗ ਭੋਗ ਨਹੀਂ ਹੈ ਅਤੇ ਨਾ ਜੋਗ ਨਾਲ [ਜੁਗੰ] ਜੁੜਿਆ ਹੈ। ਜੋ ਦੈਂਤਾਂ ਦੇ ਨਾਸ ਕਰਨ ਵਾਲਾ ਤੇ ਆਦਿ ਸ੍ਰਿਸਟਾ ਹੈ। ਜਿਸ ਨੂੰ ਦੇਵਤੇ ਦੈਂਤ ਤੇ ਮਨੁੱਖ ਨਮਸਕਾਰਾਂ ਕਰਦੇ ਹਨ ॥੧੫॥੧੫੫॥

ਗਣ ਕਿੰਨਰ ਜੱਛ ਭੁਜੰਗ ਰਚੇ ॥ ਮਣਿ ਮਾਣਿਕ ਮੋਤੀ ਲਾਲ ਸੁਚੇ ॥
ਅਨਭੰਜ ਪ੍ਰਭਾ ਅਨਗੰਜ ਬ੍ਰਿਤੰ ॥
ਜਿਹ ਪਾਰ ਨ ਪਾਵਤ ਪੂਰ ਮਤੰ ॥੧੬॥੧੫੬॥

ਅਰਥ : ਗਣ, ਕਿੰਨਰ, ਜੱਛ ਤੇ ਸੱਪ ਜਿਸ ਨੇ ਰਚੇ ਹਨ। ਮਣੀਆਂ, ਮਾਣਕ ਅਤੇ ਸੁੱਚੇ ਲਾਲ ਤੇ ਮੋਤੀ ਜਿਸ ਨੇ ਬਣਾਏ ਹਨ। ਜੋ ਅਟੁਟ ਸੋਭਾ ਵਾਲਾ ਹੈ ਅਤੇ ਅਖੰਡ ਬ੍ਰਤ ਵਾਲਾ ਹੈ। ਪੂਰਨ ਬੁਧਿਮਾਨ ਭੀ ਜਿਸ ਦਾ ਅੰਤ ਨਹੀਂ ਪਾ ਸਕਦੇ ॥੧੬॥੧੫੬॥

ਅਨਖੰਡ ਸਰੂਪ ਅਡੰਡ ਪ੍ਰਭਾ ॥ ਜੈ ਜੰਪਤ ਬੇਦ ਪੁਰਾਨ ਸਭਾ ॥
ਜਿਹ ਬੇਦ ਕਤੇਬ ਅਨੰਤ ਕਹੈ ॥
ਜਿਹ ਭੂਤ ਅਭੂਤ ਨ ਭੇਦ ਲਹੈ ॥੧੭॥੧੫੭॥

ਅਰਥ : ਜਿਸ ਦੇ ਸਰੂਪ ਦਾ ਖੰਡਨ ਨਹੀਂ ਹੁੰਦਾ ਅਤੇ ਨਾ ਡੰਨੇ ਜਾਣ ਵਾਲੀ ਸੋਭਾ ਵਾਲਾ ਹੈ। [ਸਭਾ] ਸਾਰੇ ਵੇਦ ਪੁਰਾਨ ਜਿਸ ਨੂੰ ਜੈ ਜੈ ਜਪਦੇ ਹਨ। ਜਿਸ ਨੂੰ ਵੇਦਾਂ ਤੇ ਕਤੇਬਾਂ ਵਾਲੇ ਬੇਅੰਤ ਬੇਅੰਤ ਕਹਿੰਦੇ ਹਨ। [ਭੂਤ] ਸਥੂਲ ਤੇ [ਅਭੂਤ] ਸੂਖਮ ਦੇਹਾਂ ਵਾਲੇ ਵੀ ਜਿਸ ਦਾ ਭੇਦ ਨਹੀਂ ਜਾਣ ਸਕਦੇ ॥੧੭॥੧੫੭॥

ਜਿਹ ਬੇਦ ਪੁਰਾਨ ਕਤੇਬ ਜਪੈ ॥ ਸੁਤਸਿੰਧ ਅਧੋ ਮੁਖ ਤਾਪ ਤਪੈ ॥
ਕਈ ਕਲਪਨ ਲੌ ਤਪ ਤਾਪ ਕਰੈ ॥
ਨਹੀ ਨੈਕ ਕ੍ਰਿਪਾ ਨਿਧਿ ਪਾਨ ਪਰੈ ॥੧੮॥੧੫੮॥

ਪਦ ਅਰਥ : ਸੁਤ ਸਿਧੰ= ਸਮੁੰਦਰ ਦਾ ਪੁੱਤਰ, ਚੰਦਰਮਾ। ਅਧੋ ਮੁਖ= ਨੀਵਾਂ ਮੂੰਹ ਕਰ ਕੇ। ਕਲਪਨ= ਕਲਪ ਦਾ ਬ: ਬ:। ਪਾਨ ਪਰੈ= ਹੱਥ ਲਗਦਾ, ਮਿਲਦਾ।

ਅਰਥ : ਜਿਸ ਨੂੰ ਹਿੰਦੂਆਂ ਦੇ ਵੇਦ ਪੁਰਾਨ ਤੇ ਇਸਲਾਮ ਦੀਆਂ ਕਤੇਬਾਂ ਜਪਦੀਆਂ ਹਨ। ਜਿਸ ਨੂੰ ਪਾਉਣ ਲਈ ਚੰਦ੍ਰਮਾ ਨੀਵੇਂ ਮੂੰਹ ਕਰ ਕੇ (ਭਾਵ ਪੁਠਾ ਲਟਕ ਕੇ) ਤਪ ਨੂੰ ਤਪ ਰਿਹਾ ਹੈ। ਕਈ ਕਲਪਾਂ ਤੋਂ ਲੈ ਕੇ ਅੱਜ ਤੱਕ ਚੰਦ੍ਰਮਾ ਇਸ ਤਪ ਦਾ ਤਪਨਾ ਕਰ ਰਿਹਾ ਹੈ। ਤਾਂ ਥੋੜ੍ਹਾ ਜਿੰਨਾ ਵੀ ਕ੍ਰਿਪਾ ਨਿਧ

ਵਾਹਿਗੁਰੂ ਦਾ ਉਸ ਨੂੰ ਮਿਲਾਪ ਨਹੀਂ ਹੋਇਆ ॥੧੮॥੧੫੮॥

ਜਿਹ ਫੋਕਟ ਧਰਮ ਸਭੈ ਤਜਿ ਹੈਂ ॥ ਇਕ ਚਿੱਤ ਕ੍ਰਿਪਾ ਨਿਧਿ ਕੋ ਜਪਿ ਹੈਂ॥
ਤੇਊ ਯਾ ਭਵ ਸਾਗਰ ਕੋ ਤਰ ਹੈਂ ॥
ਭਵ ਭੂਲ ਨ ਦੇਹਿ ਪੁਨਰ ਧਰ ਹੈਂ ॥੧੯॥੧੫੯॥

ਅਰਥ : ਜਿਹੜੇ ਪੁਰਸ਼ ਸਾਰੇ ਨਿਕੰਮੇ ਧਰਮਾਂ ਨੂੰ ਛੱਡ ਦੇਂਦੇ ਹਨ ਅਤੇ ਇਕਾਗਰ ਮਨ ਹੋ ਕੇ [ਕ੍ਰਿਪਾ ਨਿਧਿ] ਵਾਹਿਗੁਰੂ ਨੂੰ ਜਪਦੇ ਹਨ। ਉਹੀ ਪੁਰਸ਼ ਇਸ [ਭਵ ਸਾਗਰ] ਸਮੁੰਦਰ ਤੋਂ ਤਰਦੇ ਹਨ ਅਤੇ [ਪੁਨਰ] ਮੁੜ ਕੇ ਕਦੇ ਭੁੱਲ ਕੇ ਵੀ ਸੰਸਾਰ ਵਿਚ ਦੇਹ ਨਹੀਂ ਧਰਦੇ ॥੧੯॥੧੫੯॥

ਇਕ ਨਾਮ ਬਿਨਾ ਨਹੀ ਕੋਟ ਬ੍ਰਤੀ॥ ਇਮ ਬੇਦ ਉਚਾਰਤ ਸਾਰਸੁਤੀ ॥
ਜੋਊ ਵਾ ਰਸ ਕੇ ਚਸਕੇ ਰਸ ਹੈਂ ॥
ਤੇਊ ਭੂਲ ਨ ਕਾਲ ਫੰਧਾ ਫਸਿ ਹੈਂ ॥੨੦॥੧੬੦॥

ਪਦ ਅਰਥ : ਬ੍ਰਤੀ= ਬਰਤ ਰੱਖਣ ਵਾਲਾ। ਚਸਕੇ= ਸ੍ਵਾਦ ਵਿਚ। ਰਸ= ਮਿਲਨਾ। ਫੰਧਾ= ਫਾਹੀ।

ਅਰਥ : ਇਕ ਨਾਮ ਤੋਂ ਬਿਨਾਂ, ਹੋਰ ਭਾਵੇਂ ਕਰੋੜਾਂ ਬਰਤ ਰਖੇ (ਛੁਟਕਾਰਾ) ਨਹੀਂ (ਹੋਣਾ)। ਇਸ ਤਰ੍ਹਾਂ ਵੇਦਾਂ ਦੀਆਂ [ਸਾਰ-ਸੁਤੀ] ਉੱਤਮ ਸ੍ਰੁਤੀਆਂ (ਉਪਨਿਸ਼ਦਾਂ) ਉਚਾਰਦੀਆਂ ਹਨ। ਜਿਹੜੇ (ਪੁਰਸ਼) ਉਸ ਨਾਮ ਰਸ ਦੇ ਸਵਾਦ ਵਿਚ ਮਿਲੇ ਹੋਏ ਹਨ, ਉਹ ਭੁਲ ਕੇ ਵੀ ਕਾਲ ਦੀ ਫਾਹੀ ਵਿਚ ਨਹੀਂ ਫਸਣਗੇ ॥੨੦॥੧੬੦॥

ਤ੍ਵ ਪ੍ਰਸਾਦਿ ॥ ਨਰਾਜ ਛੰਦ॥

ਅਗੰਜ ਆਦਿ ਦੇਵ ਹੈਂ ਅਭੰਜ ਭੰਜ ਜਾਨੀਐਂ ॥
ਅਭੂਤ ਭੂਤ ਹੈਂ ਸਦਾ ਅਗੰਜ ਗੰਜ ਮਾਨੀਐਂ ॥
ਅਦੇਵ ਦੇਵ ਹੈਂ ਸਦਾ ਅਭੇਵ ਭੇਵ ਨਾਥ ਹੈਂ॥
ਸਮਸਤ ਸਿੱਧ ਬ੍ਰਿਧਿ ਦਾ ਸਦੀਵ ਸਰਬ ਸਾਥ ਹੈਂ ॥੧॥੧੬੧॥

ਅਰਥ : ਮੁੱਢ ਤੋਂ ਹੀ ਨਾ ਟੁੱਟਣ ਵਾਲਾ ਪ੍ਰਕਾਸ਼ ਹੈ, ਅਤੇ ਨਾ ਭੱਜਣ ਵਾਲਿਆਂ ਨੂੰ ਭੰਨਣ ਵਾਲਾ ਜਾਣੀਦਾ ਹੈ। ਉਹੀ ਅਭੂਤ ਸੂਖਮ ਤੇ [ਭੂਤ] ਸਥੂਲ ਹੈ, ਨਿੱਤ ਹੈ ਅਤੇ ਨਾ ਟੁਟਣ ਵਾਲਿਆਂ ਨੂੰ ਤੋੜਨ ਵਾਲਾ ਮੰਨਿਆ ਜਾਂਦਾ ਹੈ। ਉਹ ਨਿੱਤ ਹੀ ਦੇਵਤਾ ਤੇ ਦੈਂਤ ਹੈ ਅਤੇ ਅਭੇਵ ਭੇਵ ਗੁਪਤ ਪ੍ਰਗਟ ਦਾ ਸਵਾਮੀ ਹੈ। ਸਾਰੀਆਂ ਸਿੱਧੀਆਂ ਤੇ ਤਰੱਕੀਆਂ ਦੇਣ ਵਾਲਾ ਹੈ ਅਤੇ ਸਦਾ ਹੀ ਸਭ ਦਾ ਸਾਥੀ ਹੈ ॥੧॥੧੬੧॥

ਅਨਾਥ ਨਾਥ ਨਾਥ ਹੈਂ ਅਭੰਜ ਭੰਜ ਹੈਂ ਸਦਾ ॥
ਅਗੰਜ ਗੰਜ ਗੰਜ ਹੈਂ ਸਦੀਵ ਸਿੱਧ ਬ੍ਰਿਧ ਦਾ ॥
ਅਨੂਪ ਰੂਪ ਸਰੂਪ ਹੈਂ ਅਛਿੱਜ ਤੇਜ ਮਾਨੀਐਂ ॥
ਸਦੀਵ ਸਿੱਧ ਬੁਧਿ ਦਾ ਪ੍ਰਤਾਪ ਪੱਤ੍ਰ ਜਾਨੀਐਂ ॥੨॥੧੬੨॥

ਅਰਥ : ਜੋ ਨਾਥ ਤੋਂ ਅਨਾਥ ਹਨ ਉਨ੍ਹਾਂ ਦਾ ਨਾਥ ਹੈ, ਜੋ ਨਹੀਂ ਭੱਜਨ ਵਾਲੇ ਉਨ੍ਹਾਂ ਨੂੰ ਨਿੱਤ ਹੀ ਭੰਨਣ ਵਾਲਾ ਹੈ। ਜੋ [ਗੰਜ] ਖ਼ਜ਼ਾਨਿਆਂ ਤੋਂ ਹੀਣ ਹਨ ਉਨ੍ਹਾਂ ਨੂੰ ਸਦਾ [ਗੰਜ] ਖ਼ਜ਼ਾਨੇ ਬਖ਼ਸ਼ਦਾ ਹੈ ਅਤੇ ਸਦਾ ਸਿਧੀ ਤੇ ਬ੍ਰਿਧੀ ਦੇਂਦਾ ਹੈ। ਜਿਸ ਰੂਪ ਦੀ ਉਪਮਾ ਨਹੀਂ ਹੋ ਸਕਦੀ ਅਜਿਹਾ ਉਸ ਦਾ ਸਰੂਪ ਹੈ ਅਤੇ ਨਾ ਛਿੱਜਨ ਵਾਲਾ ਪ੍ਰਤਾਪ ਦਾ ਪਾਤਰ (ਸਥਾਨ) ਜਾਣੀਦਾ ਹੈ ॥੨॥੧੬੨॥

ਨ ਰਾਗ ਰੰਗ ਰੂਪ ਹੈਂ ਨ ਰੋਗ ਰਾਗ ਰੇਖ ਹੈਂ ॥
ਅਦੋਖ ਅਦਾਗ ਅਦੱਗ ਹੈਂ ਅਭੂਤ ਅਭਰਮ ਅਭੇਖ ਹੈਂ ॥
ਨ ਤਾਤ ਮਾਤ ਜਾਤ ਹੈਂ ਨ ਪਾਤਿ ਚਿਹਨ ਬਰਨ ਹੈਂ ॥
ਅਦੇਖ ਅਸੇਖ ਅਭੇਖ ਹੈਂ ਸਦੀਵ ਬਿੱਸੁ ਭਰਨ ਹੈਂ ॥੩॥੧੬੩॥

ਅਰਥ : ਉਸ ਨੂੰ ਰਾਗ ਨਹੀਂ ਹੈ ਅਤੇ ਨਾ ਹੀ ਉਸ ਦੇ ਰੂਪ ਦਾ ਰੰਗ ਹੈ ਅਤੇ ਰਾਗ [ਰੋਗ] ਦਵੈਖ ਦਾ ਭੀ [ਰੇਖ] ਨਿਸ਼ਾਨ ਨਹੀਂ ਹੈ। ਦੋਖਾਂ ਤੋਂ ਬਿਨਾਂ ਹੈ, ਦਾਗ ਤੋਂ ਬਿਨਾਂ ਹੈ, [ਦੱਗ] ਧੋਖੇ ਤੋਂ ਬਿਨਾਂ ਹੈ। [ਅਭੂਤ] ਤਤ੍ਵਾਂ ਦੀ ਰਚਨਾ ਤੋਂ ਬਿਨਾਂ, ਭਰਮ ਤੋਂ ਬਿਨਾਂ ਤੇ ਭੇਖ ਤੋਂ ਬਿਨਾਂ ਹੈ। ਨਾ ਉਸ ਦਾ ਪਿਉ, ਮਾਂ ਤੇ ਜਾਤੀ ਹੈ ਅਤੇ ਨਾ ਹੀ ਬਿਰਾਦਰੀ ਤੇ ਵਰਨ ਦਾ ਚਿੰਨ੍ਹ ਹੈ। ਦਿੱਸਦਾ ਨਹੀਂ ਹੈ, [ਅਸੰਖ] ਪੂਰਨ ਹੈ, ਭੇਖ ਤੋਂ ਬਿਨਾਂ ਹੈ ਅਤੇ ਸਦਾ ਜਗਤ ਦੀ ਪਾਲਨਾ ਕਰਦਾ ਹੈ ॥੩॥੧੬੩॥

ਬਿਸ੍ਵੰਭਰ ਬਿਸੁਨਾਥ ਹੈਂ ਬਿਸੇਖ ਬਿਸ੍ਵ ਭਰਨ ਹੈਂ ॥
ਜਿਮੀ ਜਮਾਨ ਕੇ ਬਿਖੈ ਸਦੀਵ ਕਰਨ ਭਰਨ ਹੈਂ ॥
ਅਦ੍ਵੈਖ ਹੈਂ ਅਭੇਖ ਹੈਂ ਅਲੇਖ ਨਾਥ ਜਾਨੀਐਂ ॥
ਸਦੀਵ ਸਰਬ ਠਉਰ ਮੈ ਬਿਸੇਖ ਆਨ ਮਾਨੀਐਂ ॥੪॥੧੬੪॥

ਅਰਥ : ਜੋ ਜਗਤ ਨੂੰ [ਭਰਨ] ਪੈਦਾ ਕਰ ਕੇ ਜਗਤ ਦਾ ਸਵਾਮੀ ਹੈ ਅਤੇ ਖ਼ਾਸ ਕਰਕੇ ਜਗਤ ਨੂੰ ਪਾਲਨ ਖੰਡਨ ਵਾਲਾ ਹੈ। ਧਰਤੀ ਅਸਮਾਨ ਦੇ ਵਿਚ ਸਦਾ ਹੀ ਕਰਮਾਂ ਨੂੰ [ਭਰਨ] ਭਰਦਾ ਹੈ, (ਅਰਥਾਤ ਸਭ ਕ੍ਰਿਆ ਸਫਲ ਕਰਦਾ ਹੈ)। ਦ੍ਵੈਖ ਤੋਂ ਬਿਨਾਂ ਹੈ, ਭੇਖ ਤੋਂ ਰਹਿਤ ਹੈ ਅਤੇ ਉਹ ਸਵਾਮੀ ਲੇਖੇ ਤੋਂ ਵੀ ਬਿਨਾਂ ਜਾਨੀਦਾ ਹੈ। ਸਭ ਜਗ੍ਹਾਂ ਵਿਚ ਨਿੱਤ ਹੈ, ਇਹ ਉਸ ਦਾ ਖ਼ਾਸ ਅਨੁਮਾਨ (ਵਿਚਾਰੀ) ਹੈ ॥੪॥੧੬੪॥

ਨ ਜੰਤ੍ਰ ਮੈ ਨ ਤੰਤ੍ਰ ਮੈ ਨ ਮੰਤ੍ਰ ਬਸਿ ਆਵਈ ॥
ਪੁਰਾਨ ਔ ਕੁਰਾਨ ਨੇਤਿ ਨੇਤਿ ਕੈ ਬਤਾਵਈ ॥
ਨ ਕਰਮ ਮੈ ਨ ਧਰਮ ਮੈ ਨ ਭਰਮ ਮੈ ਬਤਾਈਐ ॥
ਅਗੰਜ ਆਦਿ ਦੇਵ ਹੈਂ ਕਹੋ ਸੁ ਕੈਸ ਪਾਈਐ ॥੫॥੧੬੫॥

ਅਰਥ : ਜੋ ਜੰਤ੍ਰ ਵਿਚ ਨਹੀਂ ਹੈ ਤੰਤ੍ਰ ਵਿਚ ਨਹੀਂ ਹੈ ਤੇ ਮੰਤ੍ਰ ਨਾਲ ਵੀ ਵੱਸ ਨਹੀਂ ਆਉਂਦਾ ਹੈ। ਪੁਰਾਨ ਤੇ ਕੁਰਾਨ ਜਿਸ ਨੂੰ ਬੇਅੰਤ ਬੇਅੰਤ ਕਹਿੰਦੇ ਹਨ। ਨਾ ਕਰਮਾਂ ਵਿਚ ਹੈ, ਨਾ ਧਰਮਾਂ ਵਿਚ ਹੈ ਅਤੇ ਨਾ [ਭਰਮ] ਭੇਦ ਗਯਾਨ ਵਿਚ ਪਾਈਦਾ ਹੈ। ਜੋ ਨਾਸ ਤੋਂ ਰਹਿਤ ਆਦਿ ਦੇਵ ਹੈ, ਦੱਸੋ ਉਸ ਨੂੰ ਕਿਵੇਂ

ਪਾਈਦਾ ਹੈ ? ॥੫॥੧੬੫

ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤਿ ਹੈ ॥
ਨ ਘਾਟਿ ਹੈ ਨ ਬਾਢਿ ਹੈ ਨ ਘਾਟਿ ਬਾਢਿ ਹੋਤ ਹੈ ॥
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ ॥
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ ॥੬॥੧੬੬॥

ਅਰਥ : ਜ਼ਿਮੀ ਅਸਮਾਨ ਦੇ ਸਾਰੇ ਜੀਵਾਂ ਵਿਚ ਇਕੋ ਦਾ ਉਜਾਲਾ ਹੈ। ਨਾ ਕਿਸੇ ਵਿੱਚ ਘੱਟ ਹੈ, ਨਾ ਵੱਧ ਹੈ, ਨਾ ਕਦੇ ਘੱਟ ਵੱਧ ਹੁੰਦਾ ਹੈ। ਨਾ ਉਸ ਵਿਚ ਹਾਨੀ ਹੈ, ਨਾ ਕੋਈ (ਬਾਨ= ਖੋਜ) ਵਾਦੀ ਹੈ, ਇਕੋ ਜਿਹਾ ਰੂਪ ਜਾਣੀਦਾ ਹੈ, ਮਕਾਨਾਂ ਵਾਲਿਆਂ ਤੇ ਮਕਾਨਾਂ ਵਿਚ ਉਸ ਦਾ ਬੇਹੱਦ ਪ੍ਰਕਾਸ਼ ਮੰਨਿਆ ਜਾਂਦਾ ਹੈ ॥੬॥੧੬੬॥

ਨ ਦੇਹ ਹੈ ਨ ਗੇਹ ਹੈ ਨ ਜਾਤਿ ਹੈ ਨ ਪਾਤਿ ਹੈ॥
ਨ ਮੰਤ੍ਰ ਹੈ ਨ ਮਿਤ੍ਰ ਹੈ ਨ ਤਾਤ ਹੈ ਨ ਮਾਤ ਹੈ ॥
ਨ ਅੰਗ ਹੈ ਨ ਰੰਗ ਹੈ ਨ ਸੰਗ ਸਾਥ ਨੇਹ ਹੈ ॥
ਨ ਦੋਖ ਹੈ ਨ ਦਾਗ ਹੈ ਨ ਦ੍ਵੈਖ ਹੈ ਨ ਦੇਹ ਹੈ* ॥੭॥੧੬੭॥

ਅਰਥ : ਉਸ ਦੀ ਨਾ ਦੇਹ ਹੈ, ਨਾ ਘਰ ਹੈ, ਨਾ ਜਾਤਿ ਹੈ, ਨਾ ਬਿਰਾਦਰੀ ਹੈ। ਨਾ ਮੰਤ੍ਰੀ (ਵਜ਼ੀਰ) ਹੈ, ਨਾ ਮਿਤ੍ਰ ਹੈ, ਨਾ ਪਿਉ ਹੈ, ਨਾ ਮਾਂ ਹੈ, ਨਾ ਕੋਈ ਅੰਗ ਹੈ, ਨਾ ਕੋਈ ਰੰਗ ਹੈ, ਨਾ [ਸੰਗ] ਕੌਮ ਹੈ, ਨਾ ਸਾਥੀ ਹੈ। ਨਾ ਉਸ ਨੂੰ ਕਲੰਕ ਹੈ, ਨਾ ਨਿਸ਼ਾਨ ਹੈ, ਨਾ ਦ੍ਵੈਖ ਹੈ, ਨਾ [ਦੇਹ] ਪਿੰਡ (ਗ੍ਰਾਮ) ਹੈ ॥੭॥੧੬੭॥

ਨ ਸਿੰਘ ਹੈ ਨ ਸ੍ਯਾਰ ਹੈ ਨ ਰਾਉ ਹੈ ਨ ਰੰਕ ਹੈ ॥
ਨ ਮਾਨ ਹੈ ਨ ਮਉਤ ਹੈ ਨ ਸਾਕ ਹੈ ਨ ਸੰਕ ਹੈ ॥
ਨ ਜੱਛ ਹੈ ਨ ਗੰਧ੍ਰਬ ਹੈ ਨ ਨਰੁ ਹੈ ਨ ਨਾਰ ਹੈ ॥
ਨ ਚੋਰ ਹੈ ਨ ਸਾਹੁ ਹੈ ਨ ਸਾਹ ਕੋ ਕੁਮਾਰ ਹੈ ॥੮॥੧੬੮॥

ਅਰਥ : ਨਾ ਉਹ ਸ਼ੇਰ ਹੈ, ਨਾ [ਸ੍ਯਾਰ] ਗਿੱਦੜ ਹੈ, ਨਾ ਰਾਜਾ ਹੈ, ਨਾ ਕੰਗਾਲ ਹੈ। ਨਾ ਉਸ ਨੂੰ ਮਾਨ ਹੈ, ਨਾ ਮੌਤ ਹੈ, ਨਾ ਸਾਕ ਹੈ, ਨਾ ਸ਼ੋਕ ਹੈ। ਨਾ ਉਹ ਜੱਛ ਹੈ, ਨਾ ਗੰਧਰਬ ਹੈ, ਨਾ ਪੁਰਸ਼ ਹੈ, ਨਾ ਇਸਤਰੀ ਹੈ। ਨਾ ਚੋਰ ਹੈ, ਨਾ ਸਾਧੂ ਹੈ, ਨਾ ਸ਼ਾਹ ਦਾ ਪੁੱਤਰ ਹੈ ॥੮॥੧੬੮॥

ਨ ਨੇਹ ਹੈ ਨ ਗੇਹ ਹੈ ਨ ਦੇਹ ਕੋ ਬਨਾਉ ਹੈ ॥
ਨ ਛਲ ਹੈ ਨ ਛਿੱਦ੍ਰ ਹੈ ਨ ਛਲ ਕੋ ਮਿਲਾਉ ਹੈ ॥

---

* *ਲਿਖਤ ਦੇ ਗ੍ਰੰਥਾਂ ਵਿਚ ਤੁਕ ਇਉਂ ਹੈ—'ਨ ਦੋਖ ਹੈ ਨ ਦਵੈਖ ਹੈ ਨ ਦੇਹ ਹੈ ਨ ਦਾਗ ਹੈ'।*

ਨ ਤੰਤ੍ਰ ਹੈ ਨ ਮੰਤ੍ਰ ਹੈ ਨ ਜੰਤ੍ਰ ਕੋ ਸਰੂਪ ਹੈ ॥
ਨ ਰਾਗ ਹੈ ਨ ਰੰਗ ਹੈ ਨ ਰੇਖ ਹੈ ਨ ਰੂਪ ਹੈ ॥੯॥੧੬੯॥

ਅਰਥ : ਨਾ ਉਸ ਨੂੰ ਮੋਹ ਹੈ ਨਾ ਪਕੜ ਹੈ ਅਤੇ ਨਾ ਹੀ ਤਨ ਦੀ ਬਨਾਵਟ ਹੈ। ਨਾ ਛਲ ਹੈ, ਨਾ ਦੂਸ਼ਨ ਹੈ ਅਤੇ ਨ ਛਲ ਦਾ ਮੇਲ ਹੈ। ਨਾ ਜੰਤਰ ਹੈ, ਨਾ ਮੰਤਰ ਹੈ ਅਤੇ ਨਾ ਤੰਤਰ ਦਾ ਸਰੂਪ ਹੈ, ਨਾ ਉਸ ਨੂੰ ਰਾਗ ਹੈ, ਨਾ ਉਸ ਦਾ ਰੰਗ ਹੈ, ਨਾ ਕੋਈ ਰੇਖਾ ਹੈ ਨਾ ਰੂਪ ਹੈ ॥੯॥੧੬੯॥

ਨ ਜੰਤ੍ਰ ਹੈ ਨ ਮੰਤ੍ਰ ਹੈ ਨ ਤੰਤ੍ਰ ਕੋ ਬਨਾਉ ਹੈ ॥
ਨ ਛਲ ਹੈ ਨ ਛਿੱਦ੍ਰ ਹੈ ਨ ਛਾਇਆ ਕੋ ਮਿਲਾਉ ਹੈ ॥
ਨ ਰਾਗ ਹੈ ਨ ਰੰਗ ਹੈ ਨ ਰੂਪ ਹੈ ਨ ਰੇਖ ਹੈ ॥
ਨ ਕਰਮ ਹੈ ਨ ਧਰਮ ਹੈ ਅਜਨਮ ਹੈ ਅਭੇਖ ਹੈ ॥੧੦॥੧੭੦॥

ਅਰਥ : ਨਾ ਉਹ ਜੰਤ੍ਰ ਵਸ ਹੁੰਦਾ ਹੈ ਨਾ ਮੰਤ੍ਰ ਵਸ ਹੁੰਦਾ ਹੈ, ਨਾ ਤੰਤ੍ਰ ਦਾ ਜ਼ੋਰ ਹੈ। ਨ ਛਲ ਹੈ ਨਾ [ਛਿੱਦ੍ਰ] ਔਗੁਣ ਹੈ ਅਤੇ ਨਾ ਉਸ ਵਿਚ [ਛਾਇਆ] ਅਵਿਦਿਆ ਦਾ ਮੇਲ ਹੈ। ਨਾ ਰਾਗ ਤੇ ਮੋਹਤ ਹੈ ਨਾ ਰੰਗ ਦੇ ਅਧੀਨ ਹੈ ਨਾ ਰੂਪ ਦਾ ਆਸ਼ਕ ਹੈ ਨਾ ਰੇਖਾ ਵਾਲਾ ਹੈ। ਨਾ ਕਰਮ ਕਰਦਾ ਨਾ ਧਰਮ ਧਰਦਾ ਹੈ, ਨਾ ਜਨਮ ਧਰਦਾ ਹੈ ਨਾ ਭੇਖ ਵਾਲਾ ਹੈ ॥੧੦॥੧੭੦॥

ਨ ਤਾਤ ਹੈ ਨ ਮਾਤ ਹੈ ਅਖਯਾਲ ਅਖੰਡ ਰੂਪ ਹੈ ॥
ਅਛੇਦ ਹੈ ਅਭੇਦ ਹੈ ਨ ਰੰਕ ਹੈ ਨ ਭੂਪ ਹੈ ॥
ਪਰੇ ਹੈ ਪਵਿਤ੍ਰ ਹੈ ਪੁਨੀਤ ਹੈ ਪੁਰਾਨ ਹੈ ॥
ਅਗੰਜ ਹੈ ਅਭੰਜ ਹੈ ਕਰੀਮ ਹੈ ਕੁਰਾਨ ਹੈ ॥੧੧॥੧੭੧॥

ਅਰਥ : ਨਾ ਉਸ ਦਾ ਪਿਉ ਨਾ ਮਾਂ ਹੈ। ਅਖਯਾਲ= ਅਚਿਤਯ ਹੈ। ਅਖੰਡ ਰੂਪ ਹੈ। ਛੇਕ ਤੋਂ ਬਿਨਾਂ ਹੈ, ਵਿਥ ਤੋਂ ਬਿਨਾਂ ਹੈ। ਨਾ ਕੰਗਾਲ ਹੈ। ਨਾ ਰਾਜਾ ਹੈ। ਪਰੇ ਹੈ ਪਵਿਤ੍ਰ ਹੈ ਪੁਨੀਤ ਹੈ ਪੁਰਾਣਾ ਪ੍ਰਾਚੀਨ ਹੈ, ਗੰਜ ਰੋਗਾਂ ਤੋਂ ਰਹਿਤ ਹੈ, ਭਜਦਾ ਨਹੀਂ ਹੈ। ਕਿਰਪਾਲੂ ਹੈ ਅਤੇ [ਕੁਰਾਨ*] ਬੁਰਿਆਂ ਨੂੰ ਮਾਰਨ ਵਾਲਾ ਹੈ ॥੧੧॥੧੭੧॥

ਅਕਾਲ ਹੈ ਅਪਾਲ ਹੈ ਖਿਆਲ ਹੈ ਅਖੰਡ ਹੈ ॥
ਨ ਰੋਗ ਹੈ ਨ ਸੋਗ ਹੈ ਨ ਭੇਦ ਹੈ ਨ ਭੰਡ ਹੈ ॥
ਨ ਅੰਗ ਹੈ ਨ ਰੰਗ ਹੈ ਨ ਸੰਗ ਹੈ ਨ ਸਾਥ ਹੈ ॥
ਪ੍ਰਿਆ ਹੈ ਪਵਿਤ੍ਰ ਹੈ ਪੁਨੀਤ ਹੈ ਪ੍ਰਮਾਥ ਹੈ ॥੧੨॥੧੭੨॥

ਅਰਥ : ਕਾਲ ਤੋਂ ਬਿਨਾਂ ਹੈ ਪਾਲਨਾ ਤੋਂ ਰਹਿਤ ਹੈ। ਖ਼ਿਆਲ ਧੋਯ ਰੂਪ ਹੈ, ਅਖੰਡ ਹੈ। ਉਸ ਨੂੰ

* *(ਕੁ= ਬੁਰਾ+ਮਾਰਨਾ) ਬੁਰਿਆਂ ਨੂੰ ਮਾਰਨ ਵਾਲਾ। ੨ ਕੁ= ਪ੍ਰਿਥਵੀ+ਰਾਨ= ਰਾਜਾ। ਪ੍ਰਿਥਵੀ ਦਾ ਮਾਲਕ ਹੈ।*

ਰੋਗ ਨਹੀਂ ਹੈ। ਸੋਗ ਨਹੀਂ ਹੈ। ਭੇਦ ਨਹੀਂ ਮਿਲਦਾ ਤੇ ਭੰਡ= ਬਦਨਾਮ ਨਹੀਂ। ਉਸ ਦਾ ਅੰਗ ਨਹੀਂ ਹੈ। ਰੰਗ ਨਹੀਂ ਹੈ। ਸੰਗ ਨਹੀਂ ਹੈ। ਸਾਥ ਨਹੀਂ ਹੈ। ਪਵਿੱਤਰ ਹੈ। ਉੱਤਮ ਸਿਰਤਾਜ ਹੈ ॥੧੨॥੧੭੨॥

ਨ ਸੀਤ ਹੈ ਨ ਸੋਚ ਹੈ ਨ ਘ੍ਰਾਮ ਹੈ ਨ ਘਾਮ ਹੈ ॥
ਨ ਲੋਭ ਹੈ ਨ ਮੋਹ ਹੈ ਨ ਕ੍ਰੋਧ ਹੈ ਨ ਕਾਮ ਹੈ ॥
ਨ ਦੇਵ ਹੈ ਨ ਦੈਤ ਹੈ ਨ ਨਰ ਕੋ ਸਰੂਪ ਹੈ ॥
ਨ ਛਲ ਹੈ ਨ ਛਿਦ੍ਰ ਹੈ ਨ ਛਿਦ੍ਰ ਕੀ ਬਿਭੂਤਿ ਹੈ ॥੧੩॥੧੭੩॥

ਅਰਥ : ਨਾ ਉਸ ਨੂੰ ਠੰਢ ਹੈ, ਨਾ ਫ਼ਿਕਰ ਹੈ, ਨਾ ਘ੍ਰਾਮ= ਗਰਮੀ ਹੈ। ਨਾ ਘਾਮ= ਧੁਪ ਹੈ। ਨਾ ਲੋਭ ਹੈ। ਨਾ ਮੋਹ ਹੈ। ਨਾ ਕ੍ਰੋਧ ਹੈ। ਨਾ ਕਾਮ ਹੈ। ਨਾ ਉਹ ਦੇਵਤਾ ਹੈ ਨਾ ਦੈਂਤ ਹੈ ਅਤੇ ਨਾ ਪੁਰਖ ਦੀ ਸ਼ਕਲ ਹੈ। ਨਾ ਛਲ ਹੈ ਨਾ ਔਗੁਣ ਹੈ। ਨਾ ਛਲ ਦੀ ਬਿਭੂਤਿ= ਸਾਮਗਰੀ ਵਾਲਾ ਹੈ ॥੧੩॥੧੭੩॥

ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਹੈ ਨ ਮੋਹ ਹੈ ॥
ਨ ਦ੍ਵੈਖ ਹੈ ਨ ਭੇਖ ਹੈ ਨ ਦੁਈ ਹੈ ਨ ਦ੍ਰੋਹ ਹੈ ॥
ਨ ਕਾਲ ਹੈ ਨ ਬਾਲ ਹੈ ਸਦੀਵ ਦਇਆਲ ਰੂਪ ਹੈ ॥
ਅਗੰਜ ਹੈ ਅਭੰਜ ਹੈ ਅਭਰਮ ਹੈ ਅਭੂਤ ਹੈ ॥੧੪॥੧੭੪॥

ਅਰਥ : ਨਾ ਉਸ ਨੂੰ ਕਾਮ ਹੈ, ਨਾ ਕ੍ਰੋਧ ਹੈ, ਨਾ ਲੋਭ ਹੈ, ਨਾ ਮੋਹ ਹੈ। ਨਾ ਦਵੈਖ ਹੈ। ਨਾ ਭੇਖ ਹੈ। ਨਾ ਦੁਈ ਹੈ ਨਾ ਦਗਾ ਹੈ। ਨਾ ਉਸ ਦਾ ਕਾਲ ਹੈ, ਨਾ ਉਹ ਬਾਲ ਹੈ, ਸਦਾ ਹੀ ਦਿਆਲੂ ਰੂਪ ਹੈ। ਗੰਜ ਤੋਂ ਬਿਨਾਂ ਹੈ, ਭਜਦਾ ਨਹੀਂ ਹੈ, ਭਰਮ ਤੋਂ ਰਹਿਤ ਹੈ। ਅਭੂਤ= ਸੂਖਮ ਰੂਪ ਹੈ ॥੧੪॥੧੭੪॥

ਅਛੇਦ ਛੇਦ ਹੈ ਸਦਾ ਅਗੰਜ ਗੰਜ ਗੰਜ ਹੈ ॥
ਅਭੂਤ ਅਭੇਖ ਹੈ ਬਲੀ ਅਰੂਪ ਰਾਗ ਰੰਗ ਹੈ ॥
ਨ ਦ੍ਵੈਖ ਹੈ ਨ ਭੇਖ ਹੈ ਨ ਕਾਮ ਕ੍ਰੋਧ ਕਰਮ ਹੈ ॥
ਨ ਜਾਤ ਹੈ ਨ ਪਾਤ ਹੈ ਨ ਚਿੱਤ੍ਰ ਚਿਹਨ ਬਰਨ ਹੈ ॥੧੫॥੧੭੫॥

ਅਰਥ : ਜੋ ਨਾ ਛੇਦੇ ਜਾਣ ਵਾਲੇ ਹਨ, ਉਹਨਾਂ ਨੂੰ ਛੇਦਨ ਕਰਨ ਵਾਲਾ ਹੈ, ਨਾਸ ਨਾ ਹੋਣ ਵਾਲੇ ਗੰਜ= ਰੋਗਾਂ ਦੇ ਗੰਜ= ਨਾਸ ਕਰਨ ਵਾਲਾ ਹੈ। ਤੱਤਾਂ ਦੀ ਰਚਨਾ ਬਿਨਾਂ ਉਸ ਦਾ ਭੇਖ ਬਲਵਾਨ ਹੈ ਅਤੇ ਉਪਮਾ ਤੋਂ ਰਹਿਤ ਉਸ ਦਾ ਰਾਗ ਰੰਗ ਹੈ। ਉਸ ਵਿਚ ਨਾ ਦੋਖ ਹੈ ਨਾ ਭੇਖ ਹੈ ਤੇ ਨਾ ਕਰੋਧ ਦਾ ਕਰਮ ਹੈ। ਨਾ ਜੰਮਦਾ ਹੈ, ਨਾ ਮਰਦਾ ਹੈ, ਨਾ ਉਸ ਦੇ ਚਿਤਰ ਦਾ ਕੋਈ ਵਰਨ ਚਿੰਨ੍ਹ ਹੈ ॥੧੫॥੧੭੫॥

ਬਿਅੰਤ ਹੈ ਅਨੰਤ ਹੈ ਅਨੰਤ ਤੇਜ ਜਾਨੀਐ ॥
ਅਭੂਮ ਅਭਿੱਜ ਹੈ ਸਦਾ ਅਛਿੱਜ ਤੇਜ ਮਾਨੀਐ ॥
ਨ ਆਧ ਹੈ ਨ ਬਿਆਧ ਹੈ ਅਗਾਧ ਰੂਪ ਲੇਖੀਐ ॥

ਅਦੋਖ ਹੈ ਅਦਾਗ ਹੈ ਅਛੈ ਪ੍ਰਤਾਪ ਪੇਖੀਐ ॥੧੬॥੧੭੬॥

ਅਰਥ : ਅੰਤ ਤੋਂ ਬਿਨਾਂ ਹੈ, ਉਸ ਦਾ ਅੰਤ ਨਹੀਂ ਹੈ ਅਤੇ ਬੇਅੰਤ ਤੇਜ ਵਾਲਾ ਜਾਣੀਦਾ ਹੈ। ਭੂਤਾਂ ਦੀ ਅੰਸ ਨਹੀਂ ਹੈ, ਭਿੱਜਦਾ ਨਹੀਂ ਹੈ, ਸਦਾ ਹੀ ਉਸ ਦਾ ਨਾ ਛਿਦਨ ਵਾਲਾ ਤੇਜ ਮੰਨਿਆ ਜਾਂਦਾ ਹੈ। ਨਾ ਉਸ ਨੂੰ ਆਧਿ ਹੈ, ਨਾ ਬਿਆਧਿ ਹੈ, ਅਗਾਧ ਰੂਪ ਕਰਕੇ [ਲੇਖ] ਗਿਣੀਦਾ ਹੈ। ਦੋਖ ਤੋਂ ਬਿਨਾਂ ਹੈ, ਦਾਗ ਤੋਂ ਬਿਨਾਂ ਹੈ, ਨਾਸ ਤੋਂ ਰਹਿਤ ਪ੍ਰਤਾਪ ਉਸ ਦਾ ਦਿਸਦਾ ਹੈ ॥੧੬॥੧੭੬॥

ਨ ਕਰਮ ਹੈ ਨ ਭਰਮ ਹੈ ਨ ਧਰਮ ਕੋ ਪ੍ਰਭਾਉ ਹੈ ॥
ਨ ਜੰਤ੍ਰ ਹੈ ਨ ਤੰਤ੍ਰ ਹੈ ਨ ਮੰਤ੍ਰ ਕੋ ਰਲਾਉ ਹੈ ॥
ਨ ਛਲ ਹੈ ਨ ਛਿਦ੍ਰ ਹੈ ਨ ਛਿਦ੍ਰ ਕੋ ਸਰੂਪ ਹੈ ॥
ਅਭੰਗ ਹੈ ਅਨੰਗ ਹੈ ਅਗੰਜ ਸੀ ਬਿਭੂਤ ਹੈ ॥੧੭॥੧੭੭॥

ਅਰਥ : ਨਾ ਉਸ ਵਿਚ ਕਰਮ ਕ੍ਰਿਯਾ ਹੈ, ਨਾ ਭ੍ਰਾਂਤੀ ਹੈ, ਨਾ ਧਰਮ ਦੀ [ਪ੍ਰਭਾਉ] ਪ੍ਰਕ੍ਰਿਤੀ ਹੈ। ਨਾ ਜੰਤਰਾਂ ਵਿਚ ਹੈ, ਨਾ ਤੰਤਰਾਂ ਵਿਚ ਹੈ, ਨਾ ਮੰਤਰਾਂ ਵਿਚ ਰਲਿਆ ਹੈ। ਨਾ ਉਸ ਵਿਚ ਫ਼ਰੇਬ ਹੈ, ਨਾ ਔਗੁਣ ਹੈ, ਨਾ ਔਗੁਣ ਦੀ ਸ਼ਕਲ ਹੈ, [ਭੰਗ] ਨਸ਼ੇ ਤੋਂ ਬਿਨਾਂ ਹੈ, [ਨੰਗ] ਐਬ ਤੋਂ ਬਿਨਾਂ ਹੈ [ਅਗੰਜ] ਪੂਰਨ ਖ਼ਜ਼ਾਨੇ ਵਰਗੀ ਸੰਪਦਾ ਵਾਲਾ ਹੈ ॥੧੭॥੧੭੭॥

ਨ ਕਾਮ ਹੈ ਨ ਕ੍ਰੋਧ ਹੈ ਨ ਲੋਭ ਮੋਹ ਕਾਰ ਹੈ ॥
ਨ ਆਧ ਹੈ ਨ ਗਾਧ ਹੈ ਬਿਆਧ ਕੋ ਬਿਚਾਰ ਹੈ ॥
ਨ ਰੰਗ ਰਾਗ ਰੂਪ ਹੈ ਨ ਰੂਪ ਰੇਖ ਰਾਰ ਹੈ ॥
ਨ ਹਾਉ ਹੈ ਨ ਭਾਉ ਹੈ ਨ ਦਾਉ ਕੋ ਪ੍ਰਕਾਰ ਹੈ ॥੧੮॥੧੭੮॥

ਅਰਥ : ਨਾ ਉਸ ਨੂੰ ਕਾਮ ਹੈ, ਨਾ ਕ੍ਰੋਧ ਹੈ ਅਤੇ ਨਾ ਲੋਭ ਮੋਹ ਦੀ ਕਾਰ ਹੈ। ਨਾ ਆਧਿ ਹੈ, ਨਾ ਗਾਹਿਆ ਜਾਂਦਾ ਹੈ, ਨਾ ਬਿਆਧਿ ਦਾ ਵਿਚਾਰ ਹੈ। ਨਾ ਉਸ ਵਿਚ ਰੂਪ ਰੰਗ ਦਾ ਰਾਗ ਹੈ ਤੇ ਨਾ ਰੂਪ ਰੇਖ ਦਾ ਝਗੜਾ ਹੈ। ਨਾ ਉਸ ਵਿਚ ਹਾਉ ਹੈ। ਨਾ ਭਾਉ ਹੈ। ਨਾ ਦਾਉ ਦਾ ਢੰਗ ਹੈ ॥੧੮॥੧੭੮॥

ਗਜਾਧਪੀ ਨਰਾਧਪੀ ਕਰੰਤ ਸੇਵ ਹੈ ਸਦਾ ॥
ਸਿਧਸੁਤੀ* ਤਪਸਪਤੀ ਬਨਸਪਤੀ ਜਪਸ ਸਦਾ ॥
ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ ॥
ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ ॥੧੯॥੧੭੯॥

ਪਦ ਅਰਥ : ਗਜਾਧਪੀ= (ਗਜ+ਅਧਿਪਤਿ) ਐਰਾਵਤਿ ਦਾ ਸਵਾਮੀ। ਨਰਾਧਪੀ= (ਨਰ+ਅਧਿਪਤਿ) ਨਰਾਂ ਦਾ ਸਵਾਮੀ—ਰਾਜਾ। (੨) ਕੁਬੇਰ ਦਾ ਸਵਾਮੀ 'ਨਰ' ਹੈ, ਇਸ ਲਈ ਕੁਬੇਰ ਦਾ ਨਾਮ ਨਰਾਧਿਪ ਹੈ।

** ਕਈ ਜਗ੍ਹਾਂ ਤੇ ਪਾਠ 'ਸਿਤਸੁਤੀ' ਹੈ ਜੋ ਲਿਖਾਰੀ ਦੀ ਭੁੱਲ ਨਾਲ ਅਸ਼ੁਧ ਹੋਇਆ ਜਾਪਦਾ ਹੈ।*

(੩) ਬ੍ਰਹਮਾ ਤੇ ਵਿਸ਼ਨੂੰ । ਸਿਤਸਪਤੀ= (ਸੀਤਾਸੁਪਤਿ) ਸੀਤਲ ਕਿਰਣਾਂ ਦਾ ਪਤੀ, ਚੰਦ੍ਰਮਾ । (੨) (ਸਵੈਤਾਸਪਤਿ) ਚਿਟੇ ਘੋੜੇ ਦਾ ਸਵਾਮੀ, ਸੂਰਜ। ਤਪਸਪਤੀ= (ਤਪ੍ਰਾਸੁਪਤੀ) ਤਪਤ ਕਿਰਣਾਂ ਦਾ ਸਵਾਮੀ, ਸੂਰਜ। ਤਪਸ੍ਵੀਆਂ ਦਾ ਪਤੀ, ਮਹਾਨਪਤੀ, ਸ਼ਿਵਜੀ। (੩) [ਤਪਸਪਤਿ] ਵਿਸ਼ਨੂੰ। ਬਨਸਪਤੀ ਬਿਨ ਜਲ ਦਾ ਪਤੀ, ਵਰਣ ਦੇਵਤਾ । ਪਾਠ ਜਾਪ । (੨) ਜਸ ।

ਅਰਥ : ਇੰਦਰ ਤੇ ਕੁਬੇਰ ਸਦਾ ਜਿਸ ਦੀ ਸੇਵਾ ਕਰਦੇ ਹਨ। ਚੰਦ੍ਰਮਾ, ਸੂਰਜ ਤੇ ਵਰਣ ਸਦਾ ਜਿਸਦਾ ਜਾਪ ਜਪਦੇ ਹਨ। ਖ਼ਾਸ ਕਰਕੇ ਅਗਸਤ ਤੋਂ ਆਦਿ ਲੈ ਕੇ ਜਿਹੜੇ ਮਹਾਨ ਤਪੀ ਹਨ। ਉਹ ਸਾਰੇ ਜਿਸ ਦੇ ਜਸ ਨੂੰ ਬੇਅੰਤ ਹੈ, ਬੇਅੰਤ ਹੈ, ਪਾਠ ਕਰਦੇ ਹਨ ॥੧੯॥੧੭੯॥

ਅਗਾਧ ਆਦਿ ਦੇਵਕੀ ਅਨਾਦ ਬਾਤ ਮਾਨੀਐ ॥
ਨ ਜਾਤ ਪਾਤ ਮੰਤ੍ਰ ਮਿੱਤ੍ਰ ਸੱਤ੍ਰ ਸਨੇਹ ਜਾਨੀਐ ॥
ਸਦੀਵ ਸਰਬ ਲੋਕ ਕੇ ਕ੍ਰਿਪਾਲ ਖਿਆਲ ਮੈ ਰਹੈ ॥
ਤੁਰੰਤ ਦ੍ਰੋਹ ਦੇਹ ਕੇ ਅਨੰਤ ਭਾਂਤਿ ਸੋ ਦਹੈ ॥੨੦॥੧੮੦॥

ਅਰਥ : ਮਹਾਨ ਡੂੰਘਾ ਹੈ, ਮੁੱਢ ਤੋਂ ਰਹਿਤ ਹੈ, ਉਸ ਆਦਿ ਦੇਵ ਦੀ ਇਹ [ਬਾਤ] ਉਪਮਾ ਮੰਨੀ ਗਈ ਹੈ। ਜਾਤ, ਪਾਤ, ਮੰਤ੍ਰੀ, ਸ਼ਤਰੂ ਤੇ ਸਨੇਹ ਆਦਿਕ ਉਸ ਦਾ ਕੁਝ ਵੀ ਜਾਣੀਦਾ ਨਹੀਂ ਹੈ। ਸਦਾ ਤੋਂ ਹੀ ਸਾਰੇ ਲੋਕ ਉਸ ਕਿਰਪਾਲੂ ਦੇ ਧਿਆਨ ਵਿਚ ਰਹਿੰਦੇ ਹਨ ਇਸ ਲਈ ਅਨੇਕ ਤਰ੍ਹਾਂ ਨਾਲ ਦੇਹ ਦੇ (ਦ੍ਰੋਹ) ਪਾਪਾਂ ਨੂੰ ਤੁਰਤ ਹੀ ਸਾੜ ਲੈਂਦੇ ਹਨ ॥੨੦॥੧੮੦॥

ਤ੍ਵ ਪ੍ਰਸਾਦਿ ॥ ਰੂਆਲ ਛੰਦ ॥

ਰੂਪ ਰਾਗ ਨ ਰੇਖ ਰੰਗ ਨ ਜਨਮ ਮਰਨ ਬਿਹੀਨ ॥
ਆਦਿ ਨਾਥ ਅਗਾਧ ਪੁਰਖ ਸੁ ਧਰਮ ਕਰਮ ਪ੍ਰਬੀਨ ॥
ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ ਆਦਿ ਪੁਰਖ ਅਪਾਰ ॥
ਹਸਤ ਕੀਟ ਬਿਖੈ ਬਸੈ ਸਭ ਠਉਰ ਮੈ ਨਿਰਧਾਰ ॥੧॥੧੮੧॥

ਅਰਥ : ਜਿਸ ਦਾ ਰੂਪ ਰੰਗ ਨਹੀਂ ਤੇ ਰੇਖ ਰੰਗ ਨਹੀਂ ਹੈ ਅਤੇ ਜਨਮ ਮਰਨ ਤੋਂ ਰਹਿਤ ਹੈ। ਜੋ ਸਭ ਦਾ ਮੁੱਢ ਹੈ, ਸਵਾਮੀ ਹੈ, ਬਹੁਤ ਡੂੰਘਾ ਹੈ, [ਪੁਰਖ] ਪੂਰਨ ਹੈ ਅਤੇ ਧਰਮ ਕਰਮ ਵਿਚ ਚਤਰ ਹੈ। ਜਿਸ ਦੇ ਵਸ ਕਰਨ ਲਈ ਜੰਤਰ ਤੇ ਤੰਤਰ ਨਹੀਂ, ਅਤੇ ਜਿਸ ਆਦਿ ਪੁਰਖ ਦਾ ਪਾਰ ਨਹੀਂ ਲੱਭਦਾ। ਉਹ ਹਾਥੀ ਤੋਂ ਲੈ ਕੇ ਕੀੜੇ ਤਕ ਸਭਨਾਂ ਵਿਚ ਵਸਦਾ ਹੈ ਅਤੇ ਸਭ ਜਗ੍ਹਾਂ [ਨਿਰਧਾਰ] ਵਿਚਾਰੀਦਾ ਹੈ ॥੧॥੧੮੧॥

ਜਾਤਿ ਪਾਤਿ ਨ ਤਾਤ ਜਾ ਕੋ ਮੰਤ੍ਰ•ਮਾਤ ਨ ਮਿੱਤ੍ਰ ॥
ਸਰਬ ਠਉਰ ਬਿਖੈ ਰਮਿਓ ਜਿਹ ਚਕ੍ਰ ਚਿਹਨ ਨ ਚਿਤ੍ਰ ॥
ਆਦਿ ਦੇਵ ਉਦਾਰ ਮੂਰਤਿ ਅਗਾਧ ਨਾਥ ਅਨੰਤ ॥
ਆਦਿ ਅੰਤ ਨ ਜਾਨੀਐ ਅਬਿਖਾਦ ਦੇਵ ਦੁਰੰਤ ॥੨॥੧੮੨॥

ਅਰਥ : ਜਿਸ ਦੀ ਜਾਤ, ਬਿਰਾਦਰੀ, ਪਿਉ, ਵਜ਼ੀਰ [ਮਾਤ] ਮਾਤਾ ਤੇ ਮਿੱਤਰ ਨਹੀਂ ਹੈ। ਜੋ ਸਭ ਜਗ੍ਹਾਂ ਵਿਚ ਵਿਆਪਕ ਹੈ ਅਤੇ ਜਿਸ ਦਾ ਕੋਈ ਚਿੰਨ੍ਹ ਚੱਕ੍ਰ ਦਾ ਚਿਤ੍ਰ ਨਹੀਂ ਹੈ। ਜੋ ਆਦਿ ਦੇਵ ਹੈ, ਸਖੀ ਸਰੂਪ ਹੈ, ਵੱਡਾ ਡੂੰਘਾ ਹੈ, ਅੰਤ ਤੋਂ ਰਹਿਤ ਸਵਾਮੀ ਹੈ। ਜਿਸ ਦਾ ਆਦਿ ਤੋਂ ਅੰਤ ਜਾਣੀਦਾ ਨਹੀਂ ਹੈ, ਉਹ [ਦੁਰੰਤ] ਬੇਅੰਤ ਦੇਵ [ਅਬਿਖਾਦ] ਝਗੜਿਆਂ ਤੋਂ ਰਹਿਤ ਹੈ ॥੨॥੧੯੨॥

ਦੇਵ ਭੇਵ ਨ ਜਾਨਹੀ ਜਿਹ ਮਰਮ ਬੇਦ ਕਤੇਬ॥
ਸਨਕ ਔ ਸਨਕੇਸ ਨੰਦਨ ਪਾਵਹੀ ਨ ਹਸੇਬ॥
ਜੱਛ ਕਿੰਨਰ ਮੱਛ ਮਾਨਸ ਮੁਰਗ ਉਰਗ ਅਪਾਰ॥
ਨੇਤਿ ਨੇਤਿ ਪੁਕਾਰ ਹੀ ਸਿਵ ਸਕ੍ਰ ਔ ਮੁਖਚਾਰ ॥੩॥੧੯੩॥

ਪਦ ਅਰਥ : ਸਨਕ= ਸ਼ੌਨਕ, ਸ਼ੁਨਕ ਦਾ ਪੁੱਤਰ ਰਿਖੀ, ਜੋ ਅਥਰਵ ਵੇਦ ਦਾ ਅਚਾਰਜ ਸੀ (੨) ਸ਼ਨਕੀਯ, ਸ਼ੌਨਕ ਦਾ ਰਚਿਆ ਗ੍ਰੰਥ ਜਿਸ ਦਾ ਪ੍ਰਸਿਧ ਨਾਮ 'ਬ੍ਰਿਹਦ ਦੇਵਤਾ' ਹੈ। ਸਨਕੇਸ= ਬ੍ਰਹਮਾ। ਸਨਕੇਸ ਨੰਦਨ= ਬ੍ਰਹਮਾ ਦੇ ਪੁੱਤਰ ਨਾਰਦ, ਸਨਕਾਦਿਕ ਆਦਿਕ। ਮਛ= ਮਾਤ ਲੋਕ, ਇਹ ਦਿਸ ਰਿਹਾ ਜਗਤ। ਉਰਗ= ਸੱਪ, ਪਤਾਲ ਦੇ ਜੀਵ। ਸਕ੍ਰ= ਇੰਦ੍ਰ। ਮੁਖਚਾਰ= ਚਤੁਰਾਨਨ, ਬ੍ਰਹਮਾ। ਸੇਬ= ਸ਼ੈਵਯ, ਸ਼ਿਵ ਪੂਜਕ, ਸ਼ਿਵ ਜੀ ਦੀ ਉਪਾਸਨਾ ਕਰਨ ਵਾਲੇ।

ਅਰਥ : ਜਿਸ ਦਾ ਭੇਤ ਦੇਵਤੇ ਅਤੇ ਵੇਦ ਕਤੇਬ ਮਰਮ ਰਹਸਯ ਨਹੀਂ ਜਾਣਦੇ। ਸ਼ੌਨਕ ਬ੍ਰਹਮਾ ਦੇ ਪੁਤ੍ਰ (ਨਾਰਦ) ਸਨਕਾਦਿਕੀ ਤੇ ਸ਼ੇਵ ਲੋਕ ਜਿਸ ਦਾ ਭੇਦ ਨਹੀਂ ਪਾ ਸਕੇ। ਸੁਰਗ ਦੇ ਜੱਛ, ਕਿੰਨਰ, ਮਾਤ ਲੋਕ ਦੇ ਮਨੁਖ, ਪਤਾਲ ਦੇ ਅਪਾਰਾਂ ਸੱਪ। ਸ਼ਿਵ ਜੀ, ਇੰਦਰ ਤੇ ਬ੍ਰਹਮਾ ਇਹ ਸਾਰੇ ਹੀ ਜਿਸ ਨੂੰ ਬੇਅੰਤ ਲੋਕ ਕਹਿੰਦੇ ਹਨ॥੩॥੧੯੩॥

ਸਰਬ ਸਪਤ ਪਤਾਰ ਕੇ ਤਰ ਜਾਪ ਹੀ ਜਿਹ ਜਾਪ ॥
ਆਦਿ ਦੇਵ ਅਗਾਧਿ ਤੇਜ ਅਨਾਦ ਮੂਰਤਿ ਅਤਾਪ॥
ਜੰਤ੍ਰ ਮੰਤ੍ਰ ਨ ਆਵਈ ਕਰ ਤੰਤ੍ਰ ਮੰਤ੍ਰ ਨ ਕੀਨ ॥
ਸਰਬ ਠਉਰ ਰਹਿਓ ਬਿਰਾਜ ਧਿਰਾਜ ਰਾਜ ਪ੍ਰਬੀਨ ॥੪॥੧੯੪॥

ਅਰਥ : ਸਾਰੇ ਸੱਤਾਂ ਪਤਾਲਾਂ ਦੇ [ਤਰ] ਹੇਠਾਂ ਜਿਸ ਦਾ ਜਾਪ ਜਪਿਆ ਜਾਂਦਾ ਹੈ, ਉਹ ਆਦਿ ਦੇਵ ਅਗਾਧ ਤੇਜ ਵਾਲਾ ਹੈ, ਅਤੇ ਆਦਿ ਤੋਂ ਰਹਿਤ ਸਰੂਪ ਵਾਲਾ [ਅਤਾਪ] ਦੁੱਖਾਂ ਤੋਂ ਰਹਿਤ ਹੈ। ਜੰਤਰ ਮੰਤਰ ਨਾਲ [ਕਰ] ਹੱਥ ਨਹੀਂ ਆਉਂਦਾ, ਕਿਉਂਕਿ ਕਈਆਂ ਨੇ ਤੰਤਰ ਮੰਤਰਾਂ ਨੂੰ ਕੀਤਾ ਹੈ। ਉਹ ਰਾਜਾਧਿਰਾਜ ਸਭ ਜਗ੍ਹਾਂ ਤੇ ਬਿਰਾਜ ਰਿਹਾ ਹੈ, ਅਤੇ ਸਭ ਨੂੰ ਪ੍ਰ+ਬੀਨ ਚੰਗੀ ਤਰ੍ਹਾਂ ਵੇਖ ਰਿਹਾ ਹੈ ॥੪॥੧੯੪॥

ਜੱਛ ਗੰਧ੍ਰਬ ਦੇਵ ਦਾਨੋ ਨ ਬ੍ਰਹਮ ਛੱਤ੍ਰੀਅਨ ਮਾਹਿ ॥
ਬੈਸਨੰ ਕੇ ਬਿਖੈ ਬਿਰਾਜੈ ਸੂਦ੍ਰ ਭੀ ਵਹ ਨਾਹਿ॥
ਗੂੜ ਗਉਡ ਨ ਭੀਲ ਭੀਕਰ ਬ੍ਰਹਮ ਸੇਖ ਸਰੂਪ ॥

ਰਾਤਿ ਦਿਵਸ ਨ ਮੱਧ ਉਰਧ ਨ ਭੂਮ ਅਕਾਸ ਅਨੂਪ ॥੫॥੧੯੫॥

ਪਦ ਅਰਥ : ਗੂੜ= ਛਤਰੀ ਦੀ ਕੰਨਿਆ ਦਾ ਰਾਜਾ ਨਾਲ ਭੋਗ ਬਿਲਾਸ ਕਰਨ ਤੋਂ ਪੈਦਾ ਹੋਇਆ ਪੁੱਤਰ*। ਗੌਡ (ਗੌੜ) ਸੀ.ਪੀ. ਵਿਚ ਇਕ ਖ਼ਾਸ ਜਾਤਿ ਹੈ (੨) ਪੂਰਬ ਬੰਗਾਲੇ ਤੇ ਉੜੀਸੇ ਦੇ ਵਿਚਕਾਰਲੇ ਦੇਸ ਦਾ ਨਾਮ 'ਗੌੜ' ਹੈ, ਉਸ ਦੇਸ ਦਾ ਵਸਨੀਕ। (੩) ਬ੍ਰਾਹਮਣਾਂ ਦੀ ਇਕ ਖ਼ਾਸ ਜਾਤੀ 'ਗੌੜ' ਹੈ। (੪) ਰਾਜਪੂਤਾਂ ਦੀ ਇਕ ਜਾਤਿ 'ਗੌਡ' ਹੈ। ਭੀਲ= ਇਕ ਮਸ਼ਹੂਰ ਜੰਗਲੀ ਕੌਮ ਜੋ ਬਹੁਤ ਪ੍ਰਾਚੀਨ ਕਾਲ ਤੋਂ ਰਾਜਪੂਤਾਨੇ ਸਿੰਧ ਅਤੇ ਮਧਯ ਭਾਰਤ ਜੰਗਲਾਂ ਤੇ ਪਹਾੜਾਂ ਵਿਚ ਵੇਖੀ ਜਾਂਦੀ ਹੈ। ਭਾਵੇਂ ਇਹ ਕ੍ਰੂਰ ਭੀਖਣ ਤੇ ਅਤਿਆਚਾਰੀ ਹੁੰਦੇ ਹਨ, ਪਰ ਸੂਧੇ ਸਰਲ, ਸਚੇ ਤੇ ਸਵਾਮੀ ਭਗਤਿ ਪੂਰੇ ਹੁੰਦੇ ਹਨ। ਪੁਰਾਣਾਂ ਵਿਚ ਇਹਨਾਂ ਨੂੰ ਬ੍ਰਾਹਮਣੀ ਕੰਨਯਾ ਤੇ ਝੀਵਰ ਪੁਰਖ ਤੋਂ ਪੈਦਾ ਹੋਇਆ ਮੰਨਿਆ ਹੈ। ਭੀਕਰ= (ਭੀਕ= ਡਰਿਆ ਹੋਇਆ) ਭਯਾਨਕ, ਡਰ ਦੇਣ ਵਾਲਾ। ਮੱਧ= ਵਿਚਾਲੇ। ਉਰਧ= (ਅਧ) ਨੀਵੇਂ, ਭਾਵ ਪਤਾਲ।

ਅਰਥ : ਉਹ ਜੱਛ, ਗੰਧ੍ਰਬ, ਦੇਵਤੇ, ਦੈਂਤ ਅਤੇ ਬ੍ਰਾਹਮਣਾਂ ਖਤਰੀਆਂ ਵਿਚ ਨਹੀਂ ਹੈ। ਉਹ ਵੈਸ਼ਨਵਾਂ ਤੇ ਸ਼ੂਦਰਾਂ ਵਿਚ ਵੀ ਬਿਰਾਜਦਾ ਨਹੀਂ ਹੈ। ਨਾ ਉਹ ਗੂੜ੍ਹ, ਗੌੜ, ਭਿਆਨਕ ਭੀਲ ਤੇ ਬ੍ਰਾਹਮਣ ਸੇਖ ਸਰੂਪ ਹੈ। ਨਾ ਰਾਤ ਦਿਨ ਦੇ ਵਿਚਾਲੇ ਹੈ, ਅਤੇ ਉਹ ਮਹਾਨ ਸੁੰਦਰ ਨਾ ਹੀ ਪਤਾਲ, ਧਰਤੀ ਤੇ ਅਕਾਸ਼ ਵਿਚ ਹੈ ॥੫॥੧੯੫॥

ਜਾਤਿ ਜਨਮ ਨ ਕਾਲ ਕਰਮ ਨ ਧਰਮ ਕਰਮ ਬਿਹੀਨ ॥
ਤੀਰਥ ਜਾਤ੍ਰ ਨ ਦੇਵ ਪੂਜਾ ਗੋਰ ਕੇ ਨ ਅਧੀਨ ॥
ਸਰਬ ਸਪਤ ਪਤਾਰ ਕੇ ਤਰ ਜਾਨੀਐ ਜਿਹ ਜੋਤ ॥
ਸੇਸ ਨਾਮ ਸਹੰਸ੍ਰ ਫਨ ਨਹਿ ਨੇਤ ਪੂਰਨ ਹੋਤ ॥੬॥੧੯੬॥

ਅਰਥ : ਜਿਸ ਦੀ ਜਨਮ ਤੇ ਜਾਤ ਨਹੀਂ, ਮਰਨ ਦਾ ਕੰਮ ਨਹੀਂ ਅਤੇ ਧਰਮਾਂ ਦੇ ਕੰਮ ਤੋਂ ਰਹਿਤ ਹੈ। ਉਹ ਤੀਰਥ ਯਾਤਰਾ ਤੇ ਦੇਵ ਪੂਜਾ ਨਾਲ ਨਹੀਂ ਮਿਲਦਾ, ਅਤੇ ਨਾ ਹੀ ਕਬਰਾਂ ਦੇ ਅਧੀਨ ਹੈ। ਸਾਰੇ ਸੱਤਾਂ ਪਤਾਲਾਂ ਦੇ ਹੇਠਾਂ ਜਿਸ ਦਾ ਉਜਾਲਾ ਜਾਣੀਦਾ ਹੈ। ਹਜ਼ਾਰ [ਫਨ] ਮੂੰਹ ਵਾਲੇ ਸ਼ੇਸ਼ਨਾਗ ਤੋਂ ਜਿਸ ਦੇ ਨਾਮ ਪੂਰਨ ਨਹੀਂ ਹੋ ਸਕੇ, ਉਹ ਵੀ ਬੇਅੰਤ ਕਰਨ ਲਗ ਪਿਆ ਹੈ ॥੬॥੧੯੬॥

ਸੋਧਿ ਸੋਧਿ ਹਟੇ ਸਭੈ ਸੁਰ ਬਿਰੋਧ ਦਾਨਵ ਸਰਬ ॥
ਗਾਇ ਗਾਇ ਹਟੇ ਗੰਧ੍ਰਬ ਗਵਾਇ ਕਿੰਨਰ ਗਰਬ ॥
ਪੜ੍ਹਤ ਪੜ੍ਹਤ ਥਕੇ ਮਹਾ ਕਬਿ ਗੜ੍ਹਤ ਗਾੜ੍ਹ ਅਨੰਤ ॥
ਹਾਰਿ ਹਾਰਿ ਕਹਿਓ ਸਭੂ ਮਿਲਿ ਨਾਮ ਨਾਮ ਦੁਰੰਤ ॥੭॥੧੯੭॥

ਅਰਥ : ਸਾਰੇ ਦੇਵਤੇ ਢੂੰਡ ਢੂੰਡ ਕੇ ਥੱਕ ਗਏ ਹਨ ਅਤੇ ਸਾਰੇ ਦੈਂਤ ਵਿਰੋਧ ਕਰਦੇ ਥੱਕ ਗਏ ਹਨ। ਜਿਸ ਨੂੰ ਗਾਉਂਦੇ ਗਾਉਂਦੇ ਗੰਧਰਬ ਥੱਕ ਗਏ ਹਨ ਅਤੇ ਸਾਜਾਂ ਨੂੰ ਵਜਾਂਦੇ ਵਜਾਂਦੇ ਕਿੰਨਰਾਂ ਦਾ ਵੀ ਮਾਨ ਮਿਟ ਗਿਆ ਹੈ। ਪੁਸਤਕ ਨੂੰ ਪੜ੍ਹਦੇ ਪੜ੍ਹਦੇ ਪੰਡਤ ਥੱਕ ਗਏ ਹਨ ਅਤੇ ਅਨੰਤ ਘਾੜਤਾਂ ਘੜਦੇ ਭਾਵ

** ਵੇਖੋ ਐਸ਼ਨਸੀ ਸਿੰਮ੍ਰਿਤਿ, ਸ਼ੇ ੨੯।*

ਕਈ ਤਰ੍ਹਾਂ ਦੀ ਕਵਿਤਾ ਬਣਾਂਦੇ ਹੋਏ ਮਹਾਂ ਕਵੀ ਵੀ ਥੱਕ ਗਏ ਹਨ। ਅੰਤ ਨੂੰ ਹਾਰ ਹਾਰ ਕੇ ਸਭਨਾਂ ਨੇ ਮਿਲ ਕੇ ਇਹੀ ਕਿਹਾ ਹੈ ਕਿ ਨਾਮੀ ਦੇ ਨਾਮਾਂ ਦਾ ਅੰਤ ਲੈਣਾ (ਦੁਰੰਤ) ਮਹਾਂ ਔਖਾ ਹੈ ॥੭॥੧੮੭॥

ਬੇਦ ਭੇਦ ਨ ਪਾਇਓ ਲਖਿਓ ਨ ਸੇਬ ਕਤੇਬ ॥
ਦੇਵ ਦਾਨੋ ਮੂੜ ਮਾਨੋ ਜਛ ਨ ਜਾਨੈ ਜੇਬ ॥
ਭੂਤ ਭੱਬ ਭਵਾਨ ਭੂਪਤ ਆਦਿ ਨਾਥ ਅਨਾਥ ॥
ਅਗਨਿ ਬਾਇ ਜਲੇ ਥਲੇ ਮਹਿ ਸਰਬ ਠਉਰ ਨਿਵਾਸ ॥੮॥੧੮੮॥

ਅਰਥ : [ਸੇਬ= ਸੇਵਕ] ਸੇਵਨ ਯੋਗ ਦੇ ਭੇਦਾਂ ਨੂੰ ਵੇਦਾਂ ਨੇ ਨਹੀਂ ਪਾਇਆ ਤੇ ਕਤੇਬਾਂ ਨੇ ਜਾਣਿਆਂ ਨਹੀਂ ਹੈ। ਜਿਸ ਦੀ ਜੇਬ= ਸੋਭਾ ਨੂੰ ਵੇਖ ਕੇ, ਦੈਂਤ [ਮਾਨੋ] ਮਨੁਖ ਤੇ ਜਛ ਮੂੜ* ਹੋ ਰਹੇ ਹਨ, ਜਾਣ ਨਹੀਂ ਸਕਦੇ ਜੋ ਭੂਤ ਭੱਬ ਭਵਾਨ ਤਿੰਨਾਂ ਕਾਲਾਂ ਦਾ ਰਾਜਾ ਹੈ, ਸਭ ਦਾ ਮੁਢ ਤੇ ਅਨਾਥਾਂ ਦਾ ਨਾਥ ਹੈ। ਅੱਗ, [ਬਾਇ] ਜਲ, ਥਲ ਆਦਿਕ ਸਭਨਾਂ ਜਗ੍ਹਾਂ ਵਿਚ ਵਾਸਾ ਕਰ ਬੈਠਾ ਹੈ ॥੮॥੧੮੮॥

ਦੇਹ ਗੇਹ ਨ ਨੇਹ ਸਨੇਹ ਅਬੇਹ ਨਾਥ ਅਜੀਤ ॥
ਸਰਬ ਗੰਜਨ ਸਰਬ ਭੰਜਨ ਸਰਬ ਤੇ ਅਨਭੀਤ ॥
ਸਰਬ ਕਰਤਾ ਸਰਬ ਹਰਤਾ ਸਰਬ ਦਯਾਲ ਅਦ੍ਵੈਖ ॥
ਚੱਕ੍ਰ ਚਿਹਨ ਨ ਬਰਨ ਜਾ ਕੋ ਜਾਤਿ ਪਾਤਿ ਨ ਭੇਖ ॥੯॥੧੮੯॥

ਅਰਥ : ਜਿਸ ਨੂੰ ਦੇਹ ਦਾ ਨੇਹ ਤੇ ਘਰ ਦਾ ਸਨੇਹ ਨਹੀਂ ਹੈ, ਉਹ ਨਾ [ਬੇਹ] ਵਿੰਨੇ ਜਾਣ ਵਾਲਾ ਸਵਾਮੀ ਜਿੱਤਿਆ ਨਹੀਂ ਜਾਂਦਾ। ਸਭ ਨੂੰ ਚੱਟਣ ਵਾਲਾ ਹੈ ਸਭ ਨੂੰ ਮੰਨਣ ਵਾਲਾ ਹੈ ਅਤੇ ਆਪ ਸਭਨਾਂ ਦੇ ਡਰ ਤੋਂ ਰਹਿਤ ਹੈ। ਸਭ ਨੂੰ ਕਰਨ ਵਾਲਾ ਹੈ, ਸਭ ਨੂੰ ਹਰਨ ਵਾਲਾ ਹੈ, ਸਭ ਉਤੇ ਦਿਆਲੂ ਤੇ ਦ੍ਵੈਖ ਤੋਂ ਬਿਨਾਂ ਹੈ ਜਿਸ ਦਾ ਚਿੰਨ੍ਹ ਚਕ੍ਰ ਵਰਨ ਨਹੀਂ ਹੈ ਅਤੇ ਜਾਤਿ ਪਾਤਿ ਤੇ ਭੇਖ ਨਹੀਂ ਹੈ ॥੯॥੧੮੯॥

ਰੂਪ ਰੇਖ ਨ ਰੰਗ ਜਾ ਕੋ ਰਾਗ ਰੂਪ ਨ ਰੰਗ ॥
ਸਰਬ ਲਾਇਕ ਸਰਬ ਘਾਇਕ ਸਰਬ ਤੇ ਅਨਭੰਗ ॥
ਸਰਬ ਦਾਤਾ ਸਰਬ ਗਯਾਤਾ ਸਰਬ ਕੋ ਪ੍ਰਤਿਪਾਲ ॥
ਦੀਨ ਬੰਧੁ ਦਯਾਲ ਸੁਆਮੀ ਆਦਿ ਦੇਵ ਅਪਾਲ ॥੧੦॥੧੯੦॥

ਅਰਥ : ਜਿਸ ਦਾ ਰੂਪ ਰੇਖ ਨਹੀਂ ਹੈ, ਜਿਸ ਨੂੰ ਰਾਗ ਦਾ ਰੰਗ ਅਨੰਦ ਤੇ ਰੂਪ ਦਾ [ਰੰਗ] ਮੋਹ ਨਹੀਂ ਹੈ। ਜੋ ਸਭਨੀਂ ਗੱਲੀਂ ਯੋਗ ਹੈ, ਸਭ ਨੂੰ ਮਾਰਨ ਵਾਲਾ ਹੈ, ਸਭਨਾਂ [ਭੰਗ] ਅਪਰਾਧਾਂ ਤੋਂ ਰਹਿਤ ਹੈ। ਸਭ ਨੂੰ ਦੇਣ ਵਾਲਾ ਹੈ, ਸਭ ਨੂੰ ਜਾਨਣ ਵਾਲਾ ਹੈ ਸਭ ਨੂੰ ਪ੍ਰਤਿ ਵਖੋ ਵਖ ਪਾਲਦਾ ਹੈ। ਦੀਨਾਂ ਦਾ ਬੰਧੂ ਹੈ, ਦਿਆਲੂ ਮਾਲਕ ਹੈ, ਉਹ ਆਦਿ ਦੇਵ [ਪਾਲ] ਪੜਦੇ ਜਾਂ ਪਾਲਣਾ ਤੋਂ ਰਹਿਤ ਹੈ ॥੧੦॥੧੯੦॥

** ਸੁੰਦਰਤਾਈ ਨੂੰ ਵੇਖ ਕੇ ਡੌਰ ਭੌਰ ਜਿਹੇ ਹੋ ਜਾਣ ਦਾ ਮੁਹਾਵਰਾ ਹੋਣਾ ਹੈ।*

ਦੀਨ ਬੰਧੁ ਪ੍ਰਬੀਨ ਸ੍ਰੀ ਪਤਿ ਸਰਬ ਕੋ ਕਰਤਾਰ ॥
ਬਰਨ ਚਿਹਨ ਨ ਚੱਕ੍ਰ ਜਾ ਕੋ ਚੱਕ੍ਰ ਚਿਹਨ ਅਕਾਰ ॥
ਜਾਤਿ ਪਾਤਿ ਨ ਗੋਤ੍ਰ ਗਾਥਾ ਰੂਪ ਰੇਖ ਨ ਬਰਨ ॥
ਸਰਬ ਦਾਤਾ ਸਰਬ ਗਯਾਤਾ ਸਰਬ ਭੂਅ ਕੋ ਭਰਨ ॥੧੧॥੧੯੧॥

ਅਰਥ : ਜੋ ਦੀਨਾਂ ਦਾ ਬੰਧੂ ਹੈ, ਚਤਰ ਹੈ, ਮਾਇਆ ਦਾ ਪਤੀ ਹੈ, ਸਭ ਨੂੰ ਕਰਤਾਰ= ਕਰਨ ਵਾਲਾ ਹੈ। ਜਿਸ ਦੇ ਚਿੰਨ੍ਹ ਚੱਕ੍ਰ ਅਪਾਰ ਹਨ, ਚਿੰਨ੍ਹ ਚੱਕਰਾਂ ਦਾ [ਬਰਨ] ਵਰਨਣ ਨਹੀਂ ਹੋ ਸਕਦਾ, ਜਿਸ ਦਾ ਜਾਤ ਪਾਤ ਤੇ ਗੋਤ ਦੀ [ਗਾਥਾ] ਵਾਰਤਾ ਨਹੀਂ ਹੈ ਅਤੇ ਨਾ ਰੂਪ ਰੇਖ ਤੇ ਵਰਨ ਹੈ। ਉਹ ਸਭ ਨੂੰ ਦੇਣ ਵਾਲਾ ਹੈ, ਸਭ ਨੂੰ ਜਾਨਣ ਵਾਲਾ ਹੈ ਅਤੇ ਸਾਰੀ ਪ੍ਰਿਥਵੀ ਨੂੰ ਪਾਲਨ ਪੋਖਨ ਵਾਲਾ ਹੈ ॥੧੧॥੧੯੧॥

ਦੁਸਟ ਗੰਜਨ ਸੱਤ੍ਰੁ ਭੰਜਨ ਪਰਮ ਪੁਰਖੁ ਪ੍ਰਮਾਥ ॥
ਦੁਸਟ ਹਰਤਾ ਸ੍ਰਿਸਟ ਕਰਤਾ ਜਗਤ ਮੈ ਜਿਹ ਗਾਥ ॥
ਭੂਤ ਭਬਿ ਭਵਿੱਖ ਭਵਾਨ ਪ੍ਰਮਾਨ ਦੇਵ ਅਗੰਜ ॥
ਆਦਿ ਅੰਤ ਅਨਾਦਿ ਸ੍ਰੀ ਪਤਿ ਪਰਮ ਪੁਰਖ ਅਭੰਜ ॥੧੨॥੧੯੨॥

ਪਦ ਅਰਥ : ਪ੍ਰਮਾਥ= ਭਲੀ ਤਰ੍ਹਾਂ ਮਥਨ ਵਾਲਾ, ਬਿਲਕੁਲ ਨਾਸ ਕਰਨ ਵਾਲਾ। ਗਾਥ= ਕਥਾ। ਭੂਤ= ਬੀਤ ਚੁੱਕਾ ਸਮਾਂ। ਭਵਿੱਖ= ਅਗੇ ਆਉਣ ਵਾਲਾ ਸਮਾਂ। ਭਵਾਨ= ਵਰਤ ਰਿਹਾ ਸਮਾਂ। ਭਬਿ= ਚਤਰ, ਸੁੰਦਰ। (੨) ਯੋਗਜ, ਮੁਨਾਸਬ। ਪ੍ਰਮਾਨ= ਇਕੋ ਜਿਹਾ। ਸ੍ਰੀ ਪਤਿ= ਮਾਇਆ ਦਾ ਪਤੀ।

ਅਰਥ : ਜੋ ਦੁਸ਼ਟਾਂ ਨੂੰ ਗੰਜਨ ਵਾਲਾ ਹੈ। ਦੁਸ਼ਮਨਾਂ ਨੂੰ ਤੋੜਨ ਵਾਲਾ ਹੈ, ਸੰਸਾਰ ਦੇ ਵਡੇ ਵਡੇ ਪੁਰਖਾਂ ਨੂੰ ਬਿਲਕੁਲ ਨਾਸ ਕਰਨ ਵਾਲਾ ਹੈ। ਬੁਰਿਆਂ ਨੂੰ ਮਾਰਨ ਵਾਲਾ ਹੈ, ਦੁਨੀਆਂ ਨੂੰ ਕਰਨ ਵਾਲਾ ਹੈ, ਜਿਸ ਦੀ ਇਹ ਕਥਾ ਜਗਤ ਵਿਚ (ਮਸ਼ਹੂਰ) ਹੈ। ਉਹ ਅਗੰਜ ਦੇਵ ਤਿੰਨਾਂ ਕਾਲਾਂ ਵਿਚ ਇਕੋ ਜਿਹਾ ਚਤਰ ਹੈ। ਉਹ ਆਦਿ ਤੋਂ ਅੰਤ ਤਕ ਅਨਾਦੀ ਹੈ, ਮਾਇਆ ਦਾ ਪਤੀ ਹੈ, ਉਹ ਮਹਾਨ ਪੁਰਖ ਨਾਸ ਤੋਂ ਰਹਿਤ ਹੈ ॥੧੨॥੧੯੨॥

ਧਰਮ ਕੇ ਅਨਕਰਮ ਜੇਤਕ ਕੀਨ ਤਉਨ ਪਸਾਰ ॥
ਦੇਵ ਅਦੇਵ ਗੰਧ੍ਰਬ ਕਿੰਨਰ ਮੱਛ ਕੱਛ ਅਪਾਰ ॥
ਭੂਮ ਅਕਾਸ ਜਲੇ ਥਲੇ ਮਹਿ ਮਾਨੀਐ ਜਿਹ ਨਾਮ ॥
ਦੁਸਟ ਹਰਤਾ ਪੁਸਟ ਕਰਤਾ ਸ੍ਰਿਸਟ ਹਰਤਾ ਕਾਮ ॥੧੩॥੧੯੩॥

ਅਰਥ : ਧਰਮ ਦੇ ਕੰਮ ਤੇ [ਅਨ] ਹੋਰ ਜਿੰਨੇ ਕਰਮ ਹਨ, ਸਭ ਦਾ ਪਸਾਰਾ ਉਸੇ ਨੇ ਕੀਤਾ ਹੈ, ਅਪਾਰ ਹੀ ਦੇਵਤੇ, ਦੈਂਤ, ਗੰਧਰਬ, ਕਿੰਨਰ ਤੇ ਮੱਛ ਕੱਛ ਉਸ ਨੇ ਸਾਜੇ, ਧਰਤੀ ਅਕਾਸ਼ ਤੇ ਜਲ ਥਲ ਵਿਚ ਜਿਸ ਦਾ ਨਾਮ ਮੰਨਿਆ ਜਾਂਦਾ ਹੈ। ਦੁਸ਼ਟਾਂ ਨੂੰ ਮਾਰਦਾ ਹੈ, ਸੰਤਾਂ ਨੂੰ ਤਾਕਤ ਵਾਲਾ ਕਰਦਾ ਹੈ, ਸ੍ਰਿਸ਼ਟੀ ਦਾ ਨਾਸ ਕਰਦਾ ਹੈ ਏਹੀ ਉਸ ਦਾ ਕੰਮ ਹੈ ॥੧੩॥੧੯੩॥

ਦੁਸਟ ਹਰਨਾ ਸ੍ਰਿਸਟ ਕਰਨਾ ਦਿਆਲ ਲਾਲ ਗੋਬਿੰਦ ॥
ਮਿੱਤ੍ਰ ਪਾਲਕ ਸੱਤ੍ਰ ਘਾਲਕ ਦੀਨ ਦਜਾਲ ਮੁਕੰਦ॥
ਅਘੌ ਦੰਡਣ ਦੁਸਟ ਖੰਡਣ ਕਾਲ ਹੂੰ ਕੇ ਕਾਲ ॥
ਦੁਸਟ ਹਰਣੰ ਪੁਸਟ ਕਰਣੰ ਸਰਬ ਕੇ ਪ੍ਰਤਿਪਾਲ ॥੧੪॥੧੯੪॥

ਪਦ ਅਰਥ : ਗੋਬਿੰਦ= (ਗੋ= ਪ੍ਰਿਥਵੀ, ਬਿੰਦ= ਪਾਲਣਾ) ਪ੍ਰਿਥਵੀ ਪਾਲਕ। ਅਘੌ= ਪਾਪੀਆਂ ਦੇ।

ਅਰਥ : ਦੁਸ਼ਟਾਂ ਦੇ ਹਰਨ ਵਾਲਾ ਹੈ, ਸ੍ਰਿਸ਼ਟੀ ਦੇ ਕਰਨ ਵਾਲਾ ਹੈ, ਪਿਆਰਾ ਪ੍ਰਿਥਵੀ ਪਾਲਕ ਦਿਆਲੂ ਹੈ। ਮਿੱਤਰਾਂ ਦੀ ਪਾਲਨਾ ਕਰਦਾ ਹੈ, ਵੈਰੀਆਂ ਨੂੰ ਨਾਸ ਕਰਦਾ ਹੈ। ਦੀਨਾਂ ਪੁਰ ਦਿਆਲੂ ਹੈ ਅਤੇ ਮੁਕਤੀ ਦਾਤਾ ਹੈ। ਪਾਪੀਆਂ ਨੂੰ ਦੰਡ ਦੇਣ ਵਾਲਾ ਹੈ, ਬੁਰਿਆਂ ਨੂੰ ਚੂਰ ਕਰਨ ਵਾਲਾ ਹੈ ਅਤੇ ਕਾਲ ਦਾ ਕਾਲ ਹੈ। ਦੁਸ਼ਟਾਂ ਨੂੰ ਹਰਨ ਵਾਲਾ ਹੈ। ਭਲਿਆਂ ਨੂੰ ਤਾਕਤਵਰ ਕਰਨ ਵਾਲਾ ਹੈ, ਅਤੇ ਸਭ ਦੀ ਹਰ ਰੋਜ਼ ਪ੍ਰਾਲਣਾ ਕਰਨ ਵਾਲਾ ਹੈ ॥੧੪॥੧੯੪॥

ਸਰਬ ਕਰਤਾ ਸਰਬ ਹਰਤਾ ਸਰਬ ਤੇ ਅਨਕਾਮ ॥
ਸਰਬ ਖੰਡਣ ਸਰਬ ਦੰਡਣ ਸਰਬ ਕੇ ਨਿਜ ਭਾਮ ॥
ਸਰਬ ਭੁਗਤਾ ਸਰਬ ਜੁਗਤਾ ਸਰਬ ਕਰਮ ਪ੍ਰਬੀਨ ॥
ਸਰਬ ਖੰਡਣ ਸਰਬ ਦੰਡਣ ਸਰਬ ਕਰਮ ਅਧੀਨ ॥੧੫॥੧੯੫॥

ਅਰਥ : ਸਭ ਨੂੰ ਕਰਦਾ ਹੈ, ਸਭ ਨੂੰ ਮਾਰਦਾ ਹੈ, ਸਭ ਦੀ [ਅਨਕਾਮ] ਕਾਮਨਾ ਪੂਰਨ ਕਰਦਾ ਹੈ। ਸਭ ਨੂੰ ਖੰਡਨ ਵਾਲਾ ਹੈ, ਸਭ ਨੂੰ ਦੰਡ ਦੇਣ ਵਾਲਾ ਹੈ, ਸਾਰਿਆਂ ਦਾ ਨਿਜ ਸਥਾਨ ਹੈ। ਸਭ ਨੂੰ ਭੋਗਦਾ ਹੈ, ਸਭ ਨਾਲ ਜੁੜਿਆ ਹੈ। ਸਾਰੇ ਕੰਮਾਂ ਵਿਚ ਚਤੁਰ ਹੈ। ਸਭ ਨੂੰ ਖੰਡਨ ਕਰਦਾ ਹੈ, ਸਭ ਨੂੰ ਦੰਡ ਦੇਂਦਾ ਹੈ, ਸਾਰੇ ਕਰਮ ਉਸਦੇ ਅਧੀਨ ਹਨ ॥੧੫॥੧੯੫॥

ਸਰਬ ਸਿੰਮ੍ਰਿਤਨ ਸਰਬ ਸਾਸਤ੍ਰਨ ਸਰਬ ਬੇਦ ਬਿਚਾਰ ॥
ਦੁਸਟ ਹਰਤਾ ਬਿਸ੍ਵ ਭਰਤਾ ਆਦਿ ਰੂਪ ਅਪਾਰ ॥
ਦੁਸਟ ਦੰਡਣ ਪੁਸਟ ਖੰਡਣ ਆਦਿ ਦੇਵ ਅਖੰਡ ॥
ਭੂਮ ਅਕਾਸ ਜਲੇ ਥਲੇ ਮਹਿ ਜਪਤ ਜਾਪ ਅਮੰਡ ॥੧੬॥੧੯੬॥

ਅਰਥ : ਸਾਰੀਆਂ ਸਿੰਮ੍ਰਿਤੀਆਂ, ਸਾਰੇ ਸ਼ਾਸਤ੍ਰ ਸਾਰੇ ਵੇਦਾਂ ਦੇ ਵਿਚ ਨਹੀਂ ਹੈ। ਦੁਸ਼ਟਾਂ ਨੂੰ ਨਾਸ ਕਰਦਾ ਹੈ, ਜਗਤ ਦਾ ਪਾਲਣ ਪੋਖਨ ਕਰਦਾ ਹੈ, ਸਭ ਦੇ ਮੁਢ ਰੂਪ ਦਾ ਪਾਰ ਨਹੀਂ ਲਭਦਾ। ਦੁਸ਼ਟਾਂ ਨੂੰ ਦੰਡ ਦੇਣ ਵਾਲਾ ਹੈ, [ਪੁਸਟ] ਮਜ਼ਬੂਤਾਂ ਨੂੰ ਟੋਟੇ ਕਰਨ ਵਾਲਾ ਹੈ, ਜਗਤ ਦਾ ਆਦਿ ਦੇਵਤਾ ਅਖੰਡ ਹੈ। ਧਰਤੀ ਅਕਾਸ਼ ਤੇ ਜਲ ਥਲ ਵਿਚ ਜੋ ਉਸ ਦੇ ਜਾਪ ਨੂੰ ਜਪਦੇ ਹਨ ਉਹ [ਅਮੰਡ] ਸਥਿਰ ਹੁੰਦੇ ਹਨ ॥੧੬॥੧੯੬॥

ਸ੍ਰਿਸਟਾਚਾਰ ਬਿਚਾਰ ਜੇਤੇ ਜਾਨੀਐ ਸਬਚਾਰ ॥

ਆਦਿ ਦੇਵ ਅਪਾਰ ਸ੍ਰੀ ਪਤਿ ਦੁਸਟ ਪੁਸਟ ਪ੍ਰਹਾਰ ॥
ਅੰਨ ਦਾਤਾ ਗਿਆਨ ਗਿਆਤਾ ਸਰਬ ਮਾਨ ਮਹਿੰਦ੍ਰ ॥
ਬੇਦ ਬਿਆਸ ਕਰੇ ਕਈ ਦਿਨ ਕੋਟਿ ਇੰਦ੍ਰ ਉਪਿੰਦ੍ਰ ॥੧੭॥੧੯੭॥

ਪਦ ਅਰਥ : ਸ੍ਰਿਸਟਾਚਾਰ= ਸ੍ਰੀਸਟਾਚਾਰ, ਸ਼ੁਭ ਕਰਮ। ਪ੍ਰਹਾਰ= ਮਾਰਨ ਵਾਲਾ। ਮਹਿੰਦ੍ਰ= ਰਾਜੇ। ਉਪਿੰਦ੍ਰ= ਇੰਦਰ ਦਾ ਭਾਈ। (੨) ਬਾਵਨਾਵਤਾਰ।

ਅਰਥ : ਕਿੰਨੇ ਵੀ ਸਰੇਸ਼ਟਚਾਰ ਹਨ ਉਨ੍ਹਾਂ ਸਾਰੇ ਸ਼ੁਭ ਵਿਚਾਰਾਂ ਨੂੰ ਜੋ ਜਾਣਦਾ ਹੈ। ਉਹ ਪਹਿਲਾ ਦੇਵਤਾ ਹੈ, ਪਾਰ ਤੋਂ ਰਹਿਤ ਹੈ, ਮਾਇਆ ਦਾ ਪਤੀ ਹੈ, ਬਲਵਾਨ ਦੁਸ਼ਟਾਂ ਨੂੰ ਮਾਰਨ ਵਾਲਾ ਹੈ। ਅੰਨ ਦੇਣ ਵਾਲਾ ਹੈ। ਗਿਆਨ ਜਨਾਉਣ ਵਾਲਾ ਹੈ, ਸਾਰੇ ਰਾਜੇ ਵੀ ਉਸ ਦਾ ਮਾਣ ਕਰਦੇ ਹਨ ਜਿਸ ਦੇ ਕਿੰਨੇ ਹੀ ਵੇਦ ਵਿਆਸ ਅਤੇ ਕਰੋੜਾਂ ਇੰਦਰ ਤੇ ਬਾਵਨ ਅਵਤਾਰ ਬਨਾਏ ਹਨ ॥੧੭॥੧੯੭॥

ਜਨਮ ਜਾਤਾ ਕਰਮ ਗਿਆਤਾ ਧਰਮ ਚਾਰ ਬਿਚਾਰ ॥
ਬੇਦ ਭੇਵ ਨ ਪਾਵਈ ਸਿਵ ਰੁਦ੍ਰ ਔਰ ਮੁਖਚਾਰ ॥
ਕੋਟਿ ਇੰਦ੍ਰ ਉਪਿੰਦ੍ਰ ਬਿਆਸ ਸਨਕ ਸਨਤ ਕੁਮਾਰ ॥
ਗਾਇ ਗਾਇ ਥਕੇ ਸਭੈ ਗੁਨ ਚੱਕ੍ਰਤ ਭੇ ਮੁਖਚਾਰ ॥੧੮॥੧੯੮॥

ਪਦ ਅਰਥ : ਜਨਮ ਜਾਤਾ= ਜਿਸ ਨੇ (ਜਨਮ) ਜ਼ਿੰਦਗੀ ਦਾ ਹਾਲ ਜਾਣ ਲਿਆ ਹੈ, ਜੋਤਸ਼ੀ। ਕਰਮ ਗਿਆਤਾ= ਕਰਮਾਂ ਦੀ ਵੀਚਾਰ ਜਾਣਨ ਵਾਲਾ, ਕਰਮ-ਕਾਂਡੀ। ਸਿਵ= ਵਿਸ਼ਨੂੰ ਪ੍ਰਯਾਯੋਕ੍ਤ ਅਲੰਕਾਰ ਨਾਲ ਇਹ ਅਰਥ ਸਿੱਧ ਹੁੰਦਾ ਹੈ, ਕਿਉਂਕਿ ਸ਼ਿਵ ਨਾਮ ਮਹੇਸ਼ (ਸ਼ਿਵ ਜੀ) ਦਾ ਅਤੇ ਮਹੇਸ਼ ਦਾ ਅਰਥ ਵਿਸ਼ਨੂੰ ਵੀ ਹੈ।

ਅਰਥ : ਜੋਤਸ਼ੀ, ਕਰਮ-ਕਾਂਡੀ ਤੇ ਧਰਮ ਦੀ ਸਭ ਵਿਚਾਰ ਵਾਲੇ ਵੇਦ, ਵਿਸ਼ਨੂੰ [ਰੁਦ੍ਰ] ਸ਼ਿਵ ਜੀ ਅਤੇ ਬ੍ਰਹਮਾ ਵੀ ਜਿਸ ਦਾ ਭੇਦ ਨਹੀਂ ਪਾ ਸਕੇ। ਕਰੋੜਾਂ ਇੰਦ੍ਰ ਉਪਇੰਦਰ ਬਯਾਸ, ਸ਼ੌਨਕ, ਸੰਤ ਕੁਮਾਰ ਆਦਿ ਸਾਰੇ ਜਿਸ ਦੇ ਗੁਣਾਂ ਨੂੰ ਗਾਉਂਦੇ ਥੱਕ ਗਏ ਹਨ ਅਤੇ ਜਿਸ ਦੀ ਬੇਅੰਤਤਾ ਨੂੰ ਵੇਖ ਕੇ ਬ੍ਰਹਮਾ ਚੱਕ੍ਰਤ (ਹੈਰਾਨ) ਹੋ ਰਿਹਾ ਹੈ ॥੧੮॥੧੯੮॥

ਆਦਿ ਅੰਤ ਨ ਮਧ ਜਾ ਕੋ ਭੂਤ ਭੱਬ ਭਵਾਨ ॥
ਸਤਿ ਦੁਆਪਰ ਤ੍ਰਿਤੀਆ ਕਲਿਜੁਗ ਚਤ੍ਰ ਕਾਲ ਪ੍ਰਧਾਨ ॥
ਧਿਆਇ ਧਿਆਇ ਥਕੇ ਮਹਾ ਮੁਨਿ ਗਾਇ ਗੰਧ੍ਰਬ ਅਪਾਰ ॥
ਹਾਰਿ ਹਾਰਿ ਥਕੇ ਸਭੈ ਨਹੀਂ ਪਾਈਐ ਤਿਹ ਪਾਰ ॥੧੯॥੧੯੯॥

ਅਰਥ : ਤਿੰਨਾਂ ਕਾਲਾਂ ਵਿਚ ਜਿਸ ਦਾ ਆਦਿ, ਮਧ ਤੇ ਅੰਤ ਨਹੀਂ ਦਿਸਦਾ। ਚੌਹਾਂ ਜੁਗਾਂ ਦੇ ਚੌਹਾਂ ਸਮਿਆਂ ਵਿਚ ਜੋ ਪ੍ਰਧਾਨ ਹੈ। ਜਿਸ ਨੂੰ ਮਹਾਂ ਮੁਨੀ ਧਿਆਉਂਦੇ ਧਿਆਉਂਦੇ ਥੱਕ ਗਏ ਹਨ ਅਤੇ ਗੰਧ੍ਰਬ ਗਾਉਂਦੇ ਥੱਕ ਗਏ ਹਨ, ਪਰ ਪਾਰ ਕਿਸੇ ਨੇ ਵੀ ਨਹੀਂ ਪਾਇਆ। ਇਤਿਆਦਿਕ ਸਾਰੇ ਹਾਰ ਕੇ ਥੱਕ ਗਏ

ਹਨ, ਪਰ ਉਸ ਦਾ ਪਾਰ= ਅੰਤ ਕਿਸੇ ਨੇ ਵੀ ਨਹੀਂ ਪਾਇਆ ਹੈ ॥੧੯॥੧੧੯॥

ਨਾਰਦ ਆਦਿਕ ਬੇਦ ਬਿਆਸਕ ਮੁਨਿ ਮਹਾਨ ਅਨੰਤ ॥
ਧਿਆਇ ਧਿਆਇ ਥਕੇ ਸਭੈ ਕਰ ਕੋਟਿ ਕਸਟ ਦੁਰੰਤ ॥
ਗਾਇ ਗਾਇ ਥਕੇ ਗੰਧ੍ਰਬ ਨਾਚ ਅਪੱਛਰ ਅਪਾਰ ॥
ਸੋਧਿ ਸੋਧਿ ਥਕੇ ਮਹਾ ਸੁਰ ਪਾਇਓ ਨਹਿ ਪਾਰ ॥੨੦॥੨੦੦॥

ਅਰਥ : ਨਾਰਦ ਤੇ ਬੇਦ ਬਿਆਸ ਤੋਂ ਆਦਿਕ ਲੈ ਕੇ ਹੋਰ ਜਿੰਨੇ ਵੀ ਮਹਾਂ ਮੁਨੀ ਬੇਅੰਤ ਹਨ। ਉਹ ਸਾਰੇ ਧਿਆਉਂਦੇ ਧਿਆਉਂਦੇ ਥੱਕ ਗਏ ਹਨ ਅਤੇ ਕਰੋੜਾਂ [ਦੁਰੰਤ] ਮਹਾਨ ਕਸ਼ਟਾਂ ਨੂੰ ਉਠਾ ਰਹੇ ਹਨ। ਸਾਰੇ ਗੰਧਰਬ ਗਾਉਂਦੇ ਗਾਉਂਦੇ ਥੱਕ ਗਏ ਹਨ ਅਤੇ ਅਪਾਰਾਂ ਹੀ ਅਪੱਛਰਾਂ ਨੱਚਦੀਆਂ ਥੱਕ ਗਈਆਂ ਹਨ। ਮਹਾਂ ਸੁਰ ਵਿਸ਼ਨੂੰ ਆਦਿਕ ਵੱਡੇ ਦੇਵਤੇ ਵੀ ਢੂੰਡ ਢੂੰਡ ਕੇ ਥੱਕ ਗਏ ਹਨ, ਇਨ੍ਹਾਂ ਵਿਚੋਂ ਕਿਸੇ ਨੇ ਵੀ ਉਸ ਦੇ ਪਾਰ ਨੂੰ ਪਾਇਆ ਨਹੀਂ ਹੈ ॥੨੦॥੨੦੦॥

ਨੋਟ : ਕਾਵਯ ਸ਼ਾਸਤ੍ਰ ਵਿਚ 'ਪ੍ਰਸ਼ਨੋਤਰੀ' ਦੇ ਅਨੇਕਾਂ ਰੂਪ ਹਨ, ਇਸ ਨੂੰ ਕਿਸੇ ਕਿਸੇ ਸ਼ਾਸਤ੍ਰ ਕਾਰ ਨੇ 'ਪ੍ਰਸ਼ਨੋਤਰਾਲੰਕਾਰ' ਤੇ ਕਿਸੇ ਕਿਸੇ ਨੇ 'ਪ੍ਰਾਹੇਲਿਕ ਲੰਕਾਰ' ਨਾਮ ਨਾਲ ਵਰਣਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਕਬੀਰ ਜੀ ਨੇ ਵੀ 'ਝਗਰਾ ਏਕੁ ਨਿਬੇਰਹੁ ਰਾਮ॥' ਸ਼ਬਦ ਵਿਚ 'ਪ੍ਰਹੇਲਿਕਾਲੰਕਾਰ' ਪ੍ਰਗਟ ਕੀਤਾ ਹੈ, ਜਿਸ ਦਾ ਪੂਰਾ ਪੂਰਾ ਵਰਨਣ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਪੋਥੀ ਦੂਜੀ ਸਫਾ ੧੫੧੩ ਉਤੇ ਵਿਸਥਾਰ ਨਾਲ ਕਰ ਚੁੱਕੇ ਹਾਂ, ਉਸੇ ਤਰ੍ਹਾਂ ਹੀ ਇਥੇ ਵੀ ਪ੍ਰਹੇਲਿਕਾਲੰਕਾਰ ਵਿਚ ਹੇਠਲੇ ਦਸ ਦੋਹਰੇ ਉਚਾਰੇ ਹੋਏ ਹਨ।

ਪ੍ਰਹੇਲਿਕਾਲੰਕਾਰ ਦੇ ਦੋ ਭੇਦ ਹਨ (੧) ਅਰਥ ਪ੍ਰਹੇਲਿਕਾ—ਜਿਸ ਵਿਚ ਇਕੋ ਪਦ ਨਾਲ ਅਨੇਕਾਂ ਪ੍ਰਸ਼ਨਾਂ ਦਾ ਉੱਤਰ ਦਿੱਤਾ ਜਾਵੇ।

(੨) ਵਰਨ ਪ੍ਰਹੇਲਕਾ—ਜਿਸ ਦੇ ਪ੍ਰਸ਼ਨ ਦਾ ਉੱਤਰ ਪ੍ਰਸ਼ਨ ਦੇ ਵਿਚ ਹੀ ਵਰਨਣ ਕੀਤਾ ਜਾਵੇ। ਇਸ ਦੇ ਫੇਰ ਦੋ ਭੇਦ ਹਨ।

(ੳ) ਅੰਤਰਲਾਪਿਕਾ—ਉਹ ਹੁੰਦਾ ਹੈ, ਜਿਸ ਦੇ ਪ੍ਰਸ਼ਨ ਦੇ ਉੱਤਰ ਪ੍ਰਸ਼ਨ ਦੇ ਵਿਚ ਹੀ ਹੋਵੇ। ਜਿਹਾ ਕਿ 'ਝਗਰਾ ਏਕੁ ਨਿਬੇਰਹੁ ਰਾਮ' ਸ਼ਬਦ ਵਿਚ ਉਚਾਰਿਆ ਹੈ। ਅਤੇ—

(ਅ) ਬਾਹਿਰਲਾਪਿਕਾ—ਉਹ ਹੁੰਦਾ ਹੈ, ਜਿਸ ਦੇ ਪ੍ਰਸ਼ਨਾਂ ਦਾ ਉੱਤਰ ਬਾਹਰ ਤੋਂ ਦਿੱਤਾ ਜਾਂਦਾ ਹੈ ਪਰ ਉਸ ਦੇ ਇਸ਼ਾਰੇ ਪ੍ਰਸ਼ਨ ਦੇ ਵਿਚ ਹੀ ਵਰਣਨ ਕੀਤੇ ਹੁੰਦੇ ਹਨ। 'ਗੁਰਸ਼ਬਦ ਸਾਗਰ ਵਿਚ ਅਸਾਂ ਅਨੇਕ ਤਰ੍ਹਾਂ ਦੇ ਦ੍ਰਿਸ਼ਟਾਂਤ ਪ੍ਰਮਾਣ ਦੇ ਕੇ ਇਨ੍ਹਾਂ ਸਾਰਿਆਂ ਦੇ ਸਰੂਪ ਦਰਸਾਏ ਹਨ। ਹੇਠਲੇ ਦਸ ਦੋਹਰੇ ਅਕਸਰ ਅੰਤਰਲਾਪਿਕਾ ਹਨ। ਇਹਨਾਂ ਵਿਚੋਂ ਕੋਈ ਵਰਨ 'ਪ੍ਰਹੇਲਿਕਾ' ਹੈ ਅਤੇ ਕਈ ਅਰਥ ਪ੍ਰਹੇਲਕਾ ਦੇ, ਹੁਣ ਅਸੀਂ ਇਹਨਾਂ ਦਾ ਵਰਨਣ ਕਰਦੇ ਹਾਂ—

ਤ੍ਵ ਪ੍ਰਸਾਦਿ ॥ ਦੋਹਰਾ ॥

ਏਕ ਸਮੈ ਸ੍ਰੀ ਆਤਮਾ ਉਚਰਿਓ ਮਤਿ ਸਿਉ ਬੈਨ ॥

ਸਬ ਪ੍ਰਤਾਪ ਜਗਦੀਸ ਕੋ ਕਹੋ ਸਕਲ ਬਿਧਿ ਤੈਨ ॥੧॥੨੦੧॥

ਪਦ ਅਰਥ : ਮਤਿ= ਬੁਧਿ। ਜਗਦੀਸ= ਜਗਤ ਦਾ ਮਾਲਕ। ਤੈਨ= ਤੂਹੀ।

ਅਰਥ : ਇਕ ਵੇਲੇ ਸ੍ਰੀ ਆਤਮਾ ਜੀ ਨੇ ਬੁਧੀ ਨੂੰ ਇਸ ਤਰ੍ਹਾਂ ਦਾ ਬਚਨ ਕਿਹਾ ਜੋ ਸਾਰੇ ਜਗਤ ਦਾ ਮਾਲਕ ਹੈ, ਉਸ ਦਾ ਸਾਰਾ ਪ੍ਰਤਾਪ ਮੈਨੂੰ ਦੱਸ, ਅਗੋਂ ਬੁਧੀ ਨੇ ਉੱਤਰ ਦਿਤਾ ਤੂੰ ਹੀ ਸਭ ਤਰ੍ਹਾਂ ਨਾਲ ਉਸਦਾ ਪ੍ਰਤਾਪ ਹੈ ॥੧॥੨੦੧॥

ਭਾਵ : ਇਹ ਹੈ, ਬੁਧੀ ਨੇ ਨਿਸਚੇ ਕਰ ਦਿਤਾ ਕਿ 'ਹੇ ਆਤਮਾ ! ਤੂੰ ਰਾਮ ਦੀ ਅੰਸ ਹੈਂ ਅਤੇ ਅੰਸ ਅੰਸੀ ਤੋਂ ਭਿੰਨੀ ਨਹੀਂ ਹੁੰਦੀ, ਇਸ ਤਰ੍ਹਾਂ ਤੂੰ ਅੰਸੀ ਨਾਲ ਅਭੇਦ ਹੋ ਰਿਹਾ ਹੈਂ। ਜੋ ਤੇਰਾ ਪਾਸਾਰਾ ਹੈ, ਇਹ ਵਾਸਤਵ ਵਿਚ ਤੇਰਾ ਨਹੀਂ ਤੇਰੇ ਅੰਸੀ ਦਾ ਹੈ, ਫੇਰ ਜੋ ਤੇਰਾ ਪ੍ਰਤਾਪ ਹੈ, ਉਹ ਸਾਰਾ ਜਗਤ ਦੇ ਮਾਲਕ ਦਾ ਹੈ, ਤਾਂ ਤੇ ਤੇਰੀ ਹੋਂਦ ਹੀ ਜਗਦੀਸ਼ ਦਾ ਪ੍ਰਤਾਪ ਹੈ।

ਦੋਹਰਾ ॥ ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟਿ ਕੋ ਬਿਚਾਰ ॥
ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ ॥੨॥੨੦੨॥

ਨੋਟ : ਇਸ ਵਿਚ ਪੰਜ ਪ੍ਰਸ਼ਨ ਹਨ, ਅਤੇ ਪੰਜਾਂ ਦਾ ਉੱਤਰ 'ਇਕੋ' ਅੰਤਲੇ ਪਦ 'ਸਕਲ ਬਿਸਥਾਰ' ਨਾਲ ਦਿੱਤਾ ਹੈ। ਜੈਸਾ ਕਿ—

ਪ੍ਰਸ਼ਨ ੧. ਆਤਮਾ ਦਾ ਸਰੂਪ ਕੀ ਹੈ ? ਉੱਤਰ—ਸਾਰਾ ਬਿਸਥਾਰ (ਪਸਾਰਾ) ਹੀ ਆਤਮਾ ਦਾ ਸਰੂਪ ਹੈ।

੨. ਸ੍ਰਿਸ਼ਟੀ ਕੀ ਹੈ ? ਉੱਤਰ—ਸਾਰੇ ਪਸਾਰੇ ਦਾ ਨਾਮ ਹੀ ਸ੍ਰਿਸ਼ਟੀ ਹੈ।

੩. ਵਿਚਾਰ ਕੀ ਹੈ ? ਉੱਤਰ—ਜੋ ਸਾਰਿਆਂ ਵਿਚ (ਬਿਸਥਾਰ) ਫੈਲੀ ਹੋਈ ਹੋਵੇ, ਉਸ ਦਾ ਨਾਮ ਹੀ ਵਿਚਾਰ ਹੈ।

੪. ਧਰਮ ਕਿਹੜਾ ਹੈ ? ਉੱਤਰ—ਜੋ ਸਾਰਿਆਂ ਦੇ ਵਾਸਤੇ ਇਕੋ ਜਿਹਾ ਹੋ ਕੇ ਪਸਰਿਆ ਹੋਇਆ ਹੋਵੇ, ਉਹੀ ਧਰਮ ਹੈ।

੫. ਕਰਮ ਕੀ ਹੈ ? ਉੱਤਰ—ਉਸ ਦਾ ਸਾਰਾ ਪਸਾਰਾ ਹੀ ਕਰਮ ਹੈ ॥੨॥੨੦੨॥

ਦੋਹਰਾ ॥ ਕਹ ਜੀਤਬ ਕਹ ਮਰਨ ਹੈ ਕਵਨ ਸੁਰਗ ਕਹ ਨਰਕ ॥
ਕੋ ਸੁਘੜਾ ਕੋ ਮੂੜਤਾ ਕਹਾ ਤਰਕ ਅਵਤਰਕ ॥੩॥੨੦੩॥

ਨੋਟ : ਇਸ ਵਿਚ ਛੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ ਅੰਤਲੇ 'ਤਰਕ ਅਵਿਤਰਕ' ਦੋਹਾਂ ਪਦਾਂ ਨਾਲ ਦਿਤੇ ਹਨ। ਜੈਸਾ ਕਿ—

੧. ਜੀਊਣਾ ਕੀ ਹੈ ? ਉੱਤਰ—'ਤਰਕ' ਕਿਉਂਕਿ (ਤਰ=ਗਤਿ, ਚਾਲ+ਕ= ਪੌਣ, ਸਵਾਸ ਅਰਥਾਤ ਸਵਾਸਾਂ ਦੀ ਗਤੀ ਦਾ ਨਾਮ ਜੀਊਣਾ ਹੈ)।

੨. ਮਰਣਾ ਕੀ ਹੈ ? ਉੱਤਰ—'ਅਵਿਤਰਕ' ਅਰਥਾਤ ਸਵਾਸਾਂ ਦੀ ਗਤੀ ਦੇ [ਅਵਿ] ਰੁਕ ਜਾਣ ਦਾ ਨਾਮ ਮਰਣਾ ਹੈ।

੩. ਸੁਰਗ ਕੀ ਹੈ ? ਉੱਤਰ—'ਤਰਕ'= (ਸੋਚ ਵਿਚਾਰ ਵਿਚ ਸੁਖ ਹੀ ਸੁਖ ਹੈ ਅਤੇ ਸੁਖ ਦਾ ਨਾਮ

ਹੀ ਸੁਰਗ ਹੈ)।

੪. ਨਰਕ ਕੀ ਹੈ ? ਉੱਤਰ—'ਅਵਿਤਰਕ'= ਵਿਚਾਰ ਤੋਂ ਰਹਿਤ ਅਵਸਥਾ ਸੁਖ ਦਾ ਹੇਤੂ ਹੈ ਉਹੀ ਨਰਕ ਹੈ।

੫. ਸੁਘੜ ਕੌਣ ਹੈ ? ਉੱਤਰ—ਤਰਕ (ਵਿਚਾਰ ਵਾਲਾ ਪੁਰਸ਼ ਸੁਘੜ ਹੈ)।

੬. ਮੂਰਖ ਕੌਣ ਹੈ ? ਉੱਤਰ—ਅਵਿਤਰਕ (ਵਿਚਾਰ ਤੋਂ ਹੀਣਾ ਮੂਰਖ ਹੈ) ॥੩॥੨੦੩॥

ਦੋਹਰਾ ॥ ਕੋ ਨਿੰਦਾ ਜਸ ਹੈ ਕਵਨ ਕਵਨ ਪਾਪ ਕਹ ਧਰਮ ॥
ਕਵਨ ਜੋਗ ਕੋ ਭੋਗ ਹੈ ਕਵਨ ਕਰਮ ਅਪਕਰਮ ॥੪॥੨੦੪॥

ਨੋਟ : ਇਸ ਵਿਚ ਅੱਠ ਪ੍ਰਸ਼ਨ ਹਨ ਉਹੀ ਉੱਤਰ ਹਨ ਪਰ ਹੈਨ ਗਤਾਗਤੀ ਤਰੀਕੇ ਨਾਲ ਅਰਥਾਤ ਪਹਿਲੇ ਪ੍ਰਸ਼ਨਾਂ ਦੇ ਉੱਤਰ ਅੰਤਲੇ ਪ੍ਰਸ਼ਨ ਅਤੇ ਅੰਤਲੇ ਪ੍ਰਸ਼ਨ ਦੇ ਉੱਤਰ ਪਹਿਲੇ ਪ੍ਰਸ਼ਨ ਹਨ ਇਸ ਦਾ ਨਾਮ 'ਗੇਂਦਬੰਦ' ਉੱਤਰ ਵੀ ਕਹਿੰਦੇ ਹਨ। ਜੈਸਾ ਕਿ—

(੧) ਨਿੰਦਾ ਕੀ ਹੈ ?	ਉੱਤਰ—ਅਪਕਰਮ।
(੨) ਜਸ ਕੀ ਹੈ ?	ਉੱਤਰ—ਕਰਮ, ਸ਼ੁਭ ਕਰਮ।
(੩) ਪਾਪ ਕਿਹੜਾ ਹੈ ?	ਉੱਤਰ—ਅਨੁਚਿਤ ਭੋਗ।
(੪) ਧਰਮ ਕੀ ਹੈ ?	ਉੱਤਰ—ਜੋਗ।
(੫) ਜੋਗ ਕੀ ਹੈ ?	ਉੱਤਰ—ਧਰਮ।
(੬) ਭੋਗ ਕੀ ਹੈ ?	ਉੱਤਰ—ਪਾਪ।
(੭) ਕਰਮ ਕਿਹੜਾ ਹੈ ?	ਉੱਤਰ—ਜਸ, ਹਰਿ ਕੀਰਤਨ ਕਰਨਾ।
(੮) ਅਪਕਰਮ ਕੀ ਹੈ ?	ਉੱਤਰ—ਨਿੰਦਾ ਕਰਨਾ ॥੪॥੨੦੪॥

ਦੋਹਰਾ ॥ ਕਹੋ ਸੁ ਸੂਮ ਕਾ ਸੋ ਕਹੈ ਦਮ ਕੋ ਕਹਾ ਕਹੰਤ ॥
ਕੋ ਸੂਰਾ ਦਾਤਾ ਕਵਨ ਕਹੋ ਤੰਤ ਕੋ ਮੰਤ ॥੫॥੨੦੫॥

ਨੋਟ : ਇਸ ਵਾਰ ਚਾਰ ਪ੍ਰਸ਼ਨ ਹਨ ਅਤੇ ਇਹਨਾਂ ਦੇ ਉੱਤਰ ਅੰਤਲਾ ਪਦ ਹੈ॥੫॥੨੦੫॥ ਦੋਹਰੇ ਦੇ ਉੱਤਰ ਵਾਂਗੂੰ। ਜੈਸਾ ਕਿ—

(੧) ਸੂਮ (ਖੇਚਲ) ਕਿਸ ਨੂੰ ਕਹਿੰਦੇ ਹਨ ?
ਉੱਤਰ—'ਤੰਤ' ਯਤਨ ਨੂੰ ਸੂਮ ਕਹਿੰਦੇ ਹਨ।

(੨) ਦਮ ਕਿਸ ਨੂੰ ਕਹਿੰਦੇ ਹਨ ?
ਉੱਤਰ—'ਮੰਤ' ਸਿਮਰਨ ਦਾ ਨਾਮ ਹੀ ਦਮ ਹੈ।

(੩) ਸੂਰਮਾ ਕੌਣ ਹੈ ?
ਉੱਤਰ—'ਤੰਤ' ਕੰਮ ਕਰਨ ਵਾਲਾ।

(੪) ਦਾਤਾ ਕੌਣ ਹੈ ?

ਉੱਤਰ—ਮੰਤ੍ਰ ਉਪਦੇਸ਼ ਨੂੰ ਦੇਣ ਵਾਲਾ ਦਾਤਾ ਹੈ।

ਦੋਹਰਾ ॥ ਕਹਾ ਰੰਕ ਰਾਜਾ ਕਵਨ ਹਰਖ ਸੋਗ ਹੈ ਕਵਨ ॥
ਕੋ ਰੋਗੀ ਰਾਗੀ ਕਵਨ ਕਹੋ ਤੱਤ ਮੁਹਿ ਤਵਨ ॥੬॥੨੦੬॥

ਨੋਟ : ਇਸ ਵਿਚ ਛੇ ਪ੍ਰਸ਼ਨ ਹਨ ਜਿਨ੍ਹਾਂ ਦੇ ਉੱਤਰ ਅੰਤਰਲਾਪਕਾ ਦੇ ਢੰਗ ਨਾਲ ਇਸ ਤਰ੍ਹਾਂ ਨਾਲ ਲਿਖਦੇ ਹਨ।

(੧) ਤਤ= ਬ੍ਰਹਮ, ਸਚ, ਪ੍ਰਮੇਸ਼ਰ। (੨) ਵਾਯੂ, ਵਾਸ਼ਨਾ, ਤ੍ਰਿਸ਼ਨਾ।
(੩) ਅਸਲੀਅਤ, ਸੱਚਾਈ। (੪) ਤੱਥ, ਸ਼ਕਤਿ, (ਮਾਯਾ)।
ਮੁਹਿ (ਮੋਹੀ)= ਮੋਹ ਕਰਨ ਵਾਲਾ। (੨) ਪ੍ਰੇਮ ਕਰਨ ਵਾਲਾ।
(੩) ਲਾਲਚੀ। (੪) ਅਗਿਆਨੀ।
ਮੁਹਿ= (ਮੋਹ) ਦੁੱਖ। (੨) ਅਗਜਾਨ। (੩) ਪ੍ਰੇਮ। (੪) ਮੂਰਛਾ, ਬੇਹੋਸ਼ੀ।

੧. ਰੰਕ ਕੰਗਾਲ ਕੌਣ ਹੈ ? ਉੱਤਰ—*ਤੱਤ ਮੁਹਿ= ਤ੍ਰਿਸ਼ਨਾ ਨਾਲ ਮੋਹ ਕਰਨ ਵਾਲਾ।
੨. ਰਾਜਾ ਕੌਣ ਹੈ ? 'ਤੱਤ ਮੁਹਿ'= ਸੱਚ ਨਾਲ ਪਿਆਰ ਕਰਨ ਵਾਲਾ।
੩. ਹਰਖ ਕੀ ਹੈ ? ਪ੍ਰੇਮ ਕਰਨਾ।
੪. ਸੋਕ ਕੀ ਹੈ ? ਮੋਹ ਕਰਨਾ।
੫. ਰੋਗੀ ਕੌਣ ਹੈ ? 'ਤੱਤ ਮੁਹਿ'= ਸ਼ਕਤੀ ਦਾ ਮੋਹ ਰੱਖਣ ਵਾਲਾ।
੬. ਰਾਗੀ ਕੌਣ ਹੈ ? 'ਤੱਤ ਮੁਹਿ'= ਪਰਮੇਸ਼ਰ ਨਾਲ ਪ੍ਰੇਮ ਰੱਖਣ ਵਾਲਾ।

ਨੋਟ : ਇਸ ਦੇ ਚੌਥੇ ਚਰਨ ਦਾ ਪ੍ਰਸ਼ਨੋਤਰ ਇਉਂ ਹੁੰਦਾ ਹੈ—

ਪ੍ਰਸ਼ਨ : ਕਹੋ ਤੱਤ ਮੁਹਿ ਵਤਨ= ਮੁਹਿ ਵਤਨ ਤਤ ਕਹੋ ਮੈਨੂੰ ਉਨ੍ਹਾਂ ਦਾ ਸਿਧਾਂਤ ਦੱਸਦੇ ਹੈ।

ਉੱਤਰ : ਕਹੋ ਤੱਤ ਮੁਹਿ ਵਤਨ= 'ਮੁਹਿ' ਵਤਨ ਤੱਤ ਕਹੋ ਮੈਨੇ ਤੈਨੂੰ (ਤਤ) ਉਹਨਾਂ ਦੀ (ਤਤ) ਅਸਲੀਅਤ ਕਹਿ ਦਿਤੀ ਹੈ ॥੬॥੨੦੬॥

ਦੋਹਰਾ ॥ ਕਵਨ ਰਿਸਟ ਕੋ ਪੁਸਟ ਹੈ ਕਹਾ ਸ੍ਰਿਸਟਿ ਕੋ ਬਿਚਾਰ ॥
ਕਵਨ ਸ੍ਰਿਸਟਿ ਕੋ ਭ੍ਰਿਸਟ ਹੈ ਕਹੋ ਸਕਲ ਬਿਸਥਾਰ ॥੭॥੨੦੭॥

ਨੋਟ : ਇਸ ਦੇ ਪੰਜ ਪ੍ਰਸ਼ਨ ਹਨ, ਉਹਨਾਂ ਦੇ ਉੱਤਰ ਸਲੇਖਾਲੰਕਾਰ ਦਵਾਰੇ ਪਦ ਨਾਲ ਵਿਚੇ ਕਹੇ ਹਨ, ਜੈਸਾ ਕਿ :—

੧. (ਰਿਸਟ) ਰੱਜਿਆ ਹੋਇਆ ਕੌਣ ਹੈ ? (ਉੱਤਰ) ਜੋ ਸਾਰੀ ਵਿਸ਼ਵ ਵਿਚ (ਤਾਰ) ਇਕ ਸਾਰ ਪੂਰਨ ਹੈ।

੨. (ਪੁਸਟ) ਮੋਟਾ ਕੌਣ ਹੈ ? (ਉੱਤਰ) ਸਾਰੇ (ਵਿਸ਼ਵ) ਜੀਵਾਤਮਾ ਦੀ ਤਾਰ ਜਿਸ ਦੇ ਹੱਥ ਵਿਚ ਹੈ।

3. ਸ੍ਰਿਸ਼ਟੀ ਦਾ ਵਿਚਾਰ ਕੀ ਹੈ ? (ਉੱਤਰ) ਸਾਰੇ ਵਿਸ਼ਵ ਸਰੀ ਤਾਰ ਪ੍ਰਣਵ (ਓਅੰਕਾਰ) ਭੌਂ (ਤਾਰ*)

** ਹਿੰਦੀ ਸ਼ਬਦ ਸਾਗਰ ਸਫਾ ੧੩੬੭ ਅਤੇ ੩੧੯੨।*

ਨਿਕਲੇ ਹਨ ਅਤੇ ਪ੍ਰਣਵ ਹੀ ਇਹਨਾਂ ਦਾ (ਤਾਰ) ਕਰਣਧਾਰ (ਪ੍ਰੇਰਕ) ਹੈ, ਇਹੋ ਸ੍ਰਿਸ਼ਟੀ ਦਾ ਵਿਚਾਰ ਹੈ।

੪. ਸਰੇਸ਼ਟ ਕੌਣ ਹੈ ? ਉੱਤਰ ਜੋ ਸਾਰਿਆਂ ਵਿਚ (ਵਿਸਤਾਰ) ਫੈਲਿਆ ਹੈ।

੫. ਭ੍ਰਿਸਟ (ਨੀਚ) ਕੌਣ ਹੈ ? ਉੱਤਰ ਜੋ (ਵਿਸ਼ਵ ਵਿਸਦੀ+ਅਰ) ਉਜਲਾ ਦਾ ਵੈਰੀ ਹੈ, ਅਰਥਾਤ ਪਵਿਤ੍ਰਤਾ ਦੇ ਨਾਸ ਕਰਨ ਵਾਲਾ ਨੀਚ ॥੭॥੨੦੭॥

ਦੋਹਰਾ ॥ ਕਹਾ ਭਰਮ ਕੋ ਕਰਮ ਹੈ ਕਹਾ ਭਰਮ ਕੋ ਨਾਸ ॥
ਕਹਾ ਚਿਤਨ ਕੀ ਚੇਸਟਾ ਕਹਾ ਅਚੇਤ ਪ੍ਰਕਾਸ ॥੮॥੨੦੮॥

ਪਦ ਅਰਥ : ਭਰਮ ਕੋ ਕਰਮ= ਕਰਮ ਦਾ ਫਲ। ਚੇਸਟਾ= ਖ਼ੁਸ਼ੀ, ਬਹਾਰ, ਮੌਜ।

ਅਰਥ : ਅਚੇਤ ਪ੍ਰਕਾਸ= ਅਚਿੰਤਜ ਪ੍ਰਭਾ, ਉਹ ਪ੍ਰਕਾਸ਼ ਜਿਸ ਦਾ ਅੰਦਾਜ਼ਾ ਨਹੀਂ ਹੋ ਸਕਦਾ ਮਹਾਂ ਤੇਜਸ੍ਵੀ ਤੇਜ, ਭਾਵ ਬ੍ਰਹਮ ਗਿਆਨ।

ਨੋਟ : ਇਸ ਵਿਚ ਤਿੰਨ ਪ੍ਰਸ਼ਨ ਹਨ, ਉੱਤਰ ਵਿਚ ਅੰਤਲਾ ਪਦ ਹੈ, ਜੈਸਾ ਕਿ—

੧. ਕਰਮਾਂ ਦਾ ਫਲ ਕੀ ਹੈ ? (ਉੱਤਰ) ਬ੍ਰਹਮ ਗਿਆਨ।

੨. ਭਰਮ ਦਾ ਨਾਸ ਕਿਥੇ ਹੈ ? (ਉੱਤਰ) ਬ੍ਰਹਮ ਗਿਆਨ ਜਿਥੇ ਹੈ।

੩. ਚੇਤਨ ਕੀ ਮੌਜ (ਖ਼ੁਸ਼ੀ ਕਿਥੇ ਹੈ ? (ਉੱਤਰ) ਜਿਥੇ ਬ੍ਰਹਮ ਗਿਆਨ ਹੈ॥੮॥੨੦੮॥

ਦੋਹਰਾ ॥ ਕਹਾ ਨੇਮ ਸੰਜਮ ਕਹਾ ਕਹਾ ਗਿਆਨ ਅਗਿਆਨ ॥
ਕੋ ਰੋਗੀ ਸੋਗੀ ਕਵਨ ਕਹਾ ਧਰਮ ਕੀ ਹਾਨ ॥੯॥੨੦੯॥

ਪਦ ਅਰਥ : ਨੇਮ= ਪ੍ਰਤਗਯਾ। ਸੰਜਮ= ਮਨ ਤੇ ਇੰਦ੍ਰਿਆਂ ਦਾ ਕਾਬੂ ਕਰਨਾ।

ਨੋਟ : ਇਸ ਵਿਚ ਛੇ ਪ੍ਰਸ਼ਨ ਹਨ, ਉਨ੍ਹਾਂ ਦਾ ਉੱਤਰ ਅੰਤਲੇ ਪਦ ਨਾਲ ਦਿਤਾ ਹੈ, ਜੈਸਾ ਕਿ—

੧. ਪ੍ਰਤਗਯਾ ਕਿਥੇ ਕਰਨੀ ਚਾਹੀਦੀ ਹੈ ? (ਉੱਤਰ) ਜਿਥੇ ਧਰਮ ਦੀ ਹਾਨੀ ਹੁੰਦੀ ਹੋਵੇ।

੨. ਸੰਜਮ ਕਿਥੇ ਰਖਣਾ ਚਾਹੀਦਾ ਹੈ ? (ਉੱਤਰ) ਜਿਥੇ ਧਰਮ ਦੀ ਹਾਨੀ ਹੋਵੇ।

੩. ਗਿਆਨ ਕਦੋਂ ਲੋੜੀਦਾ ਹੈ ? (ਉੱਤਰ) ਜਿਥੇ ਧਰਮ ਦੀ ਹਾਨੀ ਹੋ ਰਹੀ ਹੋਵੇ।

੪. ਅਗਿਆਨ ਕਿਥੇ ਹੁੰਦਾ ਹੈ ? (ਉੱਤਰ) ਜਿਥੇ ਧਰਮ ਦੀ ਹਾਨੀ ਹੋ ਗਈ ਹੋਵੇ।

੫. ਰੋਗੀ ਕੌਣ ਹੈ ? (ਉੱਤਰ) ਜਿਸ ਵਿਚੋਂ ਧਰਮ ਦਾ ਨਾਸ ਹੋ ਰਿਹਾ ਹੋਵੇ।

੬. ਸੋਗੀ ਕੌਣ ਹੈ ? (ਉੱਤਰ) ਜਿਸ ਵਿਚੋਂ ਧਰਮ ਦੀ ਹਾਨੀ ਹੋ ਗਈ ਹੈ॥੯॥੨੦੯॥

ਦੋਹਰਾ ॥ ਕੋ ਸੂਰਾ ਸੁੰਦਰ ਕਵਨ ਕਹਾ ਜੋਗ ਕੋ ਸਾਰ ॥
ਕੋ ਦਾਤਾ ਗਿਆਨੀ ਕਵਨ ਕਹੋ ਬਿਚਾਰ ਅਬਿਚਾਰ ॥੧੦॥੨੧੦॥

ਨੋਟ : ਇਸ ਵਿਚ ਪੰਜ ਪ੍ਰਸ਼ਨ ਹਨ, ਇਨ੍ਹਾਂ ਦਾ ਉੱਤਰ ਵੀ ਉਪਰ ਵਾਂਗੂੰ ਹੈ, ਯਥਾ—

੧. ਸੂਰਮਾ ਕੌਣ ਹੈ ! (ਉੱਤਰ) ਜੋ ਵਿਚਾਰ ਅਵਿਚਾਰ ਨੂੰ ਜਾਣਦਾ ਹੈ।

੨. ਸੁੰਦਰ ਕੌਣ ਹੈ ? (ਉੱਤਰ) ਜਿਸ ਵਿਚ ਵਿਚਾਰ ਅਵਿਚਾਰ ਦੀ ਸੂਝ ਹੈ।

੩. ਜੋਗ ਦਾ ਸਾਰ ਕੀ ਹੈ ? (ਉੱਤਰ) ਵਿਚਾਰ ਅਵਿਚਾਰ ਦਾ ਜਾਣਨਾ।

੪. ਦਾਤਾ ਕੌਣ ਹੈ ? (ਉੱਤਰ) ਜੋ ਵਿਚਾਰ ਅਵਿਚਾਰ ਨਾਲ ਅਧਿਕਾਰ ਵੇਖ ਕੇ ਦਾਨ ਕਰਦਾ ਹੈ।

੫. ਗਿਆਨੀ ਕੌਣ ਹੈ ? (ਉੱਤਰ) ਵਿਚਾਰ ਅਵਿਚਾਰ ਨੂੰ ਜਾਨਣ ਵਾਲਾ ॥੧੦॥੨੧੦॥

ਨੋਟ : ਉਪਰਲੇ ਦਸ ਦੋਹਰਿਆਂ ਦੇ ਅਰਥ ਦਾਸ ਨੇ ਕਾਵ੍ਯਜ਼ਾ ਦੇ ਨਿਯਮਾਨੁਸਾਰ ਕੀਤੇ ਹਨ, ਪਰ ਸੰਪ੍ਰਦਾਈ ਮਹਾਤਮਾ ਇਉਂ ਕੀਤਾ ਕਰਦੇ ਹਨ—

ਇਸ ਤੋਂ ਅਗੇ ਨੌਂ ਦੋਹਰਿਆਂ ਵਿਚ ਮਨ ਵਲੋਂ ਪ੍ਰਸ਼ਨ ਹਨ, ਪਰ ਇਹਨਾਂ ਦੇ ਉੱਤਰ ਬਾਣੀ ਵਿਚ ਦਰਜ ਨਹੀਂ ਹਨ। ਕਈ ਗਿਆਨੀ ਸਿੰਘ ਕਿਹਾ ਕਰਦੇ ਹਨ, ਜੋ ਗਿਆਨ ਪ੍ਰਬੋਧ ਦੇ ੧੨੬ ਅੰਕ ਤੋਂ ਇਹਨਾਂ ਦੇ ਉੱਤਰ ਅਰੰਭ ਹੁੰਦੇ ਹਨ। ਪਰ ਬਹੁਤੇ ਗਿਆਨੀ ਸਿੰਘ ਇਹਨਾਂ ਦੇ ਉੱਤਰ ਅਧਿਯਾਹਰ ਦੇ ਢੰਗ ਨਾਲ ਹੀ ਦੱਸਿਆ ਕਰਦੇ ਹਨ, ਜਿਨ੍ਹਾਂ ਨੂੰ 'ਮਹਾਨ ਕੋਸ਼' ਦੇ ਕਰਤਾ ਜੀ ਨੇ ਇਉਂ ਲਿਖਿਆ ਹੈ, ਜੋ ਅਸੀਂ ਪ੍ਰਸ਼ਨ ਉਤਰਾਂ ਵਿਚ ਦਰਜ ਕਰਦੇ ਹਾਂ—

ਦੋਹਰਾ—ਕੋ ਆਤਮਾ ਸਰੂਪ ਹੈ ?	(ਉੱਤਰ) ਸਤ ਚਿਤ ਆਨੰਦ ਅਜ ਅਮਰ ਵ੍ਯਾਪਕ ਪਰ ਅਨੂਪ। ਵਿਸ੍ਵਨਾਥ ਦੇਵਾਧਿ ਪਤਿ, ਹੈ ਯਹ ਆਤਮ ਰੂਪ ॥੧॥
(ਪ੍ਰਸ਼ਨ) ਕਹਾ ਸ੍ਰਿਸਟ ਕੇ ਬਿਚਾਰ ?	(ਉੱਤਰ) ਜੈਸੇ ਜਲ ਤੇ ਬੁਦਬੁਦਾ, ਔਰ ਤਰੰਗ ਅਕਾਰ॥ ਤੈਸੇ ਪੂਰਨ ਬ੍ਰਹਮ ਤੇ, ਜਾਨੋ ਸ੍ਰਿਸਟਿ ਵਿਚਾਰ ॥੨॥
(ਪ੍ਰਸ਼ਨ) ਕਉਨ ਧਰਮ ?	(ਉੱਤਰ) ਤਤ੍ਵ ਗਜਾਨ ਹਿਤ ਯਤਨ ਸਦ, ਇਹ 'ਧਰਮ' ਨਿਜ ਜਾਨ॥
(ਪ੍ਰਸ਼ਨ) ਕੋ ਕਰਮ ਹੈ ? ਕਹੋ ਸਗਲ ਬਿਸਥਾਰ ॥੨॥੨੦੨॥	(ਉੱਤਰ) ਤਤਪਰ ਹੋ ਉਪਕਾਰ ਮੇਂ, 'ਕਰਮ' ਪਰਮ ਸੁਭ ਮਾਨ ॥੩॥
ਦੋਹਰਾ—ਕਹ ਜੀਤਬ ?	(ਉੱਤਰ) ਸਦਾਚਾਰ ਅਰੁ ਯਸ਼ ਸਹਿਤ, ਜੀਵਨ 'ਜੀਵਨ' ਆਹਿ॥
(ਪ੍ਰਸ਼ਨ) ਕਹ ਮਰਨ ਹੈ ?	(ਉੱਤਰ) ਅਪਯਸ਼ ਔਰ ਵਿਕਾਤ ਯੁਤ, ਜੀਵਨ 'ਮਰਨ' ਜਗ ਮਾਹਿ ॥੪॥
(ਪ੍ਰਸ਼ਨ) ਕਵਨ ਸੁਰਗ ?	(ਉੱਤਰ) ਮਨ ਕੀ ਸ਼ਾਂਤੀ 'ਸੁਰਗ' ਹੈ,
(ਪ੍ਰਸ਼ਨ) ਕਹ ਨਰਕ ?	(ਉੱਤਰ) 'ਨਰਕ' ਦੇਹ ਅਭਿਮਾਨ॥
(ਪ੍ਰਸ਼ਨ) ਕੋ ਸੁਘੜਾ ?	(ਉੱਤਰ) ਪਰੈ ਨ ਵੱਸ ਕਿਹ ਵਿਸ਼ਯਕੇ,

ਤਾਕੋ 'ਸੁਘੜਾ' ਜਾਨ ॥੫॥

(ਪ੍ਰਸ਼ਨ) ਕੋ ਮੂੜਤਾ ? (ਉੱਤਰ) ਵਿਸ਼ਯ ਪਰਾਯਨ 'ਮੂੜ੍ਹ' ਹੈ।

(ਪ੍ਰਸ਼ਨ) ਕਹਾ ਤਰਕ ? (ਉੱਤਰ) 'ਤਰਕ' ਸੱਚ ਪਰਤੀਤ।

(ਪ੍ਰਸ਼ਨ) ਕਹਾ ਅਵਤਰਕ ॥3॥2 3॥ (ਉੱਤਰ) ਸੋ 'ਅਵਿਤਰਕ' ਪਛਾਨੀਐ,
ਜੋ ਯਾਤੈ ਵਿਪਰੀਤਿ ॥੬॥

ਦੋਹਰਾ—ਕੋ ਨਿੰਦਾ ? (ਉੱਤਰ) ਭਗਤ ਪ੍ਰਤਗਯਾ ਨਿੰਦ ਹੈ,
ਅਰ ਰਣ ਪੀਠ ਦਿਖਾਨ।

(ਪ੍ਰਸ਼ਨ) ਜਸ ਹੈ ਕਵਨ ? (ਉੱਤਰ) ਸੱਤ ਪ੍ਰਤਗਯਾ ਵੀਰਤਾ,
ਯਹੈ ਜਗਤ 'ਜਸ' ਜਾਨ ॥੭॥

(ਪ੍ਰਸ਼ਨ) ਕਵਨ ਪਾਪ ? (ਉੱਤਰ) ਧਰਮ ਕਿਰਤ ਕੋ ਤਯਾਗਨੋ,
'ਪਾਪ' ਮਹਾਂ ਜਿਯ ਮਾਨ॥

(ਪ੍ਰਸ਼ਨ) ਕਹ ਧਰਮ ? (ਉੱਤਰ) ਖੱਟ ਘਾਲਿ ਕੈ ਦੇਵਨੋ,
'ਧੁੰਨ' ਨ ਯਾ ਸਮ ਆਨ ॥੮॥

(ਪ੍ਰਸ਼ਨ) ਕਵਨ ਜੋਗ ? (ਉੱਤਰ) ਵਾਹਿਗੁਰੂ ਮੇਂ ਚਿਤ ਕੀ,
ਲਗਨ ਕਹਾਵੈ 'ਜੋਗ'॥

(ਪ੍ਰਸ਼ਨ) ਕੋ ਭੋਗ ਹੈ ? (ਉੱਤਰ) ਦਾਸ ਇੰਦ੍ਰਿਯਕ ਹੋਇਕੈ,
ਸੁਖ—ਭੋਗਨ ਹੈ 'ਭੋਗ' ॥੯॥

(ਪ੍ਰਸ਼ਨ) ਕਵਨ ਕਰਮ ? (ਉੱਤਰ) ਜਗ ਕੋ ਸੁਖ ਦਾਇਕ ਕ੍ਰਿਯਾ,
ਗੁਰਮਤ ਮੈਂ ਹੈ 'ਕਰਮ'

(ਪ੍ਰਸ਼ਨ) ਕੋ ਅਪਕਰਮ ? ॥8॥੨੦8॥ (ਉੱਤਰ) ਵਿਸ਼੍ਵ ਦੁਖਾਅਨ ਲਭ ਵਸ਼ਿ,
ਜਾਨੈ ਸੁ 'ਅਪਕਰਮ' ॥੧੦॥

ਦੋਹਰਾ—ਕਹੋ ਸੁ 'ਸ੍ਰਮ' ਕਾਸੋ ਕਹੈ ? (ਉੱਤਰ) ਮਨ ਵਸ ਕਰਨੋ 'ਸ੍ਰਮ' ਅਹੈ।

(ਪ੍ਰਸ਼ਨ) ਦਮ ਕੋ ਕਹਾ ਕਹੰਤ ? (ਉੱਤਰ) 'ਦਮ' ਇੰਦ੍ਰਿਨ ਜੈਕਾਰ।

(ਪ੍ਰਸ਼ਨ) ਕੋ ਸੂਰਾ ? (ਉੱਤਰ) ਦੂਰ ਕਰਨ ਅਨਯਾਸ ਹਿਤੁ,
ਲੜੈ ਸੋ 'ਸੂਰ' ਵਿਚਾਰ ॥੧੧॥

(ਪ੍ਰਸ਼ਨ) ਦਾਤਾ ਕਵਨ ? (ਉੱਤਰ) 'ਦਾਤਾ ਵਿਦ੍ਯਾ' ਦਾਨਿ ਹੈ,
ਅਰੁ ਨਿਸ਼ਕਾਮ ਉਦਾਰ॥

(ਪ੍ਰਸ਼ਨ) ਕਹੋ ਤੰਤ ਕੋ ਮੰਤ ॥੫॥੨੦੫॥

(ਉੱਤਰ) ਸਤਿਨਾਮ ਅਰੁ ਵਾਹਿਗੁਰੂ, 'ਮੰਤ੍ਰ ਤੰਤ੍ਰ' ਨਿਰਧਾਰ ॥੧੨॥

ਦੋਹਰਾ—ਕਹਾ ਰੰਕ ?

(ਉੱਤਰ) ਜਾਂਕੇ ਤ੍ਰਿਸ਼ਨਾ ਅਧਿਕ ਹੈ, ਸੋਈ 'ਰੰਕ' ਪਛਾਨ ॥

(ਪ੍ਰਸ਼ਨ) ਰਾਜਾ ਕਵਨ ?

(ਉੱਤਰ) ਸੰਤੋਖੀ ਉਤਸ਼ਾਹ ਯੁਤ, 'ਰਾਜਾ' ਲੇਵੋ ਜਾਨ ॥੧੩॥

(ਪ੍ਰਸ਼ਨ) ਹਰਖ ਸੋਗ ਹੈ ਕਵਨ ?

(ਉੱਤਰ) ਦੁਬਿਧਾ ਤਜਾਗਨ 'ਹਰਖ' ਹੈ, ਚਿੰਤਾ ਜਾਨੇ 'ਸੋਗ' ॥

(ਪ੍ਰਸ਼ਨ) ਕੋ ਰੋਗੀ ? ਰਾਗੀ ਕਵਨ ॥ ਕਹੋ ਤੱਥ ਮੁਹਿ ਤਵਨ ॥੬॥੨੦੬॥

(ਉੱਤਰ) 'ਰੋਗੀ' ਵਿਸਜਾਸ਼ਕਤ ਹੈ, 'ਰਾਗੀ' ਚਿਤ ਅਰੋਕ ॥੧੪॥

ਦੋਹਰਾ—ਕਵਨ ਰਿਸਟ ?

(ਉੱਤਰ) ਸਹਿਤ ਵਿਵੇਕ ਸੁ 'ਰਿਸ਼ਟ' ਹੈ

(ਪ੍ਰਸ਼ਨ) ਕੋ ਪੁਸਟ ਹੈ ?

(ਉੱਤਰ) 'ਪੁਸਟ' ਪਰਾਕ੍ਰਮ ਵਾਨ ॥

(ਪ੍ਰਸ਼ਨ) ਕਹਾ ਸ੍ਰਿਸਟ ਕੋ ਬਿਚਾਰ ?

(ਉੱਤਰ) ਮ੍ਰਿਗ ਤ੍ਰਿਸ਼ਨਾ ਅਰ ਸੁਪਨ ਵਤ ਸ੍ਰਿਸ਼ਟਿ ਦਸ਼ਾ ਲੇਹੁ ਜਾਨ ॥੧੫॥

(ਪ੍ਰਸ਼ਨ) ਕਵਨ ਸ੍ਰਿਸਟ ? ਕੋ ਭ੍ਰਿਸ਼ਟ ਹੈ ? ਕਹੌ ਸਕਲ ਬਿਸਥਾਰ ॥੭॥੨੦੭॥

(ਉੱਤਰ) ਮਾਨਸ ਤਨ ਸਫਲੋ ਕਿਯੋ, ਜਿਨ ਸ਼ੁਭ ਕਰਮ ਕਮਾਏ। ਸੋਈ 'ਸ੍ਰੇਸਟ' ਯਾਤੇ ਉਲਟ, ਜਗ ਮੈਂ ਭ੍ਰਸਟ ਕਹਾਇ ॥੧੬॥

ਦੋਹਰਾ—ਕਹਾ ਕਰਮ ॥ ਕੁਕਰਮ ਹੈ ?

(ਉੱਤਰ) ਸਦਾ ਚਾਰ ਜਗ 'ਕਰਮ' ਹੈ, ਦੁਰਾਚਾਰ 'ਕੁਕਰਮ'।

(ਪ੍ਰਸ਼ਨ) ਕਹਾ ਭਰਮ ਕੋ ਨਾਸ ?

(ਉੱਤਰ) ਗੁਰ ਸਿਖਯਾ ਕਰਿ ਬ੍ਰਹਮ ਕੋ ਗਯਾਨ ਨਾਸ ਹ੍ਵੈ 'ਭਰਮ' ॥੧੭॥

(ਪ੍ਰਸ਼ਨ) ਕਹਾ ਚਿਤਨ ਕੀ ਚੇਸਟਾ ?

(ਉੱਤਰ) ਮਾਯਾ ਕੇ ਸੰਜੋਗ ਕਰਿ ਚੇਤਨ 'ਚੇਸ਼ਟਾ' ਜਾਨ।

(ਪ੍ਰਸ਼ਨ) ਕਹਾ ਅਚੇਤ ਪ੍ਰਕਾਸ ॥੮॥੨੦੮॥

(ਉੱਤਰ) ਤ੍ਰਿਗੁਣ ਅਸੰਗਤ ਬ੍ਰਹਮ ਮੈ ਤਿਮ 'ਅਚੇਸ਼ਟਾ' ਮਾਨ ॥੧੮॥

ਦੋਹਰਾ—ਕਹਾ ਨੇਮ ?

(ਉੱਤਰ) ਇਕ ਰਸ ਜਪ ਬ੍ਰਤ ਧਾਰਬੋ, ਤਾਂਕੋ ਕਹਿਯੋ 'ਨੇਮ'।

(ਪ੍ਰਸ਼ਨ) **ਸੰਜਮ ਕਹਾ ?**	(ਉੱਤਰ) ਤਯਾਗ ਫਜ਼ੂਲੀ ਸਰਬਦਾ 'ਸੰਜਮ' ਦਾਯਕ ਖੇਮ॥੧੯॥
(ਪ੍ਰਸ਼ਨ) **ਕਹਾ ਗਿਆਨ ?**	(ਉੱਤਰ) ਗਯਾਨ ਪਦਾਰਥ ਵਸਤ ਕੋ, ਭਾਖਤ ਗਿਆਨੀ 'ਗਿਆਨ'।
(ਪ੍ਰਸ਼ਨ) **ਕਹਾ ਅਗਿਆਨ ?**	(ਉੱਤਰ) ਲਖਨ ਔਰ ਕੋ ਔਰ ਹੀ, ਯਹੀ ਰੂਪ 'ਅਗਯਾਨ'॥੨੦॥
(ਪ੍ਰਸ਼ਨ) **ਕੋ ਰੋਗੀ ? ਸੋਗੀ ਕਵਨ ?**	(ਉੱਤਰ) 'ਰੋਗੀ' ਸਦਾ ਅਸੰਜਮੀ, 'ਸੋਗੀ' ਚਿੰਤਾਵਾਨ॥
(ਪ੍ਰਸ਼ਨ) **ਕਹਾ ਧਰਮ ਕੀ ਹਾਨ ॥੯॥੨੦੯॥**	(ਉੱਤਰ) ਜਾਤਿ ਪਾਤਿ ਅਰ ਛੂਤ ਕੋ, ਤਯਾਗਨ 'ਭ੍ਰਮ ਕੀ ਹਾਨ'॥੨੧॥
(ਪ੍ਰਸ਼ਨ) **ਕੋ ਸੂਰਾ ? ਸੁੰਦਰ ਕਵਨ**	(ਉੱਤਰ) ਮਨ ਜੇਤਾ ਸੂਰਾ ਅਹੈ, ਸੁੰਦਰ ਹੈ ਗੁਣਵਾਨ॥
(ਪ੍ਰਸ਼ਨ) **ਕਹਾ ਜੋਗ ਕੋ ਸਾਰ ?**	(ਉੱਤਰ) ਜਬ ਚਿਤ ਕੀ ਥਿਰਤਾ ਭਈ, ਸਾਰ ਯੋਗ ਇਹ ਮਾਨ॥੨੨॥
(ਪ੍ਰਸ਼ਨ) **ਕੋ ਦਾਤਾ ?**	(ਉੱਤਰ) ਦਾਤਾ, ਇਕ ਕਰਤਾਰ ਹੈ, 'ਗਯਾਨੀ' ਨਾਨਕ ਦੇਵ।
(ਪ੍ਰਸ਼ਨ) **ਗਿਆਨੀ ਕਵਨ ?**	(ਉੱਤਰ) ਜੋ ਅਗਿਆਨੀ ਪਸ਼ੂ ਨਰਕ ਕੋ ਤੁਰਤ ਬਨਾਵੈਂ ਦੇਵ॥੨੩॥
(ਪ੍ਰਸ਼ਨ) **ਕਹੋ ਬਿਚਾਰ ਅਬਿਚਾਰ ॥੧੦॥੨੧੦॥**	(ਉੱਤਰ) ਗੁਰੁ ਮਤ ਅਨਮਤ ਸਤਯ ਕੋ ਖੋਜਨ ਅਹੈ 'ਵਿਚਾਰ'॥ ਭੇਡ ਚਾਲ ਕੀ ਅੰਧ ਗਤਿ ਜਾਨ ਲਹ 'ਅਵਿਚਾਰ'॥੨੪॥

ਨੋਟ : ਮੂਲ ਦੀ ਹਰੇਕ ਤੁਕ ਨੂੰ ਕ੍ਰਮਾਨੁਸਾਰ ਪੜ੍ਹਨ ਨਾਲ ਪਾਠ ਪੂਰਨ ਹੁੰਦਾ ਹੈ ਅਤੇ ਆਮੋ ਸਾਹਮਣੇ ਪਾਠ ਕਰਨ ਨਾਲ ਪ੍ਰਸ਼ਨੋਤਰੀ ਪਾਠ ਹੋ ਜਾਂਦਾ ਹੈ। ਮੋਟੇ ਛਾਪੇ ਦੇ ਅੱਖਰਾਂ ਦਾ ਪਾਠ ਗੁਰਬਾਣੀ ਹੈ, ਅਤੇ ਛੋਟੇ ਛਾਪੇ ਦਾ ਪਾਠ ਮਹਾਨ ਕੋਸ਼ ਵਿਚੋਂ ਲਿਖਿਆ ਹੈ। ਇਹਨਾਂ ਦਾ ਅਰਥ ਤਾਂ ਸੌਖਾ ਹੈ, ਪਰ ਪਾਠਕਾਂ ਦੇ ਸੁਭੀਤੇ ਲਈ ਔਖੇ ਪਦਾਂ ਦਾ ਅਰਥ ਹੇਠਾਂ ਲਿਖ ਦਿੰਦੇ ਹਾਂ :—

ਵਿਸਥਾਰ= ਖੋਲ੍ਹ ਕੇ, ਖੁਲਾਸਾ ਕਰ ਕੇ। ਅਜ= ਅਜੇਯ। ਅਮਰ= ਨਾ ਮਰਨ ਵਾਲਾ। ਦੇਵਾਧਿਪਤਿ= ਸ਼ਰੋਮਣੀ ਦੇਵਤਿਆਂ ਦਾ ਸਵਾਮੀ, ਸਾਰੇ ਦੇਵਤਿਆਂ ਤੋਂ ਸ਼ਰੋਮਣੀ ਦੇਵਤਾ ਬ੍ਰਹਮਾ, ਬਿਸ਼ਨ ਤੇ ਸ਼ਿਵ ਹੈ, ਉਹਨਾਂ ਦਾ ਸਵਾਮੀ ਵਾਹਿਗੁਰੂ ਕਰਤਾਰ। ਜੀਤਬ= ਜੀਉਂਦਾ ਹੈ। ਤਰਕ= ਵਿਚਾਰ, ਸੋਚ, ਅਨੁਮਾਨ। ਅਵਤਰਕ= ਵਿਚਾਰ ਦਾ ਨਾ ਹੋਣਾ। ਅਨੁਮਾਨ ਦੀ ਅਨਹੋਂਦ। ਅਪਕਰਮ= ਬੁਰਾ ਕਰਮ। ਤੰਤ= ਤਤ੍ਵ ਸਿਧਾਂਤ।

ਤਨ= ਤਵਨ, ਉਹ। ਸ੍ਰਿਸਟ= ਸ੍ਰੇਸਟ, ਉੱਤਮ, ਭਲਾ। ਭ੍ਰਿਸਟ= ਪਤਿਤ। ਚਿਤਨ= ਚੇਤਨ। ਅਚੇਤ= ਸਚੇਤਨ। ਅਵਿਚਾਰ= ਵਿਚਾਰ ਦੀ ਅਨਹੋਂਦ। ਬੁਦ ਬੁਦਾ= ਬੁਲਬੁਲੇ, ਜੋ ਹਵਾ ਦੇ ਸਬੰਧ ਕਰਕੇ ਪਾਣੀ ਵਿਚ ਪਤਾਸੇ ਜਿਹੇ ਬਣ ਜਾਂਦੇ ਹਨ। ਤਰੰਗ= ਲਹਿਰਾਂ, ਛੱਲਾਂ। ਸਦਾਚਾਰ= ਸ੍ਰੇਸ਼ਟ ਕਰਮ, ਨੇਕੀ ਦੇ ਕੰਮ। ਅਪਯਸ਼= ਬਦਨਾਮੀ, ਬੁਰੇ ਨਾਮ ਨਾਲ ਪ੍ਰਸਿੱਧ ਹੋਣਾ। ਜਿਯਨ= ਜੀਉਣਾ। ਪਰਾਯਨ= ਆਸਰੇ। ਵਿਪਰੀਤ= ਉਲਟ, ਪੁੱਠਾ। ਭਗਤ ਪ੍ਰਤਗਜ੍ਯਾ= ਕੀਤੇ ਬਚਨ ਦਾ ਫਿਰ ਜਾਣਾ। ਸਤਯ ਪਰਤਗਯਾ= ਕੀਤੇ ਬਚਨਾਂ ਨੂੰ ਪੂਰਾ ਕਰਨਾ। ਧਰਮ= ਜਿਥੇ ਪਾਪ ਦੇ ਨਾਲ ਧਰਮ ਪਦ ਆਉਂਦਾ ਹੈ, ਉਥੇ ਇਸ ਦਾ ਅਰਥ ਪੁੰਨ ਹੁੰਦਾ ਹੈ। ਲਗਨ= ਚਿਤ ਦੀ ਬਿਰਤ ਲਿਵ। ਦਾਸ= ਗੁਲਾਮ। ਵਿਸ਼੍ਵ= ਜਗਤ, ਸਾਰੀ ਦੁਨੀਆਂ। ਜੇਕਰ= ਜਿਤਨਾ। ਅਨਜਾਸ= ਜ਼ੁਲਮ। ਵਿਦਜ੍ਯਾਦੀਨ= ਵਿਦਜ੍ਯਾ ਪੜ੍ਹਨ ਵਾਲਾ। ਨਿਸ਼ਕਾਮ= ਸ੍ਵਾਰਥ ਤੋਂ ਰਹਿਤ। ਭਿਸ਼ਯਾਸ਼ਕਤ= ਵਿਸ਼ਿਆਂ ਵਿਚ ਫਸਿਆ ਹੋਇਆ। ਅਰੋਕ= ਕਾਬੂ ਕਰਨ ਵਾਲਾ। ਵਿਵੇਕ= ਜੀਵ ਬ੍ਰਹਮ ਦੀ ਏਕਤਾ ਵਾਲੀ ਵਿਚਾਰ। ਪਰਾਕ੍ਰ ਵਾਨ= ਬਲ ਵਾਲਾ। ਦੁਰਾਚਾਰ= ਬੁਰੇ ਕਰਮ। ਅਸੰਗਤ= ਸੰਗ ਤੋਂ ਰਹਿਤ ਤਿੰਨ ਗੁਣਾਂ ਨਾਲ ਸਬੰਧ ਨਹੀਂ ਹੈ। ਅਚੇਸ਼ਟਾ= ਕ੍ਰਿਯਾ ਤੋਂ ਬਿਨਾਂ। ਖੇਮ= ਸੁਖ। ਗਯਾਨ= ਜਾਣ ਲੈਣਾ। ਯਥਾਰਥ= ਚੀਜ਼ ਦੀ ਅਸਲੀਅਤ। ਭਾਖਤ= ਕਹਿੰਦੇ ਹਨ। ਲਖਨ= ਜਾਣ ਲੈਣਾ। ਅਸੰਜਮੀ= ਸੰਜਮ ਤੋਂ ਹੀਣਾ। ਮਨ ਜੇਤਾ= ਮਨ ਨੂੰ ਜਿੱਤਨ ਵਾਲਾ। ਭੇਡ ਚਾਲ= ਜਿਵੇਂ ਇਕ ਭੇਡ ਦੇ ਮਗਰ ਸਾਰੀਆਂ ਭੇਡਾਂ ਖੂਹ ਵਿਚ ਵੀ ਜਾ ਪੈਂਦੀਆਂ ਹਨ, ਇਵੇਂ ਹੀ ਵਿਚਾਰ ਤੋਂ ਬਿਨਾਂ ਜਾਂ ਕਰਮ ਦੇ ਬੁਰੇ ਨਤੀਜੇ ਨੂੰ ਸੋਚੇ ਤੋਂ ਬਿਨਾਂ ਜਾਂ ਕੇਵਲ ਇਸ ਵਾਸਤੇ ਕਿ ਮੇਰੇ ਵਡੇ ਏਹੀ ਕਰਦੇ ਹਨ, ਮੈਂ ਵੀ ਕਰਾਂ ਭਾਵੇਂ ਉਸ ਕਰਮ ਵਿਚ ਸਰਾ-ਸਰ ਨੁਕਸਾਨ ਹੀ ਹੋਵੇ, ਤਾਂ ਵੀ ਪਿਤਾ ਪੁਰਖੀ ਜਾਣ ਕੇ ਕਰੀ ਜਾਣਾ, ਇਸ ਤਰ੍ਹਾਂ ਦੀ ਅਵਸਥਾ ਦਾ ਨਾਮ 'ਭੇਡ ਚਾਲ' ਹੈ।

ਨੋਟ : ਜਿਨ੍ਹਾਂ ਦਿਨਾਂ ਵਿਚ ਸ੍ਰੀ ਦਸਮੇਸ਼ ਸਤਿਗੁਰੂ ਜੀ ਇਹ ਬਾਣੀ ਉਚਾਰਨ ਕਰ ਰਹੇ ਸਨ, ਤੇ ਜਦ ਇਹ ਪ੍ਰਸ਼ਨ ਰੂਪ ਦੋਹਰੇ ਆਪ ਜੀ ਨੇ ਉਚਾਰੇ, ਅਜੇ ਉੱਤਰ ਰੂਪ ਛੰਦ ਉਚਾਰਨ ਕਰਨੇਂ ਸਨ, ਠੀਕ ਉਸੇ ਵੇਲੇ ਕਾਂਸ਼ੀ ਦੇ ਰਹਿਣ ਵਾਲਾ ਪੰਡਤ ਕਾਂਸ਼ੀ ਰਾਮ ਜੋ ਕਿ ਸ਼ਿਵ ਦਾਸ ਦੇ ਸੱਦੇ ਉਪਰ ਆਇਆ ਸੀ ਆਪ ਜੀ ਦੇ ਦੀਵਾਨ ਵਿਚ ਹਾਜ਼ਰ ਆਣ ਹੋਇਆ। ਇਸ ਨੇ ਅਨੰਦਪੁਰ ਦੀ ਜੂਹ ਵਿਚ ਪੈਰ ਪਾਂਦਿਆਂ ਹੀ ਚੌਹਾਂ ਪਾਸਿਆਂ ਤੋਂ ਸੁਣਨਾ ਸ਼ੁਰੂ ਕੀਤਾ—ਜੋ 'ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਕਰਤਾਰ ਸਰੂਪ ਹਨ, ਪੂਰਨ ਅਵਤਾਰ ਹਨ, ਕਲਿਜੁਗ ਦੇ ਜੀਵਾਂ ਦੀ ਰੱਖਿਆ ਲਈ ਪ੍ਰਗਟੇ ਹਨ।' ਇਸ ਤਰ੍ਹਾਂ ਦੀ ਬਹੁਤੀ ਉਪਮਾ ਸੁਣੀ ਤਾਂ ਪੰਡਤ ਨੂੰ ਫੁਰਨਾ ਹੋਇਆ ਕਿ—'ਜੋ ਦੁਰਗਾ ਸਤੋਤਰ'* ਮੇਰੇ ਕੰਠ ਹੈ, ਇਕ ਤਾਂ ਉਹ ਦੁਰਗਾ ਸਤੋਤਰ ਜਿਉਂ ਦਾ ਤਿਉਂ ਦੇਸ਼-ਭਾਸ਼ਾ ਵਿਚ ਸੁਣਾ ਦੇਵਨ, ਅਤੇ ਦੂਜਾ ਮੇਰੇ ਮੰਗੇ ਤੋਂ ਬਿਨਾਂ, ਕਾਬਲ ਦੇਸ਼ ਦੇ ਮੇਵੇ ਖਾਣ ਲਈ ਦੇਵਨ, ਤਦ ਮੈਂ ਵੀ ਸਮਝਾਂਗਾ, ਜੋ ਸਾਹਿਬ ਜਗਤ ਦੀ ਰੱਖਿਆ ਲਈ ਈਸ਼ਰਾਵਤਾਰ ਪ੍ਰਗਟੇ

---

* *'ਭਗਵਤੀ ਪਦਜ੍ਯ ਪੁਸ਼ਪਾਂਜਲਿ ਸਤੋਤਰ', ਜੋ ਬਹੁਤ ਪੁਰਾਣਾ ਹੈ, ਇਸ ਦੇ ਸਾਰੇ ੩੦ ਤ੍ਰਿਭੰਗੀ ਛੰਦ ਹਨ, ਇਸ ਦੇ ਕਰਤਾ ਪੰਡਿਤ ਰਾਮ ਕ੍ਰਿਸ਼ਨ ਜੀ ਹਨ, ਪੰਡਿਤ ਕਾਂਸ਼ੀ ਰਾਮ ਨੇ ਇਸ ਸਤੋਤਰ ਵਲ ਇਸ਼ਾਰਾ ਕੀਤਾ ਸੀ, ਇਹ ੨੦ ਤ੍ਰਿਭੰਗੀ ਛੰਦ ਉਸੇ ਦਾ ਸੁਤੰਤਰ ਅਨੁਵਾਦ ਹਨ, ਨਮੂਨੇ ਮਾਤਰ ਇਕ ਛੰਦ ਇਉਂ ਹੈ—*

— 'ਸ਼ਰ ਵਰ ਵਰਸ਼ਿਣਿ ਦੁਰਧਰ ਧਰਸ਼ਿਣਿ ਦਰਮਸ਼ ਮਰਸਨਿ ਹਰਸ਼ ਰਤੇ।
— ਅਯਿਨਿਜ ਹੁੰਕ੍ਰਿਤ ਮਾਤਰ ਨਿਰਾਕ੍ਰਿਤ ਧੂਮ੍ਰ ਵਿਲੋਚਨ ਧੂਮਰ ਸ਼ਤੇ॥
— ਸ਼ਿਵ ਸ਼ਿਵ ਸ਼ੁੰਭ ਨਿਸ਼ੁੰਭ ਮਹਾਹਵ ਤਰਪਿਤ ਭੂਤ ਪਿਸ਼ਾਚ ਪਤੇ॥
— ਸਮਰ ਵਿਸ਼ੋਖਿਤ ਸ਼ੋਣਿਤ ਬੀਜ ਸਮੁਦ ਭਵ ਸ਼ੋਣਿਤ ਬੀਜ ਲਤੇ॥
— ਜਯ ਜਯ ਹੇ ਮਹਿਖਾਸੁਰ ਮਰਦਿਨਿਰੰਮਯਕਪਰਦਿਨਿਸੈਲਸ਼ਤੇ॥੧੦॥ (ਮ: ਕੋ: ਸਫਾ ੯੮੦)

ਹਨ, ਅਤੇ ਜੇ ਇਨ੍ਹਾਂ ਦੋਹਾਂ ਗੱਲਾਂ ਵਿਚੋਂ ਪਹਿਲੀ ਗੱਲ ਪੂਰੀ ਹੋਈ, ਤਾਂ ਸਮਝਾਂਗਾ, ਜੋ ਭਗਵਾਨ ਪਿਤਾ ਨੇ ਵਿਦਿਆ ਵਿਚ ਨਿਪੁੰਨ ਕੀਤਾ ਹੈ, ਉੱਤਮ ਪੰਡਤ, ਵਿਦਿਆ ਵਾਚਸਪਤਿ ਆਦਿਕ ਆਪ ਜੀ ਦੇ ਵਿਸ਼ੇਸ਼ਨ ਹੋ ਸਕਦੇ ਹਨ, ਪਰ ਸਤਿਗੁਰੂ ਨਹੀਂ। ਅਤੇ ਜੇ ਦੂਜੀ ਗੱਲ ਪੂਰੀ ਹੋਈ, ਤਾਂ ਸਮਝਾਂਗਾ ਕਿ ਸਿਧੀ ਸਪੰਨ ਸਿਧ ਪੁਰਖ ਹਨ, ਸਤਿਗੁਰੂ ਜਾਂ ਪੂਰਨ ਅਵਤਾਰ ਕਹਿਣਾ ਯੋਗ ਨਹੀਂ ਹੈ, ਹਾਂ! ਜੇ ਦੋਵੇਂ ਗੱਲਾਂ ਠੀਕ ਹੋਈਆਂ ਤਾਂ ਮੈਂ ਵੀ ਸ਼ਰਧਾ ਦੇ ਫੁੱਲ ਚਾੜ੍ਹ ਕੇ ਆਪਣੀ ਕਲਿਆਣ ਦਾ ਭਿੱਛਕ ਹੋ ਕੇ ਆਪ ਜੀ ਦੀ ਖ਼ੁਸ਼ੀ ਦਾ ਪਾਤਰ ਹੋਣ ਦੀ ਕੋਸ਼ਿਸ਼ ਕਰਾਂਗਾ।'

ਜਿਸ ਵੇਲੇ ਪੰਡਤ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜਰ ਹੋਇਆ ਸੀ, ਉਸੇ ਵੇਲੇ ਹੀ ਕਾਬਲ ਦੀ ਸੰਗਤ ਆਪ ਜੀ ਦੇ ਚਰਨਾਂ ਵਿਚ ਪੁਜੀ ਸੀ। ਜਿਸ ਨੇ ਕਾਬਲ ਕੰਧਾਰ ਅਤੇ ਬਲਖ ਬੁਖਾਰੇ ਦੇ ਮੇਵੇ ਆਪ ਜੀ ਦੇ ਚਰਨਾਂ ਵਿਚ ਭੇਟ ਕੀਤੇ। ਸਤਿਗੁਰੂ ਜੀ ਨੇ ਉਹਨਾਂ ਵਿਚੋਂ ਬਹੁਤ ਉੱਤਮ ਤੇ ਸਵਾਦਿਸ਼ਟ ਮੇਵੇ ਪੰਡਤ ਨੂੰ ਛਕਣ ਲਈ ਦੇ ਕੇ ਫ਼ੁਰਮਾਇਆ—ਆਪ ਇਹ ਛਕ ਲਵੋ ਕਿਉਂਕਿ ਆਪ ਸਫਰ ਕਰਦੇ ਆਏ ਹੋ। ਜਦ ਪੰਡਤ ਫਲ ਛਕਣ ਮਗਰੋਂ ਦੁਬਾਰਾ ਦੀਵਾਨ ਵਿਚ ਹਾਜ਼ਰ ਹੋਇਆ, ਤਾਂ ਸ੍ਰੀ ਹਜ਼ੂਰ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਉਲੇਖਾ[1] ਯਕਰੂ ਸਲੇਖ ਲੰਕਾਰ[2] ਦਵਾਰੇ ਪੰਡਿਤ ਦਾ ਕੰਠਸਥ ਸਤੋਤਰ ਉਚਾਰਨ ਕਰਨਾ ਅਰੰਭ ਕੀਤਾ। ਜਿਉਂ-ਜਿਉਂ ਇਹ ਸਤੋਤਰ ਉਚਾਰਨ ਹੋਇਆ, ਤਿਉਂ-ਤਿਉਂ ਪੰਡਿਤ ਦੀ ਸ਼ਰਧਾ ਬੱਝਦੀ ਗਈ, ਇਥੋਂ ਤੱਕ ਕਿ ਅਜੇ ਸਤੋਤਰ ਦਾ ਭੋਗ ਵੀ ਨਹੀਂ ਪਿਆ ਸੀ, ਕਿ ਪੰਡਿਤ ਚਰਨਾਂ ਦਾ ਭੌਰਾ ਹੋ ਕੇ ਚਰਨਾਂ ਨਾਲ ਲਿਪਟ ਹੀ ਗਿਆ, ਅਜਿਹਾ ਲਿਪਟਿਆ ਜੋ ਕਈ ਜੰਗ ਪੁਆੜੇ ਵੇਖੇ, ਕਈ ਵਿਦਿਆ ਅਖਾੜੇ ਵੇਖੇ, ਕਈ ਸ਼ਾਂਤ ਵਿਨੋਦ ਦੇ ਨਜ਼ਾਰੇ ਡਿੱਠੇ, ਕਈ ਰੌਦ੍ਰ ਤੇ ਭਿਆਨਕ ਚਮਤਕਾਰੇ ਵੇਖੇ, ਪਰ ਉਸ ਦੀ ਸ਼ਰਧਾ ਨਾ ਟੁੱਟੀ, ਬੱਸ ਨਾ ਹੀ ਟੁੱਟੀ, ਅਤੇ ਅੰਤ ਨੂੰ ਸਾਹਿਬ ਜੀ ਦੇ ਚਰਨਾਂ ਵਿਚ ਹੀ ਸਮਾ ਗਿਆ।

ਇਹ ੨੦ ਤ੍ਰਿਭੰਗੀ ਛੰਦ ਉਸੇ ਭਗਵਤੀ ਪਦਯ ਪੁਸ਼ਪਾਂਜਲਿ ਸਤੋਤਰ ਦਾ ਸੁਤੰਤਰ ਅਨੁਵਾਦ ਹਨ, ਜੋ ਪੰਡਿਤ ਕਾਂਸ਼ੀ ਰਾਮ ਜੀ ਦੇ ਕੰਠਸਥ ਸੀ। ਇਥੇ ਪ੍ਰਸ਼ਨ ਹੋ ਸਕਦਾ ਹੈ, ਇਹ ਅਕਾਲ ਉਸਤਤਿ ਵਿਚ ਕਿਉਂ ਆਏ? ਇਸ ਦਾ ਉੱਤਰ ਸਰਦਾਰ ਬਹਾਦੁਰ ਸਰਦਾਰ ਕਾਹਨ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ, ਜੋ ਲੇਖਕ ਪਰਮਾਦ ਨਾਲ ਦੂਜੇ ਚੰਡੀ ਚਰਿਤਰ ਵਿਚ ਨਹੀਂ ਲਿਖਿਆ ਗਿਆ।

ਜੇ ਸਚਮੁੱਚ ਹੀ ਲੇਖਕ ਪ੍ਰਮਾਦ ਮੰਨੀਏ ਤਾਂ 'ਦਸਮ ਗੁਰੂ ਗ੍ਰੰਥ ਸਾਹਿਬ' ਦੇ ਸੰਗ੍ਰਹਿ ਕਰਤਾ ਭਾਈ ਮਨੀ ਸਿੰਘ ਜੀ ਸ਼ਹੀਦ[3] ਹਨ, ਅਤੇ ਭਾਈ ਸਾਹਿਬ ਜੀ ਸਤਿਗੁਰੂ ਜੀ ਦੇ ਨਿਕਟ ਵਰਤੀ ਸੇਵਕ ਤੇ ਉਚੇ ਪਦ ਵਿਚ ਖੇਡਣ ਵਾਲੇ ਆਤਮ ਰਸੀਏ ਸਨ, ਉਨ੍ਹਾਂ ਵਿਚ ਪਰਮਾਦ ਹੋ ਹੀ ਨਹੀਂ ਸਕਦਾ। ਇਸ ਲਈ ਉਹਨਾਂ ਤੋਂ ਅਜਿਹੀ ਭੁੱਲ ਹੋਣੀ ਬਣਦੀ ਨਹੀਂ। ਬਾਕੀ ਰਿਹਾ ਇਸ ਤੋਂ ਪਹਿਲਾਂ ਕੋਈ ਲਿਖਾਰੀ, ਤਾਂ ਉਹ ਵੀ ਇਤਿਹਾਸ

---

੧. *ਕੇ ਬਹੁਤੇ, ਕੈ ਏਕ, ਜਹਿ ਏਕ ਵਸਤੁ ਕੇ ਦੇਖੋ। ਬਹੁਬਿਧਿ ਕਰਿ ਉਲਖ ਉਲੇਖ (ਸ਼ਿਵਰਾਜ ਭੂਖਣ) ਇਸ ਅਲੰਕਾਰ ਦੇ ਦੋ ਰੂਪ ਹਨ, (੧) ਬਹੁਤੇ ਆਦਮੀ ਇਕ ਚੀਜ਼ ਨੂੰ ਬਹੁਤ ਤਰ੍ਹਾਂ ਕਰਕੇ ਵੇਖਣ। (੨) ਇਕੋ ਆਦਮੀ ਇਕ ਚੀਜ਼ ਨੂੰ ਬਹੁਤ ਤਰ੍ਹਾਂ ਕਰ ਕੇ ਵੇਖੇ।*

੨. *'ਸਲੇਖ ਅਲੰਕ੍ਰਿਤ ਅਰਥ ਬਹ ਜਹਾਂ ਸਬਦ ਮੈਂ ਹੋਤ' (ਭਾਖਾ ਦੂਖਨ) ਜਿਥੇ ਇਕ ਸ਼ਬਦ ਵਿਚ ਅਨੇਕਾਂ ਅਰਥ ਹੋਵਨ, ਉਥੇ ਸਲੇਖਾਲੰਕਾਰ ਹੁੰਦਾ ਹੈ, ਗੁਰੂ ਜੀ ਨੇ ਸਲੇਖ ਸ਼ਬਦਾਂ ਨੂੰ ਵਰਤਦੇ ਹੋਏ ਸਤੋਤਰ ਦਾ ਉਲੇਖ ਕੀਤਾ ਹੈ, ਜਿਸ ਤੋਂ ਪੰਡਿਤ ਦੇ ਨਿਸਚੇ ਵਿਚ ਭਗਵੰਤੀ ਪਦਯ ਪੁਸ਼ਪਾਂਜਲਿ ਸਤੋਤਰਿ ਦਾ ਅਨੁਵਾਦ ਪ੍ਰਤੀਤ ਹੁੰਦਾ ਹੈ, ਪਰ ਸਤਿਗੁਰੂ ਜੀ ਦੇ ਸਿਧਾਂਤ ਵਿਚ ਨਿਰੰਕਾਰ ਦੀ ਸੰਘਾਰ ਸ਼ਕਤੀ ਦਾ ਕਥਨ ਹੋ ਰਿਹਾ ਹੈ।*

੩. *ਸਾਰਾ ਵੇਰਵਾ ਭੂਮਿਕਾ ਵਿਚ ਵੇਖੋ।*

ਵਿਚੋਂ ਕੋਈ ਨਹੀਂ ਲੱਭਦਾ, ਜੋ ਇਨ੍ਹਾਂ ਤੋਂ ਬਿਨਾਂ ਬਾਣੀ ਲਿਖਣ ਦਾ ਲਿਖਾਰੀ ਕੋਈ ਹੋਰ ਵੀ ਸੀ ? ਕਿਉਂਕਿ ਘਰੋਗੀ ਲਿਖਤ ਦਾ ਕੰਮ ਦੀਵਾਨ ਨੰਦ ਚੰਦ ਜੀ ਤੇ ਬਾਣੀ ਦੀ ਲਿਖਾਈ ਦਾ ਕੰਮ ਮਨੀ ਸਿੰਘ ਜੀ ਦੇ ਹੀ ਸਪੁਰਦ ਸੀ, ਇਸ ਗੱਲ ਦੀ ਗਵਾਹੀ ਇਤਿਹਾਸ ਵਿਚੋਂ ਮਿਲਦੀ ਹੈ।[1] ਇਸ ਲਈ ਸੰਪ੍ਰਦਾਈ ਗਿਆਨੀ ਸਿੰਘਾਂ ਦਾ ਕਹਿਣਾ ਹੀ ਸੱਤ ਮੰਨਣਾ ਪਏਗਾ, ਕਿ ਉਦਯਾਲੰਕਾਰ ਯੁਕਤ ਸਤੋਤ੍ਰ ਬਣਾਇਆ ਹੈ।

ਅਕਾਲ ਉਸਤਤਿ ਵਿਚ ਇਹਨਾਂ ਛੰਦਾਂ ਦਾ ਕਾਰਣ ਇਉਂ ਪ੍ਰਤੀਤ ਹੁੰਦਾ ਹੈ, ਕਿ ਜਦ ਪੰਡਿਤ ਦੇ ਮਨ ਦਾ ਫੁਰਨਾ ਸਮਝ ਕੇ ਸਤੋਤ੍ਰ ਉਚਾਰਨ ਕਰਨਾ ਅਰੰਭ ਕੀਤਾ, ਤਾਂ ਲਿਖਾਰੀ ਜਿਸ ਤੋਂ ਸਤਿਗੁਰੂ ਜੀ ਅਕਾਲ ਉਸਤਤਿ ਲਿਖਵਾ ਰਹੇ ਸਨ, ਉਹ ਚਾਹੇ ਭਾਈ ਮਨੀ ਸਿੰਘ ਜੀ ਸਨ ਜਾਂ ਹੋਰ—ਉਸ ਨੇ ਆਪਣੇ ਸੁਭਾਵਕ ਨਿਯਮ ਅਨੁਸਾਰ ਲਿਖਣਾ ਅਰੰਭ ਰਖਿਆ, ਕਿਉਂਕਿ ਸਤਿਗੁਰੂ ਜੀ ਜੋ ਬਾਣੀ ਉਚਾਰਦੇ ਸਨ, ਓਹੀ ਉਹ ਲਿਖੀ ਜਾਂਦਾ ਸੀ, ਅਤੇ ਜਦੋਂ ਛੰਦ ਬਦਲਦਾ ਸੀ, ਤਦੋਂ ਅੰਕ ਸਿਲਸਿਲਾ ਬਦਲ ਜਾਂਦਾ ਸੀ, ਉਹ ਉਸੇ ਨਿਯਮ ਅਨੁਸਾਰ ਲਿਖੀ ਗਿਆ ਤੇ ਯਥਾਕ੍ਰਮ ਅੰਕ ਸੰਖਯਾ ਦਾ ਸਿਲਸਿਲਾ ਜਾਰੀ ਰਖਿਆ।

(੨) ਇਹ ਨਿਯਮ ਹੈ ਕਿ ਸ਼ਕਤੀ ਸ਼ਕਤੇ ਤੋਂ ਭਿੰਨ ਨਹੀਂ ਹੋਇਆ ਕਰਦੀ ਜਿਵੇਂ ਦਾਹ ਸ਼ਕਤੀ ਅੱਗ ਤੋਂ ਭਿੰਨ ਨਹੀਂ ਰਹਿ ਸਕਦੀ, ਇਵੇਂ ਭਗਵੰਤ ਦੀ ਸ਼ਕਤੀ 'ਭਗਵੰਤ' ਤੋਂ ਭਿੰਨ ਨਹੀਂ ਹੋ ਸਕਦੀ। ਜਦ ਕਿ ਭਗਵੰਤ ਦਾ ਚਿੰਤਨ 'ਅਕਾਲ' ਨਾਮ ਨਾਲ ਕੀਤਾ ਤਦ 'ਤੂੰ ਮੇਰਾ ਪਿਤਾ ਤੂਹੈ ਮੇਰਾ ਮਾਤਾ' ਪਦ ਉਚਾਰਨ ਕਰਨ ਵਾਲੇ ਸਤਿਗੁਰੂ ਜੀ ਨੇ ਉਸ 'ਭਗਵੰਤ ਅਕਾਲ' ਜੀ ਨੂੰ ਹੀ 'ਭਗਵਤੀ' ਨਾਮ ਨਾਲ ਯਾਦ ਕੀਤਾ। ਇਉਂ ਕਹਿਣਾ ਚਾਹੀਦਾ ਹੈ ਪੁਲਿੰਗ ਤੇ ਇਸਤਰੀ ਲਿੰਗ ਵਿਚ ਜੋ ਵੀ ਉਪਮਾ ਕੀਤੀ ਹੈ, ਉਹ ਸਭ 'ਅਕਾਲ' ਜੀ ਦੀ ਹੈ। ਅਕਾਲ ਤੋਂ ਬਿਨਾਂ ਹੋਰ ਕਿਸੇ ਦੀ ਉਪਮਾ ਨਹੀਂ ਹੈ।

ਤ੍ਵ ਪ੍ਰਸਾਦਿ ॥ ਦੀਰਘ ਤ੍ਰਿਭੰਗੀ ਛੰਦ ॥

ਨੋਟ : ਇਹ ਤ੍ਰਿਭੰਗੀ ਛੰਦ ਦਾ ਕੋਈ ਭੇਦ ਨਹੀਂ ਹੈ, ਕੇਵਲ ਵੀਹ ਤ੍ਰਿਭੰਗੀ ਇਕ ਥਾਂ ਲਿਖੇ ਜਾਣ ਦੇ ਕਾਰਨ ਇਸ ਦਾ ਨਾਮ ਦੀਰਘ (ਲੰਮਾ) ਤ੍ਰਿਭੰਗੀ ਲਿਖ ਦਿੱਤਾ ਹੈ, ਪਰ ਕਈ ਕਹਿੰਦੇ ਹਨ, ਕਿਸੇ-ਕਿਸੇ ਕਵੀ ਨੇ ਗੁਣ ਛੰਦ ਤ੍ਰਿਭੰਗੀ ਦਾ ਨਾਉਂ 'ਦੀਰਘ ਤ੍ਰਿਭੰਗੀ' ਰੱਖ ਦਿੱਤਾ ਹੈ।

ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸਟ ਨਿਕੰਦਣਿ ਆਦਿ ਬ੍ਰਿਤੇ ॥

ਅਰਥ : ਬੁਰੇ ਪੁਰਸ਼ਾਂ ਦੇ ਝੁੰਡਾਂ ਨੂੰ ਡੰਡ ਦੇਣਾ ਦੈਂਤਾਂ ਨੂੰ ਤਬਾਹ ਕਰਨਾ, ਜ਼ਾਲਮਾਂ ਨੂੰ ਮਾਰ ਦੇਣਾ, ਇਹ ਜਿਸ ਦਾ ਸ਼ੁਰੂ ਤੋਂ ਹੀ ਬ੍ਰਿਤੇ= ਸੁਭਾਵ ਹੈ।

ਚਛਰਾਸੁਰ ਮਾਰਣਿ ਪਤਿਤ ਉਧਾਰਣਿ ਨਰਕ ਨਿਵਾਰਣਿ ਗੂੜ੍ਹ ਗਤੇ ॥

ਪਦ ਅਰਥ : ਚਛਰਾਸੁਰ= ਚਿੱਛਯਰ ਦੈਂਤ, ਜਿਸ ਦਾ ਜੁਧ ਦੇਵੀ ਨਾਲ ਹੋਇਆ ਸੀ[2]।

ਅਰਥ : ਜੋ ਚਿੱਛਰ ਦੈਂਤ ਨੂੰ ਮਾਰਨ ਵਾਲੀ ਹੈ, ਪਾਪੀਆਂ ਨੂੰ ਤਾਰਨ ਵਾਲੀ ਹੈ, ਨਰਕਾਂ ਤੋਂ ਬਚਾਉਣ ਵਾਲੀ ਹੈ, ਅਤੇ ਜਿਸ ਦੀ ਗਤੀ ਗੂੜ੍ਹ ਹੈ।

ਅਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ ॥

---

੧. ਮੇਰੇ ਟੀਕਾ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭੂਮਿਕਾ ਵੇਖੋ।

੨. ਵੇਖੋ ਦੇਵੀ ਭਾਗਵਤ, ਸਕੰਧ ੧, ਅਧ: ੧੪।

ਅਰਥ : ਜਿਸ ਦਾ ਨਾ ਖੰਡਨ ਹੋਣ ਵਾਲਾ [ਅਛੈ] ਚੰਗਾ [ਪ੍ਰਚੰਡ] ਪ੍ਰਕਾਸ਼ ਯੁਕਤ ਤੇਜ ਪ੍ਰਤਾਪ ਹੈ ਅਤੇ ਨਾ ਦੰਡ ਹੇਠਾਂ ਆਉਣ ਵਾਲਿਆਂ ਦਾ ਖੰਡਨ ਕਰਨ ਵਾਲੀ ਹੈ, ਅਤੇ ਮਤੀ ਜਿਸ ਦੀ ਜਾਣੀ ਨਹੀਂ ਜਾਂਦੀ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਛੱਤ੍ਰ ਛਿਤੇ ॥੧॥੨੧੧॥

ਪਦ ਅਰਥ : ਮਹਿਖਾਸੁਰ= ਇਕ ਦੈਂਤ ਦਾ ਨਾਮ ਹੈ, ਜਿਸ ਦੀ ਸ਼ਕਲ ਝੋਟੇ ਵਰਗੀ ਸੀ, ਜੋ ਰੰਭ ਦੈਂਤ ਦੇ ਵੀਰਯ ਤੋਂ ਮੱਝ ਦੇ ਪੇਟੋਂ ਪੈਦਾ ਹੋਇਆ ਸੀ, ਇਸ ਨੂੰ ਦੁਰਗਾ ਨੇ ਮਾਰਿਆ ਸੀ[1]। (੨) ਮਹਾਂ ਭਾਰਤ ਵਿਚ ਇਕ ਮਹਿਖਾਸੁਰ ਦਾ ਸਕੰਦ (ਸ਼ਿਵ ਪੁਤ) ਦੇ ਹਥੋਂ ਮਾਰਿਆ ਜਾਣਾ ਵੀ ਲਿਖਿਆ ਹੈ। ਮਰਦਨ= ਮਾਰਨ ਵਾਲੀ। ਰੰਮ= ਸੁੰਦਰ। ਕਪਰਦਨ= ਕੇਸਾਂ ਦਾ ਜੂੜਾ ਧਾਰਨ ਵਾਲੀ। ਛਿਤੇ= ਪ੍ਰਿਥਵੀ।

ਅਰਥ : ਹੇ ਮਹਿਖਾਸੁਰ ਨੂੰ ਮਾਰਨ ਵਾਲੀ, ਸੁੰਦਰ ਕੇਸਾਂ ਦਾ ਜੂੜਾ ਧਾਰਨ ਵਾਲੀ ਤੇ ਪ੍ਰਿਥਵੀ ਉਤੇ ਛਤਰ ਰੂਪ! ਤੇਰੀ ਜੈ ਜੈ ਕਾਰ ਹੋਵੇ ॥੧॥੨੧੧॥

ਅਸੁਰਿ ਬਿਹੰਡਣਿ ਦੁਸਟ ਨਿਕੰਦਣਿ ਪੁਸਟ ਉਦੰਡਣਿ ਰੂਪ ਅਤੇ ॥

ਅਰਥ : ਹੇ ਅਸੁਰਾਂ ਨੂੰ ਮਾਰਨ ਵਾਲੀ, ਦੁਸ਼ਟਾਂ ਨੂੰ ਨਾਸ ਕਰਨ ਵਾਲੀ, [ਪੁਸਟ] ਮੋਟੇ ਤਾਜਿਆਂ ਨੂੰ ਦੰਡ ਦੇਣ ਵਾਲੀ ਅਤੇ ਅਤਿਅੰਤ ਮਹਾਨ ਰੂਪ ਵਾਲੀ ਹੈ।

ਚੰਡਾਸੁਰ ਚੰਡਣਿ ਮੁੰਡ ਬਿਹੰਡਣਿ ਧੂਮ੍ਰ ਬਿਧੁੰਸਣਿ ਮਹਿਖ ਮਤੇ[2] ॥

ਪਦ ਅਰਥ : ਚੰਡਾਸੁਰ= ਚੰਡ ਦੈਂਤ, ਜੋ ਮੁੰਡ ਦਾ ਭਾਈ ਤੇ ਸੁੰਭ ਦੈਂਤ ਦਾ ਸੈਨਾਪਤੀ ਸੀ, ਇਹ ਵੀ ਦੇਵੀ ਦੇ ਹੱਥੋਂ ਮਰਿਆ ਸੀ। ਮੁੰਡ= ਚੰਡ ਦੇ ਵੱਡੇ ਭਰਾ ਦਾ ਨਾਮ ਹੈ, ਇਹ ਵੀ ਸੁੰਭ ਦਾ ਸੈਨਾਪਤਿ ਸੀ, ਇਨ੍ਹਾਂ ਦੋਹਾਂ ਭਰਾਵਾਂ ਦੇ ਮਾਰਨੇ ਕਰਕੇ ਹੀ ਦੇਵੀ ਦਾ ਨਾਮ 'ਚਮੁੰਡਾ' ਹੋਇਆ ਹੈ। ਧੂਮਰ= ਧੂਮਰ ਲੋਚਨ, ਧੂੰਏ ਰੰਗੀਆਂ ਅੱਖਾਂ ਵਾਲਾ, ਇਕ ਦੈਤਯ ਜੋ ਸੁੰਭ ਦਾ ਫ਼ੌਜੀ ਸਰਦਾਰ ਤੇ ਦੇਵੀ ਦੇ ਹੱਥੋਂ ਮਾਰਿਆ ਗਿਆ ਸੀ। ਬਿਧੁੰਸਣ= ਮਾਰਨਾ। ਮਤੇ (ਮਥੇ)= ਫੜਨ ਵਾਲੀ।

ਅਰਥ : ਜੋ ਚੰਡ ਦੈਂਤ ਨੂੰ ਚੰਡਣ ਵਾਲੀ ਹੈ, ਦੈਂਤ ਨੂੰ ਕਟਨ ਵਾਲੀ ਹੈ, ਧੂਮਰ ਲੋਚਨ ਨੂੰ ਤਬਾਹ ਕਰਨ ਵਾਲੀ ਹੈ, ਅਤੇ ਮਹਖ ਦੈਂਤ ਨੂੰ ਗਰਦ (ਮਿੱਟੀ) ਨਾਲ ਮਿਲਾਨ ਵਾਲੀ ਹੈ।

ਦਾਨਵੀਂ ਪ੍ਰਹਾਰਣਿ ਨਰਕ ਨਿਵਾਰਣਿ ਅਧਿਮ ਉਧਾਰਣਿ ਉਰਧ ਅਧੇ ॥

ਅਰਥ : ਜੋ ਦੈਂਤਾਂ ਦਾ ਸੰਘਾਰ ਕਰਨ ਵਾਲੀ ਹੈ, ਨਰਕਾਂ ਤੋਂ ਬਚਾਉਣ ਵਾਲੀ ਹੈ, ਪਾਪੀਆਂ ਨੂੰ ਤਾਰਨ ਵਾਲੀ ਹੈ, ਅਤੇ ਉਰਧ= ਅਕਾਸ਼ ਤੇ ਅਧੇ= ਪਤਾਲ ਵਿਚ ਪੂਰਨ ਹੈ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਆਦਿ ਬ੍ਰਿਤੇ ॥੨॥੨੧੨॥

ਅਰਥ : ਬ੍ਰਿਤੇ= (ਵ੍ਰਿਤਿ) ਹੇ ਸ਼ਕਤੀ! ਹੇ ਮਹਖਾਸੁਰ ਨੂੰ ਮਾਰਨ ਵਾਲੀ! ਸੁੰਦਰ ਕੇਸਾਂ ਦੇ ਜੂੜੇ ਵਾਲੀ! ਆਦਿ ਸ਼ਕਤੀ! ਤੇਰੀ ਜੈ ਹੋਵੇ ਜੈ ਹੋਵੇ ॥੨॥੨੧੨॥

---

੧. ਮਾਰਕੰਡੇਯ ਪੁਰਾਣ ਵਿਚ ਕਥਾ ਹੈ।

੨. ਪਹਿਲਾਂ ਤੁਕਾਂਤ 'ਅਤੇ' ਹੋਣ ਕਰਕੇ, ਇਥੇ 'ਮਥੇ' ਦੀ ਥਾਂ ਤੇ 'ਮਤੇ' ਕੀਤਾ ਹੈ।

ਡਾਵਰੂ ਡਵੰਕੈ ਬਬਰ ਬਵੰਕੈ ਭੁਜਾ ਫਰੰਕੈ ਤੇਜ ਬਰੰ ॥

ਪਦ ਅਰਥ : ਡਵੰਕੈ= ਡੁਗ ਡੁਗ ਕਰਦਾ ਹੈ। ਬਬਰ= ਬੱਬਰ। ਬਵੰਕੇ= ਭੱਬਕਦਾ ਹੈ।

ਅਰਥ : ਤੇਰਾ ਡਮਰੂ ਇਉਂ ਡੁਗ ਡੁਗ ਕਰਦਾ ਹੈ, ਮਾਨੋਂ ਸ਼ੇਰ ਭੱਬਕਦਾ ਹੈ, ਅਤੇ ਬਲ ਦੇ ਤੇਜ ਕਰਕੇ ਤੇਰੀਆਂ ਬਾਹਾਂ ਫੁਰਕਦੀਆਂ ਹਨ।

ਲੰਕੁੜੀਆ ਫਾਂਧੈ ਆਯੁਧ ਬਾਂਧੈ ਸੈਨ ਬਿਮਰਦਨ ਕਾਲ ਅਸੁਰੰ ॥

ਅਰਥ : ਜਿਸ ਨੇ ਸ਼ਸਤਰ ਸਜਾਏ ਹੋਏ ਹਨ, ਉਹ ਲੌਂਕੁੜਾ (ਹਨੂੰਮਾਨ) ਤੇਰੇ ਅਗੇ [ਫਾਂਧੈ] ਟਪੋਸੀਆਂ ਮਾਰਦਾ ਜਾ ਰਿਹਾ ਹੈ, ਮਾਨੋਂ ਦੈਂਤਾਂ ਦੀ ਸੈਨਾ ਨੂੰ ਬਿਲਕੁਲ ਨਾਸ ਕਰਨ ਲਈ ਕਾਲ ਰੂਪ ਹੋ ਰਿਹਾ ਹੈ।

ਅਸਟਾਯੁਧ ਚਮਕੈ ਭੂਖਣ ਦਮਕੈ ਅਤਿਸਿਤ ਝਮਕੈ ਫੁੰਕ ਫਣੰ ॥

ਅਰਥ : ਹੱਥਾਂ ਵਿਚ ਅਠ ਸ਼ਸਤ੍ਰ* ਚਮਕਦੇ ਹਨ ਅਤੇ ਗਹਿਣੇ ਦਮਕਾਂ ਮਾਰਦੇ ਹਨ ਅਤੇ ਤੇਰੇ ਗਲੇ ਦੇ [ਅਤਿਸਿਤ] ਡਾਢੇ ਚਿਤੇ [ਫਣੰ] ਸੱਪ ਵੈਰੀਆਂ ਨੂੰ ਮਾਰਨ ਲਈ ਫੁੰਕਾਰੇ ਮਾਰਦੇ ਹਨ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਦੈਤ ਜਿਣੰ ॥੩॥੨੧੩॥

ਅਰਥ : ਹੇ ਦੈਂਤਾਂ ਨੂੰ [ਜਿਣੰ] ਜਿੱਤਣ ਵਾਲੀ ! ਹੇ ਮਹਿਖਾਸੁਰ ਨੂੰ ਮਾਰਨ ਵਾਲੀ ! ਹੇ ਸੁੰਦਰ ਜੂੜੇ ਵਾਲੀ ! ਤੇਰੀ ਜੈ ਜੈ ਕਾਰ ਹੋਵੇ ॥੩॥੨੧੩॥

ਚੰਡਾਸੁਰ ਚੰਡਣ ਮੁੰਡ ਬਿਮੁੰਡਣ ਖੰਡ ਅਖੰਡਣ ਖੂਨ ਖਿਤੇ ॥

ਅਰਥ : ਹੇ ਚੰਡ ਦੈਂਤ ਨੂੰ [ਖੂਨ ਖਿਤੇ] ਜੁਧ ਭੂਮਿ ਵਿਚ ਚੰਡਣ ਵਾਲੀ ! ਹੇ ਮੂੰਡ ਦੈਂਤ ਨੂੰ ਮਾਰਨ ਵਾਲੀ ਅਤੇ ਟੋਟੇ ਨਾ ਹੋਣ ਵਾਲਿਆਂ ਦੇ ਟੋਟੇ ਕਰਨ ਵਾਲੀ।

ਦਾਮਨੀ ਦਮੰਕਣਿ ਧੁਜਾ ਫਰੰਕਣਿ ਫਣੀ ਫੁਕਾਰਣਿ ਜੋਧ ਜਿਤੇ ॥

ਅਰਥ : ਹੇ ਬਿਜਲੀ ਵਾਂਗੂੰ ਦਮਕਨ ਵਾਲੀ ! ਤੇਰੇ ਝੰਡੇ ਝੂਲਦੇ ਹਨ ਅਤੇ ਸੱਪ ਸ਼ੂਕਦੇ ਹਨ ਤੂੰਹੀ ਜੁਧ ਦੇ ਜਿੱਤਣ ਵਾਲੀ ਹੈਂ।

ਸਰ ਧਾਰ ਬਿਬਰਖਣਿ ਦੁਸਟ ਪ੍ਰਕਰਖਣਿ ਪੁਸਟ ਪ੍ਰਹਰਖਣਿ ਦੁਸ਼ਟ ਮਥੇ ॥

ਪਦ ਅਰਥ : ਧਾਰ= ਮੀਂਹ। ਪ੍ਰਕਰਖਣਿ= ਘਸੀਟਣਾ। ਪੁਸਟ= ਪੁਸਿਟ ਇਕ ਯੋਗਨੀ ਦਾ ਨਾਮ ਹੈ, ਜਿਸ ਨੇ ਰਕਤ ਬੀਜ ਦਾ ਲਹੂ ਪੀਤਾ ਸੀ। ਪ੍ਰਹਰਖਣਿ= ਅਤਿ ਪ੍ਰਸੰਨ।

ਅਰਥ : ਤੂੰ ਤੀਰਾਂ ਦਾ ਮੀਂਹ ਵਸਾਉਣ ਵਾਲੀ ਹੈਂ। ਦੁਸ਼ਟਾਂ ਨੂੰ ਰਣ ਭੂਮੀ ਵਿਚ ਰੁਲਾਨ ਵਾਲੀ ਹੈਂ, 'ਪੁਸਿਟ' ਯੋਗਨੀ ਨੂੰ ਵੱਡਾ ਅਨੰਦ ਦੇਣ ਵਾਲੀ ਹੈਂ ਅਤੇ ਜ਼ਾਲਮਾਂ ਨੂੰ ਮਾਰਨ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮ ਅਕਾਸ ਤਲ ਉਰਧ ਅਧੇ ॥੪॥੨੧੪॥

ਪਦ ਅਰਥ : ਤਲ= ਸੱਤਾਂ ਪਤਾਲਾਂ ਵਿਚੋਂ ਪਹਿਲੇ ਪਤਾਲ ਦਾ ਨਾਮ 'ਤਲ' ਹੈ ਜੋ ਇਸ ਧਰਤੀ ਤੋਂ

** ਘੰਟਾ, ਗਦਾ, ਤ੍ਰਿਸ਼ੂਲ, ਅਸਿ, ਸੰਖ, ਸਰਾਸਨ, ਬਾਨ। ਚਕ੍ਰ-ਬਕ੍ਰ ਕਰ ਮੋ ਲਾਏ ਜਨ ਗ੍ਰੀਖਮ ਰਿਤੁ ਭਾਨ॥੨੭॥ (ਚੰਡੀ ਵਾਰ ੨ ਅਧ:)*

ਹੇਠਾਂ ਤੇ ਹੋਰ ਸਾਰੇ ਪਤਾਲਾਂ ਤੋਂ ਉਪਰ ਹੈ। ਭੂਮ ਅਕਾਸ ਤਲ ਉਰਧ ਅਧੇ= ਇਸ ਦਾ ਅਨ੍ਵਯ ਇਉਂ ਹੈ— 'ਭੂਮ ਉਰਧ ਅਕਾਸ਼, ਤਲ ਅਧੇ' ਧਰਤੀ ਤੋਂ ਉਪਰਲੇ ਸਾਰੇ ਅਕਾਸ਼ ਤੇ 'ਤਲ' ਤੋਂ ਥੱਲੇ ਦੇ ਸਾਰੇ ਪਤਾਲ।

ਅਰਥ : ਹੇ ਮਹਿਖਾਸੁਰ ਮਰਦਨ ! ਤੇਰੀ ਜੈ ਜੈ ਹੋਵੇ, ਤੂੰ ਹੀ ਸਾਰੇ ਅਕਾਸ਼ਾਂ, ਧਰਤੀ ਤੇ ਸਾਰੇ ਪਤਾਲਾਂ ਵਿਚ ਪੂਰਨ ਹੈਂ ॥੪॥੨੧੪॥

ਦਾਮਨੀ ਪ੍ਰਹਾਸਨਿ ਸੁ ਛਬਿ ਨਿਵਾਸਨਿ ਸ੍ਰਿਸਟਿ ਪ੍ਰਕਾਸਨਿ ਗੂੜ੍ਹ ਗਤੇ ॥

ਅਰਥ : ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੁੰਦਰ ਹਾਸੇ ਵਾਲੀ ਹੈਂ, ਸੁੰਦਰ ਛਬ ਵਿਚ ਨਿਵਾਸ ਰੱਖਣ ਵਾਲੀ ਹੈਂ, ਸ੍ਰਿਸ਼ਟੀ ਦੇ ਪ੍ਰਕਾਸ਼ ਕਰਨ ਵਾਲੀ ਹੈਂ ਅਤੇ ਗੂੜ੍ਹ ਸਿਧਾਂਤ ਵਾਲੀ ਹੈਂ।

ਰਕਤਾਸੁਰ ਆਚਨ ਜੁਧ ਪ੍ਰਮਾਚਨ ਨ੍ਰਿਦੈ* ਨਰਾਚਨ ਧਰਮ ਬ੍ਰਿਤੇ ॥

ਪਦ ਅਰਥ : ਰਕਤਾਸੁਰ= ਰਕਤ (ਲਹੂ), ਉਹ ਦੈਂਤ ਜਿਸ ਦੀ ਲਹੂ ਦੀ ਬੂੰਦ ਤੋਂ ਦੈਂਤ ਪੈਦਾ ਹੋ ਜਾਂਦਾ ਸੀ, ਰਕਤ ਬੀਜ। ਆਚਨ= ਖਾਣ ਵਾਲੀ। ਪ੍ਰਮਾਚਨ= ਵਡੇ ਅਨੰਦ ਵਾਲੀ। ਨਿਰਾਚਨ= ਨਚਣ ਵਾਲੀ, ਫਿਰਨ ਵਾਲੀ, ਬ੍ਰਿਤੇ= ਆਦਤ, ਸੁਭਾਵ।

ਅਰਥ : ਤੂੰਹੀਂ ਰਕਤ ਬੀਜ ਨੂੰ ਖਾਣ ਵਾਲੀ ਹੈਂ, ਜੁਧ ਵਿਚ ਉਤਸ਼ਾਹ ਵਧਾਉਣ ਵਾਲੀ ਹੈਂ, ਨਿਰਭੈਤਾ ਵਿਚ ਫਿਰਨ ਵਾਲੀ ਹੈਂ ਅਤੇ ਧਰਮ ਦੇ ਸੁਭਾਵ ਵਾਲੀ ਹੈਂ।

ਸ੍ਰੋਣੰਤ ਅਚਿੰਤੀ ਅਨਲ ਬਿਵੰਤੀ ਜੋਗ ਜਯੰਤੀ ਖੜਗ ਧਰੇ ॥

ਪਦ ਅਰਥ : ਅਚਿੰਤੀ= ਪੀਣ ਵਾਲੀ। ਅਨਲ= ਅੱਗ। ਬਿਵੰਤੀ= ਉਗਲਨ ਵਾਲੀ।

ਅਰਥ : ਤੂੰਹੀ ਲਹੂ ਦੇ ਪੀਣ ਵਾਲੀ ਹੈਂ, ਅੱਗ ਮੂੰਹੋਂ ਉਗਲੱਛਨ ਵਾਲੀ ਹੈਂ, ਜੋਗ ਨੂੰ ਜਿੱਤਣ ਵਾਲੀ ਹੈਂ ਅਤੇ ਖੜਗ ਦੇ ਧਾਰਨ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਪਾਪ ਬਿਨਾਸਨ ਧਰਮ ਕਰੇ ॥੫॥੨੧੫॥

ਅਰਥ : ਹੇ ਪਾਪ ਦੇ ਨਾਸ ਕਰਨ ਵਾਲੀ, ਧਰਮ ਨੂੰ ਪੈਦਾ ਕਰਨ ਵਾਲੀ, ਮਹਿਖਾਸੁਰ ਨੂੰ ਮਾਰਨ ਵਾਲੀ ! ਤੇਰੀ ਜੈ ਜੈ ਕਾਰ ਹੋਵੇ ॥੫॥੨੧੫॥

ਅਘ ਓਘ ਨਿਵਾਰਣਿ ਦੁਸਟ ਪ੍ਰਜਾਰਣਿ ਸ੍ਰਿਸਟਿ ਉਬਾਰਣਿ ਸੁੱਧ ਮਤੇ ॥

ਅਰਥ : ਸਾਰੇ ਪਾਪਾਂ ਨੂੰ ਦੂਰ ਕਰਨ ਵਾਲੀ ਹੈਂ, ਬੁਰਿਆਂ ਨੂੰ ਚੰਗੀ ਤਰ੍ਹਾਂ ਫੂਕਨ ਵਾਲੀ ਹੈਂ, ਸ੍ਰਿਸ਼ਟੀ ਦੀ ਰੱਖਿਆ ਕਰਨ ਵਾਲੀ ਹੈਂ ਅਤੇ ਸੁਧ ਮਤ ਦੇਣ ਵਾਲੀ ਹੈਂ।

ਫਣੀਅਰ ਫੁੰਕਾਰਣਿ ਬਾਘ ਬਕਾਰਣਿ ਸਸਤ੍ਰ ਪ੍ਰਹਾਰਣਿ ਸਾਧ ਮਤੇ ॥

ਅਰਥ : ਤੇਰੇ ਗਲ ਵਿਚ ਸੱਪ ਸ਼ੂਕਦੇ ਹਨ, ਤੇਰਾ ਘੋੜਾ ਸ਼ੇਰ ਭੱਬਕਦਾ ਹੈ, ਤੂੰ ਆਪ ਸ਼ਸਤਰ ਚਲਾਉਣ ਵਾਲੀ ਅਤੇ ਸਾਧੂ ਮਤੇ ਵਾਲੀ ਹੈਂ, ਭਾਵ—ਰਾਗ ਦ੍ਵੈਖ ਰਹਿਤ ਹੈਂ।

ਸੈਹਥੀ ਸਨਾਹਨਿ ਅਸਟ ਪ੍ਰਬਾਹਨਿ ਬੋਲ ਨਿਬਾਹਨਿ ਤੇਜ ਅਤੁਲੰ ॥

---

* *ਪਾਠਾਂਤਰ 'ਨ੍ਰਿਭੈ' ਵੀ ਵੇਖਿਆ ਹੈ।*

ਅਰਥ : ਤੇਰੀਆਂ ਅੱਠਾਂ [ਪ੍ਰ] ਲੰਮੀਆਂ ਬਾਹਾਂ ਵਿਚ ਸੈਹਥੀ ਆਦਿਕ ਸ਼ਸਤਰ ਹਨ, ਤਨ ਉਪਰ ਸੰਜੋਯ ਪਹਿਨੀ ਹੋਈ ਹੈ, ਤੇਰਾ ਬਲ ਅਤੁਲ ਹੈ, ਅਤੇ ਕੀਤੇ ਬੋਲ ਨੂੰ ਪੂਰਾ ਕਰਨ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਭੂਮਿ ਅਕਾਸ ਪਤਾਲ ਜਲੰ ॥੬॥੨੧੬॥

ਅਰਥ : ਹੇ ਮਹਿਖਾਸੁਰ ਨੂੰ ਮਾਰਨ ਵਾਲੀ ! ਤੇਰੀ ਜੈ ਜੈ ਕਾਰ ਹੋਵੇ, ਧਰਤੀ, ਅਕਾਸ਼ ਤੇ ਪਤਾਲ ਵਿਚ ਤੇਰਾ ਹੀ (ਜਲੰ= ਜ੍ਵਲੰ) ਪ੍ਰਕਾਸ਼ ਹੈ ॥੬॥੨੧੬॥

ਚਾਚਰ ਚਮਕਾਰਨ ਚਿਛੁਰ ਹਾਰਨ ਧੂਮ ਧੁਕਾਰਨ ਦ੍ਰਪ ਮਥੇ ॥

ਅਰਥ : ਤੂੰ [ਚਾਚਰ] ਤਲਵਾਰ ਚਮਕਾਨ ਵਾਲੀ ਹੈਂ, ਛਿਛੁਰ ਦੈਂਤ ਨੂੰ ਹਰਾਨ ਵਾਲੀ ਹੈਂ ਧੂਮਰ ਲੋਚਨ ਦੈਂਤ ਦੇ [ਧੁਕਾਰਨ] ਤੂੰਬੇ ਤੂੰਬੇ ਉਡਾਨ ਵਾਲੀ ਹੈਂ ਅਤੇ ਹੰਕਾਰ ਨੂੰ ਮਥਨੇ ਵਾਲੀ ਹੈਂ।

ਦਾੜ੍ਹੀ ਪ੍ਰਦੰਤੇ ਜੋਗ ਜਯੰਤੇ ਮਨੁਜ ਮਥੰਤੇ ਗੂੜ੍ਹ ਕਥੇ ॥

ਪਦ ਅਰਥ : ਦਾੜ੍ਹੀ= (ਦਾੜਮ= ਅਨਾਰ) ਅਨਾਰ ਦੇ ਦਾਣੇ। ਪ੍ਰ= ਸੋਹਣੇ, ਦੰਦਾਂ ਵਾਲੀ।

ਅਰਥ : ਅਨਾਰ ਦੇ ਦਾਣਿਆਂ ਨਾਲੋਂ ਸੋਹਣੇ ਦੰਦਾਂ ਵਾਲੀ ਹੈਂ, ਜਗ ਦੇ ਜਿੱਤਣ ਵਾਲੇ ਮਨੁੱਖਾਂ ਨੂੰ ਮਰਦਨ ਕਰਨ ਵਾਲੀ ਹੈਂ, ਅਤੇ ਗੂੜ੍ਹ ਸਿਧਾਂਤ ਵਾਲੀ ਹੈਂ।

ਕਰਮ ਪ੍ਰਣਾਸਣਿ ਚੰਦ ਪ੍ਰਕਾਸਣਿ ਸੂਰਜ ਪ੍ਰਤੇਜਣਿ ਅਸਟ ਭੁਜੇ ॥

ਅਰਥ : ਹੇ ਅੱਠਾਂ ਬਾਹਾਂ ਵਾਲੀ ! ਤੂੰ ਕਰਮਾਂ ਨੂੰ ਚੰਗੀ ਤਰ੍ਹਾਂ ਨਾਸ ਕਰਨ ਵਾਲੀ ਹੈਂ, ਚੰਦ ਨਾਲੋਂ ਵੀ ਚੰਗੇ ਪ੍ਰਕਾਸ਼ ਵਾਲੀ ਹੈਂ, ਅਤੇ ਸੂਰਜ ਨਾਲੋਂ ਵੀ ਤਿਖੇ ਤੇਜ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਭਰਮ ਬਿਨਾਸਨ ਧਰਮ ਧੁਜੇ ੭॥੨੧੭॥

ਅਰਥ : ਹੇ ਮਹਿਖਾਸੁਰ ਮਰਦਨੀ ! ਤੂੰਹੀ ਭਰਮ ਦੇ ਨਾਸ ਕਰਨ ਵਾਲੀ ਤੇ ਧਰਮ ਦੀ ਧੁਜਾ ਹੈਂ, ਤੇਰੀ ਜੈ ਜੈ ਕਾਰ ॥੭॥੨੧੭॥

ਘੁੰਘਰੂ ਘਮੰਕਣਿ ਸਸਤ੍ਰ ਝਮੰਕਣਿ ਫਣੀਅਰਿ ਫੁੰਕਾਰਣਿ ਧਰਮ ਧੁਜੇ ॥

ਅਰਥ : ਹੇ ਧਰਮ ਦੀ ਧੁਜਾ ! ਤੇਰੇ ਪੈਰਾਂ ਦੇ ਘੁੰਗਰੂ ਘਮੰਕਣ= ਛਣ ਛਣ ਕਰਦੇ ਹਨ, ਤੇਰੇ ਹੱਥ ਤੇ ਸ਼ਸਤਰ ਲਿਸ਼ਕਾਂ ਮਾਰਦੇ ਹਨ ਅਤੇ ਤੇਰੇ ਗਲ ਦੇ ਸੱਪ ਫੁੰਕਾਰੇ ਮਾਰਦੇ ਹਨ।

ਅਸ ਟਾਟ ਪ੍ਰਹਾਸਨ ਸ੍ਰਿਸਟਿ ਨਿਵਾਸਨ ਦੁਸਟ ਪ੍ਰਨਾਸਨ ਚੱਕ੍ਰ ਗਤੇ ॥

ਪਦ ਅਰਥ : ਅਸ= ਹੈ। ਟਾਟ ਪ੍ਰਹਾਸਨ= ਟੈਹ ਟੈਹ ਕਰਕੇ ਹੱਸਣਾ, ਠੱਠਾ ਮਾਰ ਕੇ ਹੱਸਣਾ। ਚਕ੍ਰ ਗਤੇ= ਚਕ੍ਰ ਦੀ ਚਾਲ ਭਾਵ ਚਾਰ ਚੁਫੇਰੇ ਇਕੋ ਜਿਹਾ।

ਅਰਥ : ਤੂੰ ਖਿੜ ਖਿੜ ਕਰਕੇ ਹੱਸਣ ਵਾਲੀ ਹੈਂ, ਸ੍ਰਿਸ਼ਟੀ ਵਿਚ ਵੱਸਣ ਵਾਲੀ ਹੈ, ਦੁਸ਼ਟਾਂ ਨੂੰ ਚੱਕਰ ਵਾਂਗੂੰ ਚੁਫੇਰੇ ਨਾਸ ਕਰਨ ਵਾਲੀ ਹੈਂ।

ਕੇਸਰੀ ਪ੍ਰਵਾਹੇ ਸੁੱਧ ਸਨਾਹੇ ਅਗਮ ਅਥਾਹੇ ਏਕ ਬ੍ਰਿਤੇ ॥

ਪਦ ਅਰਥ : ਕੇਸਰੀ= ਬੱਬਰ ਸ਼ੇਰ। ਪ੍ਰ= ਉਪਰ। ਵਾਹੇ= (ਵਾਹਨ= ਸ੍ਵਾਰੀ) ਸ੍ਵਾਰ ਹੈ।

ਅਰਥ : ਜੋ ਸ਼ੇਰ ਪੁਰ ਸਵਾਰ ਹੈ ਸੁਧ ਸੰਜੋਯ ਵਾਲੀ ਹੈ, ਅਗਮ ਅਗਾਧ ਹੈ, ਇਕ ਨਿਰੰਕਾਰ ਦੀ [ਬਿਤੇ] ਸ਼ਕਤੀ ਹੈ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਕੁਮਾਰਿ ਅਗਾਧ ਬ੍ਰਿਤੇ ॥੮॥੨੧੮॥

ਅਰਥ : ਹੇ ਅਗਾਧ ਬ੍ਰਿਤੀ ਵਾਲੀ ਆਦਿ ਕੁਮਾਰੀ ਤੇ ਮਹਿਖਾਸੁਰ ਨੂੰ ਮਾਰਨ ਵਾਲੀ ! ਤੇਰੀ ਦੋਹਾਂ ਲੋਕਾਂ ਵਿਚ ਜੈ ਜੈ ਕਾਰ ਹੋਵੇ ॥੮॥੨੧੮॥

ਸੁਰ ਨਰ ਮੁਨਿ ਬੰਦਨ ਦੁਸਟਿ ਨਿਕੰਦਨਿ ਭ੍ਰਿਸਟਿ ਬਿਨਾਸਨ ਮ੍ਰਿਤ ਮਥੇ ॥

ਅਰਥ : ਤੈਨੂੰ ਦੇਵਤੇ, ਮਨੁੱਖ ਤੇ ਮੁਨੀ ਬੰਦਨਾ ਕਰਦੇ ਹਨ, ਤੂੰ ਦੁਸ਼ਟਾਂ ਨੂੰ ਕਟਣ ਵਾਲੀ ਹੈਂ, ਬੁਰਿਆਂ ਨੂੰ ਨਾਸ ਕਰਨ ਵਾਲੀ ਹੈਂ ਅਤੇ ਮੌਤ ਦਾ ਮਲੀਆਮੇਟ ਕਰਨ ਵਾਲੀ ਹੈਂ।

ਕਾਵਰੂ ਕੁਮਾਰੇ ਅਧਮ ਉਧਾਰੇ ਨਰਕ ਨਿਵਾਰੇ ਆਦਿ ਕਥੇ ॥

ਪਦ ਅਰਥ : ਕਾਵਰੂ ਕੁਮਾਰੇ= ਕਾਮ ਰੂਪੀ ਦੀ ਕੁਮਾਰ, ਕਾਮਖਜਾ ਦੇਵੀ*।

ਅਰਥ : ਹੇ ਕਾਮਖਜਾ ਦੇਵੀ ! ਤੂੰਹੀ ਨੀਚਾਂ ਨੂੰ ਤਾਰਦੀ ਹੈਂ, ਨਰਕ ਤੋਂ ਬਚਾਂਦੀ ਹੈਂ, ਮੁਢ ਤੋਂ ਹੀ ਅਜਿਹੀ ਕਹੀ ਜਾਂਦੀ ਹੈਂ।

ਕਿੰਕਣੀ ਪ੍ਰਸੋਹਣਿ ਸੁਰ ਨਰ ਮੋਹਣਿ ਸਿੰਘਾਰੋਹਣਿ ਬਿਤਲ ਤਲੇ ॥

ਪਦ ਅਰਥ : ਕਿੰਕਣੀ= ਤੜਾਗੀ, ਇਕ ਤਰ੍ਹਾਂ ਦਾ ਗਹਿਣਾ, ਜੋ ਇਸਤਰੀਆਂ ਸਾੜ੍ਹੀ ਦੇ ਉਪਰੋਂ ਦੀ ਲੱਕ ਨਾਲ ਬੰਨ੍ਹਦੀਆਂ ਹਨ। ਸਿੰਘਾਰੋਹਣਿ= (ਸਿੰਘ+ਅਰੋਹਣ) ਸ਼ੇਰ ਪੁਰ ਸਵਾਰ। ਬਿਤਲ= ਸੱਤਾਂ ਪਤਾਲਾਂ ਵਿਚੋਂ ਦੂਜੇ ਪਤਾਲ ਦਾ ਨਾਮ ਹੈ।

ਅਰਥ : ਤੇਰੇ ਲੱਕ ਦੀ ਕਿੰਕਨੀ ਡਾਢੀ ਸੋਹਣੀ ਹੈ, ਜੋ ਦੇਵਤੇ ਤੇ ਮਨੁਖਾਂ ਨੂੰ ਮੋਹਨ ਵਾਲੀ ਹੈ, ਤੂੰ ਸ਼ੇਰ ਪੁਰ ਸਵਾਰ ਹੈਂ ਅਤੇ ਬਿਤਲ ਦੇ ਥਲਾਂ ਦੀ ਪੂਰਨ ਹੈਂ।

ਜੈ ਜੈ ਹੋਸੀ ਸਭ ਠੌਰ ਨਿਵਾਸਨ ਬਾਇ ਪਤਾਲ ਅਕਾਸ ਅਨਲੇ ॥੯॥੨੧੯॥

ਅਰਥ : ਹੇ ਹਵਾ, ਪਤਾਲ, ਅਕਾਸ਼ ਤੇ [ਅਨਲੇ] ਅੱਗ (ਆਦਿਕ) ਸਭਨਾਂ ਜਗ੍ਹਾਂ ਵਿਚ ਵਾਸਾ ਕਰਨ ਵਾਲੀ ! ਤੇਰੀ ਜੈ ਜੈ ਕਾਰ ਹੋਵੇ ॥੯॥੨੧੯॥

ਸੰਕਟੀ ਨਿਵਾਰਨਿ ਅਧਮ ਉਧਾਰਨਿ ਤੇਜ ਪ੍ਰਕਰਖਣਿ ਤੁੰਦ ਤਬੇ ॥

ਪਦ ਅਰਥ : ਸੰਕਟੀ= ਦੁੱਖਾਂ ਦੇ। ਪ੍ਰਕਰਖਣਿ= ਅਧਿਕਤਾ, ਬਹੁਤਾਇਤ। ਤੁੰਦ= ਕ੍ਰੋਧੀ, ਗੁਸੈਲਾ, ਛੇਤੀ ਭੜਕ ਜਾਣ ਵਾਲਾ। ਤਬ= (ਤਬਅ) ਸੁਭਾਉ।

ਅਰਥ : ਦੁੱਖਾਂ ਦੇ ਦੂਰ ਕਰਨ ਵਾਲੀ ਹੈਂ, ਨੀਚਾਂ ਨੂੰ ਤਾਰਨ ਵਾਲੀ ਹੈਂ, ਤੇਰੇ ਤੇਜ ਦੀ ਅਧਿਕਤਾ ਹੈ ਅਤੇ ਸੁਭਾਵ ਛੇਤੀ ਭੜਕ ਪੈਣ ਵਾਲਾ ਹੈ।

---

* *ਦੇਵੀ ਦਾ ਯੋਨਿ ਪੀਠ, ਆਸਾਮ ਦੇਸ ਦੇ ਕਾਮ ਰੂਪ ਜ਼ਿਲ੍ਹੇ ਵਿਚ ਗੋਹਾਟੀ ਨਗਰ ਤੋਂ ਦੋ ਮੀਲ ਪੱਛਮ ਵਲ ਨੀਲਾਚਲ ਪੁਰ, ਬ੍ਰਹਮ ਪੁੱਤਰ ਨਦੀ ਦੇ ਕੰਢੇ, ਸਤੀ ਦੇਵੀ ਦਾ ਮੰਦਰ ਹੈ, ਜਿਸ ਵਿਚ ਸਤੀ ਦੀ ਯੋਨਿ (ਭਗ) ਪੂਜੀ ਜਾਂਦੀ ਹੈ, ਉਸੇ ਦਾ ਨਾਮ 'ਕਾਮਖਜਾ' ਦੇਵੀ ਹੈ।*

ਦੂਖ ਦੋਖ ਦਹੰਤੀ ਜ੍ਵਾਲ ਜਯੰਤੀ ਆਦਿ ਅਨਾਦਿ ਅਗਾਧਿ ਅਛੇ ॥

ਅਰਥ : ਦੁੱਖਾਂ ਦੋਖਾਂ ਨੂੰ ਸਾੜਨ ਵਾਲੀ ਹੈਂ [ਜ੍ਵਾਲ] ਅੱਗ ਨੂੰ ਜਿੱਤਣ ਵਾਲੀ ਹੈਂ ਆਦਿ ਅਨਾਦਿ ਤੋਂ ਮਹਾਨ ਡੂੰਘੀ ਤੇ ਅਛੇਦ ਕਹੀ ਜਾਂਦੀ ਹੈਂ ।

ਸੁਧਤਾ ਸਮਰਪਣਿ ਤਰਕ ਬਿਤਰਕਣਿ ਤਪਤ ਪ੍ਰਤਾਪਣਿ ਜਪਤ ਜਿਵੇ ॥

ਪਦ ਅਰਥ : ਸਮਰਪਣਿ= ਭੇਟ ਦੇਣੀ, ਬਖ਼ਸ਼ਣਾ । ਬਿਤਰਕਣਿ= ਦੂਰ ਕਰਨਾ । ਤਪਤ= ਸੂਰਜ। ਪ੍ਰਤਾਪਣਿ= ਤੇਜਵਾਨ।

ਅਰਥ : ਸੁੱਧਤਾ ਬਖ਼ਸ਼ਣ ਵਾਲੀ ਹੈਂ, ਤਰਕਾਂ (ਢੁੱਚਰਾਂ) ਨੂੰ ਦੂਰ ਕਰਨ ਵਾਲੀ ਹੈਂ, ਸੂਰਜ ਨੂੰ ਤੇਜਵਾਨ ਕਰਨ ਵਾਲੀ ਹੈਂ, ਜਿਵੇਂ ਕੋਈ ਜਪਦਾ ਹੈ, ਤੇਹਾ ਹੀ ਫਲ ਦੇਂਦੀ ਹੈ।

ਜੈ ਜੈ ਹੋਸੀ ਸਸਤ੍ਰ ਪ੍ਰਕਰਖਣਿ ਆਦਿ ਅਨੀਲ ਅਗਾਧ ਅਭੇ ॥੧੦॥੨੨੦॥

ਅਰਥ : ਜੋ ਸ਼ਸਤ੍ਰ [ਪ੍ਰਕਰਖਣਿ] ਚਲਾਉਣ ਵਾਲੀ ! ਸਭ ਦਾ ਮੁੱਢ, ਗਿਣਤੀ ਤੋਂ ਪਰੇ, ਮਹਾਨ ਡੂੰਘੀ ਤੇ ਡਰ ਤੋਂ ਰਹਿਤ ! ਤੇਰੀ ਜੈ ਜੈ ਕਾਰ ਹੋਵੇ ॥੧੦॥੨੨੦॥

ਚੰਚਲਾ ਚਖੰਗੀ ਅਲਕ ਭੁਜੰਗੀ ਤੁੰਦ ਤੁਰੰਗਣਿ ਤਿੱਛ ਸਰੇ ॥

ਪਦ ਅਰਥ : ਚੰਚਲਾ= ਬਿਜਲੀ। ਚਖੰਗੀ= (ਚਖ+ਅੰਗੀ= ਸਮਾਨ) ਅੱਖਾਂ ਵਰਗੀਆਂ। ਅਲਕ= ਅਲਕਾ ਜ਼ੁਲਫਾਂ, ਵਾਲਾਂ ਦੀਆਂ ਲਿਟਾਂ, ਜੋ ਕੰਨਾਂ ਕੋਲ ਲਮਕਦੀਆਂ ਹਨ। ਭੁਜੰਗੀ= ਸੱਪਨੀ, ਭਾਵ ਟੇਢੀਆਂ। ਤੁੰਦ= ਚਲਾਕ, ਫੁਰਤੀਲਾ, ਛੋਹਲਾਪਨ । ਤੁਰੰਗਣਿ*= ਵੱਡੀ ਤੇਜ਼ ਚਾਲ ਵਾਲੀ ਘੋੜੀ । ਸਰੇ= ਤੀਰਾਂ ਨਾਲੋਂ।

ਅਰਥ : ਤੇਰੀਆਂ ਅੱਖਾਂ ਤੀਰ ਨਾਲੋਂ ਤਿੱਖੀਆਂ ਤੇ ਬਿਜਲੀ ਸਮਾਨ ਚੰਚਲ ਹਨ ਅਤੇ ਤੇਰੀਆਂ ਟੇਢੀਆਂ ਜ਼ੁਲਫ਼ਾਂ ਚਲਾਕ ਘੋੜੀ ਨਾਲੋਂ ਵੀ ਚਲਾਕ ਹਨ, ਭਾਵ—ਹਵਾ ਦੇ ਜ਼ੋਰ ਨਾਲ ਜ਼ੁਲਫ਼ਾਂ ਇਉਂ ਹਿੱਲਦੀਆਂ ਹਨ, ਜਿਵੇਂ ਤੁੰਦ ਤੁਰੰਗਣੀ ਹੁੰਦੀ ਹੈ ।

ਕਰ ਕਸਾ ਕੁਠਾਰੇ ਨਰਕ ਨਿਵਾਰੇ ਅਧਮ ਉਧਾਰੇ ਤੂਰ ਭੁਜੇ ॥

ਪਦ ਅਰਥ : ਕਰ= ਹੱਥ । ਕਸਾ= ਫੜਿਆ । ਕੁਠਾਰੇ= ਕੁਹਾੜਾ । ਤੂਰ= ਲੰਮਾ ।

ਅਰਥ : ਤੇਰੇ ਹੱਥ ਵਿਚ ਕੁਹਾੜਾ ਫੜਿਆ ਹੈ, ਤੂੰ ਨਰਕਾਂ ਤੋਂ ਬਚਾਉਣ ਵਾਲੀ ਹੈਂ, ਪਾਪੀਆਂ ਨੂੰ ਤਾਰਨ ਵਾਲੀ ਹੈਂ, ਤੇਰੀਆਂ ਬਾਹਾਂ ਲੰਮੀਆਂ ਹਨ ।

ਦਾਮਨੀ ਦਮੰਕੇ ਕੇਹਰ ਲੰਕੇ ਆਦਿ ਅਤੰਕੇ ਕ੍ਰੂਰ ਕਥੇ ॥

ਅਰਥ : ਬਿਜਲੀ ਵਰਗੀ ਤੇਰੀ ਦਮਕ ਹੈ, ਸ਼ੇਰ ਵਰਗਾ ਪਤਲਾ ਲੱਕ ਹੈ, ਤੂੰ ਮੁੱਢ ਤੋਂ ਹੀ [ਅਤੰਕੇ] ਡਰ ਦੇਣ ਵਾਲੀ ਭਿਆਨਕ ਕਹੀ ਜਾਂਦੀ ਹੈਂ।

ਜੈ ਜੈ ਹੋਸੀ ਰਕਤਾਸੁਰ ਖੰਡਣਿ ਸੁੰਭ ਚਕ੍ਰਤਨਿ ਸੁੰਭ ਮਥੇ ॥੧੧॥੨੨੧॥

ਪਦ ਅਰਥ : ਸੁੰਭ= ਪ੍ਰਹਿਲਾਦ ਭਗਤ ਦਾ ਪੋਤ੍ਰਾ ਤੇ ਗਵੇਸਨੀ ਦਾ ਪੁਤ੍ਰ। (ਹਿੰ: ਸ਼: ਸ: ਸਫਾ ੩੩੩੨)।

---

* *ਬਹੁਤ ਛੇਤੀ ਤੁਰਨ ਵਾਲੇ ਘੋੜੇ ਦਾ ਨਾਮ ਤੁਰੱਗ ਹੈ, ਇਸ ਦਾ ਇਸਤ੍ਰੀ ਲਿੰਗ 'ਤੁਰੰਗਣਿ' ਹੈ।*

ਨਿਸੁੰਭ= ਨਿਸੁੰਭ ਦਾਨਵ, ਜੋ ਸੁੰਭ ਦਾ ਛੋਟਾ ਭਾਈ ਸੀ। ਮਹਾਨ ਕੋਸ਼ ਦੇ ਕਰਤਾ ਜੀ ਨੇ ਸੁੰਭ ਨਿਸੁੰਭ ਨੂੰ ਕੱਪਸ ਦੇ ਵੀਰਜ ਤੋਂ ਦਨੁ ਨੂੰ ਪੈਦਾ ਹੋਇਆ ਲਿਖਿਆ ਹੈ ਵੇਖੋ ਸਫਾ ੬੪੯। ਚਕਰਤ= ਚਾਕ ਕਰਦਨ, ਚੀਰਨਾ।

ਅਰਥ : ਹੇ ਰਕਤ ਬੀਜ ਨੂੰ ਮਾਰਨ ਵਾਲੀ ! ਸੁੰਭ ਨੂੰ ਚੀਰ ਦੇਣ ਵਾਲੀ ! ਨਿਸੁੰਭ ਨੂੰ ਪੀਹ ਸੁੱਟਣ ਵਾਲੀ ! ਤੇਰੀ ਜੈ ਜੈ ਕਾਰ ਹੋਵੇ ॥੧੧॥੨੨੧॥

ਬਾਰਜ ਬਿਲੋਚਨਿ ਬ੍ਰਿਤਨ ਬਿਮੋਚਨਿ ਸੋਚ ਬਿਸੋਚਨਿ ਕਉਚ ਕਸੇ ॥

ਪਦ ਅਰਥ : ਬਾਰਜ= ਕਮਲ ਵਰਗੇ। ਬ੍ਰਿਤਨ= (ਬ੍ਰਿਤ ਦਾ ਬ: ਬ:) ਉਦਾਸੀਆਂ। ਕਉਚ= ਸੰਜੋਇ।

ਅਰਥ : ਕਮਲ ਜੇਹੀਆਂ ਸੁੰਦਰ ਅੱਖਾਂ ਸਨ ਉਦਾਸੀਆਂ ਨੂੰ ਕੱਟਣ ਵਾਲੀ ਹੈਂ, ਫ਼ਿਕਰਾਂ ਤੋਂ ਬੇਫ਼ਿਕਰ ਕਰਨ ਵਾਲੀ ਹੈਂ, ਸਰੀਰ ਉਤੇ ਕਵਚ ਕੱਸਿਆ ਹੋਇਆ ਹੈ।

ਦਾਮਨੀ ਪ੍ਰਹਾਸੇ ਸੁਕ ਸਰ ਨਾਸੇ ਸੁ ਬ੍ਰਿਤ ਸੁਬਾਸੇ ਦੁਸਟ ਗ੍ਰਸੇ ॥

ਪਦ ਅਰਥ : ਸੁਕ= ਤੋਤਾ। ਸਰ= ਸਮਾਨ। ਸੁਬ੍ਰਿਤ= ਉੱਤਮ ਆਚਾਰ। ਸੁਬਾਸੇ= ਸੁੰਦਰ ਲਿਬਾਸ।

ਅਰਥ : ਬਿਜਲੀ ਵਾਂਗੂੰ ਹਾਸਾ ਹੈ, ਤੋਤੇ ਵਰਗੀਆਂ ਨਾਸਾਂ ਹਨ, ਉੱਤਮ ਆਚਾਰ ਹਨ, ਸੁੰਦਰ ਲਿਬਾਸ ਹਨ ਅਤੇ ਦੁਸ਼ਟਾਂ ਨੂੰ ਗ੍ਰਸਣ ਵਾਲੀ ਹੈਂ।

ਚੰਚਲਾ ਪ੍ਰਅੰਗੀ ਬੇਦ ਪ੍ਰਸੰਗੀ ਤੇਜ ਤੁਰੰਗੀ ਖੰਡ ਅਸੁਰੰ ॥

ਅਰਥ : ਬਿਜਲੀ ਸਮਾਨ (ਪ੍ਰਯ= ਅੰਗੀ) ਸੁੰਦਰ ਸਰੀਰ ਵਾਲੀ ਹੈਂ, ਬੇਦ ਦੇ [ਪ੍ਰਸੰਗੀ] ਸਬੰਧ ਵਾਲੀ ਹੈਂ ਤੇਜ [ਤੁਰੰਗੀ] ਚਾਲ ਵਾਲੀ ਹੈਂ ਅਤੇ [ਖੰਡ ਸੁਰੰ] ਦੈਂਤਾਂ ਨੂੰ ਮਾਰਨ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧ ਉਰਧੰ ॥੧੨॥੨੨੨॥

ਅਰਥ : ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋਵੇ, ਤੈਨੂੰ ਆਦਿ ਅਨਾਦਿ ਤੋਂ ਅਗਾਧ ਜਾਣ ਕੇ [ਉਰ+ਧ] ਹਿਰਦੇ ਵਿਚ ਧਾਰਿਆ ਹੈ ॥੧੨॥੨੨੨॥

ਘੰਟਕਾ ਬਿਰਾਜੈ ਰੁਣ ਝੁਣ ਬਾਜੈ ਭ੍ਰਮ ਭੈ ਭਾਜੈ ਸੁਨਤ ਸੁਰੰ ॥

ਅਰਥ : ਤੇਰੇ ਲੱਕ ਵਿਚ ਜੋ [ਘੰਟਕਾ] ਕਿੰਕਨੀ ਬਿਰਾਜਦੀ ਹੈ, ਉਹ [ਰੁਣ ਝੁਣ] ਇਕ ਰਸ ਵੱਜਦੀ ਹੈ, ਜਿਸ ਦੀ [ਸੁਰ] ਆਵਾਜ਼ ਨੂੰ ਸੁਣਦਿਆਂ ਭਰਮ ਤੇ ਡਰ ਦੂਰ ਹੋ ਜਾਂਦਾ ਹੈ।

ਕੋਕਲ ਸੁਨ ਲਾਜੈ ਕਿਲਬਿਖ ਭਾਜੈ ਸੁਖ ਉਪਰਾਜੈ ਮਧ ਉਰੰ ॥

ਅਰਥ : ਉਸ ਆਵਾਜ਼ ਨੂੰ ਸੁਣ ਕੇ ਕੋਇਲ ਸ਼ਰਮਿੰਦੀ ਹੁੰਦੀ ਹੈ, ਪਾਪ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਵਿਚ ਸੁਖ ਪੈਦਾ ਹੁੰਦਾ ਹੈ।

ਦੁਰਜਨ ਦਲ ਦੱਝੈ ਮਨ ਤਨ ਰਿੱਝੈ ਸਭੈ ਨ ਭੱਜੈ ਰੋਹ ਰਣੰ ॥

ਅਰਥ : ਵੈਰੀਆਂ ਦੀ ਫ਼ੌਜ ਨੂੰ ਸਾੜਦੀ ਹੈ, (ਵੈਰੀ ਲੋਕ ਜੋਰ ਨਾ ਚਲਦਾ ਵੇਖ ਕੇ) ਮਨ ਤਨ ਵਿਚ ਰਿਝਦੇ ਹਨ, ਤੂੰ ਜਦੋਂ ਜੁਧ ਵਿਚ ਰੋਹ ਕਰਦੀ ਹੈਂ ਤਾਂ [ਸਭੈ] ਡਰ ਨਾਲ ਭੱਜਦੀ ਨਹੀਂ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਚੰਡ ਚਕ੍ਰਤਨ ਆਦਿ ਗੁਰੰ ॥੧੩॥੨੨੩॥

ਅਰਥ : ਹੇ ਮਹਿਖਾਸੁਰ ਮਰਦਨ ! ਹੇ ਚੰਡ ਨੂੰ ਚਾਕ ਕਰਨ ਵਾਲੀ ! ਹੇ ਆਦਿ ਤੋਂ ਪੂਜਨੀਕ ! ਤੇਰੀ ਜੈ ਜੈ ਕਾਰ ਹੋਵੇ ॥੧੩॥੨੨੩॥

ਚਾਚਰੀ ਪ੍ਰਜੋਧਨ ਦੁਸਟ ਬਿਰੋਧਨ ਰੋਸ ਅਰੋਧਨ ਕ੍ਰੂਰ ਬ੍ਰਿਤੇ ॥

ਪਦ ਅਰਥ : ਚਾਚਰੀ= ਤਲਵਾਰ। ਪ੍ਰਜੋਧਨ= (ਯੋਧਨ= ਜੁੱਧ ਦੀ ਸਾਮ੍ਰਗੀ) ਚੰਗੇ ਸ਼ਸਤ੍ਰ ਅਸਤ੍ਰ। ਬਿਰੋਧਨ= ਵੈਰਨ। ਅਰੋਧਨ= ਰੁਕਨਾ। ਬ੍ਰਿਤੇ= ਸੁਭਾਵ ਵਾਲੀ।

ਅਰਥ : ਤਲਵਾਰ ਆਦਿਕ ਚੰਗੇ ਸ਼ਸਤਰਾਂ ਅਸਤਰਾਂ ਵਾਲੀ ਹੈਂ, ਦੁਸ਼ਟਾਂ ਦੀ ਵੈਰਣ ਹੈਂ, ਰੋਹ ਨਾਲ ਰੁਕਨ ਵਾਲੀ ਹੈਂ ਅਤੇ ਭਿਆਨਕ ਸੁਭਾਵ ਵਾਲੀ ਹੈਂ।

ਧੂਮ੍ਰਾਛ ਬਿਧੁੰਸਨ ਪ੍ਰਲੈ ਪ੍ਰਜੁੰਸਨ ਜਗ ਬਿਧੁੰਸਨ ਸੁਧ ਮਤੇ ॥

ਪਦ ਅਰਥ : ਧੂਮ੍ਰਾਛ= ਧੂਮਰ ਨੈਨ, ਧੂੰਏਂ ਰੰਗੀਆਂ ਅੱਖਾਂ ਵਾਲਾ ਇਕ ਦੈਂਤ। ਬਿਧੁੰਸਨ= ਬਿਧੁੰਸ ਨਾਸ ਕਰਨ ਵਾਲੀ। ਪ੍ਰਜੁੰਸਨ= (ਪ੍ਰਜਾ+ਅਸਨਿ) ਪਰਜਾ ਨੂੰ ਖਾਣ ਵਾਲੀ। (੨) (ਪ੍ਰਜਾਸਨਿ) ਸੰਤਾਨ ਦਾਇਕ। (੩) ਪਰਜਾ ਪਤੀ।

ਅਰਥ : ਧੂਮਰ ਦੈਂਤ ਦੇ ਨਾਸ ਕਰਨ ਵਾਲੀ ਹੈਂ ਪ੍ਰਲੈ ਕਾਲ ਸਮੇਂ ਪ੍ਰਜਾ ਨੂੰ ਖਾਣ ਵਾਲੀ ਹੈਂ ਪ੍ਰਜਾਪਤੀ ਦੇ ਜਗ[1] ਦਾ ਨਾਸ ਕਰਨ ਵਾਲੀ ਹੈਂ ਸ਼ੁਧ ਮਤ ਵਾਲੀ ਹੈਂ।

ਜਾਲਪਾ ਜਯੰਤੀ ਸਤ੍ਰ ਮਥੰਤੀ ਦੁਸਟ ਪ੍ਰਦਾਹਨ ਗਾੜ੍ਹ ਮਤੇ ॥

ਪਦ ਅਰਥ : ਜਾਲਪਾ= ਜਾਲਪੇਸ਼ੁਰੀ, ਪੂਰਬੀ ਬੰਗਾਲ ਦੇ ਜਾਲਪਾ ਗਿਰ ਵਿਚ ਤਿਸਤਾ ਨਦੀ ਦੇ ਕੰਢੇ ਮਹਾਂਦੇਵ ਦਾ ਮੰਦਰ ਹੈ, ਇਸ ਦਾ ਨਾਮ ਜਪਯਸ਼ਵਰ ਤੇਜਾਲ ਵੀ ਹੈ। ਪੁਰਾਣਾਂ[2] ਵਿਚ ਜਾਲਪੀਸ ਦੀ ਬਹੁਤ ਮਹਿਮਾ ਲਿਖੀ ਹੈ। ਜਯੰਤੀ= ਦੁਰਗਾ। ਗਾੜ੍ਹ= ਬਹੁਤ ਹੀ। ਪ੍ਰਦਾਹਨ= ਚੰਗੀ ਤਰ੍ਹਾਂ ਸਾੜਨਾ।

ਅਰਥ : ਤੂੰਹੀ ਜਾਲਪੇਸਵਰੀ ਦੁਰਗਾ ਹੈਂ, ਸ਼ਤਰੂਆਂ ਨੂੰ ਮਲੀਆਮੇਟ ਕਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸਾੜਨ ਵਾਲੀ ਹੈਂ ਅਤੇ ਬਹੁਤ ਹੀ ਮਸਤੀ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਗਾਧਿ ਗਤੇ ॥੧੪॥੨੨੪॥

ਅਰਥ : ਹੇ ਮਹਿਖਾਸੁਰ ਨੂੰ ਮਲਨ ਦਲਨ ਵਾਲੀ ! ਆਦਿ ਜਗਾਦਿ ਤੋਂ ਤੇਰੀ ਜੈ ਜੈ ਹੋ ਰਹੀ ਹੈ, ਅਤੇ ਤੇਰੀ ਗਤੀ ਅਗਾਧ ਹੈ ॥੧੪॥੨੨੪॥

ਖਤ੍ਰੀਆਣ ਖਤੰਗੀ ਅਭੈ ਅਭੰਗੀ ਆਦਿ ਅਨੰਗੀ ਅਗਾਧਿ ਗਤੇ ॥

ਅਰਥ : ਖਤਰੀ ਵਰਗੀ [ਆਣ] ਅਣਖ ਵਾਲੀ ਹੈਂ, [ਖਤੰਗੀ] ਬਾਣਾਂ ਵਾਲੀ ਹੈਂ ਡਰ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈਂ, ਮੁਢ ਤੋਂ ਹੀ (ਅਨੁ+ਅੰਗੀ) ਸਰੀਰ ਤੋਂ ਬਿਨਾਂ ਤੇ ਅਗਾਧਗਤੀ ਵਾਲੀ ਹੈਂ।

ਬ੍ਰਿੜਲਾਛ ਬਿਹੰਡਣਿ ਚੱਛੁਰ ਦੰਡਣਿ ਤੇਜ ਪ੍ਰਚੰਡਣਿ ਆਦਿ ਬ੍ਰਿਤੇ ॥

੧. ਵੇਖੋ ਅਗੇ ਚਵੀ ਅਵਤਾਰਾਂ ਵਿਚ ਰੁਦਰ ਅਵਤਾਰ ਦਾ ਦੂਜਾ ਧਿਆਇ 'ਗੌਰਿਦਧਜ'॥

੨. ਵੇਖੋ, ਕਾਲਿਕਾ ਪੁਰਾਨ ਅਧ: ੭੭।

ਪਦ ਅਰਥ : ਬ੍ਰਿੜਲਾਛ= (ਬਿੜਾਲ+ਅਖਯ) ਬਿਲੇ ਜੇਹੀਆਂ ਅੱਖਾਂ ਵਾਲਾ ਇਕ ਦੈਂਤ ਜਿਸ ਨੂੰ ਦੁਰਗਾ ਨੇ ਮਾਰਿਆ ਸੀ। (੨) (ਬਿਡਾਲ+ਆਖਯ= ਨਾਮ) ਬਿਡਾਲ* ਨਾਮ ਵਾਲਾ ਦੈਂਤ, ਜੋ ਮਹਿਖਾਸੁਰ ਦਾ ਮੰਤਰੀ ਤੇ ਸੈਨਾਪਤਿ ਸੀ। ਚਛਰ= (ਚਿਖਯੁਰ) ਇਕ ਦੈਂਤ ਦਾ ਨਾਮ ਹੈ, ਇਸ ਦਾ ਯੁਧ ਦੇਵੀ ਨਾਲ ਹੋਇਆ ਸੀ।

ਅਰਥ : ਬਿਡਾਲ ਨਾਮ ਵਾਲੇ ਦੈਂਤ ਨੂੰ ਮਾਰਨ ਵਾਲੀ ਹੈਂ, ਚਿੱਛਰ ਅਸੁਰ ਨੂੰ ਦੰਡ ਦੇਣ ਵਾਲੀ ਹੈਂ, ਵਡੇ ਪ੍ਰਚੰਡ ਵਾਲੀ ਹੈਂ, ਮੁੱਢ ਤੋਂ ਹੀ ਤੇਰਾ ਐਸਾ ਸੁਭਾਵ ਹੈ।

ਸੁਰ ਨਰ ਪ੍ਰਤਿਪਾਰਣਿ ਪਤਿਤ ਉਧਾਰਣਿ ਦੁਸਟ ਨਿਵਾਰਣਿ ਦੋਖ ਹਰੇ ॥

ਅਰਥ : ਦੇਵਤੇ ਤੇ ਮਨੁੱਖ ਨੂੰ ਹਰ ਰੋਜ਼ ਪਾਲਣ ਵਾਲੀ ਹੈਂ, ਪਾਪੀਆਂ ਨੂੰ ਤਾਰਣ ਵਾਲੀ ਹੈਂ, ਦੁਸ਼ਟਾਂ ਨੂੰ ਮੁਕਾਉਣ ਵਾਲੀ ਹੈਂ, ਦੋਖਾਂ ਨੂੰ ਨਾਸ ਕਰਨ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਬਿਸ੍ਰ ਬਿਧੁੰਸਨਿ ਸ੍ਰਿਸਟਿ ਕਰੇ ॥੧੫॥੨੨੫॥

ਅਰਥ : ਹੇ ਮਹਿਖਾਸੁਰ ਨੂੰ ਨਾਸ ਕਰਨ ਵਾਲੀ ! ਤੇਰੀ ਜੈ ਜੈ ਹੋ ਰਹੀ ਹੈ, (ਤੂੰਹੀ) ਵਿਸ਼ਵ (ਜਗਤ) ਨੂੰ ਨਾਸ ਕਰਨ ਵਾਲੀ ਹੈਂ, ਅਤੇ ਦੁਨੀਆਂ ਨੂੰ ਬਨਾਉਣ ਵਾਲੀ ਹੈਂ॥੧੫॥੨੨੫॥

ਦਾਮਨੀ ਪ੍ਰਕਾਸੇ ਉਨਤਨ ਨਾਸੇ ਜੋਤਿ ਪ੍ਰਕਾਸੇ ਅਤੁਲ ਬਲੇ ॥

ਅਰਥ : ਬਿਜਲੀ ਵਰਗੀ ਤੇਰੀ ਰੌਸ਼ਨੀ ਹੈ, [ਉਨਤਨ] ਉੱਚੀਆਂ ਤੇ ਲੰਮੀਆਂ ਨਾਸਾਂ ਹਨ, (ਜੋਤ) ਚਿਹਰੇ ਦੀ ਆਭਾ ਦਾ ਉਜਾਲਾ ਹੋ ਰਿਹਾ ਹੈ, ਤੇਰਾ ਬਲ ਅਤੁਲ ਹੈ।

ਦਾਨਵੀ ਪ੍ਰਕਰਖਣਿ ਸਰ ਵਰ ਵਰਖਣਿ ਦੁਸਟ ਪ੍ਰਧਰਖਣਿ ਬਿਤਲ ਤਲੇ ॥

ਅਰਥ : ਦੈਂਤਾਂ ਦੀ ਫ਼ੌਜ ਨੂੰ (ਰਣਭੂਮੀ ਵਿਚ) ਰੁਲਾਉਣ ਵਾਲੀ ਹੈਂ [ਸਰਵਰ] ਤਿਖੇ ਤੀਰਾਂ ਦੀ ਬਰਖਾ ਕਰਨ ਵਾਲੀ ਹੈਂ, ਦੁਸ਼ਟਾਂ ਦੇ ਕਲੇਜੇ ਧੜਕਾਉਣ ਵਾਲੀ ਹੈਂ, ਅਤੇ 'ਬਿਤਲ' ਨਾਮ ਵਾਲੇ ਪਤਾਲ ਦੇ ਹੇਠਾਂ ਵੀ ਪੂਰਨ ਹੈਂ।

ਅਸਟਾਇਧ ਬਾਹਣਿ ਬੋਲ ਨਿਬਾਹਣਿ ਸੰਤ ਪਨਾਹਣਿ ਗੂੜ੍ਹ ਗਤੇ ॥

ਪਦ ਅਰਥ : ਬਾਹਣਿ= ਚਲਾਉਣਾ। ਨਿਬਾਹਣਿ= ਪੂਰਾ ਕਰਨਾ। ਪਨਾਹਣਿ= ਓਟ, ਆਸਰਾ।

ਅਰਥ : ਅੱਠਾਂ ਸ਼ਸਤਰਾਂ ਦੇ ਚਲਾਉਣ ਵਾਲੀ ਹੈਂ, ਬਚਨ ਪੂਰਾ ਕਰਨ ਵਾਲੀ ਹੈਂ, ਸੰਤਾਂ ਦੀ ਓਟ ਹੈਂ, ਅਤੇ ਗੂੜ੍ਹ ਗਤੀ ਵਾਲੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨਾਦਿ ਅਗਾਧਿ ਬ੍ਰਿਤੇ ॥੧੬॥੨੨੬॥

ਅਰਥ : ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਕਾਰ ਹੋਵੇ, ਆਦਿ ਅਨਾਦਿ ਤੋਂ ਤੇਰਾ ਸੁਭਾਉ ਅਗਾਧ ਹੈ॥੧੬॥੨੨੬॥

ਦੁਖ ਦੋਖ ਪ੍ਰਭੱਛਣਿ ਸੇਵਕ ਰੱਛਣਿ ਸੰਤ ਪ੍ਰਤੱਛਣਿ ਸੁੱਧ ਸਰੇ ॥

ਅਰਥ : ਦੁੱਖਾਂ ਤੇ ਦੋਖਾਂ ਨੂੰ ਬਿਲਕੁਲ ਖਾ ਜਾਣ ਵਾਲੀ ਹੈਂ, ਸੇਵਕਾਂ ਦੀ ਰਖਿਆ ਕਰਨ ਵਾਲੀ ਹੈਂ, ਸੰਤਾਂ ਨੂੰ ਪ੍ਰਤੱਖ ਹੁੰਦੀ ਹੈਂ ਅਤੇ ਤਿਖੇ ਤੀਰਾਂ ਵਾਲੀ ਹੈਂ।

** ਵੇਖੋ ਦੇਵੀ ਭਾਗਵਤ ਸਕੰਧ ੫, ਅਧ: ੫, ਅਤੇ ੧੪।*

ਸਾਰੰਗ ਸਨਾਹੇ ਦੁਸਟ ਪ੍ਰਦਾਹੇ ਅਰਿ ਦਲ ਗਾਹੇ ਦੋਖ ਹਰੇ ॥

ਅਰਥ : [ਸਾਰੰਗ] ਤਲਵਾਰ ਤੇ ਸੰਜੋਇ ਧਾਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਸਾੜਨ ਵਾਲੀ ਹੈਂ, ਵੈਰੀਆਂ ਦੀ ਫ਼ੌਜ ਨੂੰ ਗਾਹੁਣ ਵਾਲੀ ਹੈਂ ਅਤੇ ਦੋਖਾਂ (ਪਾਪਾਂ) ਦੇ ਨਾਸ ਕਰਨ ਵਾਲੀ ਹੈਂ।

ਗੰਜਨ ਗੁਮਾਨੇ ਅਤੁਲ ਪ੍ਰਵਾਨੇ ਸੰਤ ਜਮਾਨੇ ਆਦਿ ਅੰਤੇ ॥

ਪਦ ਅਰਥ : ਪ੍ਰਵਾਨੇ= ਪ੍ਰਵਾਨਾ, ਅਜਿਹਾ ਕਾਗਜ਼ ਜਿਸ ਉਤੇ ਹਾਕਮ ਨੇ ਲਿਖਿਆ ਹੋਵੇ। ਸੰਤ= (ਸ= ਸਮਾਂ= ਅੰਤ) ਅੰਤ ਸਮਾਂ। ਜਮਾਨੇ= ਜ਼ਾਮਨ। ਅਤੁਲਬੇ= ਓੜਕੇ।

ਅਰਥ : ਹੰਕਾਰੀਆਂ ਦਾ ਨਾਸ ਕਰਨ ਵਾਲੀ ਹੈਂ, ਤੇਰੇ ਅਤੁਲ ਹੀ ਪ੍ਰਵਾਨੇ ਚਲ ਰਹੇ ਹਨ। ਤੂੰ ਹੀ ਅੰਤ ਸਮੇਂ ਦੀ ਜ਼ਾਮਨ ਹੈਂ, ਅਤੇ ਸਭ ਦਾ ਆਦਿ ਤੇ ਅੰਤ ਵੀ ਤੂੰਹੀ ਹੈਂ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਸਾਧ ਪ੍ਰਦੱਛਣ ਦੁਸਟ ਹੰਤੇ ॥੧੭॥੨੨੭॥

ਅਰਥ: ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋ ਰਹੀ ਹੈ, ਤੂੰਹੀ ਸਾਧਾਂ ਨੂੰ ਪ੍ਰਤੱਖ ਹੋਣ ਵਾਲੀ ਅਤੇ ਦੁਸ਼ਟਾਂ ਨੂੰ ਹਤਨ ਵਾਲੀ ਹੈਂ॥੧੭॥੨੨੭॥

ਕਾਰਣ ਕਰੀਲੀ ਗਰਬ ਗਹੀਲੀ ਜੋਤਿ ਜਤੀਲੀ ਤੁੰਦ ਮਤੇ ॥

ਅਰਥ : ਤੂੰ ਕਾਰਣਾਂ ਦੇ ਕਰਨ ਵਾਲੀ ਹੈਂ, ਹੰਕਾਰੀਆਂ ਨੂੰ ਫੜਨ ਵਾਲੀ ਹੈਂ, (ਜੋਤੀਆਂ) ਪ੍ਰਕਾਸ਼ ਕਰਨ ਵਾਲੇ ਸੂਰਜ ਆਦਿ ਨੂੰ ਜਿੱਤਣ ਵਾਲੀ ਹੈਂ, ਭਾਵ ਤੇਰੇ ਚਾਨਣੇ ਅਗੇ ਸੂਰਜ ਆਦਿਕਾਂ ਦਾ ਚਾਨਣਾ ਫਿੱਕਾ ਹੈ ਅਤੇ ਤਿਖੀ ਮਤਿ ਵਾਲੀ ਹੈਂ।

ਅਸਟਾਇਧ ਚਮਕਣਿ ਸਸਤ੍ਰ ਝਮਕਣਿ ਦਾਮਨ ਦਮਕਣਿ ਆਦਿ ਬ੍ਰਿਤੇ ॥

ਅਰਥ : ਤੇਰੇ ਅੱਠੇ ਸ਼ਸਤਰ ਚਮਕਦੇ ਹਨ, ਉਹਨਾਂ ਸ਼ਸਤਰਾਂ ਦਾ ਝਮਕਣਾ ਐਸਾ ਹੈ, ਮਾਨੋਂ ਬਿਜਲੀ ਦਮਕਦੀ ਹਹੈ, ਮੁੱਢ ਤੋਂ ਹੀ ਤੇਰਾ ਐਸਾ ਸੁਭਾਵ ਹੈ।

ਡੁਕਡੁਕੀ ਦਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁੱਧ ਗਤੇ ॥

ਅਰਥ : ਤੇਰੇ ਹੱਥ ਵਿਚ ਡੁਗ-ਡੁਗੀ [ਦਮੰਕੈ] ਵੱਜ ਰਹੀ ਹੈ, ਤੇਰਾ ਘੋੜਾ ਸ਼ੇਰ ਭੱਬਕ ਰਿਹਾ ਹੈ, ਤੇਰੀਆਂ ਬਾਹਾਂ ਫਰਕ ਰਹੀਆਂ ਹਨ, (ਇਸ ਤਰ੍ਹਾਂ ਦੀ ਤੇਰੀ) ਪਵਿੱਤਰ ਗਤੀ ਹੈ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ ॥੧੮॥੨੨੮॥

ਅਰਥ : ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਹੋ ਰਹੀ ਹੈ, ਤੂੰ ਹੀ ਸਭ ਦਾ ਆਦਿ ਹੈਂ, ਜੁਗਾਂ ਦਾ ਵੀ ਆਦਿ ਹੈਂ, ਅਤੇ ਕਦੇ ਵੀ ਤੇਰਾ ਆਦਿ ਨਹੀਂ ਮਿਲਦਾ ਹੈ॥੧੮॥੨੨੮॥

ਚੱਛਰਾਸੁਰ ਮਾਰਣਿ ਨਰਕ ਨਿਵਾਰਣਿ ਪਤਿਤ ਉਧਾਰਣਿ ਏਕ ਭਟੇ ॥

ਅਰਥ : ਚਿਛੁਰ ਅਸੁਰ ਦੇ ਮਾਰਨ ਵਾਲੀ ਹੈਂ, ਨਰਕਾਂ ਤੋਂ ਬਚਾਉਣ ਵਾਲੀ ਹੈਂ, ਪਾਪੀਆਂ ਨੂੰ ਤਾਰਣ ਵਾਲੀ ਹੈਂ, ਤੂੰ ਇਕ ਐਸੀ [ਭਟੇ] ਸੂਰਮਾ ਹੈਂ।

ਪਾਪਾਨ ਬਿਹੰਡਣਿ ਦੁਸਟ ਪ੍ਰਚੰਡਣਿ ਖੰਡ ਅਖੰਡਣਿ ਕਾਲ ਕਟੇ ॥

ਅਰਥ : ਪਾਪਾਂ ਨੂੰ ਨਾਸ ਕਰਨ ਵਾਲੀ ਹੈਂ, ਦੁਸ਼ਟਾਂ ਨੂੰ ਚੰਗੀ ਤਰ੍ਹਾਂ ਚੰਡਨ (ਸਿਧੇ ਕਰਨ) ਵਾਲੀ ਹੈਂ, ਨਾ ਖੰਡਨ ਹੋਣ ਵਾਲਿਆਂ ਨੂੰ ਖੰਡਨ ਵਾਲੀ ਹੈਂ ਅਤੇ ਕਾਲ ਨੂੰ ਵੀ ਕਟਣ ਵਾਲੀ ਹੈਂ ।

ਚੰਦ੍ਰਾਨਨ ਚਾਰੇ ਨਰਕ ਨਿਵਾਰੇ ਪਤਿਤ ਉਧਾਰੇ ਮੁੰਡ ਮਥੇ ॥

ਅਰਥ : ਚੰਦ੍ਰਮਾਂ ਨਾਲੋਂ ਵੀ ਤੇਰਾ (ਆਨਨ) ਮੂੰਹ [ਚਾਰੇ] ਸੋਹਣਾ ਹੈ, ਨਰਕ ਤੋਂ ਬਚਾਉਂਦੀ ਹੈਂ, ਪਾਪੀਆਂ ਨੂੰ ਤਾਰਦੀ ਹੈਂ ਅਤੇ ਮੁੰਡ ਦੈਂਤ ਨੂੰ ਤੂੰਹੀ ਫਨਾਹ ਕੀਤਾ ਹੈ।

ਜੈ ਜੈ ਹੋਸੀ ਮਹਿਖਾਸੁਰ ਮਰਦਨ ਧੂਮ੍ਰ ਬਿਧੁੰਸਨਿ ਆਦਿ ਕਥੇ ॥੧੯॥੨੨੯॥

ਅਰਥ : ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈਕਾਰ ਹੋ ਰਹੀ ਹੈ ਤੂੰ ਧੂਮਰ ਦੈਂਤ ਦਾ ਨਾਸ ਕਰਨ ਵਾਲੀ ਤੇ ਸਭ ਦਾ ਮੁੱਢ ਕਹੀ ਜਾਂਦੀ ਹੈਂ ॥੧੯॥੨੨੯॥

ਰਕਤਾਸੁਰ ਮਰਦਨ ਚੰਡ ਚਕਰਦਨ ਦਾਨਵ ਅਰਦਨ ਬਿੜਾਲ ਬਧੇ ॥

ਅਰਥ : ਹੇ ਰਕਤ ਬੀਜ ਦੈਂਤ ਨੂੰ ਮਾਰਨ ਵਾਲੀ ! ਹੇ ਚੰਡ ਦੈਂਤ ਨੂੰ ਚਾਕ ਕਰਨ (ਚੀਰਨ) ਵਾਲੀ ! ਹੇ ਦੈਂਤਾਂ ਨੂੰ [ਅਰਦਨ] ਨਾਸ ਕਰਨ ਵਾਲੀ ! ਬਿੜਾਲ ਦਾ ਬੱਧ ਕਰਨ ਵਾਲੀ !

ਸਰ ਧਾਰ ਬਿਬਰਖਣ ਦੁਰਜਨ ਧਰਖਣ ਅਤੁਲ ਅਮਰਖਣ ਧਰਮ ਧੁਜੇ ॥

ਅਰਥ : ਹੇ ਤੀਰਾਂ ਦੇ ਮੀਂਹ ਵਰਸਾਉਣ ਵਾਲੀ ! ਹੇ ਬੁਰੇ ਪੁਰਸ਼ਾਂ ਨੂੰ ਧੜਕਾਉਣ ਵਾਲੀ ! ਹੇ ਅਤੁਲ [ਅਮਰਖਣ] ਕ੍ਰੋਧ ਵਾਲੀ ! ਹੇ ਧਰਮ ਦੀ ਧੁਜਾ ਰੂਪ !

ਧੂਮ੍ਰਾਛ ਬਿਧੁੰਸਨਿ ਸ੍ਰੋਣਤ ਚੁੰਸਨ ਸੁੰਭ ਨਪਾਤ ਨਿਸੁੰਭ ਮਥੇ ॥

ਅਰਥ : ਹੇ ਧੂਮਰ ਨੈਨ ਦਾ ਨਾਸ ਕਰਨ ਵਾਲੀ ! ਹੇ [ਸ੍ਰੋਣਤ] ਲਹੂ ਪੀਣ ਵਾਲੀ ! ਹੇ ਸੁੰਭ ਨੂੰ [ਨਪਾਤਿ] ਮਾਰਨ ਵਾਲੀ ! ਹੇ ਨਿਸੁੰਭ ਦਾ ਮੰਥਨ ਕਰਨ ਵਾਲੀ !

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਅਨੀਲ ਅਗਾਧ ਕਥੇ ॥੨੦॥੨੩੦॥

ਅਰਥ : ਹੇ ਮਹਿਖਾਸੁਰ ਮਰਦਨੀ ! ਤੇਰੀ ਜੈ ਜੈ ਕਾਰ ਹੋਵੇ ! ਤੂੰ ਸਭ ਦਾ ਆਦਿ ਹੈਂ, ਗਿਣਤੀ ਤੋਂ ਪਰੇ ਹੈਂ ਅਤੇ ਅਗਾਧ ਕਥਾ ਵਾਲੀ ਹੈਂ ॥੨੦॥੨੩੦॥

ਤ੍ਵ ਪ੍ਰਸਾਦਿ ॥ ਪਾਧੜੀ ਛੰਦ ॥

ਤੁਮ ਕਹੋ ਦੇਵ ਸਰਬੰ ਬਿਚਾਰ ॥ ਜਿਮ ਕੀਓ ਆਪ ਕਰਤੇ ਪਸਾਰ ॥
ਜੱਦਪਿ ਅਭੂਤ ਅਨਭੈ ਅਨੰਤ ॥ ਤਉ ਕਹੋ ਜਥਾ ਮਤ ਤ੍ਰੈਣ ਤੰਤ ॥੧॥੨੩੧॥

ਅਰਥ : *ਤੁਹਾਨੂੰ ਦੱਸਦਾ ਹਾਂ, ਸਭਨਾਂ ਦੇ ਦੇਵ ਪ੍ਰਕਾਸ਼ਕ ਦਾ ਵੀਚਾਰ। ਜਿਸ ਤਰ੍ਹਾਂ ਉਸ ਕਰਤੇ ਨੇ

---

* *ਕਈ ਗਿਆਨੀ ਸਿੰਘ ਇਹਨਾਂ ਤੁਕਾਂ ਨੂੰ ਪ੍ਰਸ਼ਨ ਰੂਪ ਅਰਥ ਕਰਦੇ ਹਨ—ਹੇ ਗੁਰਦੇਵ ਜੀ ! ਤੁਸੀਂ ਇਹ ਸਾਰਾ ਵਿਚਾਰ ਦੱਸੋ, ਕਰਤੇ ਨੇ ਕਿਸ ਤਰ੍ਹਾਂ ਆਪ ਤੋਂ ਪਸਾਰਾ ਕੀਤਾ ਹੈ, ਆਦਿਕ ! ਪਰ ਇਸ ਵਿਚ ਕਰਤੇ ਦੇ ਸਰੂਪ ਦਾ ਨਿਰਣੈ ਹੈ ਰਚਨਾ ਦਾ ਨਿਰਣਾ ਨਾ ਵੇਖ ਕੇ ਅਤੇ ਉਹ ਪ੍ਰਸ਼ਨ ਰੂਪ ਅਰਥ ਠੀਕ ਫਲਦੇ ਨਾ ਵੇਖ ਕੇ ਹੀ ਉਪਰੋਕਤ ਅਰਥ ਕੀਤਾ ਹੈ ।*

ਆਪ ਤੋਂ ਪਸਾਰਾ ਕੀਤਾ ਹੈ। ਭਾਵੇਂ ਉਹ ਤੱਤਾਂ ਦੀ ਰਚਨਾ ਤੋਂ ਰਹਿਤ ਹੈ, ਅਨੁਭਵ ਸਰੂਪ ਤੇ ਅਨੰਤ ਹੈ। ਤਦ ਵੀ [ਜਥਾ ਮਤ] ਜਿੰਨੀ ਕੁ ਬੁਧੀ ਹੈ [ਤ੍ਰੈਣ] ਉਸ ਦਾ [ਤੰਤ] ਸਿਧਾਂਤ ਕਹਿੰਦਾ ਹਾਂ ॥੧॥੨੩੧॥

ਕਰਤਾ ਕਰੀਮ ਕਾਦਰ ਕ੍ਰਿਪਾਲ ॥ ਅਦ੍ਵੈ ਅਭੂਤ ਅਨਭੈ ਦਿਆਲ ॥
ਦਾਤਾ ਦੁਰੰਤ ਦੁਖ ਦੋਖ ਰਹਤ ॥ ਜਿਹ ਨੇਤਿ ਨੇਤਿ ਸਭ ਬੇਦ ਕਹਤ ॥੨॥੨੩੨॥

ਅਰਥ : ਉਹ ਸਭ ਦੇ ਕਰਨ ਵਾਲਾ ਹੈ, [ਕਰੀਮ] ਬਖ਼ਸ਼ਸ਼ ਕਰਨ ਵਾਲਾ ਹੈ, [ਕਾਦਰ] ਸਮਰਥ ਹੈ, ਕ੍ਰਿਪਾ ਦਾ ਘਰ ਹੈ, ਦ੍ਵੈਤ ਤੋਂ ਬਿਨਾਂ ਹੈ, ਤੱਤਾਂ ਦੀ ਰਚਨਾ ਨਹੀਂ ਹੈ, ਡਰ ਤੋਂ ਰਹਿਤ ਹੈ, ਦਯਾ ਕਰਨ ਵਾਲਾ ਹੈ। ਬੇਅੰਤ ਦਾਤਾ ਹੈ, ਦੁਖਾਂ ਤੋਂ ਰਹਿਤ ਹੈ। ਜਿਸ ਨੂੰ ਸਾਰੇ ਵੇਦ ਬੇਅੰਤ ਬੇਅੰਤ ਕਹਿੰਦੇ ਹਨ ॥੨॥੨੩੨॥

ਕਈ ਊਚ ਨੀਚ ਕੀਨੋ ਬਨਾਉ ॥ ਸਭ ਵਾਰ ਪਾਰ ਜਾ ਕੋ ਪ੍ਰਭਾਉ ॥
ਸਭ ਜੀਵ ਜੰਤ ਜਾਨੰਤ ਜਾਹਿ ॥ ਮਨ ਮੂੜ ਕਿਉ ਨ ਸੇਵੰਤ ਤਾਹਿ ॥੩॥੨੩੩॥

ਅਰਥ : ਕਈ ਵੱਡੇ ਛੋਟੇ ਬਨਾਉ ਜਿਸ ਨੇ ਬਣਾਏ ਹਨ। ਸਾਰੇ ਉਰਾਰ ਤੇ ਪਾਰ ਜਿਸ ਦਾ ਪ੍ਰਤਾਪ ਫੈਲਿਆ ਹੋਇਆ ਹੈ। ਸਾਰੇ ਜੀਵਾਂ ਜੰਤਾਂ ਦੀ ਜਿਹੜਾ ਜਾਣਦਾ ਹੈ। ਹੇ ਮੂਰਖ ਮਨ! ਤੂੰ ਉਸ ਨੂੰ ਕਿਉਂ ਨਹੀਂ ਸਿਮਰਦਾ ?॥੩॥੨੩੩॥

ਕਈ ਮੂੜ੍ਹ ਪਾਤ੍ਰ ਪੂਜਾ ਕਰੰਤ ॥ ਕਈ ਸਿੱਧ ਸਾਧ ਸੂਰਜ ਸਿਵੰਤ ॥
ਕਈ ਪਲਟ ਸੂਰਜ ਸਿਜਦਾ ਕਰਾਇ ॥ ਪ੍ਰਭ ਏਕ ਰੂਪ ਦ੍ਵੈ ਕੈ ਲਖਾਇ ॥੪॥੨੩੪॥

ਪਦ ਅਰਥ : ਪਾਤ੍ਰ= ਤਪਤ ! ਬਿਲ ਪੱਤ੍ਰ। ਪਲਟ ਸੂਰਜ= ਸੂਰਜ ਤੋਂ ਉਲਟ, ਭਾਵ ਪੱਛਮ ਦਿਸ਼ਾ।

ਅਰਥ : (ਵੇਖੋ ! ਐਸੇ ਸਰਬ ਸ਼ਕਤੀ ਸਪੰਨ ਨੂੰ ਛੱਡ ਕੇ) ਕਈ ਮੂਰਖ ਬਿਲ ਪੱਤਰ ਜਾਂ ਤੁਲਸੀ ਪੱਤਰ ਲੈ ਕੇ ਸ਼ਿਵ ਜਾਂ ਠਾਕੁਰ ਦੀ ਪੂਜਾ ਕਰਦੇ ਹਨ। ਕਈ ਸਿਧ ਸਾਧਕ ਸੂਰਜ ਨੂੰ ਸੇਉਂਦੇ ਹਨ। ਕਈ ਪੱਛਮ ਵਲ ਮੂੰਹ ਕਰ ਕੇ ਸਿਜਦੇ ਕਰਦੇ ਹਨ। ਸਵਾਮੀ ਤਾਂ ਇਕ ਰੂਪ ਵਾਲਾ ਸੀ, ਇਹ ਉਸ ਨੂੰ ਦੋ ਰੂਪ ਕਰਕੇ ਜਾਣਦੇ ਹਨ ॥੪॥੨੩੪॥

ਅਨਛਿੱਜ ਤੇਜ ਅਨਭੈ ਪ੍ਰਕਾਸ ॥ ਦਾਤਾ ਦੁਰੰਤ ਅਦ੍ਵੈ ਅਨਾਸ ॥
ਸਭ ਰੋਗ ਸੋਗ ਤੇ ਰਹਤ ਰੂਪ ॥ ਅਨਭੈ ਅਕਾਲ ਅਛੈ ਸਰੂਪ ॥੫॥੨੩੫॥

ਪਦ ਅਰਥ : ਅਨਭੈ= (ਅਨੁਭਵ) ਗਿਆਨ।

ਅਰਥ : ਜੋ ਨਾ ਛਿਜਣ ਵਾਲੇ ਤੇਜ ਵਾਲਾ, [ਭੈ] ਡਰ ਤੋਂ ਬਿਨਾਂ ਪ੍ਰਕਾਸ਼ (ਰੂਪ) ਹੈ। ਬੇਅੰਤ ਦਾਤਾ ਹੈ, ਦ੍ਵੈਤ ਤੋਂ ਰਹਿਤ ਤੇ ਨਾਸ ਤੋਂ ਰਹਿਤ ਹੈ। ਸਾਰੇ ਰੋਗਾਂ ਸੋਗਾਂ ਤੋਂ ਰਹਿਤ ਰੂਪ ਵਾਲਾ ਹੈ। ਜੋ ਗਿਆਨ ਸਰੂਪ ਕਾਲ ਤੋਂ ਬਿਨਾਂ ਤੇ ਕਟਿਆ ਨਹੀਂ ਜਾਂਦਾ॥੫॥੨੩੫॥

ਕਰੁਣਾ ਨਿਧਾਨ ਕਾਮਲ ਕ੍ਰਿਪਾਲ ॥ ਦੁਖ ਦੋਖ ਹਰਤ ਦਾਤਾ ਦਿਆਲ ॥
ਅੰਜਨ ਬਿਹੀਨ ਅਨਭੰਜ ਨਾਥ ॥ ਜਲ ਥਲ ਪ੍ਰਭਾਉ ਸਰਬਤ੍ਰ ਸਾਥ ॥੬॥੨੩੬॥

ਅਰਥ : ਕ੍ਰਿਪਾ ਦਾ [ਨਿਧਾਨ] ਸਥਾਨ ਹੈ, [ਕਾਮਲ] ਪੂਰਨ ਕ੍ਰਿਪਾਲੂ ਹੈ। ਦੁਖ ਤੇ ਦੋਖਾਂ ਦੇ ਨਾਸ

ਕਰਨ ਵਾਲਾ ਦਿਆਲੂ ਦਾਤਾ ਹੈ। [ਅੰਜਨ] ਮਾਇਆ ਤੋਂ ਰਹਿਤ ਨ ਟੁਟਨ ਵਾਲਾ ਸਵਾਮੀ ਹੈ। ਸਾਰੇ ਜਲਾਂ ਥਲਾਂ ਵਿਚ ਉਸੇ ਦਾ ਪ੍ਰਤਾਪ ਹੈ, ਅਤੇ ਓਹੀ ਸਭ ਦੇ ਸਾਥ ਹੈ ॥੬॥੨੩੬॥

ਜਿਹ ਜਾਤ ਪਾਤ ਨਹੀ ਭੇਦ ਭਰਮ॥ ਜਿਹ ਰੰਗ ਰੂਪ ਨਹੀ ਏਕ ਧਰਮ ॥
ਜਿਹ ਸਤ੍ਰ ਮਿਤ੍ਰ ਦੋਊ ਏਕ ਸਾਰ ॥ ਅੱਛੈ ਸਰੂਪ ਅਬਿਚਲ ਅਪਾਰ ॥੭॥੨੩੭॥

ਅਰਥ : ਜਿਸ ਦੀ ਕੋਈ ਜਾਤ, ਬਿਰਾਦਰੀ ਤੇ ਭਰਮ ਭੇਦ ਨਹੀਂ ਹੈ। ਜਿਸ ਦਾ ਕੋਈ ਰੂਪ, ਰੰਗ ਤੇ ਇਕ ਧਰਮ ਨਹੀਂ ਹੈ। ਜਿਸ ਨੂੰ ਵੈਰੀ ਤੇ ਮਿੱਤਰ ਦੋਵੇਂ ਇਕੋ ਜਿਹੇ ਹਨ। ਉਸ ਨਾ ਨਾਸ ਹੋਣ ਵਾਲੇ ਦਾ ਸਰੂਪ ਅਬਿਚਲ ਤੇ ਅਪਾਰ ਹੈ ॥੭॥੨੩੭॥

ਜਾਨੀ ਨ ਜਾਇ ਜਿਹ ਰੂਪ ਰੇਖ ॥ ਕਹਿ ਬਾਸ ਤਾਸ ਕਹਿ ਕਉਨ ਭੇਖ ॥
ਕਹਿ ਨਾਮ ਤਾਸ ਹੈ ਕਵਨ ਜਾਤ ॥ ਜਿਹ ਸਤ੍ਰ ਮਿਤ੍ਰ ਨਹੀ ਪੁਤ੍ਰ ਭ੍ਰਾਤ ॥੮॥੨੩੮॥

ਅਰਥ : ਜਿਸ ਦਾ ਕੋਈ ਰੂਪ ਰੇਖ ਜਾਣਿਆ ਨਹੀਂ ਜਾਂਦਾ। ਉਸ ਦਾ ਵਾਸਾ ਕਿਥੇ ਹੈ ? ਅਤੇ ਕਿਹੜਾ ਭੇਖ ਕਹੀਦਾ ਹੈ ? ਉਸ ਦਾ ਨਾਮ ਕੀ ਹੈ ਅਤੇ ਜਾਤਿ ਕੀ ਹੈ ? ਜਿਸ ਦਾ ਕੋਈ ਮਿੱਤਰ, ਸ਼ੱਤਰੂ ਜਾਂ ਭੈਣ-ਭਰਾ ਨਹੀਂ ਹੈ ॥੮॥੨੩੮॥

ਕਰੁਣਾ ਨਿਧਾਨ ਕਾਰਣ ਸਰੂਪ ॥ ਜਿਹ ਚਕ੍ਰ ਚਿਹਨ ਨਹੀ ਰੰਗ ਰੂਪ ॥
ਜਿਹ ਖੇਦ ਭੇਦ ਨਹੀ ਕਰਮ ਕਾਲ ॥ ਸਭ ਜੀਵ ਜੰਤ ਕੀ ਕਰਤ ਪਾਲ ॥੯॥੨੩੯॥

ਅਰਥ : ਉਹ ਕ੍ਰਿਪਾ ਦਾ ਖ਼ਜ਼ਾਨਾ ਤੇ ਸਭ ਦਾ ਕਾਰਣ ਸਰੂਪ ਹੈ। ਜਿਸ ਦਾ ਕੋਈ ਚਿੰਨ੍ਹ ਚੱਕ੍ਰ ਤੇ ਰੂਪ ਰੰਗ ਨਹੀਂ ਹੈ। ਜਿਸ ਨੂੰ ਕਰਮਾਂ ਦਾ ਖੇਦ ਤੇ ਕਾਲ ਦਾ ਭੇਦ ਨਹੀਂ ਹੈ। ਉਹੀ ਸਾਰਿਆਂ ਜੀਵਾਂ ਜੰਤਾਂ ਦੀ ਪਾਲਣਾ ਕਰਦਾ ਹੈ ॥੯॥੨੩੯॥

ਉਰਧੰ ਬਿਰਹਤ ਸੁਧੰ ਸਰੂਪ ॥ ਬੁੱਧੰ ਅਪਾਲ ਜੁੱਧੰ ਅਨੂਪ ॥
ਜਿਹ ਰੂਪ ਰੇਖ ਨਹੀ ਰੰਗ ਰਾਗ ॥ ਅਨਛਿੱਜ ਤੇਜ ਅਨਭਿੱਜ ਅਦਾਗ ॥੧੦॥੨੪੦॥

ਅਰਥ : [ਉਰਧੰ] ਉੱਚਤਾ ਤੋਂ ਬਿਲਕੁਲ ਰਹਿਤ ਹੈ ਅਤੇ [ਸੁਧੰ] ਕਲਯਾਨ ਸਰੂਪ ਹੈ। ਅਪਾਰ ਬੁਧੀ ਵਾਲਾ ਹੈ ਅਤੇ [ਅਨੂਪ] ਬੇ-ਮਿਸਾਲ ਜੁਧ ਕਰਤਾ ਹੈ। ਜਿਸ ਦੀ ਕੋਈ ਰੂਪ ਰੇਖ ਤੇ ਰੰਗ ਰਾਗ ਨਹੀਂ ਹੈ। ਜੋ ਨਾ ਛਿੱਜਣ ਵਾਲੇ ਤੇਜ ਵਾਲਾ, ਕਿਸੇ ਨਾਲ ਵੀ ਨਾ ਭਿੱਜਣ ਵਾਲਾ ਤੇ ਦਾਗ (ਕਲੰਕ) ਤੋਂ ਬਿਨਾਂ ਹੈ ॥੧੦॥੨੪੦॥

ਜਲ ਥਲ ਮਹੀਪ ਬਨ ਤਨ ਦੁਰੰਤ ॥ ਜਿਹ ਨੇਤਿ ਨੇਤਿ ਨਿਸ ਦਿਨ ਉਚਰੰਤ ॥
ਪਾਇਓ ਨ ਜਾਇ ਜਿਹ ਪੈਰ ਪਾਰ ॥ ਦੀਨਾਨ ਦੋਖ ਦਹਿਤਾ ਉਦਾਰ ॥੧੧॥੨੪੧॥

ਪਦ ਅਰਥ : ਮਹੀਪ= ਰਾਜਾ। ਬਨ= ਸਮੂਹ। ਤਨ= ਸਾਥ। ਦੁਰੰਤ= ਬੇਅੰਤ। ਪੈਰ= ਪਹਿਲਾ, ਦੂਜਾ। ਪਾਰ= ਕੰਢਾ। ਦਹਿਤਾ= ਸਾੜਨ ਵਾਲਾ ।

ਅਰਥ : ਜੋ ਜਲਾਂ ਥਲਾਂ ਦਾ ਰਾਜਾ ਹੈ, ਉਹ ਬੇਅੰਤ ਸਭ ਦੇ ਸਾਥ ਹੈ। ਜਿਸ ਨੂੰ ਨਿਸਦਿਨ ਸਦਾ

ਬੇਅੰਤ ਬੇਅੰਤ ਕਹੀਦਾ ਹੈ। ਜਿਸ ਦਾ ਪਾਰਲਾ ਕੰਢਾ ਪਾਇਆ ਨਹੀਂ ਜਾਂਦਾ। ਉਹ ਉਦਾਰ ਦੀਨਾਂ ਦੇ ਦੋਖਾਂ ਨੂੰ ਸਾੜਨ ਵਾਲਾ ਹੈ ॥੧੧॥੨੪੧

ਕਈ ਕੋਟ ਇੰਦ੍ਰ ਜਿਹ ਪਾਨਿਹਾਰ ॥ ਕਈ ਕੋਟ ਰੁੱਦ੍ਰ ਜੁਗੀਆ ਦੁਆਰ ॥
ਕਈ ਬੇਦ ਬਿਆਸ ਬ੍ਰਹਮਾ ਅਨੰਤ ॥ ਜਿਹ ਨੇਤ ਨੇਤ ਨਿਸ ਦਿਨ ਉਚਰੰਤ ॥੧੨॥੨੪੨॥

ਅਰਥ : ਕਈ ਕ੍ਰੋੜਾਂ ਇੰਦਰ ਜਿਸ ਦੇ ਪਾਣੀ ਭਰਨ ਵਾਲੇ (ਕਹਾਰ) ਹਨ। ਕਈ ਕ੍ਰੋੜਾਂ ਸ਼ਿਵ ਜੀ ਜਿਸ ਦੇ ਬੂਹੇ ਨਾਲ [ਜੁਗੀਆ] ਜੜੇ ਹੋਏ ਹਨ, ਭਾਵ—ਬੂਹਾ ਮੱਲ ਕੇ ਬੈਠੇ ਹਨ। ਕਿੰਨੇ ਹੀ ਵੇਦ ਵਿਆਸ ਤੇ ਬੇਅੰਤ ਬ੍ਰਹਮਾ, ਜਿਸ ਨੂੰ ਰਾਤ ਦਿਨ ਬੇਅੰਤ ਬੇਅੰਤ ਉਚਾਰਨ ਕਰਦੇ ਹਨ ॥੧੨॥੨੪੨॥

ਤ੍ਵ ਪ੍ਰਸਾਦਿ ॥ ਸ੍ਵੱਯੇ ॥

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ ॥

ਅਰਥ : ਜੋ ਦੀਨਾਂ ਦੀ ਹਰ ਰੋਜ਼ ਪਾਲਣਾ ਕਰਦਾ ਹੈ, ਨਿਤ ਸੰਤਾਂ ਨੂੰ ਦੁਖਾਂ ਤੋਂ ਬਚਾਉਂਦਾ ਹੈ ਅਤੇ ਵੈਰੀਆਂ ਨੂੰ ਗਾਰਤ (ਗਰਕ) ਕਰਦਾ ਹੈ।

ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਭ ਕੋ ਪ੍ਰਤਿਪਾਰੈ ॥

ਅਰਥ : ਜੋ ਵੀ ਪਸ਼ੂ ਪੰਛੀ [ਨਗ] ਬ੍ਰਿਛ ਜਾਂ ਪਹਾੜ ਸੱਪ ਤੇ [ਨਰਾਧਪ] ਰਾਜੇ ਹਨ, ਸਾਰੇ ਸਮਿਆਂ ਵਿਚ ਇਨ੍ਹਾਂ ਸਭਨਾਂ ਨੂੰ [ਪ੍ਰਤਿ] ਵੱਖੋ ਵੱਖਰਾ ਪਾਲਦਾ ਹੈ।

ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ॥

ਅਰਥ : ਜੋ ਜਲ ਵਿਚਲੇ ਤੇ [ਥਲ] ਧਰਤੀ ਵਿਚਲੇ ਜੀਵਾਂ ਦੇ ਪੇਟ ਪਲ ਵਿਚ ਭਰ ਦੇਂਦਾ ਹੈ, ਕਲ੍ਹ ਦੇ ਕਰਮ ਦੀ ਵਿਚਾਰ ਨਹੀਂ ਕਰਦਾ (ਭਾਵ—ਕਿਸੇ ਦੇ ਕੀਤੇ ਕਰਮਾਂ ਨੂੰ ਵੇਖਦਾ ਨਹੀਂ ਹੈ।)

ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥੧॥੨੪੩॥

ਅਰਥ : ਉਹ ਦੀਨ ਦਿਆਲ ਦਯਾ ਦਾ ਸਮੁੰਦਰ ਸਾਡੇ ਗੁਨਾਹਾਂ ਨੂੰ ਵੇਖਦਾ ਹੈ, ਪਰ (ਰੋਜ਼ੀ) ਦੇਣ ਤੋਂ ਹਾਰਦਾ ਨਹੀਂ ਹੈ, (ਭਾਵ ਗੁਨਾਹਾਂ ਨੂੰ ਵੇਖ ਕੇ ਰੋਜ਼ੀ ਬੰਦ ਨਹੀਂ ਕਰਦਾ) ॥੧॥੨੪੩॥

ਦਾਹਤ ਹੈ ਦੁਖ ਦੋਖਨ ਕੌ ਦਲ ਦੁੱਜਨ ਕੇ ਪਲ ਮੈ ਦਲ ਡਾਰੈ ॥

ਪਦ ਅਰਥ : ਦਲ= ਫ਼ੌਜ, ਸਮੂਹ ਝੁੰਡ। ਦੁੱਜਨ= ਦੁਰਜਨ, ਬੁਰੇ ਪੁਰਸ਼। ਦਲ= ਦਲਨਾ, ਚੂਰਨ ਕਰਨਾ।

ਅਰਥ: ਦੁੱਖਾਂ ਤੇ ਦੋਖਾਂ (ਪਾਪਾਂ) ਨੂੰ ਸਾੜਦਾ ਹੈ ਅਤੇ ਬੁਰੇ ਪੁਰਸ਼ਾਂ ਦੇ ਦਲਾਂ ਨੂੰ ਪਲ ਵਿਚ ਦਲ ਸੁਟਦਾ ਹੈ।

ਖੰਡ ਅਖੰਡ ਪ੍ਰਚੰਡ ਪਹਾਰਨ ਪੂਰਨ ਪ੍ਰੇਮ ਕੀ ਪ੍ਰੀਤ ਸਭਾਰੈ ॥

ਪਦ ਅਰਥ : ਪ੍ਰਚੰਡ= ਤੇਜਵਾਨ। ਪਹਾਰਨ= ਪ੍ਰਹਾਰਨ, ਨਾਸ ਕਰਨ ਵਾਲਾ।

ਅਰਥ : ਜੋ ਖੰਡਨ ਤੋਂ ਅਖੰਡ ਅਤੇ ਤੇਜਵਾਨ ਹਨ, ਉਨ੍ਹਾਂ ਨੂੰ ਪ੍ਰਹਾਰਨ ਵਾਲਾ ਹੈ ਅਤੇ ਪ੍ਰੇਮੀ ਦੀ ਪ੍ਰੀਤ ਨੂੰ ਸੰਭਾਲਦਾ (ਯਾਦ ਕਰਦਾ) ਹੈ, ਭਾਵ ਪ੍ਰੇਮੀ ਦੀ ਪ੍ਰੀਤ ਦੇਖ ਕੇ ਪ੍ਰਸੰਨ ਹੁੰਦਾ ਹੈ।

ਪਾਰ ਨ ਪਾਇ ਸਕੈ ਪਦਮਾ ਪਤਿ ਬੇਦ ਕਤੇਬ ਅਭੇਦ ਉਚਾਰੈ ॥

ਪਦ ਅਰਥ : ਪਦਮਾ ਪਤਿ= ਪਦਮਾ= (ਲਛਮੀ+ਪਤਿ) ਮਾਇਆ ਦਾ ਪਤੀ ਵਿਸ਼ਨੂੰ।

ਅਰਥ : ਵਿਸ਼ਨੂੰ ਜਿਸ ਦਾ ਅੰਤ ਨਹੀਂ ਪਾ ਸਕਦਾ ਅਤੇ ਵੇਦ ਕਤੇਬ ਵੀ ਕਹਿੰਦੇ ਹਨ, ਜੋ ਉਸ ਦਾ [ਅਭੇਦ] ਭੇਤ ਨਹੀਂ ਲਭ ਸਕਦਾ।

ਰੋਜੀ ਹੀ ਰਾਜ ਬਿਲੋਕਤ ਰਾਜਕ ਰੋਖ ਰੂਹਾਨ ਕੀ ਰੋਜੀ ਨ ਟਾਰੈ ॥੨॥੨੪੪॥

ਪਦ ਅਰਥ : ਰੋਜੀ= ਰੋਜ ਹੀ, ਨਿੱਤ ਹੀ। ਹੀ= ਨਿਸਚੇ ਵਾਚਕ ਪ੍ਰਤਜਯ, ਜ਼ਰੂਰ। ਰਾਜ= ਰਾਜ਼, ਲੁਕਵੇਂ ਭੇਤ, ਗੁਝੇ ਪਾਪ। ਬਿਲੋਕਤ= ਵੇਖਦਾ ਹੈ। ਰੂਹਾਨ= ਰੂਹ ਦਾ ਬ: ਬ: ਰੂਹਾਂ, ਜੀਵਾਂ। ਰੋਜੀ= ਨਿਤ ਦੀ ਖ਼ੁਰਾਕ। ਰਾਜਕ= ਅੰਨ ਦਾਤਾ।

ਅਰਥ : ਉਹ ਅੰਨ ਦਾਤਾ ਸਦਾ ਹੀ ਸਾਡੇ ਗੁਪਤ ਕੰਮਾਂ ਨੂੰ ਵੇਖਦਾ ਹੈ, ਪਰ ਫੇਰ ਵੀ ਗੁੱਸੇ ਹੋ ਕੇ ਜੀਵਾਂ ਦੀ ਰੋਜ਼ੀ ਬੰਦ ਨਹੀਂ ਕਰਦਾ ॥੨॥੨੪੪॥

ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿੱਖ ਭਵਾਨ ਬਨਾਏ ॥

ਅਰਥ : ਕੀੜੇ, ਪਤੰਗੇ, ਹਰਨ ਤੇ ਸੱਪ ਆਦਿਕ ਸਾਰੇ ਜੀਵ ਉਸ ਨੇ [ਭੂਤ] ਪਿਛੇ ਬਣਾਏ ਸਨ, [ਭਵਿਖ] ਅੱਗੇ ਬਣਾਵੇਗਾ ਅਤੇ [ਭਵਾਨ] ਹੁਣ ਵੀ ਬਣਾਏ ਹੋਏ ਹਨ।

ਦੇਵ ਅਦੇਵ ਖਪੇ ਅਹੰਮੇਵ ਨ ਭੇਵ ਲਖਿਓ ਭ੍ਰਮ ਸਿਓ ਭਰਮਾਏ ॥

ਅਰਥ : ਦੇਵਤੇ ਤੇ ਦੈਂਤ [ਅਹੰਮੇਵ] ਹੰਕਾਰ ਕਰਦੇ ਖਪ ਗਏ ਹਨ, ਉਸ ਦੇ ਭੇਦ ਨੂੰ ਕਿਸੇ ਨੇ ਵੀ ਨਹੀਂ ਜਾਣਿਆ ਕਿਉਂਕਿ ਇਨ੍ਹਾਂ ਨੂੰ ਉਸ ਨੇ ਭਰਮ ਨਾਲ ਭਰਮਾ ਦਿੱਤਾ ਹੈ।

ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨ ਆਏ ॥

ਅਰਥ : ਵੇਦ ਪੁਰਾਣ ਆਦਿਕ ਹਿੰਦੂ ਪੁਸਤਕ ਤੇ ਕੁਰਾਨ (ਆਦਿਕ ਮੁਸਲਮਾਨੀ) ਕਿਤਾਬਾਂ ਭੀ ਬਹੁਤ ਲੇਖਾ ਕਰਦੀਆਂ ਥੱਕ ਗਈਆਂ ਹਨ, ਪਰ ਉਹ ਕਿਸੇ ਦੇ ਹੱਥ ਨਹੀਂ ਆਇਆ।

ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ ਕਿਨ ਸ੍ਰੀ ਪਦਮਾ ਪਤਿ ਪਾਏ ॥੩॥੨੪੫॥

ਪਦ ਅਰਥ : ਪ੍ਰਭਾਉ= ਅਸਰ, ਤਾਸੀਰ। ਇਹ ਪਦਾਰਥ ਦੇ ਵਿਚ ਇਕ ਵੱਖਰੀ ਵਸਤੂ ਹੁੰਦੀ ਹੈ, ਜੋ ਵੇਖੀ ਨਹੀਂ ਜਾ ਸਕਦੀ ਅਤੇ ਮਹਿਸੂਸ ਜਾਂ ਅਨੁਭਵ ਹੁੰਦੀ ਹੈ। ਜਿਵੇਂ ਸੂਰਜ ਦੇ ਚੜ੍ਹਨ ਨਾਲ ਧੁਪੇ ਆਏ ਤੋਂ ਬਿਨਾਂ ਹੀ ਅੰਦਰ ਬੈਠੇ ਆਦਮੀ ਨੂੰ ਗਰਮੀ ਪ੍ਰਤੀਤ ਹੋਣ ਲੱਗ ਜਾਂਦੀ ਹੈ, ਏਹੀ ਸੂਰਜ ਦਾ ਪ੍ਰਭਾਵ ਹੈ। ਸ੍ਰੀ ਪਦਮਾ ਪਤਿ= (ਸ੍ਰੀ= ਪੂਜਜ ਪਾਦ+ ਪਦਮਾਪਤਿ) ਵਿਸ਼ਨੂੰ ਦਾ ਪੂਜਜ ਪਾਤ। ਜੋ ਵਿਸ਼ਨੂੰ ਦਾ ਵੀ ਕਰਤਾ ਹਰਤਾ ਤੇ ਧਿਆਨ ਯੋਗ ਹੈ, ਵਾਹਿਗੁਰੂ, ਨਿਰੰਕਾਰ, ਅਕਾਲ ਪੁਰਖ।

ਅਰਥ : ਪ੍ਰੇਮ ਦਾ ਪੂਰਾ ਅਸਰ ਹੋਏ ਤੋਂ ਬਿਨਾਂ, (ਦੱਸੋ) ਇੱਜ਼ਤ ਨਾਲ ਵਾਹਿਗੁਰੂ ਨੂੰ ਕਿਸ ਨੇ ਪਾਇਆ ਹੈ ? ਭਾਵ ਪ੍ਰੇਮ ਦੇ ਭਾਵ ਤੋਂ ਬਿਨਾਂ ਵਾਹਿਗੁਰੂ ਦਾ ਮਿਲਣਾ ਤਾਂ ਕਿਤੇ ਰਿਹਾ, ਉਸ ਦੇ ਦਰ ਤੇ ਇੱਜ਼ਤ ਵੀ ਨਹੀਂ ਹੁੰਦੀ ॥੩॥੨੪੫॥

ਆਦਿ ਅਨੰਤ ਅਗਾਧ ਅਦ੍ਵੈਖ ਸੁ ਭੂਤ ਭਵਿੱਖ ਭਵਾਨ ਅਭੈ ਹੈ ॥

ਅਰਥ : ਜੋ ਸਭ ਦਾ ਮੁੱਢ ਹੈ, [ਅਨੰਤ] ਬੇਅੰਤ ਹੈ, ਜਿਸ ਦਾ ਥਾਹ ਨਹੀਂ ਹੈ, ਜਿਸ ਵਿਚ ਦ੍ਵੈਖ ਨਹੀਂ ਹੈ, ਅਤੇ ਜੋ ਤਿੰਨਾਂ ਕਾਲਾਂ ਵਿਚ ਡਰ ਤੋਂ ਰਹਿਤ ਹੈ।

ਅੰਤਿ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿੱਦ੍ਰ ਅਛੈ ਹੈ ॥

ਅਰਥ : ਜੋ ਅੰਤ ਤੋਂ ਬਿਨਾਂ ਹੀ ਬਿਨਾਂ ਹੈ, ਜੋ ਆਪ [ਆਤਮ] ਜੀਵ ਨਹੀਂ ਹੈ, ਦਾਗ ਤੋਂ ਬਿਨਾਂ ਹੈ, ਦੋਖ ਤੋਂ ਬਿਨਾਂ ਹੈ, ਛਿਦ੍ਰ (ਕਲੰਕ) ਤੋਂ ਬਿਨਾਂ ਹੈ ਅਤੇ ਜਿਸ ਦਾ ਅੰਤ ਵੀ ਨਹੀਂ ਹੈ।

ਲੋਗਨ ਕੇ ਕਰਤਾ ਹਰਤਾ ਜਲ ਮੈ ਥਲ ਮੈ ਭਰਤਾ ਪ੍ਰਭ ਵੈ ਹੈ ॥

ਅਰਥ : ਜੋ ਸਾਰੇ ਲੋਕਾਂ ਦੇ ਕਰਨ ਵਾਲਾ ਹੈ, ਅਤੇ ਫਿਰ ਨਾਸ ਕਰਨ ਵਾਲਾ ਹੈ ਜਲ ਵਿਚ ਤੇ ਥਲ ਵਿਚ ਜਿੰਨੇ ਜੀਵ ਹਨ, ਉਨ੍ਹਾਂ ਦੀ ਪਾਲਣਾ ਕਰਨ ਵਾਲਾ ਸਵਾਮੀ ਵੀ ਉਹੀ ਹੈ।

ਦੀਨ ਦਇਆਲ ਦਇਆ ਕਰ ਸ੍ਰੀ ਪਤਿ ਸੁੰਦਰ ਸ੍ਰੀ ਪਦਮਾ ਪਤਿ ਏ ਹੈ ॥੪॥੨੪੬॥

ਅਰਥ : ਜੋ ਦੀਨਾਂ ਉਤੇ ਦਿਆਲ ਹੁੰਦਾ ਹੈ, ਦਯ+ਆਕਰ ਦਯਾ ਦੀ ਖਾਣਿ ਹੈ (ਸ੍ਰੀ*) ਕੁਬੇਰ ਬ੍ਰਹਮ ਤੇ ਵਿਸ਼ਨੂੰ ਦਾ ਸਵਾਮੀ ਹੈ, ਏਨ੍ਹਾਂ (ਲਛਨਾਂ) ਵਾਲਾ [ਪਦਮਾਪਤਿ] ਵਾਹਿਗੁਰੂ ਹੈ ॥੪॥੨੪੬॥

ਕਾਮ ਨ ਕ੍ਰੋਧ ਨ ਲੋਭ ਨ ਮੋਹ ਨ ਰੋਗ ਨ ਸੋਗ ਨ ਭੋਗ ਨ ਭੈ ਹੈ ॥

ਅਰਥ : ਜਿਸ ਨੂੰ ਕਾਮ ਨਹੀਂ, ਕ੍ਰੋਧ ਨਹੀਂ, ਲੋਭ ਨਹੀਂ, ਮੋਹ ਨਹੀਂ, ਰੋਗ ਨਹੀਂ, ਸੋਗ ਨਹੀਂ ਭੋਗ ਅਤੇ ਨਾ ਹੀ ਡਰ ਹੈ।

ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ ॥

ਅਰਥ : ਜੋ ਦੇਹ ਤੋਂ ਰਹਿਤ ਹੈ, ਜਿਸ ਦਾ ਪ੍ਰੇਮ ਸਭ [ਤਨ] ਸਰੀਰਾਂ ਨਾਲ ਹੈ, ਜੋ [ਨੇਹ] ਪਕੜ ਤੋਂ ਵਿਰਕਤ ਹੈ, [ਗੇਹ] ਘਰ ਤੋਂ ਬਿਨਾਂ ਹੈ ਅਤੇ ਛੈ ਨਹੀਂ ਹੁੰਦਾ ਹੈ।

ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥

ਪਦ ਅਰਥ : ਜਾਨ= ਚੇਤਨ। ਅਜਾਨ= ਜੜ੍ਹ। ਜਮਾਨ= ਅਕਾਸ਼ ਵਿਚ।

ਅਰਥ : ਜੋ ਚੇਤਨ ਜੀਵਾਂ ਨੂੰ ਦੇਂਦਾ ਹੈ, ਜੜ੍ਹ (ਰੂਹਾਂ) ਨੂੰ ਦੇਂਦਾ ਹੈ, ਜ਼ਮੀਨ (ਪੁਰ ਰਹਿਣ ਵਾਲਿਆਂ ਨੂੰ ਦੇਂਦਾ ਹੈ, ਅਕਾਸ਼ ਵਿਚ ਰਹਿਣ ਵਾਲਿਆਂ ਨੂੰ) ਵੀ ਦੇਂਦਾ ਹੈ।

ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾ ਪਤਿ ਲੈਹੈ ॥੫॥੨੪੭॥

ਅਰਥ : ਸੋਹਣਿਆਂ! ਕਿਸ ਲਈ ਡਾਵਾਂ ਡੋਲ ਹੁੰਦਾ ਹੈਂ ? ਤੇਰੀ ਖ਼ਬਰ ਵੀ ਓਹੀ ਵਾਹਿਗੁਰੂ ਲੈਂਦਾ ਰਹੇਗਾ ॥੫॥੨੪੭॥

ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥

ਪਦ ਅਰਥ : ਜਲ ਜੋਗਨ= ਜਲ ਜੰਤੂ, ਮਗਰ ਮੱਛ ਆਦਿ। (ਜਲ) ਜਲਾਗਨਿ= ਜਲ ਦੀ ਅੱਗ ਬਿਜਲੀ (੩) ਜਲ ਤੇ ਯੋਗਿਨੀ।

** ਡਿੰਗਲ ਭਾਸ਼ਾ ਵਿਚ ਸ੍ਰੀ ਦਾ ਅਰਥ ਹੈ (੧) ਕੁਬੇਰ, (੨) ਬ੍ਰਹਮਾ (੩) ਵਿਸ਼ਨੂੰ। (ਹਿੰਦੀ ਸ਼ਬਦ ਸਾਗਰ ਸਫ਼ਾ ੩੫੫੬)*

ਅਰਥ : (ਜੋ) ਰੋਗਾਂ ਤੋਂ, ਸੋਗਾਂ ਤੋਂ ਅਤੇ ਜਲ ਦੇ ਜੀਵਾਂ ਤੋਂ ਬਹੁ ਤਰ੍ਹਾਂ ਨਾਲ ਬਚਾਉਂਦਾ ਹੈ ।

ਸਤ੍ਰੁ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ ॥

ਅਰਥ : ਦੁਸ਼ਮਣ ਭਾਵੇਂ ਅਨੇਕਾਂ ਵਾਰ ਚਲਾਉਂਦਾ ਹੈ, ਪਰ ਉਸ ਦੀ ਦਯਾ ਹੋਵੇ ਤਾਂ ਸਰੀਰ ਉਤੇ ਇਕ ਜ਼ਖ਼ਮ ਵੀ ਨਹੀਂ ਲਗ ਸਕਦਾ ।

ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ॥

ਅਰਥ : ਜਦ ਕਿ ਉਹ ਆਪਣਾ ਹੱਥ ਦੇ ਕੇ ਰੱਖਦਾ ਹੈ, ਤਾਂ ਉਹ ਸਾਰੇ ਪਾਪਾਂ ਵਿਚੋਂ ਕੋਈ ਵੀ ਛੋਹਣਾ ਨਹੀਂ ਪਾ ਸਕਦਾ ।

ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥੬॥੨੪੮॥

ਅਰਥ : ਹੋਰ ਹੀ ਗੱਲ ਤੈਨੂੰ ਕੀ ਕਹਾਂ ? ਮਾਂ ਦੇ ਪੇਟ ਦੇ [ਪਟ] ਪੜਦੇ (ਜ਼ੇਰ ਦੇ ਥੈਲੇ) ਵਿਚ ਵੀ ਬੱਚੇ ਨੂੰ ਓਹੀ ਬਚਾਉਂਦਾ ਹੈ ॥੬॥੨੪੮॥

ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਆਵੈਂ ॥

ਅਰਥ : ਹੇ ਵਾਹਿਗੁਰੂ ! ਜੱਛ, ਸੱਪ, ਦੈਂਤ ਤੇ ਦੇਵਤੇ ਇਤਿਆਦਿਕ ਸਾਰੇ ਹੀ ਤੈਨੂੰ ਅਭੇਦ ਜਾਣ ਕਰਕੇ ਧਿਆਉਂਦੇ ਹਨ ।

ਭੂਮਿ ਅਕਾਸ ਪਤਾਲ ਰਸਾਤਲ ਜੱਛ ਭੁਜੰਗ ਸਭੈ ਸਿਰ ਨਿਆਵੈਂ ॥

ਅਰਥ : ਧਰਤੀ ਦੇ ਜੀਵ, ਅਕਾਸ਼ ਦੇ ਜੱਛ ਅਤੇ ਪਤਾਲ ਤੇ ਰਸਾਤਲ ਦੇ ਸੱਪ ਇਹ ਸਾਰੇ ਤੇਰੇ ਅਗੇ ਹੀ ਸਿਰ ਨਿਵਾਉਂਦੇ ਹਨ ।

ਪਾਇ ਸਕੈ ਨਹੀ ਪਾਰ ਪ੍ਰਭਾ ਹੂ ਕੋ ਨੇਤ ਹੀ ਨੇਤਹ ਬੇਦ ਬਤਾਵੈਂ ॥

ਅਰਥ : ਤੇਰੀ ਪ੍ਰਭਤਾ ਦਾ ਪਾਰ ਨਹੀਂ ਪਾ ਸਕਦੇ ਅਤੇ ਬੇਦ ਵੀ ਤੈਨੂੰ ਨੇਤ ਹੀ ਨੇਤ ਕਹਿੰਦੇ ਹਨ।

ਖੋਜ ਥਕੇ ਸਭ ਹੀ ਖੁਜੀਆ ਸੁਰ ਹਾਰ ਪਰੇ ਹਰਿ ਹਾਥ ਨ ਆਵੈ ॥੭॥੨੪੯॥

ਅਰਥ : ਸਾਰੇ ਖੋਜ ਕਰਨ ਵਾਲੇ ਦੇਵਤੇ ਖੋਜਦੇ ਥੱਕ ਗਏ ਹਨ, ਹਾਰ ਪਏ ਹਨ, ਪਰ ਹਰੀ ਕਿਸੇ ਤਰ੍ਹਾਂ ਵੀ ਹੱਥ ਨਹੀਂ ਆਇਆ ਹੈ ॥੭॥੨੪੯॥

ਨਾਰਦ ਸੇ ਚਤੁਰਾਨਨ ਸੇ ਰੁਮਨਾ ਰਿਖ ਸੇ ਸਭ ਹੂੰ ਮਿਲਿ ਗਾਇਓ ॥

ਪਦ ਅਰਥ : ਰੁਮਨਾ= ਲੋਮ ਹਰਸਣ, ਰੁਮਾਂਚ ਕਹਾਣੀ ਸੁਣ ਕੇ ਰੋਮਾਂਚ ਕਰ ਦੇਣ ਵਾਲੇ ਇਕ ਰਿਖੀ ਦਾ ਨਾਮ ਹੈ, ਇਸ ਦਾ ਪ੍ਰਸਿੱਧ ਨਾਮ 'ਸੂਤ' ਸੀ । ਇਹ ਨੈਮਿਖ ਬਨ ਵਿੱਚ ਰਿਖੀਆਂ ਨੂੰ ਪੁਰਾਣ ਸੁਣਾਇਆ ਕਰਦਾ ਸੀ, ਜੋ ਉਗ੍ਰਸ਼੍ਰਵਾ ਦਾ ਪੁੱਤਰ ਤੇ ਵਜਾਸ ਜੀ ਦਾ ਚੇਲਾ ਸੀ । (੨) (ਰੁਮਨ੍ਵਾਨ) ਮਹਾਂ ਭਾਰਤ ਦੇ ਲਿਖੇ ਮੂਜਬ ਇਕ ਬਹੁਤ ਪੁਰਾਣੇ ਸਮੇਂ ਦੇ ਰਿਖੀ ਦਾ ਨਾਮ ਹੈ ।

ਅਰਥ : ਨਾਰਦ ਵਰਗੇ (ਰਾਗ ਗਤਾਤੇ, ਬ੍ਰਹਮਾ ਵਰਗੇ ਵੇਦ ਗਤਾਤੇ) ਸੂਤ ਰਿਖੀ ਵਰਗੇ (ਪੁਰਾਣ ਇਤਿਹਾਸ ਵਕਤਾ ਇਹਨਾਂ) ਸਭਨਾਂ ਨੇ ਮਿਲ ਕੇ (ਤੇਰਾ ਜਸ) ਗਾਵਿਆ ਹੈ ।

ਬੇਦ ਕਤੇਬ ਨ ਭੇਦ ਲਖਿਓ ਸਭ ਹਾਰ ਪਰੇ ਹਰਿ ਹਾਥ ਨ ਆਇਓ ॥

ਅਰਥ : ਵੇਦਾਂ ਕਤੇਬਾਂ ਦੇ ਪੜ੍ਹਨ ਵਾਲਿਆਂ ਨੇ ਵੀ ਭੇਦ ਨਹੀਂ ਜਾਣਿਆ ਹੈ, ਸਾਰੇ ਥੱਕ ਪਏ ਹਨ, ਹਰੀ ਕਿਸੇ ਦੇ ਵੀ ਹੱਥ ਨਹੀਂ ਆਇਆ ।

ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ ॥

ਪਦ ਅਰਥ : ਉਮਾਪਤਿ= ਸ਼ਿਵ ਜੀ। ਸਨਾਥ= ਨਾਥਾਂ ਸਣੇ। ਸਨੰਤਨ= (ਸਨਾਤਨ) ਬ੍ਰਹਮਾ ਤੇ ਵਿਸ਼ਨੂੰ।

ਅਰਥ : ਸ਼ਿਵ ਜੀ ਉਸ ਦਾ ਅੰਤ ਨਹੀਂ ਪਾ ਸਕਿਆ ਅਤੇ ਸਿਧਾਂ ਤੇ ਨਾਥਾਂ ਸਣੇ ਅਤੇ ਬ੍ਰਹਮਾ ਤੇ ਵਿਸ਼ਨੂੰ ਨੇ ਵੀ ਉਸੇ ਦਾ ਸਿਮਰਨ ਕੀਤਾ ਹੈ ।

ਧਿਆਨ ਧਰੋ ਤਿਹ ਕੋ ਮਨ ਮੈਂ ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ ॥੮॥੨੫੦॥

ਅਰਥ : ਉਸੇ ਦਾ ਧਿਆਨ ਮਨ ਵਿਚ ਧਾਰਨ ਕਰੋ, ਜਿਸ ਦਾ (ਅਮਿਤ+ਓਜ) ਅਮਿਤ ਬਲ ਸਾਰੇ ਜਗਤ ਵਿਚ ਫੈਲਿਆ ਹੋਇਆ ਹੈ ॥੮॥੨੫੦॥

ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨ੍ਰਿਪਾਨ ਸਭੈ ਪਚ ਹਾਰੇ ॥

ਅਰਥ : ਬੇਦਾਂ, ਪੁਰਾਣਾਂ ਵਾਲੇ ਹਿੰਦੂ ਤੇ ਕੁਰਾਨ ਆਦਿਕ ਕਤੇਬਾਂ (ਵਾਲੇ) ਮੁਸਲਮਾਨ ਭੇਦ ਨਹੀਂ ਪਾ ਸਕੇ, ਅਤੇ ਧਨ ਵਾਲੇ [ਨ੍ਰਿਪਾਨ] ਮਹਾਰਾਜੇ, ਇਹ ਸਾਰੇ ਹੀ ਪਚ ਹਾਰੇ ਹਨ ।

ਭੇਦ ਨ ਪਾਇ ਸਕਿਓ ਅਨਭੇਦ ਕੋ ਖੇਦਤ ਹੈ ਅਨਛੇਦ ਪੁਕਾਰੇ ॥

ਅਰਥ : [ਅਨਭੇਦ] ਨਾ ਭੇਦ ਆਉਣ ਵਾਲੇ ਦਾ ਭੇਦ ਕੋਈ ਵੀ ਨਹੀਂ ਪਾ ਸਕਿਆ, [ਖੇਦਤ] ਦੁੱਖਾਂ ਨੂੰ ਸਹਾਰਦੇ ਹੋਏ, ਨਾ ਕਟੇ ਜਾਣ ਵਾਲੇ ਨੂੰ ਜਪ ਰਹੇ ਹਨ ।

ਰਾਗ ਨ ਰੂਪ ਨ ਰੇਖ ਨ ਰੰਗ ਨ ਸਾਕ ਨ ਸੋਗ ਨ ਸੰਗਿ ਤਿਹਾਰੇ ॥

ਅਰਥ : ਜਿਸ ਦਾ ਕਿਸੇ ਨਾਲ ਰਾਗ ਨਹੀਂ, ਕੋਈ ਰੂਪ ਰੇਖ ਨਹੀਂ, ਰੰਗ ਨਹੀਂ, ਸਾਕ ਨਹੀਂ, ਜਿਸ ਨੂੰ ਸੋਗ ਨਹੀਂ, (ਹੇ ਭਾਈ ! ਉਹ ਵਾਹਿਗੁਰੂ) ਤੇਰੇ ਨਾਲ ਹੀ ਵੱਸਦਾ ਹੈ।

ਆਦਿ ਅਨਾਦਿ ਅਗਾਧ ਅਭੇਖ ਅਦ੍ਵੈਖ ਜਪਿਓ ਤਿਨ ਹੀ ਕੁਲ ਤਾਰੇ ॥੯॥੨੫੧॥

ਅਰਥ : ਜੋ ਸਭ ਦਾ ਮੁੱਢ ਹੈ, ਜਿਸ ਦਾ ਮੁੱਢ ਨਹੀਂ ਹੈ, ਮਹਾਨ ਡੂੰਘਾ ਹੈ, ਭੇਖ ਤੋਂ ਬਿਨਾਂ ਹੈ, ਦਵੈਤ ਤੋਂ ਬਿਨਾਂ ਹੈ, ਜਿਸ ਨੇ ਐਸੇ ਵਾਹਿਗੁਰੂ ਨੂੰ ਜਪਿਆ ਹੈ, ਉਸ ਨੇ ਆਪਣੀ ਕੁਲ ਨੂੰ ਤਾਰ ਲਿਆ ਹੈ ॥੯॥੨੫੧॥

ਤੀਰਥ ਕੋਟ ਕੀਏ ਇਸਨਾਨ ਦੀਏ ਬਹੁ ਦਾਨ ਮਹਾ ਬ੍ਰਤ ਧਾਰੇ ॥

ਅਰਥ : ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਕਰ ਲਏ, ਬਹੁਤ ਤਰ੍ਹਾਂ ਦੇ ਦਾਨ ਦਿਤੇ। (ਚੰਦ੍ਰਾਇਣ ਆਦਿਕ) ਵੱਡੇ ਵੱਡੇ ਵਰਤ ਵੀ ਰਖ ਲਏ ਹਨ ।

ਦੇਸ ਫਿਰਿਓ ਕਰ ਭੇਸ ਤਪੋਧਨ ਕੇਸ ਧਰੇ ਨ ਮਿਲੇ ਹਰਿ ਪਿਆਰੇ ॥

ਪਦ ਅਰਥ : ਤਪੋਧਨ= ਤਪ ਹੀ ਜਿਸ ਦਾ ਧਨ ਹੈ, ਤਪੀਆ। ਕੇਸ ਧਰੇ= ਕੇਸਾਂ ਨੂੰ ਵਧਾ ਲਵੇ ਕੇਸਾਂ ਨੂੰ ਸਵਾਹ ਆਦਿਕਾਂ ਨਾਲ ਲੰਮਾ ਤੇ ਬਹੁਤਾ ਕਰ ਕੇ ਜੜਾਵਾਂ ਵਟ ਲਵੇ।

ਅਰਥ : ਤਪੀਸਰ ਦਾ ਭੇਖ ਕਰ ਕੇ ਦੇਸਾਂ ਵਿਚ ਫਿਰਦਾ ਰਹੇ, ਜੜ੍ਹਾਵਾਂ ਵਧਾ ਲਵੇ, ਇਹਨਾਂ ਕਰਕੇ ਵੀ ਪਿਆਰੇ ਹਰੀ ਨੂੰ ਨਹੀਂ ਮਿਲੇਗਾ ।[1]

ਆਸਨ ਕੋਟ ਕਰੇ ਅਸਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ ॥

ਪਦ ਅਰਥ : ਆਸਨ= ਯਗ ਦੇ ਤਰੀਕੇ ਅਨੁਸਾਰ ਖ਼ਾਸ ਤਰ੍ਹਾਂ ਨਾਲ ਬੈਠਣ ਦਾ ਢੰਗ। ਇਹ ਚੁਰਾਸੀ ਤਰ੍ਹਾਂ ਦੇ ਆਸਨ ਯੋਗ ਗ੍ਰੰਥਾਂ ਵਿਚ ਮੰਨੇ ਗਏ ਹਨ । ਅਸਟਾਂਗ= ਯੋਗ। ਯੋਗ ਦੇ ਅੱਠ ਅੰਗ ਹਨ[2], ਇਸ ਦਾ ਸਮਾਸ ਨਾਮ ਅਸਟਾਂਗ ਹੈ। ਨਿਆਸ= ਅਰਪਣ। (੨) ਮੰਤਰ ਪੜ੍ਹ ਕੇ ਅੰਗਾਂ ਨੂੰ ਛੋਹਣਾ, ਅੰਗ ਨਜਾਸ। ਮੁਖ ਕਾਰੇ= ਮੂੰਹ ਕਾਲਾ। ਦੀਵਾਨ ਸਾਧੂ ਆਪਣਾ ਮੂੰਹ ਕਾਲਾ ਕੀਤਾ ਕਰਦੇ ਹਨ ।

ਅਰਥ : ਕ੍ਰੋੜਾਂ ਆਸਨ ਕਰੇ, ਯੋਗ ਦੇ ਅਠੇ ਅੰਗ ਧਾਰਨ ਕਰੇ, ਬਹੁਤ ਅੰਗ ਨਜਾਸ ਵੀ ਕਰੇ ਅਤੇ ਦੀਵਾਨਾ ਸਾਧੂ ਹੋ ਕੇ ਮੂੰਹ ਵੀ ਕਾਲਾ ਕਰ ਲਵੇ।

ਦੀਨ ਦਇਆਲ ਅਕਾਲ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੧੦॥੨੫੨॥

ਅਰਥ : ਉਪਰ ਦਸਿਆ ਸਭ ਕੁਝ ਕਰ ਲਵੇ, ਪਰ ਦੀਨ ਉਤੇ ਦਯਾ ਕਰਨ ਵਾਲੇ ਅਕਾਲ ਦੇ ਭਜਨ ਤੋਂ ਹੀਣਾ ਹੋਵੇ, ਤਾਂ ਅੰਤ ਨੂੰ [ਅੰਤ] ਜਮਰਾਜਾ ਦੇ ਘਰ ਜਾਵੇਗਾ, (ਭਾਵ—ਮੁਕਤੀ ਨਹੀਂ ਪਾਏਗਾ, ਨਰਕਾਂ ਵਿਚ ਹੀ ਜਾ ਕੇ ਗੋਤੇ ਖਾਏਗਾ) ॥੧੦॥੨੫੨॥

ਤ੍ਵ ਪ੍ਰਸਾਦਿ ॥ ਕਬਿੱਤ ॥ ਅਤ੍ਰ ਕੇ ਚਲੱਯਾ ਛਿਤ ਛਤ੍ਰ ਕੇ ਧਰੱਯਾ
ਛਤ੍ਰ ਧਾਰੀਓਂ ਕੇ ਛਲੱਯਾ ਮਹਾ ਸਤ੍ਰਨ ਕੇ ਸਾਲ ਹੈਂ ॥

ਅਰਥ : ਜੋ ਅਸਤ੍ਰਾਂ ਦੇ ਚਲਾਉਣ ਵਾਲੇ, ਧਰਤੀ ਉਤੇ ਛਤਰ ਦੇ ਧਾਰਨ ਵਾਲੇ ਛਤ੍ਰ ਧਾਰੀਆਂ (ਮਹਾਰਾਜਿਆਂ) ਦੇ ਛਲਣ ਵਾਲਾ ਹੈ, ਅਤੇ ਵੱਡੇ ਵੱਡੇ ਵੈਰੀਆਂ ਨੂੰ ਮਲ ਦੇਣ ਵਾਲਾ ਹੈ ।

ਦਾਨ ਕੇ ਦਿਵੱਯਾ ਮਹਾ ਮਾਨ ਕੇ ਬਢੱਯਾ
ਅਵਸਾਨ ਕੇ ਦਿਵੱਯਾ ਹੈਂ ਕਟੱਯਾ ਜਮ ਜਾਲ ਹੈਂ ॥

ਅਰਥ : ਜੋ ਦਾਨ ਦੇ ਦੇਣ ਵਾਲਾ ਹੈ, ਬਹੁਤ ਮਾਨ ਨੂੰ ਵਧਾਉਣ ਵਾਲਾ, [ਅਵਸਾਨ] ਉੱਦਮ ਦੇ ਦੇਣ ਵਾਲਾ ਹੈ, ਅਤੇ ਜਮਾਂ ਦਾ ਜਾਲ ਕੱਟਣ ਵਾਲਾ ਹੈ ।

ਜੁੱਧ ਕੇ ਜਿਤੱਯਾ ਔ ਬਿਰੁੱਧ ਕੇ ਮਿਟੱਯਾ
ਮਹਾਂ ਬੁੱਧਿ ਕੇ ਦਿਵੱਯਾ ਮਹਾਂ ਮਾਨਹੂੰ ਕੇ ਮਾਨ ਹੈਂ ॥

ਅਰਥ : ਜੋ ਜੁੱਧ ਦੇ ਜਿੱਤਣ ਵਾਲਾ ਹੈ ਅਤੇ ਵਿਰੋਧ ਦੇ ਮਿਟਾਉਣ ਵਾਲਾ ਹੈ, ਉੱਤਮ ਬੁਧਿ ਦੇ ਦੇਣ ਵਾਲਾ ਹੈ, ਅਤੇ ਮਹਾਂ ਮਾਨੀਆਂ ਦਾ ਵੀ ਮਾਨ ਹੈ।

ਗਿਆਨ ਹੂੰ ਕੇ ਗਿਆਤਾ ਮਹਾਂ ਬੁੱਧਿਤਾ ਕੇ ਦਾਤਾ ਦੇਵ

---

੧. ਕਈ ਪਖ ਪਾਤੀ ਪੁਰਸ਼ ਇਸ ਤੁਕ ਦਾ ਪਾਠ ਕਰਦੇ ਹਨ, 'ਕਰ ਭੇਸ ਤਪੋ ਧਨਕੇ ਸਧਰੇ' ਧਨ ਦੀ ਸਧਰ ਨਾਲ ਤਪੀ ਭੇਸ ਕਰ ਕੇ ਦੇਸ ਵਿਚ ਫਿਰਦਾ ਰਿਹਾ । ਪਰ ਇਹ ਪਾਠ ਵੀ ਅਸ਼ੁਧ ਤੇ ਅਰਥ ਵੀ ਅਸ਼ੁਧ ਹੈ ।

੨. ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਜਾਨ ਤੇ ਸਮਾਧੀ।

ਕਾਲ ਹੂੰ ਕੇ ਕਾਲ ਮਹਾ ਕਾਲ ਹੂੰ ਕੇ ਕਾਲ ਹੈਂ ॥੧॥੨੫੩॥

ਅਰਥ : ਗਿਆਨ ਦੇ ਜਾਣਨ ਵਾਲਾ ਹੈ, ਉੱਤਮ ਬੁਧਿਤਾਈ ਦੇ ਦੇਣ ਵਾਲਾ ਹੈ, ਕਾਲ ਦੇ ਨਾਸ ਕਰਨ ਵਾਲਾ ਹੈ ਅਤੇ ਮਹਾਂ ਕਾਲ[1] ਦਾ ਵੀ ਕਾਲ ਹੈ ॥੧॥੨੫੩॥

ਪੂਰਬੀ ਨ ਪਾਰ ਪਾਵੈਂ ਹਿੰਗੁਲਾ ਹਿਮਾਲੈ ਧਿਆਵੈਂ
ਗੋਰ ਗੁਰਦੇਜੀ ਗੁਨ ਗਾਵੈਂ ਤੇਰੇ ਨਾਮ ਹੈਂ ॥

ਪਦ ਅਰਥ : ਪੂਰਬੀ= ਪੂਰਬ ਦੇਸ ਦਾ ਵਸਨੀਕ। ਹਿੰਗੁਲਾ ਪਰਬਤ ਦੇ ਵਸਨੀਕ, ਇਹ ਪਹਾੜ ਹਿੰਗੋਲ ਨਦੀ ਦੇ ਕੰਢੇ ਉਤੇ, ਲਾਸਾ ਬੇਲਾ ਰਾਜ ਵਿਚ ਹੈ, ਇਥੇ ਹੀ ਹਿੰਗ ਰਾਜ ਦੇਵੀ ਦਾ ਮੰਦਰ ਹੈ। ਹਿਮਾਲੈ= (ਹਿਮ+ਆਲਯ) ਬਰਫ਼ ਦਾ ਘਰ, ਹਿਮਾਚਲ ਭਾਰਤ ਦੇ ਉਤਰ ਵਲ ਅਤੇ ਤਿੱਬਤ ਤੇ ਭਾਰਤ ਦੇ ਵਿਚਾਲੇ, ਬਰਫ਼ ਦਾ ਪਹਾੜ, ਜੋ ਦੁਨੀਆਂ ਵਿਚ ਸਭ ਤੋਂ ਉੱਚਾ ਹੈ। (੨) ਹਿਮਾਚਲ ਦੇ ਰਹਿਣ ਵਾਲੇ ਲੋਕ। ਗੋਰ= (ਗੋਰ[2] ਜਾਂ ਘੋਰ)। ਗਜ਼ਨੀ ਤੇ ਹਰਾਤ ਦੇ ਵਿਚਕਾਰਲਾ ਦੇਸ। (੨) ਈਰਾਨ[3] ਦੇ ਇਕ ਇਲਾਕੇ ਦਾ ਨਾਮ ਵੀ 'ਗੋਰ' ਹੈ। (੩) ਗੋਰ ਦੇਸ ਦਾ ਵਸਨੀਕ। ਗਰਦੇਜੀ= ਗਰਦੇਜ ਦੇ ਰਹਿਣ ਵਾਲਾ, ਗਜਨੀ ਦੇ ਚਮਕਨੀਆਂ ਦੇ ਵਿਚਾਲੇ ਇਕ 'ਗਰਦੇਜ' ਸ਼ਹਿਰ ਹੈ, ਇਥੇ ਕਾਬਲ ਦਾ ਹਾਕਮ ਰਹਿੰਦਾ ਹੈ।

ਅਰਥ : ਪੂਰਬ ਵਾਸੀ ਅੰਤ ਨਹੀਂ ਪਾ ਸਕੇ, ਹਿੰਗਲ ਦੇਸ ਵਾਲੇ, ਹਿਮਾਲੇ ਪਹਾੜ ਦੇ ਵਸਨੀਕ ਤੈਨੂੰ ਸਿਮਰਦੇ ਹਨ, ਗੋਰ ਤੇ ਗਰਦੇਜ ਦੇ ਗੀਤ ਗਾਉਂਦੇ ਹਨ।

ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ
ਆਰਬ ਕੇ ਆਰਬੀ ਅਰਾਧੈਂ ਤੇਰੇ ਨਾਮ ਹੈਂ ॥

ਪਦ ਅਰਥ : ਆਰਬ= ਅਰਬ ਦੇਸ, ਭਾਰਤ ਦੇ ਪੱਛਮ, ਸਮੁੰਦਰ ਤੋਂ ਪਾਰ ਇਕ ਰੇਤਲਾ ਦੇਸ਼ ਹੈ ਮੁਹੰਮਦ ਜੀ ਦਾ ਜਨਮ ਇਸੇ ਵਿਚ ਹੋਇਆ, ਮੁਸਲਮਾਨਾਂ ਦਾ ਮੱਕਾ ਤੇ ਮਦੀਨਾ ਸ਼ਹਿਰ ਇਸੇ ਦੇਸ਼ ਵਿਚ ਹਨ। ਆਰਬੀ= ਅਰਬ ਦੇਸ ਦਾ ਵਸਨੀਕ। ਪਉਨ ਸਾਧਨਾ= ਪ੍ਰਾਣਾਯਾਮ ਕਰਨਾ।

ਅਰਥ : ਜੋਗੀ ਲੋਕ ਤੈਨੂੰ ਖ਼ੁਸ਼ ਕਰਨ ਲਈ ਜੋਗ ਸਾਧਦੇ ਹਨ, ਕਿੰਨੇ ਹੀ ਪੁਰਸ਼ ਤੈਨੂੰ ਪ੍ਰਾਪਤ ਕਰਨ ਲਈ ਪ੍ਰਾਣਾਯਾਮ ਵਿਚ [ਬਾਧੈ] ਲਗੇ ਹੋਏ ਹਨ ਅਤੇ ਅਰਬ ਦੇਸ਼ ਦੇ ਅਰਬੀ ਲੋਕ ਭੀ ਤੇਰੇ ਨਾਮ ਜਪਦੇ ਹਨ।

ਫਰਾ ਕੇ ਫਿਰੰਗੀ ਮਾਨੈਂ ਕੰਧਾਰੀ ਕੁਰੇਸੀ ਜਾਨੈਂ
ਪੱਛਮ ਕੇ ਪੱਛਮੀ ਪਛਾਨੈਂ ਨਿਜ ਕਾਮ ਹੈਂ ॥

ਪਦ ਅਰਥ : ਫਰਾ= ਫਰਾਂਗ ਦੇਸ। (੨) ਯੂ. ਪੀ. ਵਿਚ ਜ਼ਿਲਾ ਮੈਨ ਪੁਰੀ ਦੇ ਇਕ ਨਗਰ ਦਾ ਨਾਮ

---

੧. ਸ਼ਿਵਜੀ ਦੇ ਇਕ ਪੁੱਤਰ ਦਾ ਨਾਮ ਮਹਾਂ ਕਾਲ ਹੈ। ਕਾਲਿਕਾ ਪੁਰਾਨ ਵਿਚ ਲਿਖਿਆ ਹੈ, ਇਕ ਵੇਰੀ ਸ਼ਿਵਜੀ ਨੇ ਆਪਣਾ ਵੀਰਯ ਅਗਨਿ ਵਿਚ ਅਸਥਾਪਨ ਕੀਤਾ, ਉਸ ਵੇਲੇ ਦੋ ਬੂੰਦਾਂ ਬਾਹਰ ਡਿੱਗ ਪਈਆਂ, ਉਹਨਾਂ ਵਿਚੋਂ ਇਕ ਬੂੰਦ ਤੋਂ ਮਹਾਂ ਕਾਲ ਤੇ ਦੂਜੇ ਤੋਂ ਭ੍ਰਿੰਗੀ ਪੈਦਾ ਹੋਇਆ।

੨. ਅਰਬੀ ਵਿਚ ਗੋਰ ਤੇ ਸੰਸਕ੍ਰਿਤ ਵਿਚ ਘੋਰ ਸ਼ਬਦ ਹੈ।

੩. ਹਿੰਦੀ ਸ਼ਬਦ ਸਾਗਰ ਸਫ਼ਾ ੯੫੪।

ਭੀ ਹੈ। ਫਿਰੰਗੀ = ਯੂਰਪ ਦੇ ਇਕ ਦੇਸ ਦਾ ਨਾਮ ਫਰੰਗ ਹੈ, ਉਥੋਂ ਦੇ ਵਸਨੀਕ। ਕੰਧਾਰੀ= ਕੰਧਾਰ ਦਾ ਵਸਨੀਕ। ਚਮਨ ਤੋਂ ੬੨ ਮੀਲ ਉਤਰ ਵਲ ਤੇ ਕਾਬਲ ਤੋਂ ੩੧੩ ਮੀਲ ਪੱਛਮ ਵਲ 'ਕੰਧਾਲ' ਸ਼ਹਿਰ ਪ੍ਰਸਿੱਧ ਹੈ, ਉਸ ਇਲਾਕੇ ਦਾ ਨਾਮ ਹੀ ਕੰਧਾਰ ਪ੍ਰਸਿੱਧ ਹੋ ਗਿਆ ਹੈ। ਕੁਰੇਸੀ= ਕੁਰੈਸ਼ ਕੁਲ ਵਾਲੇ। ਅਰਬ ਦੇਸ਼ ਵਿਚ ਇਕ ਕੁਰੈਸ਼ ਕੁਲ ਵੱਡੀ ਪ੍ਰਸਿੱਧ ਹੈ, ਹਜ਼ਰਤ ਮੁਹੰਮਦ ਜੀ ਦਾ ਜਨਮ ਇਸੇ ਕੁਲ ਵਿਚ ਹੋਇਆ ਸੀ।

ਅਰਥ : ਫਰਾਂਸ ਦੇਸ ਤੇ ਫਰੰਗ ਦੇਸ ਦੇ (ਤੈਨੂੰ) ਮੰਨਦੇ ਹਨ, ਕੰਧਾਰ ਦੇਸ ਦੇ ਤੇ ਕੁਰੈਸ਼ ਕੁਲ ਦੇ (ਵੀ ਤੈਨੂੰ) ਜਾਣਦੇ ਹਨ ਪੱਛਮ ਦਿਸ਼ਾ ਦੇ ਪੱਛਮੀ ਲੋਕ ਤੇਰਾ ਸਿਮਰਨ ਹੀ ਆਪਣਾ ਕੰਮ ਪਛਾਣਦੇ ਹਨ।

ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ
ਦ੍ਰਿੜਵੈ ਤਿਲੰਗੀ ਪਹਚਾਨੈ ਧਰਮ ਧਾਮ ਹੈਂ ॥੨॥੨੫੪॥

ਪਦ ਅਰਥ : ਮਰਹਟਾ= ਮਹਾਰਾਸ਼ਟਰ ਦੇਸ਼ ਦਾ ਵਸਨੀਕ। ਨਾਸਿਕ, ਪੂਨਾ, ਸਤਾਰਾ ਅਤੇ ਕੋਲ੍ਹਾ ਪੁਰ ਦੇ ਇਲਾਕੇ ਦਾ ਨਾਮ ਮਹਾਰਾਸ਼ਟਰ ਹੈ ਜੋ ਬੰਬਈ ਅਹਾਤੇ ਵਿਚ ਹੈ। ਮਘੇਲੇ= ਮਗਰ ਦੇਸ਼ ਦਾ ਵਸਨੀਕ, ਦੱਖਣੀ ਬਿਹਾਰ, ਜਿਸ ਵਿਚ ਪਟਨਾ ਤੇ ਗਯਾ ਦਾ ਇਲਾਕਾ ਹੈ, ਰਿਗ ਵੇਦ ਵਿਚ ਇਸ ਦਾ ਨਾਮ 'ਕੀਕਟ' ਵੀ ਹੈ। (੨) ਰਾਜਪੂਤਾਂ ਦੀ ਇਕ ਜਾਤਿ। ਦਿੜਵੈ= ਦ੍ਰਾਵਿੜ, ਦੇਸ ਦਾ ਵਸਨੀਕ। ਦੱਖਣ ਦਿਸਾ ਵਿਚ ਦੇਸ, ਜੋ ਉੜੀਸੇ ਤੇ ਦੱਖਣੀ ਸਮੁੰਦਰ ਦੇ ਕੰਢੇ ਰਾਮੇਸ਼੍ਵਰ ਤੀਕਰ ਹੈ। ਤਿਲੰਗੀ= ਤਿਲੰਗ ਦੇਸ ਦਾ ਵਸਨੀਕ। ਤਿਲੰਗ ਇਕ ਦੇਸ ਹੈ, ਜੋ ਸ਼੍ਰੀਸੈਲ ਤੋਂ ਚੋਲ ਰਾਜ ਦੇ ਮੱਧਜ ਤੀਕਰ ਹੈ, ਇਸ ਇਲਾਕੇ ਵਿਚ ਸ੍ਰੀ ਸ਼ੈਲ, ਕਾਲੇਸ਼ਰ ਤੇ ਭੀਮੇਸ਼੍ਵਰ ਨਾਮ ਵਾਲੇ ਤਿੰਨ ਪਹਾੜ ਹਨ, ਜਿਨ੍ਹਾਂ ਉਤੇ ਤਿੰਨ ਸ਼ਿਵਲਿੰਗ[1] ਹਨ, ਇਸ ਲਈ ਇਲਾਕੇ ਦਾ ਨਾਮ ਹੀ 'ਤ੍ਰਿਕਲਿਗ' ਜਾਂ 'ਤ੍ਰਿਲਿੰਗ' ਹੈ, ਉਸ ਤੋਂ ਵਿਗੜਦਾ ਵਿਗੜਦਾ ਤਿਲੰਗ ਹੋ ਗਿਆ ਹੈ।

ਅਰਥ : ਮਹਾਰਾਸ਼ਟਰ ਦੇਸ਼ ਦੇ ਅਤੇ ਮਾਗਧ ਦੇਸ਼ ਦੇ, ਮਨ ਕਰਕੇ ਤੇਰੀ ਤਪਸੱਯਾ ਕਰਦੇ ਹਨ ਦ੍ਰਾਵਿੜ[2] ਦੇਸ਼ ਤੇ ਤਿਲੰਗ ਦੇਸ਼ ਵਾਸੀ (ਤੈਨੂੰ ਹੀ) ਧਰਮ ਦਾ ਸਥਾਨ ਪਛਾਣਦੇ ਹਨ ॥੨॥੨੫੪॥

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ ॥

ਪਦ ਅਰਥ : ਬੰਗ[3]= ਬੰਗਾਲ। ਰਤਾਨਾਕਰ ਤੋਂ ਲੈ ਕੇ ਬ੍ਰਹਮ ਪੁਤਰ ਨਦੀ ਤੀਕ ਦੇਸ਼, ਇਸ ਦਾ ਰਕਬਾ ੭੮੬੯੯ ਵਰਗ ਮੀਲ ਹੈ ਅਤੇ ਬੰਗਾਲ ਦਾ ਪ੍ਰਸਿੱਧ ਸ਼ਹਿਰ ਕਲਕੱਤਾ ਹੈ। ਫਿਰਹੰਗ= ਫਿਰੰਗਿਸਤਾਨ, ਫਿਰੰਗ। ਫਿਰੰਗਾਵਾਲੀ= ਫਿਰੰਗ ਦਾ ਵਸਨੀਕ ਫਿਰੰਗੀ।

ਅਰਥ : ਬੰਗਾਲ ਦੇ ਬੰਗਾਲੀ, ਫਿਰੰਗ ਦੇ ਫਿਰੰਗੀ ਅਤੇ ਦਿਲੀ ਦੇ ਦਿਲਵਾਲੀ, (ਇਹ ਸਾਰੇ) ਤੇਰੀ ਆਗਿਆ ਵਿਚ ਤੁਰਦੇ ਹਨ।

---

੧. 'ਗੁਰ ਸਾਖੀ ਪ੍ਰਮਾਣ' ਵਿਚ ਦੁਆਦਸ ਸਿਲਾ ਦੇ ਸਿਰਲੇਖ ਵਿਚ ਇਹ ਪ੍ਰਸੰਗ ਵੇਖੋ।

੨. ਕਿਤੇ ਕਿਤੇ ਪਾਠ 'ਦਿੜਵੈ' ਹੁੰਦਾ ਹੈ, ਪਰ ਅਰਥ ਇਹੀ ਹੈ।

੩. ਮਹਾਭਾਰਤ ਵਿਚ ਲੇਖ ਹੈ, ਕਿ ਅੰਨ੍ਹੇ ਦੀਰਘਾਤਮਾ ਰਿਖੀ ਨੇ ਰਾਜਾ ਬਲਿ ਦੀ ਇਸਤਰੀ ਸੁਦੇਖਣਾ ਦੇ ਉਦਰ ਤੋਂ ਅੰਗ ਵੰਗ ਤੇ ਕਲਿੰਗ ਆਦਿ ਪੁੱਤਰ ਪੈਦਾ ਕੀਤੇ, ਉਹਨਾਂ ਦੇ ਨਾਮ ਤੋਂ ਦੇਸਾਂ ਦੇ ਨਾਮ ਬਣ ਗਏ।

ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ
ਬੰਗ ਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ ॥

ਪਦ ਅਰਥ : ਰੋਹ= ਰੁਹੇਲ ਖੰਡ ਯੂ.ਪੀ. ਦਾ ਇਲਾਕਾ, ਜਿਸ ਵਿਚ ਬਦਾਊਂ, ਬਿਜਨੌਰ ਅਤੇ ਬਰੇਲੀ ਦੇ ਜ਼ਿਲੇ ਹਨ। ਇਸ ਦੇ ਉਤਰ ਹਿਮਾਲਯ, ਦੱਖਣ ਗੰਗਾ ਅਤੇ ਪੂਰਬ ਵਲ ਅਵਧ ਹੈ, ਰੋਹੂ ਪਹਾੜ ਦੇ ਵਸਨੀਕ ਇਸ ਵਿਚ ਆ ਕੇ ਆਬਾਦ ਹੋਏ, ਇਸ ਕਰ ਕੇ ਇਸ ਦਾ ਨਾਮ ਰੁਹੇਲ ਖੰਡ ਹੋਯਾ। ਰੁਹੇਲੇ= ਰੋਹੂ ਪਹਾੜ ਦੇ ਵਸਨੀਕ, ਜਿਨ੍ਹਾਂ ਦੇ ਨਾਮ ਤੋਂ ਇਲਾਕੇ ਦਾ ਨਾਮ ਰੁਹੇਲ ਖੰਡ ਹੋਯਾ ਹੈ। ਮਾਘ ਦੇਸ= ਮਾਗਧ ਦੇਸ਼ ਦੇ। ਬੀਰ= ਬਹਾਦਰ ਯੋਧੇ ਸੂਰਬੀਰ। ਬੰਗਸੀ= ਬੰਗਸ ਦੇਸ ਦਾ ਵਸਨੀਕ ਕਰਮ ਅਤੇ ਕੁਹਾਟ ਦੇ ਇਲਾਕੇ ਦਾ ਨਾਮ ਬੰਗਸ ਹੈ। (੨) ਪਠਾਣਾਂ ਦੀ ਜਾਤਿ ਬੰਗਸ ਹੈ, ਜਿਸ ਤੋਂ ਇਲਾਕੇ ਦਾ ਨਾਮ ਪ੍ਰਸਿਧ ਹੋ ਗਿਆ ਹੈ। ਬੁੰਦੇਲੇ*= ਬੁੰਦੇਲ ਖੰਡ ਦਾ ਵਸਨੀਕ, ਭਾਰਤ ਦਾ ਇਕ ਉਤਰੀ ਇਲਾਕਾ ਜੋ ਜਮਨਾ ਅਤੇ ਚੰਬਲ ਦਰਿਆ ਦੇ ਵਿਚਾਲੇ ਹੈ, ਇਸ ਵਿਚ ਪੰਜ ਜ਼ਿਲੇ ਅੰਗਰੇਜ਼ੀ ਤੇ ੩੨ ਦੇਸੀ ਰਿਆਸਤਾਂ ਹਨ।

ਅਰਥ : ਰੋਹੂ ਪਹਾੜ ਦੇ ਰੁਹੇਲੇ ਮਾਗਧ ਦੇਸ਼ ਦੇ ਮਘੇਲੇ, (ਬੰਗਸ ਦੇਸ ਦੇ) ਸੂਰਬੀਰ ਬੰਗਸ (ਅਤੇ) ਬੁੰਦੇਲ ਖੰਡ ਦੇ ਬੁੰਦੇਲੇ ਤੇਰੇ ਨਾਮ ਨੂੰ ਜਪ ਕੇ ਹੀ ਸਾਰੇ ਪਾਪਾਂ ਨੂੰ ਨਾਸ ਕਰ ਰਹੇ ਹਨ।

ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਜਾਵੈ
ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ ॥

ਪਦ ਅਰਥ : ਗੋਖਾ= ਗੋਰਖਾ ਦੇਸ਼, ਇਹ ਨੇਪਾਲ ਰਾਜ ਦਾ ਇਲਾਕਾ ਹੈ, ਗੋਰਖੇ ਸਿਪਾਹੀ ਇਸੇ ਇਲਾਕੇ ਦੇ ਹੁੰਦੇ ਹਨ। ਚੀਨ= ਏਸ਼ੀਆ ਦਾ ਪ੍ਰਸਿੱਧ ਦੇਸ਼। ਜੋ ਭਾਰਤ ਤੋਂ ਉਤਰ ਹਿਮਾਲੇ ਤੋਂ ਪਰੇ ਹੈ, ਇਹ ਦੇਸ਼ ੧੮ ਵੱਡੇ ਇਲਾਕਿਆਂ ਵਿਚ ਵੰਡਿਆ ਹੋਇਆ ਹੈ, ਇਸ ਦੇਸ ਦੇ ਲੋਕ ਬਹੁਤ ਕਰਕੇ ਬੁੱਧ ਮੱਤ ਦੇ ਹਨ, ਇਸ ਦੀ ਰਾਜਧਾਨੀ ਦਾ ਨਾਮ ਪੇਕਨ ਹੈ। ਮਚੀਨ= ਚੀਨ ਦੇ ਨਾਲ ਲਗਦਾ ਇਲਾਕਾ, ਮਾਨਚੀਆਂ। ਤਿੱਬਤੀ= ਤਿੱਬਤ ਦੇਸ਼ ਦਾ ਵਸਨੀਕ। ਤਿੱਬਤ ਦੇਸ਼ ਭਾਰਤ ਤੋਂ ਉੱਤਰ ਵਲ ਇਕ ਪਹਾੜੀ ਸਰਦ ਦੇਸ਼ ਹੈ, ਇਸ ਦੇ ਉੱਤਰ ਤੇ ਪੂਰਬ ਵਲ ਚੀਨ, ਦੱਖਣ ਵਲ ਨੇਪਾਲ ਭੁਟਾਨ ਤੇ ਹਿਮਾਲੇ ਦੇ ਪਹਾੜੀ ਇਲਾਕੇ ਅਤੇ ਪੱਛਮ ਵਲ ਕਸ਼ਮੀਰ ਹੈ। ਇਹ ਚੀਨ ਰਾਜ ਦੇ ਅਧੀਨ ਹੈ, ਇਸ ਦੇਸ ਦਾ ਹਾਕਮ 'ਦਲਾਈ ਲਾਮਾ' ਤੇ ਰਾਜਾ ਚੀਨੀ ਲਾਂਹਸਾ ਹੈ। ਇਥੋਂ ਦੇ ਲੋਕ ਵੀ ਬੋਧੀ ਹਨ। ਚੀਨੀ ਲੋਕ ਇਸ ਨੂੰ ਦੁਨੀਆਂ ਦੀ ਛੱਤ (ਰੂਫ ਔਫ ਦੀ ਵਰਲਡ) ਆਖਦੇ ਹਨ ਕਿਉਂਕਿ ਇਹ ਦੇਸ਼ ਸਾਰੀ ਦੁਨੀਆਂ ਤੋਂ ਉੱਚਾ ਹੈ।

ਅਰਥ : ਗੋਰਖੇ (ਤੇਰੇ) ਗੁਣ ਗਾਉਂਦੇ ਹਨ, ਚੀਨ ਤੇ ਮਾਨਚੀਆਂ ਦੇ (ਤੈਨੂੰ) ਸਿਰ ਨਿਵਾਂਦੇ ਹਨ, ਤਿੱਬਤ ਦੇ ਲੋਕ ਵੀ ਤੈਨੂੰ ਯਾਦ ਕਰਕੇ ਦੇਹ ਦੇ ਦੁੱਖਾਂ ਨੂੰ ਨਾਸ ਕਰਦੇ ਹਨ।

ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ

** ਬੁੰਦੇਲਾ ਇਕ ਰਾਜਪੂਤ ਜਾਤਿ ਵੀ ਹੈ, ਇਸ ਜਾਤੀ ਦੇ ਲੋਕ ਕਿਹਾ ਕਰਦੇ ਹਨ, ਕਿ ਇਕ ਪ੍ਰਤਾਪੀ ਧਰਮਾਤਮਾ ਰਾਜਪੂਤ ਨੇ ਵਿੰਧਯ ਵਾਸਿਨੀ ਦੇਵੀ ਅੱਗੇ ਆਪਣੇ ਆਪ ਨੂੰ ਬਲੀਦਾਨ ਕੀਤਾ, ਦੇਵੀ ਦੇ ਵਰਦਾਨ ਨਾਲ ਉਸ ਦੀ ਲਹੂ ਦੀ ਬੂੰਦ ਤੋਂ ਇਕ ਤੇਜਸ੍ਵ ਪੁਰਖ ਪੈਦਾ ਹੋਇਆ ਜਿਸ ਦਾ ਨਾਮ ਬੁੰਦੇਲਾ ਸੀ, ਉਸ ਦੀ ਵੰਸ ਦੇ ਬੁੰਦੇਲਾ ਰਾਜਪੂਤ ਹਨ।*

ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ ॥੩॥੨੫੫॥

ਅਰਥ : ਜਿਸ ਨੇ ਤੈਨੂੰ ਜਪਿਆ ਹੈ, ਉਸ ਨੇ ਪੂਰਾ ਪ੍ਰਤਾਪ ਪਾ ਲਿਆ ਹੈ, (ਉਸ ਦਾ) ਘਰ ਸਾਰੇ ਫਲਾਂ ਤੇ ਧਨ ਨਾਲ ਸਫਲ ਹੋ ਜਾਂਦਾ ਹੈ ॥੩॥੨੫੫॥

ਦੇਵ ਦੇਵਤਾਨ ਕੌ ਸੁਰੇਸ ਦਾਨਵਾਨ ਕੌ
ਮਹੇਸ ਗੰਗ ਧਾਨ ਕੌ ਅਭੇਸ ਕਹੀਅਤੁ ਹੈਂ ॥

ਪਦ ਅਰਥ : ਦੇਵਤਾਨ= ਬ੍ਰਹਸਪਤਿ। ਸੁਰੇਸ= ਇੰਦਰ। ਮਹੇਸ= ਸ਼ਿਵ। ਧਾਨ= ਧਾਰਨ।

ਅਰਥ : ਜੋ ਦੇਵਤਿਆਂ ਨੂੰ ਸਿਖਿਆ ਦੇਣ ਲਈ ਬ੍ਰਹਸਪਤਿ ਦਾਨਵਾਂ ਨੂੰ ਮਾਰਨ ਲਈ ਇੰਦ੍ਰਜ ਅਤੇ ਗੰਗਾ ਨੂੰ ਧਾਰਨ ਲਈ ਸ਼ਿਵਜੀ ਹੋ ਰਿਹਾ ਹੈ, ਪਰ ਉਸ ਨੂੰ 'ਅਭੇਸ' ਹੀ ਕਹੀਦਾ ਹੈ।

ਰੰਗ ਮੈਂ ਰੰਗੀਨ ਰਾਗ ਰੂਪ ਮੈਂ ਪ੍ਰਬੀਨ
ਔਰ ਕਾਹੂ ਪੈ ਨ ਦੀਨ ਸਾਧ ਅਧੀਨ ਕਹੀਅਤ ਹੈਂ ॥

ਅਰਥ : ਜੋ ਰੰਗ ਵਿਚ ਰੰਗ ਵਾਲਾ ਹੈ, ਰਾਗ ਰੂਪ ਵਿਚ ਚਤਰ ਹੈ, ਹੋਰ ਕਿਸੇ ਅਗੇ ਦੀਨ ਨਹੀਂ ਹੁੰਦਾ, ਕੇਵਲ ਸੰਤਾਂ ਦੇ ਵੱਸ ਵਿਚ ਕਹੀਦਾ ਹੈ।

ਪਾਈਐ ਨ ਪਾਰ ਤੇਜ ਪੁੰਜ ਮੈਂ ਅਪਾਰ
ਸਰਬ ਬਿਦਿਆ ਕੇ ਉਦਾਰ ਹੈਂ ਅਪਾਰ ਕਹੀਅਤੁ ਹੈਂ ॥

ਅਰਥ : ਜਿਸ ਦਾ ਪਾਰ ਨਹੀਂ ਪਾਈਦਾ ਜੋ ਅਪਾਰ ਤੇਜ ਪੁੰਜ [ਮੈ] ਰੂਪ ਹੈ, ਸਾਰੀਆਂ ਵਿਦਿਆ ਦੇ ਦੇਣ ਵਾਲਾ ਹੈ, ਅਤੇ ਅਪਾਰ ਕਿਹਾ ਜਾਂਦਾ ਹੈ।

ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ
ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈਂ ॥੪॥੨੫੬॥

ਅਰਥ : ਉਸ ਨੂੰ ਹਾਥੀ ਦੀ ਪੁਕਾਰ ਪਲ ਮਗਰੋਂ ਪਹੁੰਚਦੀ ਹੈ, ਪਰ ਕੀੜੀ ਦਾ [ਚਿੰਘਾਰ] ਰੋਣਾ ਪਹਿਲਾਂ ਹੀ ਸੁਣ ਲੈਂਦਾ ਹੈ ॥੪॥੨੫੬॥

ਕੇਤੇ ਇੰਦ੍ਰ ਦੁਆਰ ਕੇਤੇ ਬ੍ਰਹਮਾ ਮੁਖ ਚਾਰ
ਕੇਤੇ ਕ੍ਰਿਸਨਾ ਅਵਤਾਰ ਕੇਤੇ ਰਾਮ ਕਹੀਅਤੁ ਹੈਂ ॥

ਅਰਥ : (ਉਸ ਦੇ) ਦਰ ਉਤੇ ਕਿੰਨੇ ਹੀ ਇੰਦਰ ਹਨ, ਕਿੰਨੇ ਹੀ ਚਹੁੰ ਮੂੰਹਾਂ ਵਾਲੇ ਬ੍ਰਹਮਾ ਹਨ, ਕਿੰਨੇ ਹੀ ਕ੍ਰਿਸ਼ਨ ਅਵਤਾਰ ਹਨ, ਅਤੇ ਕਿੰਨੇ ਹੀ ਰਾਮ ਅਵਤਾਰ ਕਹੇ ਜਾਂਦੇ ਹਨ।

ਕੇਤੇ ਸਸਿ ਰਾਸੀ ਕੇਤੇ ਸੂਰਜ ਪ੍ਰਕਾਸੀ
ਕੇਤੇ ਮੁੰਡੀਆ ਉਦਾਸੀ ਜੋਗ ਦੁਆਰ ਦਹੀਅਤੁ ਹੈਂ ॥

ਅਰਥ : ਕਿੰਨੇ ਹੀ [ਸਸਿ ਰਾਸੀ] ਚੰਦ੍ਰਮਾ ਤੇ ਰਾਸੀਆਂ ਹਨ, ਕਿੰਨੇ ਹੀ ਚਾਨਣ ਕਰਨ ਵਾਲੇ ਸੂਰਜ

ਹਨ, ਕਿੰਨੇ ਹੀ [ਮੂੰਡੀਆ] ਸੰਨਿਆਸੀ ਤੇ ਕਿੰਨੇ ਹੀ ਉਦਾਸੀ ਹਨ ਅਤੇ ਕਿੰਨੇ ਹੀ ਜੋਗੀ ਜੋਗ ਦੁਆਰੇ ਆਪਣੀ ਦੇਹ ਨੂੰ ਸਾੜ ਰਹੇ ਹਨ।

ਕੇਤੇ ਮਹਾਦੀਨ ਕੇਤੇ ਬਿਆਸ ਸੇ ਪ੍ਰਬੀਨ
ਕੇਤੇ ਕੁਮੇਰ ਕੁਲੀਨ ਕੇਤੇ ਜਛ ਕਹੀਅਤੁ ਹੈਂ ॥

ਅਰਥ : ਕਿੰਨੇ ਹੀ [ਮਹਾਂਦੀਨ] ਮੁਹੰਮਦ ਹਨ, ਕਿੰਨੇ ਹੀ ਬਿਆਸ ਵਰਗੇ ਪੰਡਿਤ ਹਨ, ਕਿੰਨੇ ਹੀ ਕੁਬੇਰ ਤੇ ਕਿੰਨੇ ਹੀ ਉੱਚੀ ਕੁਲ ਵਾਲੇ ਤੇ ਕਿੰਨੇ ਹੀ ਜੱਛ ਕਹੇ ਜਾਂਦੇ ਹਨ।

ਕਰਤ ਹੈਂ ਬਿਚਾਰ ਪੈ ਨ ਪੂਰਨ ਕੋ ਪਾਵੈ ਪਾਰ
ਤਾਹੀ ਤੇ ਅਪਾਰ ਨਿਰਾਧਾਰ ਲਹੀਅਤੁ ਹੈਂ ॥੫॥੨੫੭॥

ਅਰਥ : ਇਹ ਸਾਰੇ ਉਸ ਦਾ ਵਿਚਾਰ ਕਰਦੇ ਹਨ ਪਰ ਉਸ ਪੂਰਨ ਦੇ ਪਾਰ ਨੂੰ ਕੋਈ ਨਹੀਂ ਪਾ ਸਕਦੇ, ਇਸ ਲਈ ਤਾਂ ਉਸ ਨੂੰ ਅਪਾਰ ਤੇ ਆਸ ਤੋਂ ਬਿਨਾਂ ਜਾਣਿਆ ਜਾਂਦਾ ਹੈ ॥੫॥੨੫੭॥

ਪੂਰਨ ਅਵਤਾਰ ਨਿਰਾਧਾਰ ਹੈ ਨ ਪਾਰਾਵਾਰ
ਪਾਈਐ ਨ ਪਾਰ ਪੈ ਅਪਾਰ ਕੈ ਬਖਾਨੀਐ ॥

ਅਰਥ : [ਅਵਤਾਰ*] ਸ੍ਰਿਸ਼ਟੀ ਵਿਚ ਪੂਰਨ ਹੈ, ਆਸਰੇ ਤੋਂ ਬਿਨਾਂ ਹੈ, ਉਸ ਦਾ ਪਾਰ ਉਰਾਰ ਨਹੀਂ ਮਿਲਦਾ ਅਤੇ ਨਾ ਕੋਈ ਉਸ ਦਾ ਪਾਰ ਕਿਨਾਰਾ ਹੈ, [ਪੈ] ਇਸ ਕਰਕੇ ਉਸ ਨੂੰ ਅਪਾਰ ਕਰ ਕੇ ਕਹੀਦਾ ਹੈ।

ਅਦ੍ਵੈ ਅਬਿਨਾਸੀ ਪਰਮ ਪੂਰਨ ਪ੍ਰਕਾਸੀ
ਮਹਾ ਰੂਪ ਹੂੰ ਕੇ ਰਾਸੀ ਹੈਂ ਅਨਾਸੀ ਕੈ ਕੈ ਮਾਨੀਐ ॥

ਅਰਥ : ਦ੍ਵੈਤ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈ, ਵੱਡੇ ਪੂਰਨ ਪ੍ਰਕਾਸ਼ ਕਰਨ ਵਾਲਾ ਹੈ, ਪਵਿਤ੍ਰ ਰੂਪ ਦੀ [ਰਾਸੀ] ਖਾਣੀ ਹੈ, [ਅਨ+ਆਸੀ] ਇੱਛਾ ਤੋਂ ਰਹਿਤ ਕਰ ਕੇ ਮੰਨਿਆ ਜਾਂਦਾ ਹੈ।

ਜੰਤ੍ਰ ਹੂੰ ਨ ਜਾਤ ਜਾ ਕੀ ਬਾਪ ਹੂੰ ਨ ਮਾਇ ਤਾ ਕੀ
ਪੂਰਨ ਪ੍ਰਭਾ ਕੀ ਸੁ ਛਟਾ ਕੈ ਅਨੁਮਾਨੀਐ ॥

ਅਰਥ : ਜਿਸ ਦੀ [ਜੰਤ੍ਰ] ਦੇਹ ਤੇ ਜਾਤ ਨਹੀਂ ਹੈ, ਬਾਪ ਤੇ ਮਾਂ ਵੀ ਉਸ ਦੀ ਨਹੀਂ ਹੈ, ਉਸ ਨੂੰ ਪੂਰਨ [ਪ੍ਰਭਾ] ਸੁੰਦਰਤਾਈ ਦੀ [ਛਟਾ] ਬਿਜਲੀ [ਅਨੁਮਾਨੀਐ] ਅਨੁਮਾਨ ਕੀਤਾ ਜਾ ਸਕਦਾ ਹੈ।

ਤੇਜ ਹੂੰ ਕੋ ਤੰਤ੍ਰ ਹੈਂ ਕਿ ਰਾਜਸੀ ਕੋ ਜੰਤ੍ਰ ਹੈਂ
ਕਿ ਮੋਹਨੀ ਕੋ ਮੰਤ੍ਰ ਹੈਂ ਨਿਜੰਤ੍ਰ ਕੈ ਕੈ ਜਾਨੀਐ ॥੬॥੨੫੮॥

ਅਰਥ : ਤੇਜ ਦਾ [ਤੰਤ੍ਰ] ਘਰ ਹੈ, ਜਾਂ ਰਾਜਸੀ ਕੰਮਾਂ ਦੀ [ਜੰਤ੍ਰ] ਮਸ਼ੀਨ ਹੈ, ਜਾਂ ਮੋਹਨ ਸ਼ਕਤਾ

**ਹਿੰਦੀ, ਅਵਤਾਰ= ਸ੍ਰਿਸ੍ਰਿ। ਵੇਖੋ ਹਿੰਦੀ ਸ਼ਬਦ ਸਾਗਰ, ਸਫਾ ੧੭੪।*

ਦਾ ਮੰਤ੍ਰ ਹੈ, ਜਾਂ [ਨਿਜੰਤ੍ਰ] ਪ੍ਰੇਰਕ ਕਰ ਕੇ ਜਾਣਿਆ ਜਾਂਦਾ ਹੈ ॥੬॥੨੫੮॥

ਤੇਜ ਹੂੰ ਕੋ ਤਰੁ ਹੈਂ ਕਿ ਰਾਜਸੀ ਕੋ ਸਰੁ ਹੈਂ
ਕਿ ਸੁੱਧਤਾ ਕੋ ਘਰੁ ਹੈਂ ਕਿ ਸਿੱਧਤਾ ਕੀ ਸਾਰ ਹੈਂ ॥

ਅਰਥ : ਤੇਜ ਦਾ ਤਰੋਵਰ ਹੈਂ ? ਜਾਂ ਰਾਜ ਸ੍ਰੀ (ਰਾਜ ਲਛਮੀ) ਦਾ ਸਰੋਵਰ ਹੈਂ ? ਜਾਂ ਸੁਧਤਾ ਦਾ ਘਰ ਹੈਂ ? ਜਾਂ ਸਿਧਤਾ (ਮੁਕਤੀ) ਦਾ (ਸਾਰ)* ਬੱਦਲ ਹੈਂ ? ਭਾਵ ਜਿਵੇਂ ਬੱਦਲ ਤੋਂ ਪਾਣੀ ਮਿਲਦਾ ਹੈ, ਤਿਵੇਂ ਤੇਰੇ ਪਾਸੋਂ ਮੁਕਤੀ ਮਿਲਦੀ ਹੈ।

ਕਾਮਨਾ ਕੀ ਖਾਨ ਹੈਂ ਕਿ ਸਾਧਨਾ ਕੀ ਸਾਨ ਹੈਂ
ਬਿਰਕਤਤਾ ਕੀ ਬਾਨ ਹੈਂ ਕਿ ਬੁੱਧਿ ਕੋ ਉਦਾਰੁ ਹੈਂ ॥

ਅਰਥ : ਕਾਮਨਾ (ਪੂਰਨ ਕਰਨ) ਦੀ ਖਾਨ ਹੈਂ ? ਜਾਂ ਸਾਧਨਾ ਦੀ [ਸਾਨ] ਸੋਭਾ ਹੈਂ ? ਜਾਂ ਵਿਰਕਤਤਾ ਦੀ ਆਦਤ ਹੈਂ। ਜਾਂ ਬੁਧ ਦਾ [ਉਦਾਰੁ] ਦਲੇਰ ਜੋਧਾ ਹੈਂ।

ਸੁੰਦਰ ਸਰੂਪ ਹੈਂ ਕਿ ਭੂਪਨ ਕੋ ਭੂਪ ਹੈਂ
ਕਿ ਰੂਪ ਹੂੰ ਕੋ ਰੂਪ ਹੈਂ ਕੁਮਤਿ ਕੋ ਪ੍ਰਹਾਰੁ ਹੈਂ ॥

ਅਰਥ : ਸੁੰਦਰ ਸਰੂਪ ਵਾਲਾ ਹੈਂ! ਜਾਂ ਰਾਜਿਆਂ ਦਾ ਰਾਜਾ ਹੈਂ ! ਜਾਂ ਰੂਪ ਦਾ ਵੀ ਰੂਪ ਹੈਂ ! ਜਾਂ ਕੁਮਤਿ ਨੂੰ ਮਾਰਨ ਵਾਲਾ ਹੈਂ।

ਦੀਨਨ ਕੋ ਦਾਤਾ ਹੈਂ ਗਨੀਮਨ ਕੋ ਗਾਰਕ ਹੈਂ
ਸਾਧਨ ਕੋ ਰੱਛਕ ਹੈਂ ਗੁਨਨ ਕੋ ਪਹਾਰੁ ਹੈਂ ॥੭॥੨੫੯॥

ਅਰਥ : ਗ਼ਰੀਬਾਂ ਨੂੰ ਦੇਣ ਵਾਲਾ ਹੈਂ ਜਾਂ [ਗਨੀਮਨ] ਵੈਰੀਆਂ ਨੂੰ [ਗਾਰਕ] ਗਰਕ ਕਰਨ ਵਾਲਾ ਹੈਂ ? ਜਾਂ ਗੁਣਾਂ ਦਾ ਪਹਾੜ ਹੈਂ ॥੭॥੨੫੯॥

ਸਿੱਧ ਕੋ ਸਰੂਪ ਹੈਂ ਕਿ ਬੁਧਿ ਕੋ ਬਿਭੂਤਿ ਹੈਂ
ਕਿ ਕ੍ਰੁਧ ਕੋ ਅਭੂਤ ਹੈਂ ਕਿ ਅੱਛੈ ਅਬਿਨਾਸੀ ਹੈਂ॥

ਅਰਥ : ਮੁਕਤੀ ਦਾ [ਸਰੂਪ] ਨਿਜ ਰੂਪ ਹੈਂ ! ਜਾਂ ਬੁਧ ਨੂੰ ਸੰਪਦਾ ਹੈਂ। ਜਾਂ ਕ੍ਰੋਧ ਨੂੰ [ਅਭੂਤ] ਵਿਨਾਸ਼ ਕਰਨ ਵਾਲਾ ਹੈਂ। ਜਾਂ [ਅੱਛੈ] ਸਦਾ ਹੀ ਨਾਸ ਰਹਿਤ ਹੈਂ।

ਕਾਮ ਕੋ ਕੁਨਿੰਦਾ ਹੈਂ ਕਿ ਖੂਬੀ ਕੋ ਦਹਿੰਦਾ ਹੈਂ
ਗਨੀਮ ਕੋ ਗਰਿੰਦਾ ਹੈਂ ਕਿ ਤੇਜ ਕੋ ਪ੍ਰਕਾਸੀ ਹੈਂ ॥

ਅਰਥ : ਕੰਮ ਨੂੰ ਕਰਨ ਵਾਲਾ ਹੈਂ ! ਜਾਂ [ਖੂਬੀ] ਨੇਕੀ ਨੂੰ ਦੇਣ ਵਾਲਾ ਹੈਂ ! ਵੈਰੀਆਂ ਨੂੰ [ਗਰਿੰਦਾ] ਗਾਰਤ ਕਰਨ ਵਾਲਾ ਹੈਂ ! ਜਾਂ ਤੇਜ (ਅੱਗ) ਨੂੰ ਰੌਸ਼ਨ ਕਰਨ ਵਾਲਾ ਹੈਂ!

** ਵੇਖੋ ਮਹਾਨ ਕੋਸ਼, ਸਫ਼ਾ ੧੮੦੮। ਵੇਖੋ ਮਹਾਨ ਕੋਸ਼ ਸਫ਼ਾ ੫੪੪।*

ਕਾਲ ਹੂੰ ਕੋ ਕਾਲ ਹੈਂ ਕਿ ਸਤ੍ਰੁਨ ਕੋ ਸਾਲ ਹੈਂ
ਕਿ ਮਿਤ੍ਰਨ ਕੋ ਪੋਖਤ ਹੈਂ ਕਿ ਬ੍ਰਿਧਤਾ ਕੋ ਬਾਸੀ ਹੈਂ ॥

ਅਰਥ : ਕਾਲ ਨੂੰ [ਕਾਲ] ਨਾਸ ਕਰਨ ਵਾਲਾ ਹੈਂ ! ਸਤ੍ਰੂਆਂ ਨੂੰ [ਸਾਲ] ਸੱਲ (ਦੁੱਖ) ਦੇਣ ਵਾਲਾ ਹੈ। ਜਾਂ ਮਿੱਤ੍ਰਾਂ ਨੂੰ ਪਾਲਨ ਵਾਲਾ ਹੈਂ ਜਾਂ ਵਡਿਆਈ ਨੂੰ ਵੱਸ ਕਰਨ ਵਾਲਾ ਹੈਂ।

ਜੋਗ ਹੂੰ ਕੇ ਜੰਤ੍ਰ ਹੈਂ ਕਿ ਤੇਜ ਹੂੰ ਕੋ ਤੰਤ੍ਰ ਹੈਂ
ਕਿ ਮੋਹਨੀ ਕੋ ਮੰਤ੍ਰ ਹੈਂ ਕਿ ਪੂਰਨ ਪ੍ਰਕਾਸੀ ਹੈਂ ॥੮॥੨੬੦॥

ਅਰਥ : ਜੋਗ (ਵਸ ਨੂੰ ਕਰਨ ਦਾ) ਜੰਤ੍ਰ ਹੈਂ ! ਜਾਂ ਤੇਜ ਨੂੰ (ਵਸ ਕਰਨ ਦਾ) ਤੰਤ੍ਰ ਹੈਂ ! ਜਾਂ ਸਭ ਨੂੰ ਮੋਹ ਲੈਣ ਦਾ ਮੰਤ੍ਰ ਹੈਂ ! ਜਾਂ ਪੂਰਨ ਪ੍ਰਕਾਸ਼ ਹੈਂ ॥੮॥੨੬੦॥

ਰੂਪ ਕੋ ਨਿਵਾਸ ਹੈਂ ਕਿ ਬੁੱਧਿ ਕੋ ਪ੍ਰਕਾਸ ਹੈਂ
ਕਿ ਸਿੱਧਤਾ ਕੋ ਬਾਸ ਹੈਂ ਕਿ ਬੁੱਧਿ ਹੂੰ ਕੋ ਘਰੁ ਹੈਂ ॥

ਅਰਥ : ਰੂਪ ਦਾ ਨਿਵਾਸ ਘਰ ਹੈਂ ਜਾਂ ਬੁਧੀ ਨੂੰ ਰੌਸ਼ਨ ਕਰਨ ਵਾਲਾ ਹੈਂ ਜਾਂ ਮੁਕਤੀ ਦਾ [ਬਾਸ] ਘਰ ਹੈਂ ਜਾਂ ਬੁਧਿ ਦਾ ਟਿਕਾਣਾ ਹੈਂ।

ਦੇਵਨ ਕੋ ਦੇਵ ਹੈਂ ਨਿਰੰਜਨ ਅਭੇਵ ਹੈਂ
ਅਦੇਵਨ ਕੋ ਦੇਵ ਹੈਂ ਕਿ ਸੁੱਧਤਾ ਕੋ ਸਰੁ ਹੈਂ ॥

ਅਰਥ : ਦੇਵਤਿਆਂ ਦਾ ਦੇਵਤਾ ਹੈਂ ਜਾਂ ਮਾਇਆ ਤੋਂ ਬਿਨਾਂ ਤੇ ਭੇਦ ਤੋਂ ਰਹਿਤ ਹੈਂ ! ਜਾਂ ਦੈਂਤਾਂ ਨੂੰ ਦੇਵ ਪ੍ਰਕਾਸ਼ਨ ਵਾਲਾ ਹੈਂ ! ਜਾਂ ਸੁਧਤਾਈ ਦਾ ਸਰੋਵਰ ਹੈਂ !

ਜਾਨ ਕੋ ਬਚੱਯਾ ਹੈਂ ਇਮਾਨ ਕੋ ਦਿਵੱਯਾ ਹੈਂ
ਜਮ ਜਾਲ ਕੋ ਕਟੱਯਾ ਹੈਂ ਕਿ ਕਾਮਨਾ ਕੋ ਕਰੁ ਹੈਂ ॥

ਅਰਥ : ਜਾਨ ਨੂੰ ਬਚਾਉਣ ਵਾਲਾ ਹੈਂ ! ਜਾਂ ਧਰਮ ਨੂੰ ਦੇਣ ਵਾਲਾ ਹੈਂ ! ਜਾਂ ਜੰਮਣ ਮਰਨ ਨੂੰ ਕੱਟਣ ਵਾਲਾ ਹੈਂ ! ਜਾਂ ਕਾਮਨਾ ਨੂੰ [ਕਰੁ] ਡੰਡ ਹੈਂ।

ਤੇਜ ਕੋ ਪ੍ਰਚੰਡ ਹੈਂ ਅਖੰਡਣ ਕੋ ਖੰਡ ਹੈਂ
ਮਹੀਪਨ ਕੋ ਮੰਡ ਹੈਂ ਕਿ ਇਸਤ੍ਰੀ ਹੈਂ ਨ ਨਰੁ ਹੈਂ ॥੯॥੨੬੧॥

ਅਰਥ : ਤੇਜ ਵਾਲਿਆਂ ਨੂੰ ਤਿਖਾ ਤੇਜ ਹੈਂ ! ਜਾਂ ਨਾ ਖੰਡਣ (ਹੋਣ ਵਾਲਿਆਂ) ਨੂੰ ਖੰਡ ਕਰਨ ਵਾਲਾ ਹੈਂ ਜਾਂ ਰਾਜਿਆਂ ਨੂੰ [ਮੰਡ] ਕਾਇਮ ਕਰਨ ਵਾਲਾ ਹੈਂ ? ਨਾ ਤੂੰ ਇਸਤਰੀ ਹੈਂ ਨਾਂ ਪੁਰਸ਼ ਹੈਂ ॥੯॥੨੬੧॥

ਬਿਸ੍ਵ ਕੋ ਭਰਨ ਹੈਂ ਕਿ ਅਪਦਾ ਕੋ ਹਰਨ ਹੈਂ
ਕਿ ਸੁਖ ਕੋ ਕਰਨ ਹੈਂ ਕਿ ਤੇਜ ਕੋ ਪ੍ਰਕਾਸ਼ ਹੈਂ ॥

ਅਰਥ : ਦੁਨੀਆਂ ਨੂੰ ਭਰਨ ਵਾਲਾ ਹੈਂ ? ਜਾਂ ਬਿਪਤਾ ਨੂੰ ਹਰਨ ਵਾਲਾ ਹੈਂ ? ਜਾਂ ਸੁਖ ਨੂੰ ਕਰਨ

ਵਾਲਾ ਹੈਂ ਜਾਂ [ਤੇਜ] ਅੱਗ ਨੂੰ ਰੋਸ਼ਨ ਕਰਨ ਵਾਲਾ ਹੈਂ ।

ਪਾਈਐ ਨ ਪਾਰ ਪਾਰਾਵਾਰ ਹੂੰ ਕੋ ਪਾਰ ਜਾਂ ਕੋ
ਕੀਜਤ ਬਿਚਾਰ ਸੁਬਿਚਾਰ ਕੋ ਨਿਵਾਸ ਹੈਂ ॥

ਅਰਥ : ਜਿਸ ਦੇ (ਪਾਰ+ਅਵਾਰ) ਪਾਰ ਉਰਾਰ ਦੇ [ਪਾਰ] ਕੰਢੇ ਦਾ [ਪਾਰ] ਪਤਾ ਨਹੀਂ ਪਾਈਦਾ । ਵੀਚਾਰ ਕਰੀਏ ਤਾਂ ਪਤਾ ਲਗਦਾ ਹੈ, ਜੋ ਉਹ ਵਿਚਾਰ ਦਾ [ਨਿਵਾਸ] ਘਰ ਹੈ ।

ਹਿੰਗੁਲਾ ਹਿਮਾਲੈ ਗਾਵੈ ਹਬਸੀ ਹਲੱਬੀ ਧਿਆਵੈ
ਪੂਰਬੀ ਨ ਪਾਰ ਪਾਵੈ ਆਸਾ ਤੇ ਅਨਾਸ ਹੈਂ ॥

ਪਦ ਅਰਥ : ਹਬਸੀ= ਹਬਸ਼ ਦੇਸ਼ ਦਾ ਵਸਨੀਕ । ਅਫ਼ਰੀਕਾ ਦੇਸ਼ ਦੇ ਅੰਤਰਗਤ ਇਕ ਦੇਸ਼ 'ਹਬਸ਼' ਹੈ । ਅੰਗਰੇਜ਼ੀ ਵਿਚ ਉਸ ਦਾ ਨਾਮ ਐਬੇਸੀਨੀਆ ਹੈ । ਹਲੱਬੀ= ਹਲਬ ਸ਼ਹਿਰ ਦੇ ਰਹਿਣ ਵਾਲਾ । ਸ਼ਾਮ ਦੇਸ਼ ਵਿਚ ਇਕ ਮਸ਼ਹੂਰ ਸ਼ਹਿਰ ਹੈ, ਇਸ ਦੇ ਆਸੇ ਪਾਸੇ ਦੇ ਇਲਾਕੇ ਦਾ ਨਾਮ ਵੀ 'ਹਲਬ' ਹੈ ।

ਅਰਥ : ਹਿੰਗਲਾ, ਤੇ ਹਿਮਾਲਯ (ਪਹਾੜ) ਵੀ ਤੈਨੂੰ ਗਾਉਂਦੇ ਹਨ, ਹਬਸ਼ੀ ਤੇ ਹਲੱਬੀ (ਵੀ ਤੈਨੂੰ) ਧਿਆਉਂਦੇ ਹਨ, ਪੂਰਬ ਵਾਲਿਆਂ ਨੇ ਵੀ ਤੇਰਾ ਅੰਤ ਨਹੀਂ ਪਾਇਆ ਤੂੰ ਹਰ ਤਰ੍ਹਾਂ ਦੀ ਆਸਾ ਦੀ [ਅਨ+ਆਸ] ਇੱਛਾ ਤੋਂ ਰਹਿਤ ਹੈਂ ।

ਦੇਵਨ ਕੋ ਦੇਵ ਮਹਾਦੇਵ ਹੂੰ ਕੇ ਦੇਵ ਹੈਂ
ਨਿਰੰਜਨ ਅਭੇਵ ਨਾਥ ਅਦ੍ਵੈ ਅਬਿਨਾਸ ਹੈਂ ॥੧੦॥੨੬੨॥

ਅਰਥ : ਦੇਵਤਿਆਂ ਦੇ [ਦੇਵ] ਪੂਜਜ (ਜੋ ਵਿਸ਼ਨਾਦਿਕ) ਵਡੇ ਦੇਵਤੇ ਹਨ, ਤੂੰ ਉਨ੍ਹਾਂ ਦਾ ਵੀ [ਦੇਵ] ਪ੍ਰਕਾਸ਼ਕ ਹੈਂ, ਮਾਇਆ ਤੋਂ ਰਹਿਤ ਤੇ ਭੇਦ ਤੋਂ ਰਹਿਤ ਸਵਾਮੀ ਹੈਂ ਅਤੇ ਦ੍ਵੈਤ ਤੋਂ ਬਿਨਾਂ ਤੇ ਨਾਸ ਤੋਂ ਰਹਿਤ ਹੈਂ ॥੧੦॥੨੬੨॥

ਅੰਜਨ ਬਿਹੀਨ ਹੈਂ ਨਿਰੰਜਨ ਪ੍ਰਬੀਨ ਹੈਂ
ਕਿ ਸੇਵਕ ਅਧੀਨ ਹੈਂ ਕਟੱਯਾ ਜਮ ਜਾਲ ਕੇ ॥

ਅਰਥ : ਮਾਇਆ ਤੋਂ ਬਿਨਾਂ ਹੈਂ । ਨਿਰ-ਅੰਜਨ= ਦੋਸ਼ ਤੋਂ ਰਹਿਤ ਤੇ ਚਤੁਰ ਹੈਂ ? ਜਾਂ ਸੇਵਕ ਦੇ ਵੱਸ ਵਰਤੀ ਹੈਂ ? ਜਾਂ ਜਮਾਂ ਦੇ ਕਟਣ ਵਾਲਾ ਹੈਂ ।

ਦੇਵਨ ਕੇ ਦੇਵ ਮਹਾਦੇਵ ਹੂੰ ਕੇ ਦੇਵਨਾਥ
ਭੂਮ ਕੇ ਭੁਜੱਯਾ ਹੈਂ ਮੁਹੱਯਾ ਮਹਾ ਬਾਲ ਕੇ ॥

ਅਰਥ : ਦੇਵਤਿਆਂ ਦੇ [ਦੇਵ] ਪ੍ਰਕਾਸ਼ਕ ਹੋ, ਵਡੇ ਦੇਵਤਿਆਂ ਦੇ ਵੀ ਪ੍ਰਕਾਸ਼ਕ ਹੋ, ਧਰਤੀ ਦੇ [ਭੁਜੱਯਾ] ਭੋਗਨ ਵਾਲੇ ਸਵਾਮੀ ਹੋ, ਅਤੇ [ਮਹਾ ਬਾਲ] ਮਾਇਆ ਦੇ ਮੋਹਨ ਵਾਲੇ ਹੋ।

ਰਾਜਨ ਕੇ ਰਾਜਾ ਮਹਾ ਸਾਜ ਹੂੰ ਕੇ ਸਾਜਾ
ਮਹਾ ਜੋਗ ਹੂੰ ਕੋ ਜੋਗ ਹੈਂ ਧਰੱਯਾ ਦ੍ਰੁਮ ਛਾਲ ਕੇ ॥

ਅਰਥ : ਰਾਜਿਆਂ ਦੇ ਵਿਚ ਰਾਜੇ ਹੋ, ਵੱਡੇ ਸਾਜਾਂ ਦੇ ਵਿਚ ਸਾਜ ਵਾਲੇ ਹੋ, ਰੋਗੀਆਂ ਦੇ ਵਿਚ ਰੋਗੀ ਹੋ, ਅਤੇ ਤਿਆਗੀਆਂ ਦੇ ਵਿਚ [ਦ੍ਰੁਮ ਛਾਲ] ਦਰਖ਼ਤਾਂ ਦੀ ਛਿੱਲ ਦੇ (ਸਪੱਤਰ) ਦੇ ਪਹਿਰਨ ਵਾਲੇ ਹੋ।

ਕਾਮਨਾ ਕੇ ਕਰੁ ਹੈਂ ਕੁਬੁੱਧਿਤਾ ਕੋ ਹਰੁ ਹੈਂ
ਕਿ ਸਿੱਧਤਾ ਕੇ ਸਾਥੀ ਹੈਂ ਕਿ ਕਾਲ ਹੈਂ ਕੁਚਾਲ ਕੇ ॥੧੧॥੨੬੩॥

ਅਰਥ : ਕਾਮਨਾ ਦੇ (ਪੂਰਨ) ਕਰਨ ਵਾਲਾ ਹੈਂ ਜਾਂ ਬੁਧਿ ਪਨੇ ਨੂੰ ਹਰਨ ਵਾਲਾ ਹੈਂ ? ਜਾਂ ਸਿਧਤਾਈ ਦਾ ਸਾਥੀ ਹੈਂ ? ਜਾਂ ਕੁਚਾਲ ਦੇ ਨਾਸ ਕਰਨ ਵਾਲਾ ਹੈਂ ? ॥੧੧॥੨੬੩॥

ਛੀਰ ਕੈਸੀ ਛੀਰਾਵਧ ਛਾਛ ਕੈਸੀ ਛੱਤ੍ਰਾਨਰੇ
ਛਪਾਕਰ ਕੈਸੀ ਛਬਿ ਕਾਲਿੰਦ੍ਰੀ ਕੇ ਕੂਲ ਕੈ ॥

ਪਦ ਅਰਥ : ਛੀਰ= ਦੁੱਧ। ਛੀਰਾਵਧ= ਖੀਰ ਸਮੁੰਦਰ। ਛਾਛ= ਲੱਸੀ, ਛਾਹ। ਕੈਸੀ= ਜੈਸੀ। ਛੱਤ੍ਰਾਨਰੇ= ਬੁੰਦੇਲ ਖੰਡ ਵਿਚ ਪੰਨੇ ਦੇ ਕੋਲ ਇਕ ਨਗਰ ਹੈ, ਜਿਸ ਦਾ ਨਾਮ ਛਤ੍ਰ ਪੁਰ ਹੈ। ਛਪਾਕਰ= ਚੰਦਰਮਾ। ਕਾਲਿੰਦ੍ਰੀ= ਜਮਨਾ। ਕੂਲ= ਕੰਢੇ।

ਅਰਥ : ਖੀਰ ਸਮੁੰਦਰ ਵਿਚ ਦੁੱਧ ਜੇਹੀ, ਛਤ੍ਰ ਪੁਰ ਵਿਚ ਛਾਛ ਜੇਹੀ ਅਤੇ ਜਮਨਾ ਦੇ ਕੰਢੇ ਉਪਰ ਚੰਦਰਮਾ ਦੀ ਸੁੰਦਰਤਾਈ ਜਿਹੀ।

ਹੰਸਨੀ ਸੀ ਸੀਹਾਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੈਸੀ ਧਾਰ ਚਲੀ ਸਾਤੋ ਸਿੰਧ ਰੂਲ ਕੈ ॥

ਪਦ ਅਰਥ : ਸੀ= ਵਰਗੀ। ਸੀਹਾ= ਗੰਧ, ਸੁਵਾਸ਼ਨਾ। ਰੂਮ= ਇਕ ਪ੍ਰਸਿੱਧ ਦੇਸ। ਹੁਸੈਨਾਬਾਦ= ਗਯਾ ਦੇ ਜ਼ਿਲ੍ਹੇ (ਬਿਹਾਰ) ਵਿਚ ਪ੍ਰਸਿੱਧ ਨਗਰ ਦਾ ਨਾਮ ਹੈ। ਰੂਲ ਕੈ= ਮਿਲਣ।

ਅਰਥ : ਹੰਸਨੀ ਵਰਗੀ ਮਹਿਕ ਰੂਮ ਵਿਚ ਹੈ, ਹੀਰੇ ਵਰਗੀ ਹੁਸੈਨਾਂ ਬਾਦ ਵਿਚ ਹੈ, ਗੰਗਾ ਧਾਰ ਵਾਂਗੂ ਸੱਤਾਂ ਸਮੁੰਦਰਾਂ ਨਾਲ ਮਿਲ ਗਈ ਹੈ।

ਪਾਰਾ ਸੀ ਪਲਾਊਗਢ ਰੂਪਾ ਕੈਸੀ ਰਾਮਪੁਰ
ਸੋਰਾ ਸੀ ਸੁਰੰਗਾਬਾਦ ਨੀਕੈ ਰਹੀ ਝੂਲ ਕੈ ॥

ਪਦ ਅਰਥ : ਪਲਾਊਗਢ= ਪਲਾਊਮ, ਛੋਟੇ ਨਾਗ ਪੁਰ ਦੇ ਇਲਾਕੇ ਅੰਦਰ ਇਕ ਜ਼ਿਲ੍ਹਾ ਜੋ ਪਹਾੜੀਆਂ ਨਾਲ ਘਿਰਿਆ ਹੋਇਆ ਪਨਾਹ ਦੀ ਥਾਂ ਮੰਨਿਆ ਗਿਆ ਸੀ। ਰਾਮਪੁਰ= ਪੰਜਾਬ ਦੀ ਪਹਾੜੀ ਬੁਸਹਰ ਦੀ ਰਾਜਧਾਨੀ ਇਸ ਦੀ ਸਮੁੰਦਰ ਤੋਂ ੩੩੦੦ ਫੁੱਟ ਉੱਚਾਈ ਹੈ। (੨) ਯੂ.ਪੀ. ਵਿਚ ਰੁਹੇਲ ਖੰਡ ਦੀ ਇਕ ਮੁਸਲਮਾਨੀ ਰਿਆਸਤ ਅਤੇ ਉਸ ਦਾ ਪ੍ਰਧਾਨ ਨਗਰ ਹੈ, ਜੋ ਕੋਸਾਂ (ਕੋਸਿਲਾ) ਨਦੀ ਦੇ ਕੰਢੇ ਹੈ, ਰਿਆਸਤ ਰਾਮ ਪੁਰ ਦਾ ਰਕਬਾ ੮੯੯ ਵਰਗ ਮੀਲ ਹੈ। ਸੁਰੰਗਾਬਾਦ= ਅੱਜ ਕਲ੍ਹ ਇਸ ਦਾ ਨਾਮ 'ਸਾਰੰਗ ਪੁਰ' ਹੈ, ਇਹ ਨਗਰ ਮੱਧ ਭਾਰਤ ਸੀ. ਪੀ. ਦੇ ਦੇਵਾਸ ਰਾਜ ਵਿਚ ਹੈ, ਕਿਸੇ ਵੇਲੇ ਇਹ ਬਹੁਤ ਮਸ਼ਹੂਰ ਜਗ੍ਹਾ ਸੀ। ਰੂਪ= ਰੂਪਾ, ਚਾਂਦੀ।

ਅਰਥ : ਪਲਾਊਮ ਵਿਚ ਪਾਰੇ ਵਰਗੀ, ਰਾਮਪੁਰ ਵਿਚ ਚਾਂਦੀ ਵਰਗੀ ਅਤੇ ਸਾਰੰਗਪੁਰ ਵਿਚ ਸ਼ੋਰੇ

ਵਰਗੀ, ਚੰਗੀ ਤਰ੍ਹਾਂ ਝੂਲ ਰਹੀ ਹੈ।

ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜ੍ਹ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ ॥੧੨॥੨੬੪॥

ਪਦ ਅਰਥ : ਚੰਦੇਰੀ= ਮੱਧ ਭਾਰਤ ਸੀ.ਪੀ. ਦੇ ਲਲਿਤ ਪੁਰ ਜ਼ਿਲ੍ਹੇ ਦੀ ਪੁਰਾਣੀ ਨਗਰੀ। ਮਹਾਂ ਭਾਰਤ ਵਿਚ ਇਸ ਇਲਾਕੇ ਦਾ ਨਾਮ 'ਚੇਦਯ' (ਟੀਕਾਕਾਰ ਨੇ ਦੇਦਿ) ਲਿਖਿਆ ਹੈ, ਇਸ ਇਲਾਕੇ ਦੀ ਪ੍ਰਧਾਨ ਨਗਰੀ ਦਾ ਨਾਮ 'ਚੰਦ੍ਰਵਤੀ' ਵੀ ਲਿਖਿਆ ਹੈ, ਦੇਦਿ ਇਲਾਕੇ ਦੀ ਰਾਜਧਾਨੀ ਦਾ ਨਾਮ ਚੰਦੇਰੀ ਹੈ, ਜੋ ਸ਼ਿਸ਼ਪਾਲ ਦੀ ਰਾਜਧਾਨੀ ਸੀ, ਫਿਰ ਇਸ ਵਿਚ ਚੰਦਲਾ ਰਾਜਪੂਤ ਨੇ ਰਾਜ ਕੀਤਾ ਜਿਸ ਕਰਕੇ 'ਚੇਦਿ' ਤੋਂ ਚੰਦੇਰੀ ਨਾਮ ਹੋ ਗਿਆ। ਚਾਂਦਾਗੜ੍ਹ= ਮੱਧ ਭਾਰਤ (ਸੀ.ਪੀ.) ਵਿਚ ਇਕ ਨਗਰ, ਜਿਸ ਦਾ ਪੁਰਾਣਾ ਨਾਮ 'ਚੰਦ੍ਰਪੁਰ' ਹੈ।

ਅਰਥ : ਕੋਟ ਚੰਦੇਰੀ ਵਿਚ ਚੰਬੇ ਵਰਗੀ, ਚਾਂਦਾ ਗੜ ਵਿਚ (ਚੰਦ੍ਰਮਾ ਦੀ) ਚਾਂਦਨੀ ਵਰਗੀ, ਆਪ ਦੀ ਕੀਰਤੀ ਮਾਲਤੀ ਦੇ ਫੁੱਲ ਵਾਂਗੂੰ (ਹਰ ਥਾਂ ਤੇ ਮਹਿਕ ਰਹੀ ਹੈ)॥੧੨॥੨੬੪॥

ਫਟਕ ਸੀ ਕੈਲਾਸ ਕਮਾਂਊਗੜ੍ਹ ਕਾਂਸੀਪੁਰ
ਸੀਸਾ ਸੀ ਸੁਰੰਗਾਬਾਦ ਨੀਕੈ ਸੋਹੀਅਤੁ ਹੈ ॥

ਪਦ ਅਰਥ : ਫਟਕ= (ਸਫਟਿਕ) ਬਿਲੌਰ, ਕੱਚ। ਕਮਾਂਊਗੜ੍ਹ= ਕਾਮ ਰੂਪ ਦੇਸ ਦੀ ਰਾਜਧਾਨੀ ਦਾ ਕਿਲ੍ਹਾ। ਕਾਂਸੀਪੁਰ= ਮਧ ਭਾਰਤ (ਸੀ.ਪੀ.) ਵਿਚ ਕਰੇਦ ਰਿਆਸਤ ਦਾ ਇਕ ਨਗਰ। ਕੈਲਾਸ= ਇਕ ਪਹਾੜ, ਜੋ ਤਿੱਬਤ ਦੇ ਪੱਛਮ, ਅਤੇ ਮਾਨ ਸਰੋਵਰ ਦੇ ਉੱਤਰ ਵਲ ਹੈ, ਜਿਸ ਨੂੰ ਚੀਨੀ 'ਕਯੁਨਲਨ' ਆਖਦੇ ਹਨ, ਪੁਰਾਣਾਂ ਦੇ ਲੇਖਾਨੁਸਾਰ ਇਹ ਸ਼ਿਵਜੀ ਤੇ ਕੁਬੇਰ ਦੇ ਰਹਿਣ ਦੀ ਥਾਂ ਹੈ।

ਅਰਥ : ਕੈਲਾਸ਼ ਤੇ ਕਮਾਊਗੜ੍ਹ ਵਿਚ ਬਿਲੌਰ ਵਰਗੀ, ਕਾਸੀ ਪੁਰ ਵਿਚ ਸ਼ੀਸ਼ੇ ਵਰਗੀ, ਅਤੇ ਸੁਰੰਗਾ ਬਾਦ ਵਿਚ ਉਸ ਤੋਂ ਵੀ ਚੰਗੀ ਸੋਭ ਰਹੀ ਹੈ।

ਹਿੰਮਾ ਸੀ ਹਿਮਾਲੈਹਰ ਹਾਰ ਸੀ ਹਲੱਬਾ ਨੇਰ
ਹੰਸ ਕੈਸੀ ਹਾਜੀਪੁਰ ਦੇਖੇ ਮੋਹੀਅਤੁ ਹੈ ॥

ਪਦ ਅਰਥ : ਹਰ ਹਾਰ= ਸ਼ਿਵਜੀ ਦਾ ਹਾਰ, ਚਿੱਟਾ ਸੱਪ, ਸ਼ਿਵ ਜੀ ਦੇ ਗਲ ਦਾ ਹਾਰ ਚਿੱਟਾ ਸੱਪ ਹੈ। ਹਲੱਬਾ ਨੇਰ= ਹਲੱਬ ਨਗਰ। ਹਾਜੀ ਪੁਰ= ਬਿਹਾਰ ਦੇ ਇਲਾਕੇ, ਮੁਜੱਫਰਪੁਰ ਜ਼ਿਲ੍ਹੇ ਦਾ ਇਕ ਪ੍ਰਸਿੱਧ ਨਗਰ ਹੈ। ਹਿੰਮਾ= ਬਰਫ਼।

ਅਰਥ : ਬਰਫ਼ ਵਰਗੀ (ਚਿੱਟੀ) ਹਿਮਾਲੇ ਵਿਚ, ਚਿੱਟੇ ਸੱਪ ਵਰਗੀ (ਚਿੱਟੀ) ਹਲਬ ਨਗਰ ਵਿਚ ਹੰਸ ਵਰਗੀ (ਸੁਫ਼ੈਦ) ਹਾਜੀ ਪੁਰ ਵਿਚ, ਜਿਸ ਨੂੰ ਵੇਖਦਿਆਂ ਹੀ ਚਿੱਤ ਮੋਹਿਆ ਜਾਂਦਾ ਹੈ।

ਚੰਦਨ ਸੀ ਚੰਪਾਵਤੀ ਚੰਦ੍ਰਮਾ ਸੀ ਚੰਦ੍ਰਾਗਿਰ
ਚਾਂਦਨੀ ਸੀ ਚਾਂਦਾਗੜ੍ਹ ਜੌਨ ਜੋਹੀਅਤੁ ਹੈ ॥

ਪਦ ਅਰਥ : ਚੰਪਾਵਤੀ= ਰਾਜਪੂਤਾਨੇ ਵਿਚ 'ਚਾਤਸ ਨਗਰ' ਦਾ ਪੁਰਾਣਾ ਨਾਮ ਹੈ, ਜੋ ਜੈ ਪੁਰ ਤੋਂ

੨੪ ਮੀਲ ਦੱਖਣ ਪੂਰਬ ਵੱਲ ਹੈ। ਜੋਨ= (ਜੌਨ) ਚਾਂਦਨੀ। ਜੋਹੀਅਤੁ= ਵੇਖੀਦੀ ਹੈ। ਚੰਦ੍ਰਾਗਿਰ= ਨੈਪਾਲ ਰਾਜ ਵਿਚ ਇਕ ਪਹਾੜ, ਜਿਸ ਦੀ ਉੱਚਾਈ ੮੫੦੦ ਫੁੱਟ ਹੈ। (੨) ਸ੍ਰੀ ਰੰਗ ਪਤਨ ਕੋਲ ਇਕ ਪਹਾੜੀ, ਜਿਥੇ ਜੈਨੀਆਂ ਦਾ ਪਵਿੱਤਰ ਤੀਰਥ ਹੈ।

ਅਰਥ : ਚਾਤਸੁ ਨਗਰ ਵਿਚ ਚੰਦਨ ਵਰਗੀ, ਚੰਦ੍ਰਾਗਿਰ ਵਿਚ ਚੰਦ੍ਰਮਾ ਵਰਗੀ ਅਤੇ ਚਾਂਦ ਗੜ੍ਹ ਵਿਚ ਚਾਂਦਨੀ (ਵਰਗੀ ਸੋਭਾ) ਵੇਖੀਦੀ ਹੈ।

ਗੰਗਾ ਸਮ ਗੰਗਧਾਰ ਬਕਾਨ ਸੀ ਬਲਿੰਦਾਵਾਦ
ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ ॥੧੩॥੨੬੫॥

ਪਦ ਅਰਥ : ਗੰਗਾ ਧਾਰ= ਰਾਜਪੂਤਾਨੇ ਵਿਚ ਰਿਆਸਤ ਝਾਲਾ ਵਾਰ ਦਾ ਇਕ ਨਗਰ (੨) ਗੰਗਾ ਦਾ ਆਸਰਾ ਰੂਪ ਥਾਂ—ਗੰਗੋਤਰੀ, ਜਿਥੋਂ ਗੰਗਾ ਹੇਠਾਂ ਉਤਰੀ ਹੈ, ਇਹ ਜਗ੍ਹਾ ਗੜ੍ਹਵਾਲ ਦੇ ਇਲਾਕੇ ਵਿਚ ਹੈ, ਇਸ ਦੀ ਉੱਚਾਈ ੧੦੩੧੯ ਫੁੱਟ ਹੈ, ਅਤੇ ਗੋਮੁਖ ਤੋਂ ੮ ਮੀਲ ਦੀ ਵਿੱਥ ਪੁਰ ਹੇਠਾਂ ਨੂੰ ਹੈ। ਬਕਾਨ= (ਬਕ ਦਾ ਬ: ਬ:) ਬਗਲੇ। ਉਜਿਆਰੀ= ਰੋਸ਼ਨੀ। ਬਿਲੰਦਾ ਬਾਦ= ਬੁਲੰਦ ਸ਼ਹਿਰ, ਯੂ. ਪੀ. ਵਿਚ ਮੇਰਠ ਦੇ ਇਲਾਕੇ ਵਿਚ ਇਕ ਨਗਰ ਜੋ ਚੋਲਾ ਤੋਂ ਦਸ ਮੀਲ ਪੂਰਬ ਵਲ, ਕਾਲੀ ਨਦੀ ਦੇ ਕੰਢੇ ਹੈ, ਅਤੇ ਈ. ਆਈ. ਰੇਲਵੇ ਦਾ ਮਸ਼ਹੂਰ ਸਟੇਸ਼ਨ ਹੈ।

ਅਰਥ : ਗੰਗਾ ਸਮਾਨ (ਸਾਫ਼) ਗੰਗਾ ਧਾਰ ਵਿਚ, ਬਗਲਿਆਂ ਵਰਗੀ (ਚਿੱਟੀ) ਬੁਲੰਦ ਸ਼ਹਿਰ ਵਿਚ, ਤੇਰੀ ਕੀਰਤੀ ਦੀ ਰੋਸ਼ਨੀ ਇਸ ਤਰ੍ਹਾਂ ਹਰ ਪਾਸੇ ਸੋਭ ਰਹੀ ਹੈ ॥੧੩॥੨੬੫॥

ਫਰਾ ਸੀ ਫਿਰੰਗੀ ਫਰਾਸੀਸ ਕੇ ਦੁਰੰਗੀ
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ ॥

ਪਦ ਅਰਥ : ਫਾਰਸੀ= ਪਾਰਸ ਦੇਸ ਦੇ ਪਾਰਸੀ। ਫਿਰੰਗੀ= ਫਿਰੰਗਿਸਤਾਨ ਦੇ। ਫਰਾਸੀਸ= ਫਰਾਂਸ ਦੇਸ। ਦੁਰੰਗੀ= ਦੋਂਹ ਨਾਲ ਪ੍ਰੇਮ ਰਖਣ ਵਾਲਾ, ਵਿਚੋਲਾ, ਦੁਭਾਸ਼ੀਆ। ਮਕਰਾਨ= ਈਰਾਨ ਦਾ ਇਕ ਇਲਾਕਾ, ਜਿਸ ਦੀ ਹੱਦ ਬਲੋਚਿਸਤਾਨ ਨਾਲ ਮਿਲਦੀ ਹੈ। (੨) ਬਲੋਚਿਸਤਾਨ ਵਿਚ ਕਲਾਤ ਰਿਆਸਤ ਦਾ ਦੱਖਣ ਪੱਛਮੀ ਹਿੱਸਾ, ਜਿਸ ਦੀ ਹੱਦ ਖਰਸ਼ੀਆ ਤੇ ਮਕਰਾਨ ਅਤੇ ਲਾਸਾ ਬੇਲਾ ਨਾਲ ਮਿਲਦੀ ਹੈ। ਮਕਰ ਜਾਤਿ ਦਾ ਵਸੇਬਾ ਹੋਣ ਕਰਕੇ ਇਲਾਕੇ ਦਾ ਨਾਮ 'ਮਕਰਾਨ' ਹੋ ਗਿਆ ਹੈ। ਮ੍ਰਿਦੰਗੀ= ਮਕਰਾਨ ਦੇਸ ਦੇ ਵਸਨੀਕ ਦਾ ਨਾਮ ਹੈ।

ਅਰਥ : ਪਾਰਸੀ, ਫਰੰਗੀ, ਫਰਾਂਸੀਸ ਦੇ ਦੁਭਾਸ਼ੀਏ ਤੇ ਮਕਰਾਨ ਦੇ ਮ੍ਰਿਦੰਗੀ, (ਇਤਾਦਿਕ) ਤੇਰੇ ਗੀਤਾਂ ਨੂੰ ਗਾਉਂਦੇ ਹਨ।

ਭਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ
ਪਉਨ ਕੇ ਅਹਾਰੀ ਤੇਰੋ ਨਾਮੁ ਧਿਆਈਅਤੁ ਹੈ ॥

ਪਦ ਅਰਥ : ਭਖਰੀ= ਭੱਖਰ ਦਾ ਵਸਨੀਕ। (੧) ਮੀਆਂ ਵਾਲੀ ਜ਼ਿਲ੍ਹੇ ਦਾ ਇਕ ਨਗਰ 'ਭੱਖਰ' ਹੈ। (੨) ਸਿੰਧ ਨਦ ਦਾ ਇਕ ਦੀਪ 'ਭੱਖਰ' ਹੈ, ਜੋ ਜ਼ਿਲ੍ਹਾ ਸੱਖਰ (ਸਿੰਧ) ਵਿਚ ਹੈ। ਇਥੇ ਇਕ ਪੁਰਾਣਾ ਕਿਲ੍ਹਾ ਹੈ। ਕੰਧਾਰੀ= ਕੰਧਾਰ ਦਾ ਵਸਨੀਕ। ਗੱਖਰੀ= ਗੱਕਰੀ, ਕਸ਼ਮੀਰ ਦੇ ਇਲਾਕੇ 'ਕਕਾ' ਦੀ ਨਿਵਾਸੀ। (੩)

ਮੁਸਲਮਾਨਾਂ ਦੀ ਇਕ ਗਰਪੂਤ ਜਾਤਿ, ਜੋ ਜ਼ਿਲਾ ਜੇਹਲਮ ਤੇ ਹਜਾਰੇ, ਜਿਲੇ ਵਿਚ ਬਹੁਤ ਹੈ। (੪) ਗੁਜਰਾਂ ਵਾਲੇ ਜ਼ਿਲੇ ਦਾ ਇਕ ਪ੍ਰਸਿੱਧ ਨਗਰ। ਗਰਦੇਜਾਚਾਰੀ= ਗਰਦੇਜ਼ ਸ਼ਹਿਰ ਵਿਚ ਫਿਰਨ ਵਾਲਾ, ਗਰਦੇਜ਼ ਦਾ ਬਾਸ਼ਿੰਦਾ। ਭਖਰੀ ਕੰਧਾਰੀ, ਗੌਰ (ਦੇਸ਼ ਵਾਲੇ)।

ਅਰਥ : ਗਖੜੀ, ਗਰਦੇਜ਼ ਦੇ ਬਾਸ਼ਿੰਦੇ ਅਤੇ ਹਵਾ ਦਾ ਭੋਜਨ ਕਰਨ ਵਾਲੇ (ਯੋਗਾਭਿਆਸੀ) ਇਹ ਸਾਰੇ ਤੇਰੇ ਨਾਮ ਨੂੰ ਜਪਦੇ ਹਨ।

ਪੂਰਬ ਪਲਾਊਂ ਕਾਮ ਰੂਪ ਔ ਕਮਾਊਂ
ਸਰਬ ਠਉਰ ਮੈ ਬਿਰਾਜੈ ਜਹਾਂ ਜਹਾਂ ਜਾਈਅਤੁ ਹੈ ॥

ਅਰਥ : ਪੂਰਬ, ਪਲਾਊਮ, ਕਾਮਰੂਪ ਅਤੇ ਕਮਾਊ ਗੜ੍ਹ ਆਦਿਕ ਜਿਥੇ ਜਿਥੇ ਵੀ ਜਾਈਦਾ ਹੈ, ਉਹਨਾਂ ਸਭਨਾਂ ਜਗ੍ਹਾਂ ਵਿਚ ਤੂੰਹੀ ਬਿਆਪ ਰਿਹਾ ਹੈਂ।

ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਤੇ ਅਤਾਪੀ ਨਾਥ
ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ ॥੧੪॥੨੬੬॥

ਅਰਥ : ਹੇ ਪੂਰਨ ਪ੍ਰਤਾਪ ਵਾਲੇ ! ਹੇ ਜੰਤਰਾਂ ਮੰਤਰਾਂ ਦੇ ਤਾਪ ਤੋਂ ਰਹਿਤ ਸਵਾਮੀ ! ਤੇਰੀ [ਕੀਰਤਿ] ਉਸਤਤਿ ਦਾ ਅੰਤ ਨਹੀਂ ਪਾਇਆ ਜਾਂਦਾ ॥੧੪॥੨੬੬॥

ਤ੍ਵ ਪ੍ਰਸਾਦਿ ॥ ਪਾਧੜੀ ਛੰਦ ॥

ਅਦ੍ਵੈ ਅਨਾਸ ਆਸਨ ਅਡੋਲ ॥ ਅਦ੍ਵੈ ਅਨੰਤ ਉਪਮਾ ਅਤੋਲ ॥
ਅਛੈ ਸਰੂਪ ਅਬਯਕਤ ਨਾਥ ॥ ਆਜਾਨ ਬਾਹੁ ਸਰਬਾ ਪ੍ਰਮਾਥ ॥੧॥੨੬੭॥

ਅਰਥ : ਤੂੰ ਦ੍ਵੈਤ ਤੋਂ ਬਿਨਾਂ, ਨਾਸ ਤੋਂ ਰਹਿਤ ਤੇ ਅਡੋਲ ਆਸਨ ਵਾਲਾ ਹੈ। ਦ੍ਵੈਤ ਤੋਂ ਰਹਿਤ ਅੰਤ ਤੋਂ ਰਹਿਤ ਤੇ ਅਤੋਲ ਉਪਮਾ ਵਾਲਾ ਹੈ। ਸੁਧ ਸਰੂਪ ਵਾਲਾ ਤੇ ਦੇਹ ਤੋਂ ਬਿਨਾਂ ਸਵਾਮੀ ਹੈ। [ਆਜਾਨ ਬਾਹੁ] ਦੇਵਤਿਆਂ ਦਾ ਪ੍ਰੇਰਕ ਹੈ, ਅਤੇ ਸਭ ਦਾ [ਪ੍ਰਮਾਥ] ਸਿਰਤਾਜ ਹੈ ॥੧੪॥੨੬੭॥

ਜਹ ਤਹ ਮਹੀਪ ਬਨ ਤਿਨ ਪ੍ਰਫੁਲ ॥ ਸੋਭਾ ਬਸੰਤ ਜਹ ਤਹ ਪ੍ਰਡੁੱਲ ॥
ਬਨ ਤਨ ਦੁਰੰਤ ਖਗ ਮ੍ਰਿਗ ਮਹਾਨ ॥ ਜਹ ਤਹ ਪ੍ਰਫੁੱਲ ਸੁੰਦਰ ਸੁਜਾਨ ॥੨॥੨੬੮॥

ਅਰਥ : ਜਿਥੇ ਜਿਥੇ ਉਹੀ ਰਾਜਾ ਬਨਾਂ ਦੇ ਤ੍ਰਿਨਾਂ ਵਿਚ (ਪ੍ਰਫੁਲਤ) ਖਿੜ ਰਿਹਾ ਹੈ। ਬਸੰਤ ਦੇ ਫੁੱਲਾਂ ਵਾਂਗ ਉਸ ਦੀ ਸੋਭਾ ਜਿਥੇ ਕਿਥੇ [ਪ੍ਰਡੁੱਲ] ਚਮਕ ਰਹੀ ਹੈ। ਬਨਾਂ ਤ੍ਰਿਨਾਂ ਦਾ ਰਾਜਾ ਹੈ, ਪੰਛੀ ਤੇ ਹਰਨ ਆਦਿਕਾਂ ਦਾ ਵੱਡਾ ਹੈ। ਉਹੀ ਸੁੰਦਰ ਸੁਜਾਨ ਹਰ ਥਾਂ ਤੇ ਪ੍ਰਫੁਲਤ ਹੋ ਰਿਹਾ ਹੈ ॥2॥268॥

ਫੁਲਤੰ ਪ੍ਰਫੁੱਲ ਲਹਿ ਲਹਿਤ ਮੌਰ ॥ ਸਿਰ ਢੁਰਹਿ ਜਾਨ ਮਨ ਮਥਹਿ ਚੌਰ ॥
ਕੁਦਰਤ ਕਮਾਲ ਰਾਜ਼ਕ ਰਹੀਮ ॥ ਕਰੁਣਾ ਨਿਧਾਨ ਕਾਮਲ ਕਰੀਮ ॥੩॥੨੬੯॥

ਪਦ ਅਰਥ : ਪ੍ਰਫੁੱਲ= ਸੁੰਦਰ ਫੁੱਲ। ਲਹਿਤ= ਪ੍ਰਕਾਸ਼ਿਤ, ਦਮਕ ਰਿਹਾ ਹੈ। ਮੌਰ= ਮੌਲਿ ਸਿਰਤਾਜ। ਮਨ ਮਥਹਿ= ਕਾਮਦੇਵ। ਜਾਨ= ਮਾਲੂਮ ਹੁੰਦਾ, ਮਾਨ।

ਅਰਥ : ਖਿੜੇ ਹੋਏ ਸੁੰਦਰ ਫੁੱਲ ਵਾਂਗੂੰ ਜੋ ਸਿਰ ਉਤੇ ਮੁਕਟ ਚਮਕ ਰਿਹਾ ਹੈ। ਉਹ ਮਾਨੋ ਸਿਰ ਉਤੇ ਕਾਮਦੇਵ ਚੌਰ ਝੁਲਾ ਰਿਹਾ ਹੈ। ਕਮਾਲ ਕੁਦਰਤ ਵਾਲਾ ਤੇ ਰਿਜ਼ਕ ਦੇਣ ਵਾਲਾ ਦਿਆਲੂ ਹੈ। ਕ੍ਰਿਪਾ ਦਾ ਖ਼ਜ਼ਾਨਾ ਹੈ, ਅਤੇ ਪੂਰਨ ਬਖ਼ਸ਼ਸ਼ ਕਰਨ ਵਾਲਾ ਹੈ ॥੩॥੨੬੯॥

ਜੰਹ ਤੰਹ ਬਿਲੋਕ ਤੰਹ ਤੰਹ ਪ੍ਰਸੋਹ ॥ ਅਜਾਨੁ ਬਾਹੁ ਅਮਿਤੋਜ ਮੋਹ ॥
ਰੋਸੰ ਬਿਰਹਤ ਕਰਣਾ ਨਿਧਾਨ ॥ ਜੰਹ ਤੰਹ ਪ੍ਰਫੁੱਲ ਸੁੰਦਰ ਸੁਜਾਨ ॥੪॥੨੭੦॥

ਅਰਥ : ਜਿਥੇ ਕਿਥੇ ਵੇਖਦਾ ਹਾਂ, ਉਥੇ ਉਥੇ ਭਲੀ ਪ੍ਰਕਾਰ ਸੋਭ ਰਿਹਾ ਹੈ। [ਆਜਾਨੁ ਬਾਹੁ] ਦੇਵਤਿਆਂ ਦਾ ਪ੍ਰੇਰਕ ਅਮਿਤ ਬਲ ਵਾਲਿਆਂ ਨੂੰ ਵੀ ਮੋਹ ਰਿਹਾ ਹੈ। ਕ੍ਰੋਧ ਤੋਂ ਰਹਿਤ ਹੈ, ਕ੍ਰਿਪਾ ਦਾ ਖ਼ਜ਼ਾਨਾ ਹੈ। ਉਹ ਸੁੰਦਰ ਸੁਜਾਨ ਜਿਥੇ ਕਿਥੇ ਪ੍ਰਫੁਲਤ ਹੋ ਰਿਹਾ ਹੈ ॥੪॥੨੭੦॥

ਬਨ ਤਿਨ ਮਹੀਪ ਜਲ ਥਲ ਮਹਾਨ ॥ ਜੰਹ ਤੰਹ ਪ੍ਰਸੋਹ ਕਰੁਣਾ ਨਿਧਾਨ ॥
ਜਗਮਗਤ ਤੇਜ ਪੂਰਨ ਪ੍ਰਤਾਪ ॥ ਅੰਬਰ ਜਿਮੀਨ ਜਿਹ ਜਪਤ ਜਾਪ ॥੫॥੨੭੧॥

ਅਰਥ : ਬਨਾਂ ਤ੍ਰਿਨਾਂ ਦਾ ਰਾਜਾ ਹੈ, ਜਲਾਂ ਥਲਾਂ ਦਾ ਬਜ਼ੁਰਗ ਹੈ। ਉਹ ਕ੍ਰਿਪਾ ਦਾ ਨਿਧਾਨ ਜਿਥੇ ਕਿਥੇ (ਪ੍ਰਸੋਹ) ਚੰਗੀ ਤਰ੍ਹਾਂ ਸੋਭ ਰਿਹਾ ਹੈ। ਉਸ ਦੇ ਪੂਰਨ ਤੇਜ ਦਾ ਪ੍ਰਤਾਪ ਝਿਲਮਿਲ ਝਿਲਮਿਲ ਕਰ ਰਿਹਾ ਹੈ। [ਅੰਬਰ ਜਿਮੀਨ] ਪ੍ਰਲੋਕ ਤੇ ਲੋਕ ਵਿਚ ਜਿਸ ਦਾ ਜਾਪ ਜਪਿਆ ਜਾਂਦਾ ਹੈ ॥੫॥੨੭੧॥

ਸਾਤੋ ਅਕਾਸ ਸਾਤੋ ਪਤਾਰ ॥ ਬਿਥਰਿਓ ਅਦਿਸਟ ਜਿਹ ਕਰਮ ਜਾਰਿ ॥

ਅਰਥ : ਸੱਤਾਂ ਅਕਾਸ਼ਾਂ ਤੇ ਸੱਤਾਂ ਪਤਾਲਾਂ ਵਿਚ ਜਿਸ ਦੇ [ਅਦਿਸ਼ਟ] ਗੁਪਤ ਰੂਪ ਨਾਲ ਕਰਮਾਂ ਦਾ ਜਾਲ [ਬਿਥਰਿਓ] ਤਣਿਆ ਹੋਇਆ ਹੈ, ਅਰਥਾਤ ਹਰ ਕੋਈ ਕਰਮਾਂ ਦੇ ਜਾਲ ਵਿਚ ਫਸ ਰਿਹਾ ਹੈ, ਅਤੇ ਉਹ ਜਾਲ ਕਿਸੇ ਨੂੰ ਦਿਸਦਾ ਨਹੀਂ ਹੈ।

ਨੋਟ : ਪਿਛੇ ਸ੍ਰੀ ਹਜ਼ੂਰ ਜੀ ਨੇ ਫ਼ੁਰਮਾਇਆ ਹੈ ਕਿ 'ਕੀਰਤਿ ਤਿਹਾਰੀ ਕੋ ਨਾ ਪਾਰ ਪਾਈਅਤੁ ਹੈ'। ਇਸੇ ਭਾਵ ਨੂੰ ਸੂਚਨ ਕਰਨ ਵਾਸਤੇ, ਆਪ ਜੀ ਨੇ ਇਥੇ ਛੰਦ ਦੀ ਪੂਰਨਤਾ ਨਹੀਂ ਕੀਤੀ, ਛੰਦ ਅਪੂਰਨਤਾ ਜ਼ਾਹਰ ਕਰ ਰਹੀ ਹੈ, ਜੋ ਉਸਤਤਿ ਦਾ ਪਾਠ ਅਗੇ ਹੋਰ ਚੱਲਦਾ ਹੈ। ਪਾਠ ਤਾਂ ਇਥੇ ਸਮਾਪਤ ਹੈ, ਪਰ ਉਸਤਤਿ ਦੀ ਸਮਾਪਤਿ ਨਹੀਂ ਹੈ, ਇਸੇ ਭਾਵ ਕਰਕੇ ਹੀ ਆਪ ਜੀ ਨੇ ਇਹ ਭੇਦ ਰਖਿਆ ਹੈ, ਅਤੇ ਇਸ ਪਾਠ ਦੀ ਪੂਰਨਤਾ ਪ੍ਰਗਟ ਕਰਨ ਵਾਸਤੇ ਸਪਸ਼ਟ ਲਿਖ ਦਿਤਾ ਹੈ, ਜੋ—

ਉਸਤਤ ਸੰਪੂਰਣੰ ॥

ਇਸ ਬਾਣੀ ਦੇ ਅਰੰਭ ਵਿਚ 'ਅਕਾਲ ਪੁਰਖ ਕੀ ਰੱਛਾ ਹਮਨੈ' ਦਾ ਆਦਿ ਪਦ 'ਅਕਾਲ' ਅਤੇ ਅੰਤ 'ਉਸਤਤਿ ਸੰਪੂਰਣੰ' ਦਾ ਆਦਿ ਪਦ 'ਉਸਤਤਿ' ਨੂੰ ਗ੍ਰਹਿਣ ਕਰ ਕੇ ਉਪਕਰਮ ਤੇ ਉਪ ਸੰਹਾਰ ਦੀ ਰੀਤੀ ਨਾਲ, ਇਸ ਦਾ ਨਾਮ ਮਹਾਂ ਪੁਰਸ਼ਾਂ ਨੇ 'ਅਕਾਲ ਉਸਤਤਿ' ਰੱਖ ਦਿੱਤਾ ਹੈ, ਭਾਵੇਂ ਸਤਿਗੁਰੂ ਜੀ ਨੇ ਇਸ ਦਾ ਸਿਰਲੇਖ 'ਅਕਾਲ ਉਸਤਤਿ' ਨਹੀਂ ਵੀ ਲਿਖਿਆ।